


Ad Space Available
Call: 847-359-0746




Sixteenth Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 24, June 13, 2015 | 20451 N Plum Grove Rd., Palatine, IL 60074 | Ph:847-359-0746, Fax:847-705-9388

# ਸਿੱਖੀ ਉਤੇ ਸਿਆਸਤ ਫਿਰ ਪਈ ਭਾਰੀ

## ਘੱਲੂਘਾਰਾ ਦਿਵਸ ਸਮਾਗਮ ਮੌਕੇ ਝੜਪਾਂ

**ਅੰਮ੍ਰਿਤਸਰ (ਗੁਰਵਿੰਦਰ ਸਿੰਘ ਵਿਰਕ):** ਇਕੱਤੀ ਸਾਲ ਪਹਿਲਾਂ ਦਰਬਾਰ ਸਾਹਿਬ ਅੰਮ੍ਰਿਤਸਰ ਉਤੇ ਹੋਏ ਫ਼ੌਜੀ ਹਮਲੇ ਦੀ ਵਰ੍ਹੇਗੰਢ ਮੌਕੇ ਕਰਵਾਏ ਬਰਸੀ ਸਮਾਗਮ ਦੌਰਾਨ ਇਕ ਵਾਰ ਫਿਰ ਟਕਰਾਅ ਹੋ ਗਿਆ। ਇਸ ਟਕਰਾਅ ਨੇ ਧਰਮ ਦੇ ਨਾਂ ਉਤੇ ਸੌੜੀ ਸਿਆਸਤ ਦੀ ਤਸਵੀਰ ਸਾਹਮਣੇ ਲਿਆ ਦਿੱਤੀ। ਸਾਕਾ ਨੀਲਾ ਤਾਰਾ ਨੂੰ 31 ਸਾਲ ਹੋ ਚੁੱਕੇ ਹਨ ਤੇ ਇਸ ਸਬੰਧੀ ਬਰਸੀ ਸਮਾਗਮ ਹਰ ਸਾਲ ਮਨਾਇਆ ਜਾਂਦਾ ਹੈ, ਪਰ ਸ਼ਹੀਦ ਪਰਿਵਾਰਾਂ ਦੇ ਸਨਮਾਨ ਲਈ ਸਮਾਗਮ ਪਹਿਲੀ ਵਾਰ ਸਾਲ 2003 ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਸਮਾਗਮ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸ਼ਹੀਦ ਕਰਾਰ ਦਿੰਦਿਆਂ ਉਨ੍ਹਾਂ ਦੇ ਬੇਟੇ ਈਸ਼ਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾਓ ਦਿੱਤਾ ਗਿਆ ਸੀ। ਉਸ ਪਿੱਛੋਂ ਇਹ ਸਮਾਗਮ ਨਿਰੰਤਰ ਇਸੇ ਢੰਗ ਨਾਲ ਹੋ ਰਿਹਾ ਹੈ। ਸਮਾਗਮ ਮਗਰੋਂ ਹਰ ਸਾਲ ਹੀ 'ਖਾਲਿਸਤਾਨ ਜ਼ਿੰਦਾਬਾਦ' ਅਤੇ 'ਸੰਤ ਭਿੰਡਰਾਂਵਾਲੇ ਜ਼ਿੰਦਾਬਾਦ' ਦੇ ਨਾਅਰੇ ਵੀ ਲੱਗਦੇ ਹਨ ਤੇ ਇਸ ਬਾਰੇ ਸਾਹਿਤ ਸਮੱਗਰੀ ਵੀ ਵੰਡੀ ਜਾਂਦੀ ਹੈ।

ਪਿਛਲੇ ਦੋ ਸਾਲਾਂ ਤੋਂ ਸ੍ਰੀ ਅਕਾਲ ਤਖਤ ਵਿਖੇ ਅਰਦਾਸ ਸਮਾਗਮ ਮੌਕੇ ਹਿੰਸਕ ਘਟਨਾਵਾਂ ਵਾਪਰੀਆਂ ਹਨ। ਸ਼੍ਰੋਮਣੀ ਕਮੇਟੀ ਦਾਅਵਾ ਕਰ ਰਹੀ ਹੈ ਕਿ ਇਸ ਵਾਰ ਸਮਾਗਮ ਤੋਂ ਕੁਝ ਮਿੰਟਾਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਲੱਗੀਆਂ ਟੀ-ਸ਼ਰਟਾਂ ਪਾਈ ਕੁਝ ਨੌਜਵਾਨ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪਹੁੰਚੇ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣ ਲੱਗ ਪਏ ਜਿਸ ਕਾਰਨ ਦੋਵਾਂ ਧਿਰਾਂ ਵਿਚ ਟਕਰਾਅ ਹੋ ਗਿਆ। ਸ਼੍ਰੋਮਣੀ ਕਮੇਟੀ ਇਨ੍ਹਾਂ ਨੌਜਵਾਨਾਂ ਨੂੰ 'ਹੁੱਲੜਬਾਜ਼' ਕਹਿ ਕੇ ਆਪਣੀ ਜ਼ਿੰਮੇਵਾਰੀ ਮੁਕਾ ਬੈਠੀ ਹੈ ਪਰ ਸਵਾਲ ਇਹ ਖੜ੍ਹਾ ਹੋ ਗਿਆ ਹੈ ਕਿ ਜੇ ਭਿੰਡਰਾਂਵਾਲੇ ਨੂੰ ਸ਼ਹੀਦ ਦਾ ਰੁਤਬਾ ਦੇ ਕੇ ਸ਼ਰਧਾਂਜਲੀ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਦੇ ਨਾਂ ਉਤੇ ਨਾਅਰੇ ਲਾਉਣ ਵਾਲਿਆਂ ਨੂੰ ਸ਼੍ਰੋਮਣੀ ਸ਼੍ਰੋਮਣੀ ਕਮੇਟੀ ਨੇ ਹੁੱਲੜਬਾਜ਼ ਕਹਿ ਕੇ ਕਿਉਂ ਧੱਕਾ ਮੁੱਕੀ ਕੀਤੀ ਹੈ? ਇਸ ਘਟਨਾ ਤੋਂ ਕੁਝ ਦਿਨ ਪਹਿਲਾਂ ਹੀ ਜੰਮੂ ਵਿਚ ਸੰਤ ਜਰਨੈਲ ਸਿੰਘ ਦੇ ਪੋਸਟਰ ਪਾੜਨ ਕਾਰਨ ਹੋਏ ਵਿਵਾਦ ਪਿੱਛੋਂ ਪੁਲਿਸ ਨਾਲ ਝੜਪ ਵਿਚ ਇਕ ਸਿੱਖ

*(ਬਾਕੀ ਸਫਾ 6 'ਤੇ)*



### ਦੋ ਸਾਲਾਂ ਤੋਂ ਹੀ ਟਕਰਾਅ ਕਿਉਂ?

ਸਾਕਾ ਨੀਲਾ ਤਾਰਾ ਨੂੰ 31 ਸਾਲ ਹੋ ਚੁੱਕੇ ਹਨ ਤੇ ਇਸ ਸਬੰਧੀ ਬਰਸੀ ਸਮਾਗਮ ਹਰ ਸਾਲ ਸ਼ਾਂਤੀ ਪੂਰਵਕ ਢੰਗ ਨਾਲ ਮਨਾਇਆ ਜਾਂਦਾ ਰਿਹਾ ਹੈ ਪਰ ਪਿਛਲੇ ਦੋ ਸਾਲਾਂ ਵਿਚ ਸਮਾਗਮ ਦੌਰਾਨ ਸਿੱਖ ਧਿਰਾਂ ਵਿਚ ਟਕਰਾਅ ਹੋਇਆ ਹੈ। ਪਿਛਲੇ ਵਰ੍ਹੇ ਸ਼੍ਰੋਮਣੀ ਕਮੇਟੀ ਵੱਲੋਂ ਗਰਮਖਿਆਲੀ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਸਟੇਜ 'ਚੇ ਬੋਲਣ ਨਾ ਦੇਣ ਕਰ ਕੇ ਦੋਵੇਂ ਧਿਰਾਂ ਭਿੜੀਆਂ ਸਨ ਪਰ ਇਸ ਵਾਰ ਟਕਰਾਅ ਦਾ ਮਾਹੌਲ ਸਮਾਗਮ ਤੋਂ ਕੁਝ ਦਿਨ ਪਹਿਲਾਂ ਹੀ ਬਣ ਗਿਆ ਸੀ। ਕੁਝ ਕੱਟੜ ਹਿੰਦੂ ਜਥੇਬੰਦੀਆਂ ਨੇ ਪੰਜਾਬ ਤੇ ਜੰਮੂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੋਸਟਰ ਪਾੜ ਕੇ ਛੇ ਜੂਨ ਨੂੰ ਅਤਿਵਾਦ ਖ਼ਾਤਮਾ ਦਿਵਸ ਦੇ ਤੌਰ ਉਤੇ ਮਨਾਉਣ ਦਾ ਐਲਾਨ ਕਰ ਦਿੱਤਾ ਸੀ। ਮੋੜਵੇਂ ਰੂਪ ਵਿਚ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਮੁਕਾਬਲੇ ਦੇ ਪ੍ਰੋਗਰਾਮ ਉਲੀਕ ਲਏ। ਪ੍ਰਸ਼ਾਸਨ ਨੇ ਇਸ ਸਾਰੇ ਵਰਤਾਰੇ ਨੂੰ ਖੁੱਲ੍ਹੀਆਂ ਅੱਖਾਂ ਨਾਲ ਦੇਖਿਆ ਪਰ ਇਹਤਿਆਤੀ ਕਾਰਵਾਈ ਕੋਈ ਨਹੀਂ ਕੀਤੀ।

# ਪ੍ਰੋ. ਭੁੱਲਰ ਨੂੰ ਪੰਜਾਬ ਤਬਦੀਲ ਕਰਨ ਦਾ ਰਾਹ ਸਾਫ

**ਚੰਡੀਗੜ੍ਹ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਵਿਚ ਤਬਦੀਲ ਕਰਨ ਲਈ ਪੰਜਾਬ ਸਰਕਾਰ ਰਾਜ਼ੀ ਹੋ ਗਈ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਪ੍ਰੋ. ਭੁੱਲਰ ਨੂੰ ਤਿਹਾੜ ਤੋਂ ਅੰਮ੍ਰਿਤਸਰ ਜੇਲ੍ਹ ਭੇਜਣ ਬਾਰੇ ਕੋਈ ਉਜ਼ਰ ਨਾ ਹੋਣ ਦੀ ਗੱਲ ਆਖੀ ਸੀ। ਉਧਰ, ਕੁੱਲ ਹਿੰਦ ਅਤਿਵਾਦ ਵਿਰੋਧੀ ਮੋਰਚਾ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ ਨੇ ਪ੍ਰੋ. ਭੁੱਲਰ ਨੂੰ ਪੰਜਾਬ ਤਬਦੀਲ ਕਰਨ ਇਤਰਾਜ਼ ਪ੍ਰਗਟਾਇਆ ਹੈ।

ਇਸੇ ਦੌਰਾਨ ਸਿਆਸੀ ਮਾਹਿਰ ਇਸ ਕਾਰਵਾਈ ਪਿੱਛੇ ਸਿਆਸਤ ਨੂੰ ਜ਼ਿਆਦਾ ਭਾਰੂ ਮੰਨ ਰਹੇ ਹਨ ਕਿਉਂਕਿ ਦਿੱਲੀ ਵਿਚ ਸ਼ੀਲਾ ਦੀਕਸ਼ਿਤ ਸਰਕਾਰ ਸਮੇਂ ਸ. ਬਾਦਲ ਕਹਿ ਚੁੱਕੇ ਹਨ ਕਿ ਅਜਿਹੇ ਖਤਰਨਾਕ ਖਾੜਕੂ ਨੂੰ ਪੰਜਾਬ ਵਿਚ ਰੱਖਣ ਦਾ ਖਤਰਾ ਹੈ। ਅਰਵਿੰਦ ਕੇਜਰੀਵਾਲ ਇਸ ਮੁੱਦੇ ਉਤੇ ਪੰਜਾਬ ਸਰਕਾਰ ਨੂੰ ਘੇਰਨ ਦੀ ਤਾਕ ਵਿਚ ਸਨ, ਪਰ ਸ. ਬਾਦਲ ਨੇ ਕੇਜਰੀਵਾਲ ਨੂੰ ਚਾਰੇ ਖਾਨੇ ਚਿੱਤ ਕਰ ਦਿੱਤਾ। ਬਾਦਲ ਦੇ ਜਿਥੇ ਭੁੱਲਰ ਨੂੰ ਪੰਜਾਬ ਲਿਆਉਣ ਲਈ ਹਾਂ ਕਰ ਕੇ ਕੇਜਰੀਵਾਲ ਨੂੰ ਸਿਆਸੀ ਮਾਤ ਦਿੱਤੀ ਹੈ, ਉਥੇ 2017 ਦੀਆਂ ਚੋਣਾਂ ਲਈ ਗਰਮਖਿਆਲੀ ਸਿੱਖ ਵੋਟ ਬੈਂਕ ਨੂੰ ਖੁਸ਼ ਕਰਨ ਦਾ ਯਤਨ ਕੀਤਾ ਹੈ।

ਸ੍ਰੀ ਕੇਜਰੀਵਾਲ ਵੱਲੋਂ ਗੇਂਦ ਬਾਦਲ ਸਰਕਾਰ ਦੇ ਪਾਲੇ ਵਿਚ ਸੁੱਟੀ ਸੀ, ਕਿਉਂਕਿ ਜੇ ਉਹ ਪ੍ਰੋ. ਭੁੱਲਰ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਤੋਂ ਇਨਕਾਰ ਕਰਦੇ ਤਾਂ ਗਰਮਖ਼ਿਆਲੀ ਸਿੱਖਾਂ ਦੇ ਪ੍ਰਤੀਕਰਮ ਦਾ ਖਦਸ਼ਾ ਸੀ ਤੇ ਜੇ ਹਾਂ ਕਰਦੇ ਹਨ ਤਾਂ ਹਿੰਦੂ ਵੋਟਾਂ ਤੇ ਭਾਈਵਾਲ ਪਾਰਟੀ ਭਾਜਪਾ ਦੀ ਨਾਰਾਜ਼ਗੀ ਦਾ ਡਰ ਸੀ, ਜਦਕਿ ਕੇਜਰੀਵਾਲ ਆ ਰਹੀਆਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਿੱਖਾਂ ਦੇ ਹਰ ਇਕ ਤਬਕੇ ਨੂੰ ਨਾਲ ਜੋੜਨ ਦੀ ਕੋਸ਼ਿਸ਼ ਵਿਚ ਹਨ।

ਇਸੇ ਦੌਰਾਨ ਪੰਜਾਬ ਦੀਆਂ ਪੰਥਕ ਜਥੇਬੰਦੀਆਂ ਦੇ ਸਾਂਝੇ ਵਫਦ ਦੀ ਸੂਬੇ ਦੇ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਨਾਲ ਮੀਟਿੰਗ ਦੌਰਾਨ ਪੰਜਾਬ ਤੇ ਹੋਰ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦ 78 ਸਿੱਖ ਕੈਦੀਆਂ ਦੀ ਰਿਹਾਈ ਬਾਰੇ ਵੀ ਚਰਚਾ ਕੀਤੀ। ਜਥੇਬੰਦੀਆਂ ਨੇ ਕਿਹਾ ਕਿ ਬੰਦੀ ਸਿੱਖਾਂ ਨੂੰ ਸਿਆਸੀ ਕੈਦੀ ਮੰਨ ਕੇ ਰਿਹਾ ਕਰਨ ਵਿਚ ਕੋਈ ਰੁਕਾਵਟ ਨਹੀਂ ਹੈ। ਜੇਲ੍ਹਾਂ ਵਿਚ ਦਹਾਕਿਆਂ ਤੋਂ ਬੰਦ 78 ਸਿੱਖ ਉਸ ਵੇਲੇ ਅਕਾਲੀ ਦਲ ਵੱਲੋਂ ਲਾਏ ਧਰਮ ਯੁੱਧ ਮੋਰਚੇ ਦੇ ਕੈਦੀ ਹਨ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ ਹਫਤੇ ਸਿੱਖ ਕੈਦੀਆਂ ਨੂੰ ਰਾਹਤ ਦੇਣ ਲਈ ਕਾਨੂੰਨੀ ਪਹਿਲੂਆਂ ਉਤੇ ਨਜ਼ਰਸਾਨੀ ਦੀ ਗੱਲ ਆਖੀ ਸੀ। ਸ. ਬਾਦਲ ਨੇ ਮਸਲੇ ਦੇ ਹੱਲ ਲਈ ਸਰਕਾਰੀ ਅਧਿਕਾਰੀਆਂ ਤੇ ਸਿੱਖ ਆਗੂਆਂ ਦੀ ਕਮੇਟੀ ਬਣਾਈ ਸੀ ਜਿਹੜੀ ਪੰਜਾਬ ਜਾਂ ਬਾਹਰਲੀਆਂ ਜੇਲ੍ਹਾਂ ਵਿਚ ਬੰਦ ਸਿੱਖ ਸਿਆਸੀ ਕੈਦੀਆਂ ਦੇ ਕੇਸਾਂ ਨੂੰ ਤਿਆਰ ਕਰ ਕੇ ਰਿਹਾਈ ਜਾਂ ਪੈਰੋਲ ਲਈ ਕਾਨੂੰਨੀ ਤੇ ਸੰਵਿਧਾਨਕ ਅੜਿੱਕੇ ਦੂਰ ਕਰੇਗੀ।



**ਪੰਜਾਬ ਟਾਈਮਜ਼**
**ਦੀ ਨਵੀਂ ਈ-ਮੇਲ**
Punjabtimes1@gmail.com



# ਗੁਰਦੁਆਰਾ ਗੁਰੂ ਨਾਨਕ ਦਰਬਾਰ, ਸਾਊਥਿੰਗਟਨ, ਕਨੈਕਟੀਕਟ

ੴ ਸਤਿਗੁਰ ਪ੍ਰਸਾਦਿ

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 65ਵੀਂ ਬਰਸੀ

## 21 ਜੂਨ 2015 (ਐਤਵਾਰ)



ਸੰਤ ਪ੍ਰੇਮ ਸਿੰਘ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਸਾਊਥਿੰਗਟਨ (ਕਨੈਕਟੀਕਟ) ਵਿਖੇ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 65ਵੀਂ ਬਰਸੀ ਬੜੇ ਪਿਆਰ ਅਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧੀ 19 ਜੂਨ ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ ਐਤਵਾਰ, 21 ਜੂਨ ਨੂੰ ਸਵੇਰੇ 10 ਵਜੇ ਭੋਗ ਪੈਣਗੇ। ਸਨਿਚਰਵਾਰ ਨੂੰ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਹੋਵੇਗਾ। ਤਿੰਨੇ ਦਿਨ ਦੀਵਾਨ ਸਜਣਗੇ। ਸਮੂਹ ਨਾਨਕ ਨਾਮ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ ਅਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



### ਪਹੁੰਚ ਰਹੇ ਜਥੇ ਅਤੇ ਪ੍ਰਚਾਰਕ

ਭਾਈ ਲਾਭ ਸਿੰਘ ਦਰਦੀ
ਭਾਈ ਕੁਲਜੀਤ ਸਿੰਘ ਦਿਲਬਰ ਦਾ ਢਾਡੀ ਜਥਾ
ਭਾਈ ਦਲਜੀਤ ਸਿੰਘ ਦਮਦਮੀ ਟਕਸਾਲ ਵਾਲੇ

### ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ

## ਸੰਤ ਪ੍ਰੇਮ ਸਿੰਘ ਸੇਵਾ ਸੁਸਾਇਟੀ ਦੇ ਸੇਵਾਦਾਰ

ਸ. ਬਲਬੀਰ ਸਿੰਘ (ਪ੍ਰਧਾਨ) (646) 400-2190
ਸ. ਮਲੂਕ ਸਿੰਘ (ਚੇਅਰਮੈਨ) (860) 581-8111
ਸ. ਸੁਰਜੀਤ ਸਿੰਘ ਠਾਕਰੀ (ਟਰਸਟੀ) (860)798-4328
ਸ. ਜਸਵੀਰ ਸਿੰਘ (ਮੀਤ ਪ੍ਰਧਾਨ) (860)716-6380
ਸ. ਅਨੋਖ ਸਿੰਘ (ਖਜ਼ਾਨਚੀ) (860)522-9379
ਸ. ਹਰਮਿੰਦਰ ਸਿੰਘ ਮੁਹਾਲੀ (ਸਕੱਤਰ) (203) 464-3507

# Gurdwara Guru Nanak Darbar

1610 West Street, Southington, CT 06489-1054, Ph:(860) 621-3015

# ਕੇਜਰੀਵਾਲ ਸਰਕਾਰ ਦਾ ਕਾਨੂੰਨ ਮੰਤਰੀ ਗ੍ਰਿਫਤਾਰ

**ਨਵੀਂ ਦਿੱਲੀ:** ਕਾਨੂੰਨ ਦੀ ਜਾਅਲੀ ਡਿਗਰੀ ਮਾਮਲੇ ਵਿਚ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਨੂੰਨ ਮੰਤਰੀ ਜਤਿੰਦਰ ਸਿੰਘ ਤੋਮਰ ਨੂੰ ਦਿੱਲੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਇਸ ਮਗਰੋਂ ਮੰਤਰੀ ਨੂੰ ਸਾਕੇਤ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਸ ਨੇ ਉਨ੍ਹਾਂ ਦਾ ਪੁਲਿਸ ਰਿਮਾਂਡ ਦੇ ਦਿੱਤਾ। ਉਨ੍ਹਾਂ ਵਜ਼ਾਰਤ ਤੋਂ ਅਸਤੀਫਾ ਦੇ ਦਿੱਤਾ ਹੈ।

ਯਾਦ ਰਹੇ ਕਿ 49 ਸਾਲਾਂ ਤੋਮਰ ਖਿਲਾਫ਼ ਦਿੱਲੀ ਪੁਲਿਸ ਵੱਲੋਂ ਸ੍ਰੀ ਤੋਮਰ ਦੀ ਜਾਅਲੀ ਡਿਗਰੀ ਬਾਰੇ ਜਾਂਚ ਕੀਤੀ ਜਾ ਰਹੀ ਸੀ। ਗਿਆਰਾਂ ਮਈ ਨੂੰ ਦਿੱਲੀ ਬਾਰ ਕੌਂਸਲ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਕਿ ਦਿੱਲੀ ਦੇ ਕਾਨੂੰਨ ਮੰਤਰੀ ਦੀ ਐਲ.ਐਲ.ਬੀ. ਦੀ ਡਿਗਰੀ ਜਾਅਲੀ ਹੈ ਤਾਂ ਪੁਲਿਸ ਨੇ 8 ਜੂਨ ਨੂੰ ਸ੍ਰੀ ਤੋਮਰ ਖ਼ਿਲਾਫ਼ ਧਾਰਾ 420, 467, 468 ਤੇ 120 ਬੀ ਤਹਿਤ ਹੌਜ਼ਖਾਸ ਥਾਣੇ ਵਿਚ ਕੇਸ ਦਰਜ ਕੀਤਾ ਸੀ। ਇਹ ਕੇਸ ਮਗਰੋਂ ਵਸੰਤ ਵਿਹਾਰ ਥਾਣੇ ਤਬਦੀਲ ਕੀਤਾ ਗਿਆ। ਇਹ ਗ੍ਰਿਫਤਾਰੀ ਉਦੋਂ ਹੋਈ ਹੈ ਜਦੋਂ ਦਿੱਲੀ ਸਰਕਾਰ ਤੇ ਉਪ ਰਾਜਪਾਲ ਨਜੀਬ ਜੰਗ ਵਿਚਾਲੇ ਖਿਚੋਤਾਣ ਚੱਲ ਰਹੀ ਹੈ। ਉਧਰ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਜਾਂਚ ਦੌਰਾਨ ਇਹ ਤੱਥ ਸਾਹਮਣੇ ਆਏ ਹਨ, ਉਨ੍ਹਾਂ ਦੇ ਆਧਾਰ ਉਤੇ ਹੀ ਕਾਰਵਾਈ ਕੀਤੀ ਗਈ ਹੈ। ਦਿੱਲੀ ਪੁਲਿਸ ਦੇ ਕਮਿਸ਼ਨਰ ਬੀ.ਐਸ. ਬੱਸੀ ਨੇ ਕਿਹਾ ਹੈ ਕਿ ਕਾਨੂੰਨ ਤਹਿਤ ਕਾਰਵਾਈ ਕੀਤੀ ਗਈ ਹੈ।

ਇਸੇ ਦੌਰਾਨ ਸਾਕੇਤ ਕੋਰਟ ਅਤੇ ਵਸੰਤ ਵਿਹਾਰ ਥਾਣੇ ਦੇ ਬਾਹਰ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਦਿੱਲੀ ਪੁਲਿਸ ਖਿਲਾਫ਼ ਨਾਅਰੇਬਾਜ਼ੀ ਕੀਤੀ। ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਭਾਜਪਾ ਤੇ ਦਿੱਲੀ ਦੇ ਉਪ ਰਾਜਪਾਲ ਪ੍ਰਤੀ ਸਖ਼ਤ ਰੁਖ ਅਖ਼ਤਿਆਰ ਕਰਦੇ ਹੋਏ ਕਿਹਾ ਕਿ ਦਿੱਲੀ ਅੰਦਰ ਐਮਰਜੈਂਸੀ ਵਰਗੇ ਹਾਲਤ ਬਣ ਗਏ ਹਨ ਤੇ ਦਿੱਲੀ ਦੇ ਕਾਨੂੰਨ ਮੰਤਰੀ ਦੀ ਗ੍ਰਿਫਤਾਰੀ ਬਦਲਾ ਲੈਣ ਲਈ ਕੀਤੀ ਗਈ ਹੈ। ਗੌਰਤਲਬ ਹੈ ਕਿ ਦਿੱਲੀ ਵਿਚ ਕੇਜਰੀਵਾਲ ਸਰਕਾਰ ਅਤੇ ਉਪ ਰਾਜਪਾਲ ਨਜੀਬ ਜੰਗ ਵਿਚਾਲੇ ਟਕਰਾਅ ਚੱਲ ਰਿਹਾ ਹੈ। ਸ੍ਰੀ ਜੰਗ ਵੱਲੋਂ ਸੂਬਾ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਬ੍ਰਾਂਚ ਦਾ ਮੁਖੀ ਐਮ.ਕੇ. ਮੀਨਾ ਨੂੰ ਲਾ ਦਿੱਤਾ ਗਿਆ ਅਤੇ ਸਰਕਾਰ ਨੇ ਉਸ ਨੂੰ ਕੰਮ ਕਰਨ ਤੋਂ ਰੋਕ ਦਿੱਤਾ। ਇਸ ਦੇ ਨਾਲ ਹੀ ਦਿੱਲੀ ਸਰਕਾਰ ਨੇ ਆਪਣੇ ਗ੍ਰਹਿ ਸਕੱਤਰ ਧਰਮਪਾਲ ਨੂੰ ਹਟਾ ਦਿੱਤਾ। ਇਸ ਅਧਿਕਾਰੀ ਨੇ ਦਿੱਲੀ ਪੁਲਿਸ ਦੇ ਅਧਿਕਾਰੀ ਐਮ.ਕੇ. ਮੀਨਾ ਨੂੰ ਭ੍ਰਿਸ਼ਟਾਚਾਰ ਵਿਰੋਧੀ ਬ੍ਰਾਂਚ ਦੇ ਮੁਖੀ ਵਜੋਂ ਨਿਯੁਕਤ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਪਰ ਉਪ ਰਾਜਪਾਲ ਨੇ ਸਰਕਾਰ ਦਾ ਇਹ ਫੈਸਲਾ ਨਾਮਨਜ਼ੂਰ ਕਰ ਦਿੱਤਾ ਹੈ।

## ਪ੍ਰਨੀਤ ਕੌਰ ਵੱਲੋਂ ਵਿਦੇਸ਼ੀ ਬੈਂਕ ਖਾਤੇ ਤੋਂ ਇਨਕਾਰ

**ਚੰਡੀਗੜ੍ਹ:** ਕਾਂਗਰਸ ਵਿਧਾਇਕ ਤੇ ਸਾਬਕਾ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ ਨੇ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਨਾ ਤਾਂ ਕਿਸੇ ਵਿਦੇਸ਼ੀ ਬੈਂਕ ਵਿਚ ਖਾਤਾ ਹੈ ਤੇ ਨਾ ਹੀ ਉਸ ਨਾਲ ਸਬੰਧਤ ਵਿਦੇਸ਼ਾਂ ਵਿਚ ਕੋਈ ਟਰੱਸਟ ਹੈ।

ਉਨ੍ਹਾਂ ਨੇ ਇਹ ਬਿਆਨ ਇਕ ਅਖ਼ਬਾਰ ਵਿਚ ਪ੍ਰਕਾਸ਼ਤ ਖ਼ਬਰ ਦੇ ਪ੍ਰਤੀਕਰਮ ਵਜੋਂ ਦਿੱਤਾ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਸੈਂਟਰਲ ਬੋਰਡ ਆਫ਼ ਡਾਇਰੈਕਟ ਟੈਕਸਜ਼ (ਸੀ.ਬੀ.ਡੀ.ਟੀ), ਕਾਂਗਰਸ ਵਿਧਾਇਕ ਪ੍ਰਨੀਤ ਕੌਰ ਦੇ ਇਕ ਵਿਦੇਸ਼ੀ ਬੈਂਕ ਵਿਚ ਕਥਿਤ ਖਾਤੇ ਨੂੰ ਕੁਝ ਟਰੱਸਟਾਂ ਅਤੇ ਲੰਡਨ ਤੇ ਦੁਬਈ ਵਿਚਲੀਆਂ ਕੁਝ ਜਾਇਦਾਦਾਂ ਨਾਲ ਜੋੜ ਕੇ ਵੇਖ ਰਿਹਾ ਹੈ। ਪ੍ਰਨੀਤ ਕੌਰ ਨੇ ਅਜਿਹਾ ਬਿਆਨ ਇਕ ਵਾਰ ਪਹਿਲਾਂ ਵੀ ਇਸੇ ਤਰ੍ਹਾਂ ਦੀ ਇਕ ਖ਼ਬਰ ਛਪਣ ਪਿੱਛੋਂ ਦਿੱਤਾ ਸੀ। ਯਾਦ ਰਹੇ ਕਿ ਕੇਂਦਰ ਸਰਕਾਰ ਪਿਛਲੇ ਕਾਫ਼ੀ ਸਮੇਂ ਤੋਂ ਸਾਬਕਾ ਮੰਤਰੀ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਬਾਰੇ ਪੜਤਾਲ ਕਰਨ ਵਿਚ ਰੁੱਝੀ ਹੋਈ ਹੈ। ਸੀ.ਬੀ.ਡੀ.ਟੀ. ਦੇ ਅਧਿਕਾਰੀ ਜਾਂਚ ਕਰ ਰਹੇ ਹਨ ਕਿ ਜਨੇਵਾ ਵਿਚ ਬੈਂਕ ਖਾਤੇ ਦਾ ਸਬੰਧ ਸਾਬਕਾ ਮੰਤਰੀ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਦੇ ਲੰਡਨ ਅਤੇ ਦੁਬਈ ਵਿਚਲੀਆਂ ਜਾਇਦਾਦਾਂ ਨਾਲ ਹਨ ਜਾਂ ਨਹੀਂ।

## ਮੋਦੀ ਦੀ ਬੰਗਲਾਦੇਸ਼ ਵਾਲੀ ਟਿੱਪਣੀ ਮੰਦਭਾਗੀ ਕਰਾਰ

**ਇਸਲਾਮਾਬਾਦ:** ਪਾਕਿਸਤਾਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਬੰਗਲਾਦੇਸ਼ ਦੇਸ਼ ਵਿਚ ਕੀਤੀ ਗਈ ਉਸ ਟਿੱਪਣੀ ਨੂੰ ਮੰਦਭਾਗਾ ਕਰਾਰ ਦਿੱਤਾ ਹੈ ਜਿਸ ਵਿਚ ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਪਾਕਿਸਤਾਨ ਲਗਾਤਾਰ ਅਤਿਵਾਦ ਨੂੰ ਹੱਲਾਸ਼ੇਰੀ ਦੇ ਕੇ ਭਾਰਤ ਲਈ ਨਿਰੰਤਰ ਪ੍ਰੇਸ਼ਾਨੀ ਪੈਦਾ ਕਰ ਰਿਹਾ ਹੈ। ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੇ ਬੁਲਾਰੇ ਕਾਜ਼ੀ ਖਲੀਲ ਉਲ੍ਹਾ ਨੇ ਕਿਹਾ ਹੈ ਕਿ ਪਾਕਿਸਤਾਨ ਸ਼ਾਂਤਮਈ ਸਹਿਹੋਂਦ ਵਿਚ ਵਿਸ਼ਵਾਸ ਰੱਖਦਾ ਹੈ ਤੇ ਭਾਰਤ ਨਾਲ ਚੰਗੇ ਗਵਾਂਢ ਵਾਲੇ ਸਬੰਧ ਰੱਖ ਰਿਹਾ ਹੈ।

## ਮੁਲਕ ਵਿਚ ਸਹਿਮ ਫੈਲਾ ਰਹੀ ਹੈ ਮੋਦੀ ਸਰਕਾਰ: ਸੋਨੀਆ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ 'ਤੇ ਹਮਲਾ ਕਰਦਿਆਂ ਦੋਸ਼ ਲਗਾਇਆ ਕਿ ਉਹ ਆਪਣੇ ਵਰਕਰਾਂ ਨੂੰ ਫਿਰਕਾਪ੍ਰਸਤੀ ਫੈਲਾਉਣ ਲਈ ਡਰ ਅਤੇ ਦਬਾਅ ਦਾ ਮਾਹੌਲ ਪੈਦਾ ਕਰਨ ਦੀ ਇਜਾਜ਼ਤ ਦੇ ਕੇ ਦੋਹਰੀ ਖੇਡ ਖੇਡ ਰਹੇ ਹਨ। ਉਨ੍ਹਾਂ ਸਰਕਾਰ ਦੇ ਇਹ ਦੋਸ਼ ਵੀ ਲਗਾਇਆ ਕਿ ਕਲਿਆਣਕਾਰੀ ਢਾਂਚੇ ਨੂੰ ਖ਼ਤਮ ਕਰਨ ਲਈ ਨਿਰਧਾਰਤ ਯੋਜਨਾ ਤਹਿਤ ਕੰਮ ਕੀਤਾ ਜਾ ਰਿਹਾ ਹੈ।

ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਦੇ ਮੁੱਖ ਮੰਤਰੀਆਂ ਦੇ ਪਹਿਲੇ ਸੰਮੇਲਨ ਦੌਰਾਨ ਸੰਬੋਧਨ ਕਰਦਿਆਂ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਭੂਮੀ ਗ੍ਰਹਿਣ ਅਤੇ ਖਾਧ ਸੁਰੱਖਿਆ ਕਾਨੂੰਨ 'ਤੇ ਸਰਕਾਰ ਦੇ ਕਦਮਾਂ ਦਾ ਮਜ਼ਬੂਤੀ ਨਾਲ ਵਿਰੋਧ ਕੀਤਾ ਜਾਵੇ। ਇਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਆਪਣੇ ਆਪ ਨੂੰ ਸੁਸ਼ਾਸਨ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਦੇ ਮਾਡਲ ਵਜੋਂ ਪੇਸ਼ ਕਰਨਾ ਚਾਹੁੰਦੇ ਹਨ, ਦੂਜੇ ਪਾਸੇ ਆਪਣੇ ਵਰਕਰਾਂ ਤੇ ਸਹਿਕਰਮੀਆਂ ਨੂੰ ਭੜਕਾਊ ਬਿਆਨ ਦੇਣ ਅਤੇ ਫਿਰਕਾਪ੍ਰਸਤੀ ਫੈਲਾਉਣ ਦੀ ਇਜਾਜ਼ਤ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਵੱਲੋਂ ਧਰਮ ਨਿਰਪੱਖ ਢਾਂਚਾ ਤਬਾਹ ਕੀਤਾ ਜਾ ਰਿਹਾ ਹੈ ਅਤੇ ਜਾਣ ਬੁਝ ਕੇ ਡਰ ਤੇ ਦਬਾਅ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।

ਸੰਮੇਲਨ ਦੌਰਾਨ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਮੋਦੀ ਸਰਕਾਰ ਵੱਲੋਂ ਯੋਜਨਾ ਕਮਿਸ਼ਨ ਨੂੰ ਖ਼ਤਮ ਕਰਨਾ ਕਾਹਲੀ ਨਾਲ ਚੁੱਕਿਆ ਗਿਆ ਗ਼ਲਤ ਕਦਮ ਦੱਸਦਿਆਂ ਕਿਹਾ ਕਿ ਇਸੇ ਤੋਂ ਤਾਂ ਕਮਜ਼ੋਰ ਸੂਬਿਆਂ ਤੇ ਗ਼ਰੀਬ ਖੇਤਰਾਂ ਨੂੰ ਮਦਦ ਮਿਲਦੀ ਸੀ। ਮੋਦੀ ਸਰਕਾਰ ਨੇ ਯੋਜਨਾ ਦੀ ਥਾਂ ਨੀਤੀ ਕਮਿਸ਼ਨ ਦਾ ਗਠਨ ਕੀਤਾ ਹੈ, ਪਰ ਯੋਜਨਾ ਕਮਿਸ਼ਨ ਸੂਬਿਆਂ ਦੇ ਮੁੱਦੇ ਸਬੰਧਤ ਮੰਤਰਾਲਿਆਂ ਕੋਲ ਚੁੱਕਦਾ ਸੀ।

## ਫ਼ੌਜ ਵੱਲੋਂ ਮਨੀਪੁਰ ਵਿਚ ਵੱਡੀ ਕਾਰਵਾਈ; 60 ਦਹਿਸ਼ਤੀ ਹਲਾਕ

**ਨਵੀਂ ਦਿੱਲੀ:** ਪਿਛਲੇ ਡੇਢ ਦਹਾਕੇ ਦੌਰਾਨ ਸੈਨਾ 'ਤੇ ਹੋਏ ਸਭ ਤੋਂ ਵੱਡੇ ਹਮਲੇ ਤੋਂ ਬਾਅਦ ਫੌਜ ਵੱਲੋਂ ਭਾਰਤ ਦੇ ਨਾਲ ਲੱਗਦੀ ਮਿਆਂਮਾਰ ਸਰਹੱਦ 'ਤੇ ਵੱਡੀ ਮੁਹਿੰਮ ਚਲਾਈ ਗਈ ਅਤੇ ਘੱਟੋ-ਘੱਟ 60 ਖਾੜਕੂਆਂ ਨੂੰ ਮਾਰ ਮੁਕਾਇਆ।

ਮੇਜਰ ਜਨਰਲ ਰਣਵੀਰ ਸਿੰਘ ਨੇ ਦੱਸਿਆ ਕਿ ਫੌਜ ਨੇ ਮਨੀਪੁਰ ਅਤੇ ਨਾਗਾਲੈਂਡ ਦੇ ਨਾਲ ਲਗਦੇ ਭਾਰਤ-ਮਿਆਂਮਾਰ ਦੇ ਸਰਹੱਦੀ ਇਲਾਕੇ ਵਿਚ ਖਾੜਕੂਆਂ ਖਿਲਾਫ਼ ਮੁਹਿੰਮ ਚਲਾਈ। ਇਹ ਮੁਹਿੰਮ ਮਿਆਂਮਾਰ ਦੀ ਸੈਨਾ ਨੂੰ ਭਰੋਸੇ ਵਿਚ ਲੈ ਕੇ ਚਲਾਈ ਗਈ ਸੀ।ਯਾਦ ਰਹੇ ਕਿ ਖਾੜਕੂਆਂ ਨੇ 4 ਜੂਨ ਨੂੰ ਮਨੀਪੁਰ ਵਿਚ ਫੌਜ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ ਸੀ ਜਿਸ ਵਿਚ 18 ਜਵਾਨ ਮਾਰੇ ਗਏ ਸਨ ਤੇ 11 ਹੋਰ ਜ਼ਖ਼ਮੀ ਹੋ ਗਏ ਸਨ।


## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਤਲਾਕਸ਼ੁਦਾ (ਕੋਈ ਬੱਚਾ ਨਹੀਂ) ਕੈਨੇਡੀਅਨ ਸਿਟੀਜ਼ਨ ਲੜਕੀ 29 ਸਾਲ 5'4" ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਜੱਟ ਸਿੱਖ ਲੜਕੇ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 619-457-9270 ਅਤੇ 209-321-7121 24-

Suitable match sought for Jatt Sikh U.S. Citizen girl, 27 yrs, 5'-6", Master's in Science & employed. The boy should be Jatt Sikh, well-educated, professionally employed from a well-settled family in California, preferably from Bay Area. Contact 510-331-4868 or email: kaur125@yahoo.com 21-24

Jatt Sikh parents seek match for US Citizen daughter, 28, 5'10", bachelors in marketing & employed. Family well settled in Wisconsin, US since 25 years. Boy should Jatt Sikh atleast 6", well-settled in career, preferably from the US or Canada. Contact: 1-414-982-5188 or wisconsinkaur@gmail. com.

### ਕੰਨਿਆ ਦੀ ਲੋੜ ਹੈ

Ramgariah family looking for a suitable match for their son 31 years old, Sr. financial analyst. Please contact: v.singh.hawks.united@gmail.com 20/26


# ਪੰਜਾਬ ਕਾਂਗਰਸ ਦਾ ਸਿਰਫ਼ ਇਕ ਕਪਤਾਨ ਹੋਣਾ ਚਾਹੀਦਾ: ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਪਾਰਟੀ ਦੀ ਉਪ ਆਗੂ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਸਾਹਮਣੇ ਪੰਜਾਬ ਦੀ ਸਮੁੱਚੀ ਤਸਵੀਰ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਅਤੇ ਚੋਣ ਮੁਹਿੰਮ ਕਮੇਟੀ ਦੀ ਕਮਾਂਡ ਦੋ ਵੱਖ-ਵੱਖ ਆਗੂਆਂ ਦੇ ਹੱਥਾਂ 'ਚ ਦੇਣ ਨਾਲ ਪਾਰਟੀ ਨੂੰ ਕੋਈ ਫਾਇਦਾ ਨਹੀਂ ਹੋਵੇਗਾ। ਇਸ ਲਈ ਦੋ ਦੁਕਾਨਾਂ ਖੋਲ੍ਹਣ ਦੀ ਥਾਂ ਇੱਕ ਹੀ ਆਗੂ ਨੂੰ ਜ਼ਿੰਮੇਵਾਰੀ ਦੇਣ ਨਾਲ ਚੰਗੇ ਨਤੀਜੇ ਨਿਕਲਣਗੇ।

ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪ੍ਰਧਾਨ ਅਤੇ ਮੀਤ ਪ੍ਰਧਾਨ ਨੂੰ ਆਪਣੀ ਚਾਲੀ ਮਿੰਟ ਦੀ ਗੱਲਬਾਤ ਵਿਚ ਸੂਬੇ ਦੇ ਲਗਪਗ ਹਰੇਕ ਪੱਖ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪਾਰਟੀ ਦੀ ਹਾਲਤ ਪਤਲੀ ਹੋ ਰਹੀ ਹੈ। ਨਗਰ ਕੌਂਸਲ ਅਤੇ ਨਿਗਮ ਚੋਣਾਂ ਵਿਚ ਕੁੱਲ 2037 ਕੌਂਸਲਰ ਚੁਣੇ ਗਏ ਸਨ ਤੇ ਕਾਂਗਰਸ ਪਾਰਟੀ ਦੇ ਸਿਰਫ਼ 253 ਹੀ ਚੋਣ ਜਿੱਤ ਸਕੇ। ਇਸੇ ਤਰ੍ਹਾਂ ਲੋਕ ਸਭਾ ਚੋਣਾਂ ਵਿਚ ਵੀ ਪਾਰਟੀ ਦੀ ਵੋਟ ਫ਼ੀਸਦੀ 40 ਤੋਂ ਘਟ ਕੇ 33 ਫ਼ੀਸਦੀ ਰਹਿ ਗਈ ਹੈ। 30 ਫ਼ੀਸਦੀ ਵੋਟਾਂ ਆਮ ਆਦਮੀ ਪਾਰਟੀ (ਆਪ) ਨੂੰ ਪਈਆਂ ਹਨ। ਉਨ੍ਹਾਂ ਦੋਵਾਂ ਆਗੂਆਂ ਨੂੰ ਕਿਹਾ ਕਿ ਸੂਬਾਈ ਲੀਡਰਸ਼ਿਪ ਬਾਰੇ ਫ਼ੈਸਲਾ ਕਰਨ ਵਿਚ ਦੇਰ ਨਾ ਲਾਈ ਜਾਵੇ। ਵਿਧਾਨ ਸਭਾ ਚੋਣਾਂ ਹੋਣ ਵਿਚ ਡੇਢ ਸਾਲ ਤੋਂ ਘੱਟ ਸਮਾਂ ਰਹਿ ਗਿਆ ਹੈ। ਪਾਰਟੀ ਆਗੂਆਂ ਨਾਲ ਇਸ ਮੀਟਿੰਗ ਪਿੱਛੋਂ ਉਹ ਸੀ.ਪੀ.ਐਮ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੂੰ ਮਿਲੇ ਅਤੇ ਪੰਜਾਬ ਦੀ ਸਥਿਤੀ ਬਾਰੇ ਚਰਚਾ ਕੀਤੀ।

## ਗੁਰੂ ਹਰਗੋਬਿੰਦ ਸਾਹਿਬ ਤੇ ਭਗਤ ਕਬੀਰ ਦੇ ਪ੍ਰਕਾਸ਼ ਪੁਰਬ ਮੌਕੇ ਸਮਾਗਮ 14 ਨੂੰ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵਿਖੇ ਗੁਰੂ ਹਰਗੋਬਿੰਦ ਸਾਹਿਬ ਅਤੇ ਭਗਤ ਕਬੀਰ ਜੀ ਦਾ ਪ੍ਰਕਾਸ਼ ਪੁਰਬ 14 ਜੂਨ, ਐਤਵਾਰ ਨੂੰ ਮਨਾਇਆ ਜਾਵੇਗਾ। 12 ਜੂਨ ਨੂੰ ਅਖੰਡ ਪਾਠ ਅਰੰਭ ਹੋਣਗੇ ਅਤੇ ਤਿੰਨੇ ਦਿਨ ਵਿਸ਼ੇਸ਼ ਦੀਵਾਨ ਸਜਣਗੇ। ਅਖੰਡ ਪਾਠ ਦੇ ਭੋਗ ਉਪਰੰਤ ਕਥਾਵਾਚਕ, ਢਾਡੀ ਤੇ ਰਾਗੀ ਜਥੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਤੋਂ ਇਲਾਵਾ 21 ਜੂਨ ਨੂੰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਅਖੰਡ ਪਾਠ ਕਰਵਾਏ ਜਾਣਗੇ। 27 ਮਈ ਤੋਂ ਚੱਲੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਦੀ 19 ਜੂਨ ਨੂੰ ਸਮਾਪਤੀ ਹੋਵੇਗੀ। ਉਕਤ ਸਮਾਗਮਾਂ ਵਿਚ ਕਥਾਵਾਚਕ ਭਾਈ ਸਾਹਿਬ ਸਿੰਘ ਕੈਨੇਡਾ ਵਾਲੇ ਤੇ ਭਾਈ ਗੁਲਜ਼ਾਰ ਸਿੰਘ ਕੈਨੇਡਾ, ਭਾਈ ਅਮਰੀਕ ਸਿੰਘ ਗੁਰਦਾਸਪੁਰ, ਭਾਈ ਭਗਤ ਸਿੰਘ ਬੱਬੇ ਵਾਲੇ ਅਤੇ ਢਾਡੀ ਭਾਈ ਸਰੂਪ ਸਿੰਘ ਕੰਡਿਆਲਾ ਵਾਲੇ ਉਚੇਚਾ ਪਹੁੰਚ ਰਹੇ ਹਨ।

## ਪੈਟਰੋਲ ਪੰਪ ਮਾਲਕਾਂ ਵੱਲੋਂ ਪੰਜਾਬ ਪੁਲਿਸ ਦਾ ਤੇਲ ਬੰਦ

**ਪਟਿਆਲਾ:** ਪੰਜਾਬ ਦੇ 2700 ਤੋਂ ਵੱਧ ਪੈਟਰੋਲ ਪੰਪਾਂ ਦੇ ਮਾਲਕਾਂ ਨੇ ਪੰਜਾਬ ਪੁਲਿਸ ਨੂੰ ਤੇਲ ਦੀ ਸਪਲਾਈ ਬੰਦ ਕਰ ਦਿੱਤੀ ਹੈ। ਪੰਜਾਬ ਪੁਲਿਸ ਨੇ ਆਪਣਾ ਕਰੋੜਾਂ ਰੁਪਏ ਦਾ ਬਕਾਇਆ ਨਹੀਂ ਉਤਾਰਿਆ ਹੈ। ਬਠਿੰਡਾ ਦੇ ਪੁਲਿਸ ਮੁਲਾਜ਼ਮ ਡਿਫਾਲਟਰ ਸੂਚੀ ਵਿਚ ਪਹਿਲੇ ਨੰਬਰ 'ਤੇ ਹਨ। ਇਕ ਜ਼ਿਲ੍ਹੇ ਵਿਚ ਹਰ ਮਹੀਨੇ 3 ਤੋਂ 7 ਲੱਖ ਰੁਪਏ ਦੇ ਤੇਲ ਦੀ ਖਪਤ ਹੁੰਦੀ ਹੈ ਤੇ ਹਰ ਜ਼ਿਲ੍ਹੇ 'ਤੇ ਤਕਰੀਬਨ 25 ਲੱਖ ਰੁਪਏ ਬਕਾਇਆ ਖੜ੍ਹਾ ਹੈ। ਇਕ ਪੁਲਿਸ ਅਫਸਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਪੈਟਰੋਲ ਪੰਪ ਮਾਲਕਾਂ ਵੱਲੋਂ ਮਨ੍ਹਾਂ ਕੀਤੇ ਜਾਣ ਮਗਰੋਂ ਉਨ੍ਹਾਂ ਨੂੰ ਆਪਣੇ ਵਾਹਨਾਂ ਵਿਚ ਪੈਟਰੋਲ ਭਰਵਾਉਣ ਵਿਚ ਦਿੱਕਤ ਆ ਰਹੀ ਹੈ। ਵਾਹਨਾਂ ਵਿਚ ਪੈਟਰੋਲ ਨਾ ਹੋਣ ਕਾਰਨ ਕੈਦੀਆਂ ਦੀ ਜੇਲ੍ਹ ਬਦਲੀ ਤੋਂ ਇਲਾਵਾ ਹੋਰ ਸਰਕਾਰੀ ਕੰਮਾਂ ਵਿਚ ਅੜਿੱਕੇ ਆ ਰਹੀ ਹਨ।

ਪੰਜਾਬ ਪੈਟਰੋਲੀਅਮ ਡੀਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜੇ. ਪੀ. ਖੰਨਾ ਨੇ ਕਿਹਾ ਕਿ ਪੰਜਾਬ ਪੁਲਿਸ 'ਤੇ ਪਿਛਲੇ 6 ਮਹੀਨੇ ਦਾ 4.5 ਕਰੋੜ ਰੁਪਏ ਦਾ ਬਕਾਇਆ ਹੈ, ਇਸ ਲਈ ਉਨ੍ਹਾਂ ਆਪਣੇ ਡੀਲਰਾਂ ਨੂੰ ਪੰਜਾਬ ਪੁਲਿਸ ਨੂੰ ਹੋਰ ਤੇਲ ਦੇਣ ਤੋਂ ਰੋਕ ਦਿੱਤਾ ਹੈ, ਪਰ ਪੁਲਿਸ ਅਧਿਕਾਰੀ ਤੇਲ ਪੁਆਉਣ ਲਈ ਦਬਾਅ ਵਾਲੇ ਢੰਗ ਅਪਨਾ ਰਹੇ ਹਨ। ਇਕ ਪੈਟਰੋਲ ਪੰਪ ਦੇ ਡੀਲਰ ਨੇ ਦੱਸਿਆ ਕਿ ਉਨ੍ਹਾਂ ਦੀ ਗ਼ੈਰ-ਹਾਜ਼ਰੀ 'ਚ ਪੁਲਿਸ ਮੁਲਾਜ਼ਮ ਪੈਟਰੋਲ ਪੰਪ ਦੇ ਮੁਲਾਜ਼ਮਾਂ ਨੂੰ ਕਥਿਤ ਡਰਾ ਧਮਕਾ ਦੇ ਆਪਣੇ ਵਾਹਨਾਂ ਵਿਚ ਤੇਲ ਪੁਆ ਕੇ ਲੈ ਗਏ।


**Flat Rate Funding Group**

**Are you tired of waiting to get paid on your outstanding freight invoices?**

**Get your $$$ now!**

**At Flat Rate Funding Group, we offer the lowest fixed factoring rate in the transportation industry-**

*****1.5%!*****

*Call Goldy Dhillon*

**734-444-9625**

**sales@flatratefunding.com**



**ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?**

**ਅੱਜ ਹੀ ਲੋੜੀਂਦਾ ਪੈਸਾ ਲਓ**

**ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ**

**ਅੱਜ ਹੀ ਸੰਪਰਕ ਕਰੋ**

**ਗੋਲਡੀ ਢਿੱਲੋਂ, ਫੋਨ: 734-444-9625**

# ਟਾਈਟਲਰ ਨੂੰ ਕਲੀਨ ਚਿੱਟ ਦਿਵਾਉਣ ਲਈ ਹੋਈ ਸੀ ਸੌਦੇਬਾਜ਼ੀ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ ਸੀ.ਬੀ.ਆਈ. ਵੱਲੋਂ ਕਲੀਨ ਚਿੱਟ ਦੇਣ ਨਾਲ ਕਈ ਨਵੇਂ ਖ਼ੁਲਾਸੇ ਹੋਏ ਹਨ। ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਵਿਚ ਖ਼ੁਲਾਸਾ ਹੋਇਆ ਹੈ ਕਿ ਟਾਈਟਲਰ ਨੂੰ ਕਲੀਨ ਚਿੱਟ ਦਿਵਾਉਣ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਵੀ ਭੂਮਿਕਾ ਰਹੀ। ਟਾਈਟਲਰ ਨੇ ਗਵਾਹ ਨੂੰ ਆਪਣੇ ਪੱਖ ਵਿਚ ਕਰਨ ਲਈ ਪੰਜ ਕਰੋੜ ਰੁਪਏ ਦਾ ਸੌਦਾ ਵੀ ਕੀਤਾ ਸੀ। ਰਿਪੋਰਟ ਵਿਚ ਪਹਿਲੀ ਵਾਰ ਖ਼ੁਲਾਸਾ ਹੋਇਆ ਹੈ ਕਿ ਬਾਲੀਵੁੱਡ ਅਦਾਕਾਰ ਅਮਿਤਾਭ ਬੱਚਨ ਦੇ ਵੀ ਬਿਆਨ ਦਰਜ ਕੀਤੇ ਗਏ ਸਨ। ਦਿੱਲੀ ਦੀ ਅਦਾਲਤ ਨੇ ਟਾਈਟਲਰ ਵੱਲੋਂ ਗਵਾਹਾਂ ਨੂੰ ਪ੍ਰਭਾਵਿਤ ਕਰਨ ਦੇ ਲੱਗੇ ਦੋਸ਼ਾਂ ਉਤੇ ਸੀ.ਬੀ.ਆਈ. ਵੱਲੋਂ ਕਾਰਵਾਈ ਕੀਤੇ ਜਾਣ ਬਾਰੇ ਜਵਾਬ ਮੰਗਿਆ ਹੈ। ਜਾਂਚ ਏਜੰਸੀ ਨੇ ਇਸ ਮਾਮਲੇ ਨੂੰ ਬੰਦ ਕਰਨ ਦੀ ਵਕਾਲਤ ਕੀਤੀ ਸੀ ਤੇ ਅਦਾਲਤ ਵੱਲੋਂ ਹੁਣ 26 ਜੂਨ ਨੂੰ ਅੱਗੇ ਸੁਣਵਾਈ ਕੀਤੀ ਜਾਏਗੀ।

ਹਥਿਆਰਾਂ ਦੇ ਕਾਰੋਬਾਰੀ ਅਭਿਸ਼ੇਕ ਵਰਮਾ ਨੇ ਸੀ.ਬੀ.ਆਈ. ਨੂੰ ਦਿੱਤੇ ਬਿਆਨਾਂ ਵਿਚ ਕਿਹਾ ਹੈ ਕਿ ਜਗਦੀਸ਼ ਟਾਈਟਲਰ ਨੇ 2008 ਵਿਚ ਉਸ ਨੂੰ ਦੱਸਿਆ ਸੀ ਕਿ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਉਸ ਨੇ ਮੁਲਾਕਾਤ ਕੀਤੀ ਸੀ ਜਿਸ ਤੋਂ ਬਾਅਦ ਉਸ ਨੂੰ ਸਿੱਖ ਕਤਲੇਆਮ ਦੇ ਮਾਮਲੇ ਵਿਚ ਭੂਮਿਕਾ ਨੂੰ ਲੈ ਕੇ ਕਲੀਨ ਚਿੱਟ ਮਿਲੀ ਸੀ। ਸੀ.ਬੀ.ਆਈ. ਨੇ ਜਾਂਚ ਦੌਰਾਨ ਜਲ ਸੈਨਾ ਵਾਰ ਲੀਕ ਮਾਮਲੇ ਦੇ ਨਾਲ ਹੀ ਧੋਖਾਧੜੀ ਤੇ ਜਾਲਸਾਜ਼ੀ ਸਮੇਤ ਹੋਰ ਮਾਮਲਿਆਂ ਦੇ ਮੁਲਜ਼ਮ ਵਰਮਾ ਦਾ ਬਿਆਨ ਗਵਾਹ ਵਜੋਂ ਦਰਜ ਕੀਤਾ ਹੈ। ਅਭਿਸ਼ੇਕ ਵਰਮਾ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਟਾਈਟਲਰ ਨੇ ਉਸ ਨੂੰ ਇਹ ਵੀ ਦੱਸਿਆ ਸੀ ਕਿ ਕੇਸ ਦੇ ਮੁੱਖ ਗਵਾਹ ਸੁਰਿੰਦਰ ਸਿੰਘ ਗ੍ਰੰਥੀ ਨੂੰ ਬਿਆਨਾਂ ਤੋਂ ਮੁਕਰਨ ਲਈ ਉਸ ਨੇ ਮੋਟੀ ਰਕਮ ਦਿੱਤੀ ਸੀ।

ਸੀ.ਬੀ.ਆਈ. ਨੇ ਇਨ੍ਹਾਂ ਦਾਅਵਿਆਂ ਨਾਲ ਦਿੱਲੀ ਦੀ ਅਦਾਲਤ ਵਿਚ ਤੀਜੀ ਵਾਰ ਮਾਮਲਾ ਬੰਦ ਕਰਨ ਲਈ ਰਿਪੋਰਟ ਦਾਖ਼ਲ ਕੀਤੀ ਹੈ। ਅਦਾਲਤ ਨੇ ਸੁਣਵਾਈ ਦੌਰਾਨ ਟਾਈਟਲਰ ਉਤੇ 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਗਵਾਹ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਦੇ ਦੋਸ਼ਾਂ ਉਤੇ ਸੀ.ਬੀ.ਆਈ. ਤੋਂ ਜਵਾਬ ਮੰਗਿਆ ਹੈ।


ਵਰਮਾ ਨੇ ਸੀ.ਬੀ.ਆਈ. ਨੂੰ ਦੱਸਿਆ ਸੀ ਕਿ ਸੌਦੇ ਮੁਤਾਬਕ ਸੁਰਿੰਦਰ ਨੂੰ ਮੋਟੀ ਰਕਮ ਅਦਾ ਕੀਤੀ ਗਈ ਸੀ ਤੇ ਉਸ ਦੇ ਲੜਕੇ ਨਰਿੰਦਰ ਸਿੰਘ ਨੂੰ ਵਿਦੇਸ਼ ਭੇਜਿਆ ਗਿਆ। ਉਸ (ਟਾਈਟਲਰ) ਨੇ ਮੈਨੂੰ ਦੱਸਿਆ ਕਿ ਨਰਿੰਦਰ ਉਤੇ ਭਾਰੀ ਦਬਾਅ ਪਾਇਆ ਗਿਆ ਕਿ ਉਹ ਆਪਣੇ ਪਿਤਾ ਸੁਰਿੰਦਰ ਨੂੰ ਜਗਦੀਸ਼ ਟਾਈਟਲਰ ਦੇ ਪੱਖ ਵਿਚ ਬਿਆਨ ਬਦਲਵਾਉਣ ਲਈ ਮਨਾਵੇ। ਸੀ.ਬੀ.ਆਈ. ਨੇ ਮਾਮਲਾ ਬੰਦ ਕਰਨ ਬਾਰੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਵਰਮਾ ਦੀ ਗਵਾਹੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਟਾਈਟਲਰ ਨੇ ਗਵਾਹ ਸੁਰਿੰਦਰ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ। ਜਾਂਚ ਏਜੰਸੀ ਨੇ ਕਿਹਾ ਹੈ ਕਿ ਵਰਮਾ ਵੱਲੋਂ ਲਾਏ ਗਏ ਦੋਸ਼ਾਂ ਦੀ ਪੁਸ਼ਟੀ ਨਹੀਂ ਹੋ ਸਕੀ ਕਿਉਂਕਿ ਸੁਰਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ। ਵਰਮਾ ਨੇ ਬਿਆਨ ਵਿਚ ਖ਼ੁਲਾਸਾ ਕੀਤਾ ਹੈ ਕਿ ਟਾਈਟਲਰ ਨੇ ਕੈਨੇਡਾ ਰਹਿੰਦੀ ਆਪਣੀ ਭੈਣ ਨੂੰ ਹਵਾਲਾ ਜ਼ਰੀਏ ਪੰਜ ਕਰੋੜ ਰੁਪਏ ਭੇਜੇ ਸਨ। ਜਦੋਂ ਇਹ ਰਕਮ ਟਰੱਸਟ ਦੇ ਖ਼ਾਤੇ ਵਿਚ ਪੁੱਜੀ ਤਾਂ ਇਸ ਨੂੰ ਸਬੰਧਤ ਬੈਂਕ ਨੇ ਜਾਮ ਕਰ ਦਿੱਤਾ। ਵਰਮਾ ਦਾ ਕਹਿਣਾ ਹੈ ਕਿ ਟਾਈਟਲਰ ਨਾਲ ਗੱਲਬਾਤ ਉਸ ਸਮੇਂ ਹੋਈ ਜਦੋਂ ਉਹ ਲੀਕ ਮਾਮਲੇ ਵਿਚ ਜੇਲ੍ਹ ਤੋਂ ਰਿਹਾਅ ਹੋਇਆ ਤੇ ਕਾਂਗਰਸ ਦੇ ਹਰਿਆਣਾ ਤੋਂ ਤਤਕਾਲੀ ਵਿਧਾਇਕ ਗੋਪਾਲ ਕਾਂਡਾ (ਅਗਸਤ-ਸਤੰਬਰ 2008) ਦੇ ਫਾਰਮ ਹਾਊਸ ਵੱਲ ਜਾ ਰਹੇ ਸਨ।

## ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ 'ਚ ਅਹਿਮ ਖੁਲਾਸੇ



## ਅਮਿਤਾਭ ਦੇ ਬਿਆਨ ਨੇ ਵਧਾਈਆਂ ਮੁਸ਼ਕਿਲਾਂ

**ਨਵੀਂ ਦਿੱਲੀ:** 84 ਦੇ ਸਿੱਖ ਕਤਲੇਆਮ ਮਾਮਲੇ ਵਿਚ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਬਾਲੀਵੁੱਡ ਅਦਾਕਾਰ ਅਮਿਤਾਭ ਬੱਚਨ ਦਾ ਉਹ ਬਿਆਨ ਸਾਹਮਣੇ ਆਇਆ ਹੈ ਜੋ ਉਨ੍ਹਾਂ ਨੇ ਸੀ.ਬੀ.ਆਈ. ਨੂੰ 15 ਜੂਨ, 2013 ਨੂੰ ਦਿੱਤਾ ਸੀ। ਮਾਮਲੇ ਦੀ ਸੁਣਵਾਈ ਦੌਰਾਨ ਅਮਿਤਾਭ ਬੱਚਨ ਨੇ ਕਿਹਾ ਸੀ ਕਿ ਇੰਦਰਾ ਗਾਂਧੀ ਦੀ ਹੱਤਿਆ ਸਮੇਂ ਦੰਗੇ ਭੜਕਾਉਣ ਦੇ ਮਾਮਲੇ ਵਿਚ ਦੋਸ਼ੀ ਰਹੇ ਟਾਈਟਲਰ ਕਿਥੇ ਸਨ, ਉਨ੍ਹਾਂ ਨੂੰ ਇਸ ਦੀ ਜਾਣਕਾਰੀ ਨਹੀਂ ਜਦੋਂ ਕਿ ਟਾਈਟਲਰ ਨੇ ਆਪਣੇ ਬਿਆਨ ਵਿਚ ਕਿਹਾ ਸੀ ਕਿ ਦੰਗਾ ਭੜਕਣ ਸਮੇਂ ਉਹ ਅਮਿਤਾਭ ਬੱਚਨ ਨਾਲ ਸਨ। ਅਜਿਹੇ ਵਿਚ ਇਹ ਬਿਆਨ ਟਾਈਟਲਰ ਦੇ ਦਾਅਵੇ ਦੇ ਖ਼ਿਲਾਫ਼ ਜਾਂਦਾ ਹੈ।



## ਟਾਈਟਲਰ ਖ਼ਿਲਾਫ਼ ਦੋਸ਼ਾਂ ਉਤੇ ਜਵਾਬ ਤਲਬ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਉਤੇ 1984 ਦੇ ਸਿੱਖ ਕਤਲੇਆਮ ਮਾਮਲੇ ਵਿਚ ਗਵਾਹਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ਾਂ ਉਤੇ ਸੀ.ਬੀ.ਆਈ. ਤੋਂ ਜਵਾਬ ਤਲਬ ਕੀਤਾ। ਇਸ ਮਾਮਲੇ ਵਿਚ ਸੀ.ਬੀ.ਆਈ. ਨੇ ਮਾਮਲਾ ਬੰਦ ਕਰਨ ਦੀ ਰਿਪੋਰਟ ਦਾਇਰ ਕੀਤੀ ਹੈ। ਵਧੀਕ ਮੁੱਖ ਮੈਟਰੋਪਾਲੀਟਿਨ ਮੈਜਿਸਟ੍ਰੇਟ ਐਸ.ਪੀ.ਐਸ. ਲਾਲੇਰ ਨੇ ਏਜੰਸੀ ਵੱਲੋਂ ਦੰਗਾ ਮਾਮਲਿਆਂ ਵਿਚ ਅੱਗੇ ਜਾਂਚ ਦੌਰਾਨ ਜੇਲ੍ਹ ਵਿਚ ਬੰਦ ਕਾਰੋਬਾਰੀ ਅਭਿਸ਼ੇਕ ਵਰਮਾ ਦੇ ਦਰਜ ਬਿਆਨ ਉਤੇ ਸੀ.ਬੀ.ਆਈ. ਨੂੰ ਜਵਾਬ ਦੇਣ ਲਈ ਕਿਹਾ ਹੈ। ਅਦਾਲਤ ਨੇ ਹੁਣ ਇਸ ਮਾਮਲੇ ਦੀ ਸੁਣਵਾਈ 26 ਜੂਨ ਨੂੰ ਤੈਅ ਕੀਤੀ ਹੈ।



## ਨਵੇਂ ਖੁਲਾਸਿਆਂ ਪਿੱਛੋਂ ਸਿੱਖ ਸਿਆਸਤ ਗਰਮਾਈ

**ਨਵੀਂ ਦਿੱਲੀ:** ਸੀ.ਬੀ.ਆਈ. ਵੱਲੋਂ ਕੜਕੜਡੂਮਾ ਅਦਾਲਤ ਵਿਚ ਜਗਦੀਸ਼ ਟਾਈਟਲਰ ਮਾਮਲੇ ਵਿਚ ਪੇਸ਼ ਕੀਤੀ ਗਈ ਕਲੋਜ਼ਰ ਰਿਪੋਰਟ ਵਿਚ ਜੋ ਖੁਲਾਸੇ ਕੀਤੇ ਗਏ ਹਨ, ਉਨ੍ਹਾਂ ਨੂੰ ਲੈ ਕੇ ਸਿੱਖ ਸਿਆਸਤ ਵਿਚ ਫਿਰ ਗਰਮਾਹਟ ਆ ਗਈ ਹੈ। ਸੀ.ਬੀ.ਆਈ. ਦੀ ਭੂਮਿਕਾ ਨੂੰ ਲੈ ਕੇ ਕਾਂਗਰਸ ਵਿਰੋਧੀ ਧਿਰਾਂ ਸਰਗਰਮ ਹੋ ਗਈਆਂ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮੁੱਦੇ ਉਤੇ ਤਿੱਖੇ ਬਿਆਨ ਦਾਗ਼ੇ ਗਏ ਹਨ। ਦਲ ਦੇ ਸੀਨੀਅਰ ਆਗੂ ਰਾਵਿੰਦਰ ਸਿੰਘ ਖੁਰਾਣਾ ਨੇ ਕਿਹਾ ਕਿ ਸੀ.ਬੀ.ਆਈ. ਵੱਲੋਂ ਚੁੱਪ-ਚਾਪ ਕਲੋਜ਼ਰ ਰਿਪੋਰਟ ਦਾਖ਼ਲ ਕਰਨਾ ਹੀ ਸ਼ੰਕੇ ਖੜ੍ਹੇ ਕਰਦਾ ਹੈ। ਸੰਯੁਕਤ ਸਕੱਤਰ ਅਮਰਜੀਤ ਸਿੰਘ ਪੱਪੂ ਨੇ ਕਿਹਾ ਕਿ ਹੁਣ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਨੂੰ ਇਨਸਾਫ਼ ਦੇਵੇ ਤੇ ਟਾਈਟਲਰ ਨੂੰ ਗ੍ਰਿਫ਼ਤਾਰ ਕਰੇ ਕਿਉਂਕਿ ਉਸ ਨੇ ਹਵਾਲਾ ਕਾਰੋਬਾਰ ਕੀਤਾ ਤੇ ਗਵਾਹ ਨੂੰ ਪ੍ਰਭਾਵਤ ਕੀਤਾ ਹੈ। ਉਧਰ ਆਮ ਆਦਮੀ ਪਾਰਟੀ ਦੇ ਰਾਜੌਰੀ ਗਾਰਡਨ ਤੋਂ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਡਾ. ਮਨਮੋਹਨ ਸਿੰਘ ਸਥਿਤੀ ਸਪਸ਼ਟ ਕਰਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਸੀ.ਬੀ.ਆਈ. ਪ੍ਰਤੀ ਨਰਮ ਕਿਉਂ ਹੈ? ਕਿਤੇ ਕਾਂਗਰਸ ਤੇ ਭਾਜਪਾ ਦਰਮਿਆਨ ਨਵੰਬਰ 1984 ਤੇ 2002 ਦੇ ਗੁਜਰਾਤ ਦੰਗਿਆਂ ਬਾਰੇ ਕੋਈ ਗੰਢਤੁੱਪ ਤਾਂ ਨਹੀਂ ਹੋ ਗਈ।

# ਸ਼੍ਰੋਮਣੀ ਕਮੇਟੀ ਦੇ ਸਕੱਤਰ ਪਰਮਜੀਤ ਸਿੰਘ ਸਰੋਆ ਦਾ ਸਨਮਾਨ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਐਜੂਕੇਸ਼ਨ ਅਡੀਸ਼ਨਲ ਸਕੱਤਰ ਪਰਮਜੀਤ ਸਿੰਘ ਸਰੋਆ ਦਾ ਨਿਊ ਯਾਰਕ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਅਧੀਨ 76 ਸਕੂਲ, 36 ਕਾਲਜ, ਇਕ ਯੂਨੀਵਰਸਿਟੀ ਅਤੇ ਦੋ ਮੈਡੀਕਲ ਕਾਲਜ ਤੇ ਗੂੰਗੇ-ਬੋਲੇ ਬੱਚਿਆਂ ਲਈ ਇਕ ਸਕੂਲ ਚੱਲ ਰਿਹਾ ਹੈ। ਸ. ਸਰੋਆ ਨੇ ਸੰਤ ਬਾਬਾ ਨਿਧਾਨ ਸਿੰਘ ਦੇ ਜੀਵਨ ਅਤੇ ਸਿਧਾਂਤਕ ਪੱਖ 'ਤੇ ਪੀ ਐਚ ਡੀ ਕੀਤੀ ਹੈ ਅਤੇ ਉਹ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੇ ਪੀ ਏ ਹਨ।

ਪਿਛਲੇ ਦਿਨੀਂ ਸ. ਸਰੋਆ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਪਹੁੰਚੇ ਜਿਥੇ ਉਨ੍ਹਾਂ ਦਾ ਉਚੇਚਾ ਸਨਮਾਨ ਕੀਤਾ ਗਿਆ। ਇਸ ਮੌਕੇ ਸ. ਸਰੋਆ ਨੂੰ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੇਣ ਦੀ ਰਸਮ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ, ਰਣਜੀਤ ਸਿੰਘ ਜੰਜੂਆ, ਪਬਲਿਕ ਰਿਲੇਸ਼ਨ ਚੇਅਰਮੈਨ ਭੁਪਿੰਦਰ ਸਿੰਘ ਅਟਵਾਲ, ਕਮਿਊਨਿਟੀ ਕੌਂਸਲ ਦੇ ਮੀਤ ਪ੍ਰਧਾਨ ਰਣਜੀਤ ਸਿੰਘ ਸੰਗੋਜਲਾ ਅਤੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਭੁਪਿੰਦਰ ਸਿੰਘ ਨੇ ਨਿਭਾਈ।



# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਘੱਲੂਘਾਰਾ ਦਿਵਸ ਮਨਾਇਆ

**ਰਿਚਮੰਡ ਹਿੱਲ, ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਜੂਨ 84 ਦੇ ਘੱਲੂਘਾਰੇ ਦੀ ਦੁਖਦਾਈ ਯਾਦ 5 ਤੋਂ 7 ਜੂਨ ਤੱਕ ਮਨਾਈ ਗਈ। ਇਸ ਮੌਕੇ ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਘੱਲੂਘਾਰਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿਚ ਕੀਰਤਨੀ ਜਥਿਆਂ ਨੇ ਵੈਰਾਗਮਈ ਕੀਰਤਨ ਕਰ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

6 ਜੂਨ, ਸਨਿਚਰਵਾਰ ਨੂੰ ਆਪ੍ਰੇਸ਼ਨ ਬਲੂ ਸਟਾਰ ਬਾਰੇ ਇਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਡਾ. ਆਈ ਕੇ ਚੀਮਾ, ਡਾ. ਗੁਰਦਰਸ਼ਨ ਸਿੰਘ ਢਿੱਲੋਂ ਅਤੇ ਡਾ. ਅਮਰਜੀਤ ਸਿੰਘ ਨੇ 84 ਦੇ ਘੱਲੂਘਾਰੇ ਦੇ ਸਿੱਖ ਮਾਨਸਿਕਤਾ ਉਪਰ ਪਏ ਮਾਰੂ ਪ੍ਰਭਾਵ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਘੱਲੂਘਾਰੇ ਅਤੇ ਇਸ ਤੋਂ ਬਾਅਦ ਦੇ ਸਮੇਂ ਅੰਦਰ ਸਿੱਖਾਂ ਦੇ ਹੋਏ ਕਤਲੇਆਮ ਦੌਰਾਨ ਭਾਰਤ ਸਰਕਾਰ ਨੇ ਸਿੱਖ ਕੌਮ ਦਾ ਬਹੁਤ ਵੱਡਾ ਘਾਣ ਕੀਤਾ।

ਬੁਲਾਰਿਆਂ ਨੇ ਇਹ ਵੀ ਕਿਹਾ ਕਿ ਜਦੋਂ ਤੱਕ ਸਿੱਖ ਇਕੱਠੇ ਹੋ ਕੇ ਇਕ ਕੌਮ ਵਜੋਂ ਆਪਣੀ ਤਾਕਤ ਨਹੀਂ ਦਿਖਾਉਂਦੇ, ਭਾਰਤ ਸਰਕਾਰ ਸਿੱਖਾਂ ਦਾ ਇਸੇ ਤਰ੍ਹਾਂ ਆਤਮਕ ਤੇ ਸਰੀਰਕ ਕਤਲੇਆਮ ਕਰਦੀ ਰਹੇਗੀ। ਇਸ ਲਈ ਸਿੱਖਾਂ ਨੂੰ ਜਾਗਣ ਦੀ ਲੋੜ ਹੈ। ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਤਾਂ ਇਹ ਵੀ ਕਿਹਾ ਕਿ ਸਿੱਖਾਂ ਦਾ ਅਸਲ ਦੁਸ਼ਮਣ ਹਿੰਦੂਵਾਦ ਹੈ। ਦਰਅਸਲ ਹਿੰਦੂਤਵੀ ਸੋਚ ਸਾਰੀਆਂ ਘੱਟ ਗਿਣਤੀਆਂ ਨੂੰ ਆਪਣੇ ਗੁਲਾਮ ਬਣਾਉਣਾ ਚਾਹੁੰਦੀ ਹੈ।

7 ਜੂਨ, ਐਤਵਾਰ ਨੂੰ ਸਜੇ ਦੀਵਾਨ ਉਪਰੰਤ ਕੀਰਤਨੀ ਜਥਿਆਂ ਅਤੇ ਕਥਾਵਾਚਕਾਂ ਨੇ ਸ਼ਹਾਦਤ ਦੀ ਉਚਤਾ ਦਾ ਜ਼ਿਕਰ ਕਰਦਿਆਂ 84 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਦੀਵਾਨ ਦੀ ਸਮਾਪਤੀ 'ਤੇ ਗੁਰੂ ਘਰ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।





# ਟੈਕਸੀ ਚਾਲਕ ਵੀਰਾਂ ਵਲੋਂ ਜੂਨ ਚੁਰਾਸੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਨਿਊ ਯਾਰਕ (ਇਕਬਾਲ ਸਿੰਘ ਜੱਬੋਵਾਲੀਆ):** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਿਊ ਯਾਰਕ ਦੇ ਟੈਕਸੀ ਚਾਲਕ (ਯੈਲੋ ਤੇ ਬਲੈਕ ਕਾਰ) ਭਰਾਵਾਂ ਵਲੋਂ ਗੁਰਦੁਆਰਾ ਬੈਲਰੋਜ਼ (222 ਸਟਰੀਟ ਤੇ ਜਮਾਇਕਾ ਐਵੇਨਿਊ) ਵਿਖੇ ਜੂਨ 84 ਦੇ ਸਮੂਹ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਕਥਾਵਾਚਕਾਂ ਅਤੇ ਕੀਰਤਨੀ ਜਥਿਆਂ ਨੇ ਸੰਗਤਾਂ ਨਾਲ ਗੁਰਬਾਣੀ ਦੀ ਸਾਂਝ ਪਾਈ।

ਇਸ ਮੌਕੇ ਸ਼੍ਰੋਮਣੀ ਢਾਡੀ ਸਵਰਗੀ ਗਿਆਨੀ ਦਿਆ ਸਿੰਘ ਦਿਲਬਰ ਦੇ ਬੇਟੇ ਢਾਡੀ ਕੁਲਜੀਤ ਸਿੰਘ ਦਿਲਬਰ ਨੇ ਸਿੱਖ ਸੂਰਮਿਆਂ ਦਾ ਜੱਸ ਗਾਉਂਦਿਆਂ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਾਇਆ। ਜ਼ਿਕਰਯੋਗ ਹੈ ਕਿ ਜੂਨ 84 ਦੀ ਦੁਖਦਾਈ ਯਾਦ ਵਿਚ ਪਿਛਲੇ ਪੰਦਰਾਂ ਸਾਲਾਂ ਤੋਂ ਅਖੰਡ ਪਾਠ ਕਰਵਾਇਆ ਜਾਂਦਾ ਹੈ ਜਿਸ ਵਿਚ ਟੈਕਸੀ ਚਾਲਕ ਭਰਾ ਵਧ-ਚੜ੍ਹ ਕੇ ਹਿੱਸਾ ਪਾਉਂਦੇ ਹਨ। ਇਸ ਵਰ੍ਹੇ ਇਸ ਕਾਰਜ ਵਿਚ ਬਲਵਿੰਦਰ ਸਿੰਘ ਵਿਰਕ, ਗੁਰਮੀਤ ਸਿੰਘ ਜਸਵਾਲ, ਚਰਨਜੀਤ ਸਿੰਘ ਸਮਰਾ, ਜਸਵੀਰ ਸਿੰਘ ਗਿੱਲ, ਖੁਸ਼ਵਿੰਦਰ ਸਿੰਘ, ਗੁਰਮੇਲ ਸਿੰਘ ਮੇਲਾ, ਬਲਵਿੰਦਰ ਸਿੰਘ ਗਿੱਲ, ਸੁਰਿੰਦਰ ਸਿੰਘ ਗਿੱਲ ਅਤੇ ਦਲਵਿੰਦਰ ਸਿੰਘ ਸਿੱਧੂ (ਜੌਰਜੀ) ਨੇ ਵਧ ਚੜ੍ਹ ਕੇ ਹਿੱਸਾ ਪਾਇਆ। ਪੰਜਾਬੀ ਵਿਰਸਾ ਵਾਲੇ ਮਹਿੰਦਰ ਸਿੰਘ ਸਿੱਧੂ, ਪਰਵਿੰਦਰ ਢਿੱਲੋਂ ਅਤੇ ਗੁਰਮੀਤ ਸਿੰਘ ਬੁੱਟਰ ਵਿਸ਼ੇਸ਼ ਤੌਰ 'ਤੇ ਪਹੁੰਚੇ।



# ਬਰਸੀ ਸਮਾਗਮ ਵਿਚ ਮੁੜ ਭਿੜੇ ਗਰਮਖਿਆਲੀ ਤੇ ਟਾਸਕ ਫੋਰਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਸਰਕਾਰ ਵੱਲੋਂ ਕੀਤੇ ਸਖਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਗਰਮਖਿਆਲੀਆਂ ਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਿਚ ਝੜਪ ਹੋ ਗਈ। ਇਸ ਘਟਨਾ ਦੌਰਾਨ ਪੁਲਿਸ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਇਸ ਦੇ ਆਲੇ ਦੁਆਲੇ ਤਕਰੀਬਨ 45 ਨੌਜਵਾਨਾਂ ਨੂੰ ਮੌਕੇ 'ਤੇ ਕਾਬੂ ਕਰ ਲਿਆ। ਪਿਛਲੇ ਸਾਲ ਵਾਂਗ ਇਸ ਵਾਰ ਵੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਅਰਦਾਸ ਸਮਾਗਮ ਵਾਲੇ ਦਿਨ ਹਿੰਸਕ ਝੜਪ ਦੀ ਘਟਨਾ ਵਾਪਰੀ ਹੈ। ਅਰਦਾਸ ਸਮਾਗਮ ਸਵੇਰੇ ਤਕਰੀਬਨ ਨੌਂ ਵਜੇ ਸਮਾਪਤ ਹੋ ਗਿਆ ਸੀ। ਇਸ ਤੋਂ ਬਾਅਦ ਦੁਪਹਿਰ ਦੋ ਵਜੇ ਮੁੜ ਹਿੰਸਾ ਦੀ ਘਟਨਾ ਘਟ ਗਈ।

ਕੁਝ ਸ਼ਰਧਾਲੂਆਂ ਨੇ ਇਸ ਘਟਨਾ ਨੂੰ ਆਪਣੇ ਮੋਬਾਈਲ ਫੋਨ ਤੇ ਕੈਮਰਿਆਂ ਵਿਚ ਲੈਣ ਦਾ ਵੀ ਯਤਨ ਕੀਤਾ, ਜਿਨ੍ਹਾਂ ਕੋਲੋਂ ਸ਼੍ਰੋਮਣੀ ਕਮੇਟੀ ਟਾਸਕ ਫੋਰਸ ਨੇ ਕੈਮਰੇ ਆਦਿ ਲੈ ਲਏ। ਇਨ੍ਹਾਂ ਵਿਚ ਦੋ ਮੀਡੀਆ ਫੋਟੋਗਰਾਫਰ ਵੀ ਸ਼ਾਮਲ ਸਨ। ਮਗਰੋਂ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਪ੍ਰੈਸ ਫੋਟੋਗਰਾਫਰਾਂ ਨਾਲ ਹੋਏ ਇਸ ਵਤੀਰੇ ਲਈ ਅਫਸੋਸ ਦਾ ਪ੍ਰਗਟਾਵਾ ਕੀਤਾ। ਪੁਲਿਸ ਦੇ ਡਿਪਟੀ ਕਮਿਸ਼ਨਰ ਪਰਮਪਾਲ ਸਿੰਘ ਦਾ ਕਹਿਣਾ ਹੈ ਕਿ ਘਟਨਾ ਤੋਂ ਬਾਅਦ ਕੁਝ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਹੈ। ਇਸ ਤੋਂ ਪਹਿਲਾਂ ਸਵੇਰ ਵੇਲੇ ਅਰਦਾਸ ਸਮਾਗਮ ਸਮੇਂ ਜਿਵੇਂ ਹੀ ਇਹ ਸਮਾਗਮ ਦੀ ਸਮਾਪਤੀ ਹੋਈ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਅੰਦਰ ਤੇ ਬਾਹਰ ਖਾਲਿਸਤਾਨ ਜ਼ਿੰਦਾਬਾਦ ਤੇ ਭਿੰਡਰਾਂਵਾਲਾ ਜ਼ਿੰਦਾਬਾਦ ਦੇ ਨਾਅਰੇ ਲੱਗਣੇ ਸ਼ੁਰੂ ਹੋ ਗਏ। ਇਹ ਨਾਅਰੇ ਲੰਮਾ ਸਮਾਂ ਲੱਗਦੇ ਰਹੇ ਤੇ ਨਾਅਰਿਆਂ ਕਾਰਨ ਮਾਹੌਲ ਤਣਾਅ ਵਾਲਾ ਬਣ ਗਿਆ।

ਅਰਦਾਸ ਸਮਾਗਮ ਦੀ ਸ਼ੁਰੂਆਤ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣ ਨਾਲ ਹੋਈ। ਭੋਗ ਪੈਣ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਆਪਣੇ ਸੰਦੇਸ਼ ਵਿਚ ਉਨ੍ਹਾਂ ਆਖਿਆ ਕਿ ਸਾਕਾ ਨੀਲਾ ਤਾਰਾ ਦੀ ਪੀੜ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕੇਗੀ ਕਿਉਂਕਿ ਇਹ ਫੌਜੀ ਹਮਲਾ ਦੇਸ਼ ਦੀ ਉਸ ਵੇਲੇ ਦੀ ਸਰਕਾਰ ਵੱਲੋਂ ਹੀ ਕਰਵਾਇਆ ਗਿਆ ਸੀ। ਇਸ ਫੌਜੀ ਹਮਲੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਨਿਰਦੋਸ਼ ਬੀਬੀਆਂ, ਬੱਚੇ ਤੇ ਬਜ਼ੁਰਗ ਵੀ ਗੋਲੀਆਂ ਨਾਲ ਮਾਰੇ ਗਏ ਸਨ। ਇਸ ਮੌਕੇ ਉਨ੍ਹਾਂ ਸ਼ਹੀਦ ਪਰਿਵਾਰਾਂ ਦੇ ਜੀਆਂ ਦਾ ਸਿਰੋਪਾਓ ਦੇ ਕੇ ਸਨਮਾਨ ਵੀ ਕੀਤਾ। ਸਮਾਗਮ ਸਮੇਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਜਰਨੈਲ ਸਿੰਘ ਸਖੀਰਾ ਨੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਸੰਗਤਾਂ ਨਾਲ ਫਤਹਿ ਸਾਂਝੀ ਕੀਤੀ ਤੇ ਉਨ੍ਹਾਂ ਦੇ ਬਿਮਾਰ ਹੋਣ ਬਾਰੇ ਦੱਸਿਆ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਬਾਹਰ ਵੀ ਨਾਅਰੇ ਲੱਗਣੇ ਸ਼ੁਰੂ ਹੋ ਗਏ। ਮਾਨ ਦਲ ਵੱਲੋਂ ਸਾਬਕਾ ਸੰਸਦ ਮੈਂਬਰ ਧਿਆਨ ਸਿੰਘ ਮੰਡ ਨੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਖੜ੍ਹੇ ਹੋ ਕੇ ਸੰਗਤਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਸਾਕਾ ਨੀਲਾ ਤਾਰਾ ਬਾਰੇ ਹੁਣ ਤੱਕ ਨਾ ਤਾਂ ਸ਼੍ਰੋਮਣੀ ਕਮੇਟੀ ਨੇ ਜਨਰਲ ਇਜਲਾਸ ਵਿਚ ਤੇ ਨਾ ਹੀ ਅਕਾਲੀ ਸਰਕਾਰ ਨੇ ਵਿਧਾਨ ਸਭਾ ਵਿਚ ਨਿੰਦਾ ਮਤਾ ਪਾਸ ਕੀਤਾ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਲੜਾਈ ਜਾਰੀ ਹੈ ਤੇ ਇਹ ਲੜਾਈ ਹੁਣ ਵਿਚਾਰਾਂ ਨਾਲ ਲੜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਘੱਲੂਘਾਰਾ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਵੱਡੀ ਗਿਣਤੀ ਵਿਚ ਪੁਲੀਸ ਤਾਇਨਾਤ ਹਨ, ਜਿਸ ਤੋਂ ਸਾਬਤ ਹੁੰਦਾ ਹੈ ਕਿ ਗੁਰਦੁਆਰਾ ਪ੍ਰਬੰਧ ਫੇਲ੍ਹ ਹੋ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦਾਅਵਾ ਕੀਤਾ ਕਿ ਨੌਜਵਾਨਾਂ ਦਾ ਇਕ ਵੱਡਾ ਧੜਾ ਪਰਕਰਮਾ ਵਿਚ ਆ ਗਿਆ ਸੀ, ਜਿਨ੍ਹਾਂ ਨੇ ਕਈ ਵਾਰ ਪਰਕਰਮਾ ਕਰਦਿਆਂ ਖਾਲਿਸਤਾਨ ਪੱਖੀ ਤੇ ਹੋਰ ਭੜਕਾਊ ਨਾਅਰੇ ਲਾਏ। ਇਨ੍ਹਾਂ ਨੌਜਵਾਨਾਂ ਨੂੰ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਚਿੱਟੇ ਕੱਪੜਿਆਂ ਵਿਚ ਮੌਜੂਦ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨੇ ਜਦੋਂ ਬਾਹਰ ਕੱਢਣ ਦਾ ਯਤਨ ਕੀਤਾ ਤਾਂ ਉਨ੍ਹਾਂ ਤਲਵਾਰਾਂ ਤੇ ਹੋਰ ਹਥਿਆਰ ਲਹਿਰਾਏ। ਸਿੱਟੇ ਵਜੋਂ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਤੇ ਇਨ੍ਹਾਂ ਨੌਜਵਾਨਾਂ ਵਿਚਾਲੇ ਹਿੰਸਕ ਝੜਪ ਹੋ ਗਈ। ਮਾਰ ਕੁਟਾਈ ਦੌਰਾਨ ਕਈ ਨੌਜਵਾਨ ਜ਼ਖਮੀ ਵੀ ਹੋਏ ਹਨ, ਜਿਨ੍ਹਾਂ ਨੂੰ ਮਗਰੋਂ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ।

## ਧਰੇ ਧਰਾਏ ਰਹੇ ਗਏ ਸ਼੍ਰੋਮਣੀ ਕਮੇਟੀ ਦੀ ਸੁਰੱਖਿਆ ਪ੍ਰਬੰਧ



## ਜਨਰਲ ਸ਼ੁਬੇਗ ਸਿੰਘ ਦਾ ਨਾਂ ਲੈਣਾ ਭੁੱਲ ਗਏ ਜਥੇਦਾਰ

ਸਾਕਾ ਨੀਲਾ ਤਾਰਾ ਬਰਸੀ ਸਮਾਗਮ ਸਮੇਂ ਕੀਤੀ ਅਰਦਾਸ ਵਿਚ ਫੌਜੀ ਹਮਲੇ ਦੌਰਾਨ ਸ਼ਹੀਦੀ ਪਾਉਣ ਵਾਲੇ ਜਨਰਲ ਸ਼ੁਬੇਗ ਸਿੰਘ ਦਾ ਨਾਂ ਹੀ ਨਾ ਲਿਆ ਗਿਆ। ਅਰਦਾਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਆਦਿ ਦਾ ਨਾਂ ਲਿਆ ਗਿਆ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅੱਗੇ ਜਦੋਂ ਇਹ ਇਤਰਾਜ਼ ਉਠਾਇਆ ਗਿਆ ਤਾਂ ਉਨ੍ਹਾਂ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਭਵਿੱਖ ਵਿਚ ਇਸ ਸਬੰਧੀ ਧਿਆਨ ਰੱਖਿਆ ਜਾਵੇਗਾ। ਇਹ ਇਤਰਾਜ਼ ਜਨਰਲ ਸ਼ੁਬੇਗ ਸਿੰਘ ਦੇ ਭਰਾ ਬੇਅੰਤ ਸਿੰਘ ਨੇ ਪ੍ਰਗਟਾਇਆ ਹੈ, ਜੋ ਅਰਦਾਸ ਸਮਾਗਮ ਵਿਚ ਸ਼ਾਮਲ ਹੋਣ ਲਈ ਆਏ ਸਨ ਤੇ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਬੈਠਣ ਲਈ ਵੀ ਥਾਂ ਨਹੀਂ ਦਿੱਤੀ ਗਈ। ਉਸ ਨੇ ਇਸ ਅਰਦਾਸ ਸਮਾਗਮ ਨੂੰ ਸਰਕਾਰੀ ਸਮਾਗਮ ਕਰਾਰ ਦਿੱਤਾ।

## ਸਮਾਗਮ ਗੁਰਦੁਆਰਿਓਂ ਬਾਹਰ ਕਰਵਾਉਣ 'ਤੇ ਵਿਚਾਰਾਂ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਪਿਛਲੇ ਦੋ ਸਾਲਾਂ ਤੋਂ ਨਿਰੰਤਰ ਵਾਪਰ ਰਹੀਆਂ ਹਿੰਸਕ ਘਟਨਾਵਾਂ ਕਾਰਨ ਚਿੰਤਤ ਧਾਰਮਿਕ ਆਗੂਆਂ ਵੱਲੋਂ ਭਵਿੱਖ ਵਿਚ ਅਜਿਹੇ ਸਮਾਗਮ ਗੁਰਦੁਆਰਿਆਂ ਦੀ ਹਦੂਦ ਤੋਂ ਬਾਹਰ ਕਰਾਉਣ ਬਾਰੇ ਵਿਚਾਰ ਕੀਤਾ ਜਾਵੇਗਾ। ਇਸ ਬਾਰੇ ਸਿੱਖ ਬੁੱਧੀਜੀਵੀਆਂ ਨੇ ਵਿਚਾਰ ਪ੍ਰਗਟਾਏ ਸਨ ਕਿ ਗੁਰਦੁਆਰਿਆਂ ਦੀ ਹਦੂਦ ਵਿਚ ਸਿਰਫ ਤੇ ਸਿਰਫ ਧਾਰਮਿਕ ਸਮਾਗਮ ਹੀ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿਚ ਗੁਰਪੁਰਬ ਆਦਿ ਸ਼ਾਮਲ ਹਨ। ਬੁੱਧੀਜੀਵੀਆਂ ਦਾ ਵਿਚਾਰ ਸੀ ਕਿ ਸਿਆਸੀ ਪ੍ਰੋਗਰਾਮ ਤੇ ਸਿਆਸੀ ਅਖਾੜਿਆਂ ਨੂੰ ਗੁਰਦੁਆਰਿਆਂ ਦੀ ਹਦੂਦ ਤੋਂ ਦੂਰ ਰੱਖਣਾ ਚਾਹੀਦਾ ਹੈ ਕਿਉਂਕਿ ਅਜਿਹੇ ਸਮਾਗਮਾਂ ਕਾਰਨ ਨਾ ਸਿਰਫ ਸਮੁੱਚੀ ਸਿੱਖ ਕੌਮ ਦਾ ਅਕਸ ਖ਼ਰਾਬ ਹੁੰਦਾ ਹੈ ਸਗੋਂ ਇਸ ਨਾਲ ਗੁਰੂਘਰਾਂ ਦੀ ਮਰਿਯਾਦਾ ਨੂੰ ਵੀ ਢਾਹ ਲੱਗਦੀ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੱਖ ਬੁੱਧੀਜੀਵੀਆਂ ਵੱਲੋਂ ਕੀਤੀ ਗਈ ਮੰਗ ਬਾਰੇ ਭਵਿੱਖ ਵਿਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕੀਤਾ ਜਾਵੇਗਾ।

## ਸੱਤਾ ਸਲਾਮਤੀ ਲਈ ਬਾਦਲ ਨੇ ਕਰਵਾਈ ਗੜਬੜ: ਸਰਨਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਛੇ ਜੂਨ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਵਾਪਰੀ ਤਲਵਾਰਾਂ ਚੱਲਣ ਦੀ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਹ ਘਟਨਾ ਵੀ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦਿਮਾਗ ਦੀ ਉਪਜ ਹੈ ਤਾਂ ਕਿ ਪੰਜਾਬ ਵਿਚ ਆਪਣੀ ਸੱਤਾ ਦੀ ਕੁਰਸੀ ਨੂੰ ਸਲਾਮਤ ਰੱਖਣ ਲਈ ਕੇਂਦਰ ਵਿਚਲੀ ਭਾਈਵਾਲ ਪਾਰਟੀ ਭਾਜਪਾ ਨੂੰ ਅਤਿਵਾਦ ਦਾ ਹਊਆ ਬਣਾ ਕੇ ਡਰਾਇਆ ਜਾ ਸਕੇ। ਸ੍ਰੀ ਸਰਨਾ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅਧਿਆਤਮਕਤਾ ਦਾ ਕੇਂਦਰ ਹੈ, ਜਿਥੇ ਹਰੇਕ ਸ਼ਰਧਾਲੂ ਮਨ ਦੀ ਸ਼ਾਂਤੀ ਤੇ ਆਤਮਾ ਨੂੰ ਬੌਧਿਕ ਖੁਰਾਕ ਦੇਣ ਲਈ ਆਉਂਦਾ ਹੈ ਪਰ ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਉਤੇ ਕਬਜ਼ਾ ਕੀਤਾ ਹੈ, ਉਸ ਦਿਨ ਤੋਂ ਹੀ ਸਿੱਖਾਂ ਦੀ ਇਸ ਸਰਬਉੱਚ ਸੰਸਥਾ ਦੇ ਮਿਆਰ ਵਿਚ ਗਿਰਾਵਟ ਆ ਗਈ ਹੈ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਮੇਂ ਕਰਵਾਈਆਂ ਗਈਆਂ ਐਫ.ਡੀ.ਆਰਜ਼ ਵੀ ਖਾ ਲਈਆਂ ਗਈਆਂ ਹਨ।

# ਜੰਮੂ 'ਚ ਪ੍ਰਦਰਸ਼ਨ ਦੌਰਾਨ ਸਿੱਖ ਨੌਜਵਾਨ ਦੀ ਮੌਤ

**ਜੰਮੂ:** ਇਥੋਂ ਦੇ ਇਕ ਇਲਾਕੇ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਪੋਸਟਰ ਹਟਾਉਣ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਤਕਰੀਬਨ 200 ਸਿੱਖ ਨੌਜਵਾਨਾਂ ਤੇ ਪੁਲਿਸ ਵਿਚਾਲੇ ਹੋਏ ਟਕਰਾਅ ਵਿਚ ਇਕ ਨੌਜਵਾਨ ਜਗਜੀਤ ਸਿੰਘ ਦੀ ਮੌਤ ਹੋ ਗਈ ਜਦ ਕਿ ਦੋ ਪੁਲਿਸ ਮੁਲਾਜ਼ਮਾਂ ਸਮੇਤ ਛੇ ਵਿਅਕਤੀ ਜ਼ਖ਼ਮੀ ਹੋ ਗਏ। ਜਿਸ ਪਿਛੋਂ ਵੱਡੀ ਗਿਣਤੀ ਸਿੱਖ ਜਥੇਬੰਦੀਆਂ ਵੱਲੋਂ ਦਫਾ 144 ਦੀ ਪਰਵਾਹ ਕੀਤੇ ਬਿਨਾਂ ਸੜਕਾਂ ਉਤੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਪੁਲਿਸ ਨੇ ਇਸ ਘਟਨਾ ਵਿਚ ਸਤਵਾਰੀ ਥਾਣੇ ਗਾਂਧੀ ਨਗਰ ਦੇ ਪੁਲਿਸ ਕਪਤਾਨ ਦੇ ਅੰਗ ਰੱਖਿਅਕ ਮੁਕੇਸ਼ ਸੈਣੀ ਖ਼ਿਲਾਫ ਧਾਰਾ 302 ਤਹਿਤ ਕਤਲ ਦਾ ਕੇਸ ਦਰਜ ਕੀਤਾ ਹੈ। ਸਿੱਖ ਜਥੇਬੰਦੀਆਂ ਨੇ ਜੰਮੂ-ਪਠਾਨਕੋਟ ਮਾਰਗ ਉਤੇ ਜਾਮ ਲਾਇਆ ਤੇ ਟਾਇਰ ਸਾੜੇ ਗਏ। ਪ੍ਰਦਰਸ਼ਨ ਡਿਗਿਆਨਾ ਖੇਤਰ ਵਿਚ ਕੀਤਾ ਗਿਆ ਤੇ ਲੋਕਾਂ ਨੇ ਪੁਲਿਸ ਤੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।

ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜੰਮੂ ਵਿਚ ਪੁਲਿਸ ਕਾਰਵਾਈ ਦੌਰਾਨ ਸਿੱਖ ਨੌਜਵਾਨ ਦੀ ਮੌਤ ਤੇ ਚਾਰ ਨੌਜਵਾਨਾਂ ਦੇ ਗੰਭੀਰ ਜ਼ਖ਼ਮੀ ਹੋਣ ਨੂੰ ਸਿੱਖਾਂ ਖ਼ਿਲਾਫ਼ ਵੱਡਾ ਜ਼ੁਲਮ ਕਰਾਰ ਦਿੱਤਾ ਹੈ। ਗਿਆਨੀ ਗੁਰਬਚਨ ਸਿੰਘ ਨੇ ਘਟਨਾ ਦੀ ਨਿਖੇਧੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਨਾਲ ਗੱਲਬਾਤ ਕਰਕੇ ਸਿੱਖਾਂ ਦੇ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਜੰਮੂ ਕਸ਼ਮੀਰ ਸਰਕਾਰ ਤੇ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਸਿੱਖਾਂ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ ਤੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਉਨ੍ਹਾਂ ਇਸ ਬਾਰੇ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਦੋਸ਼ੀ ਪੁਲਿਸ ਅਮਲੇ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕਰਦਿਆਂ ਸਿੱਖਾਂ ਦੀ ਜਾਨ ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਹੈ। ਉਧਰ ਮਾਮਲੇ ਦੀ ਜਾਂਚ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿਚ ਜਸਕਰਨ ਸਿੰਘ, ਪ੍ਰੋ. ਮਹਿੰਦਰਪਾਲ ਸਿੰਘ ਤੇ ਹਰਭਜਨ ਸਿੰਘ ਕਸ਼ਮੀਰੀ ਸ਼ਾਮਲ ਹਨ ਤੇ ਇਹ ਆਗੂ ਜੰਮੂ ਦਾ ਦੌਰਾ ਕਰਕੇ ਆਪਣੀ ਰਿਪੋਰਟ ਦੇਣਗੇ।

ਉਧਰ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਜਸਬੀਰ ਸਿੰਘ ਖ਼ਾਲਸਾ ਨੇ ਵਾਦੀ ਦੀ ਇਸ ਘਟਨਾ ਦੀ ਨਿੰਦਾ ਕਰਦਿਆਂ ਇਸ ਨੂੰ ਡੂੰਘੀ ਸਾਜ਼ਿਸ਼ ਦੱਸਿਆ ਹੈ। ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨੇ ਫਿਰ ਤੋਂ ਸਿੱਖਾਂ ਨੂੰ ਦੇਸ਼ ਅੰਦਰ ਗੁਲਾਮੀ ਦਾ ਅਹਿਸਾਸ ਕਰਵਾ ਦਿੱਤਾ ਹੈ। ਸਿੱਖ ਆਪਣੇ ਧਰਮ ਵਿਚ ਕਿਸੇ ਦੀ ਦਖ਼ਲਅੰਦਾਜ਼ੀ ਤੇ ਆਪਣੇ ਸ਼ਹੀਦਾਂ ਦਾ ਅਪਮਾਨ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਅਜਿਹੀਆਂ ਘਟਨਾਵਾਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।



## ਜੰਮੂ ਸਰਕਾਰ ਨੇ ਸਿੱਖਾਂ ਦੀਆਂ ਮੰਗਾਂ ਮੰਨੀਆਂ

ਜੰਮੂ ਸਰਕਾਰ ਨੇ ਸਿੱਖਾਂ ਦੀਆਂ ਮੰਗਾਂ ਮੰਨ ਲਈਆਂ ਜਿਸ ਤੋਂ ਬਾਅਦ ਸਿੱਖ ਨੌਜਵਾਨ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ। ਸਰਕਾਰ ਨੇ ਗੋਲੀਬਾਰੀ ਤੇ ਹਿੰਸਾ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦੇ ਦਿੱਤੇ ਹਨ ਜੋ ਜੰਮੂ ਦੇ ਡਵੀਜ਼ਨਲ ਕਮਿਸ਼ਨਰ ਪਵਨ ਕੋਟਵਾਲ ਕਰਨਗੇ। ਸਰਕਾਰ ਨੇ ਐਸ.ਐਸ.ਪੀ. ਉਤਮ ਚੰਦ ਨੂੰ ਟਰਾਂਸਫਰ ਕਰਨ ਦੇ ਹੁਕਮ ਵੀ ਦਿੱਤੇ। ਇਸ ਦੇ ਨਾਲ ਸਤਵਾਰੀ ਦੇ ਐਸ.ਐਚ.ਓ. ਕੁਲਬੀਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਜਗਜੀਤ ਸਿੰਘ ਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਤੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਗਿਆ ਹੈ। ਐਸ.ਐਸ.ਪੀ. ਦੇ ਪੀ.ਐਸ.ਓ. ਖ਼ਿਲਾਫ਼ ਹੱਤਿਆ ਦਾ ਕੇਸ ਵੀ ਦਰਜ ਕੀਤਾ ਗਿਆ ਹੈ। ਸਿੱਖ ਆਗੂ ਤਰਲੋਚਨ ਸਿੰਘ ਵਜ਼ੀਰ ਨੇ ਦੱਸਿਆ ਕਿ ਸਿੱਖਾਂ ਦੀਆਂ ਸਾਰੀਆਂ ਮੰਗਾਂ ਨੂੰ ਪ੍ਰਵਾਨ ਕਰ ਲਿਆ ਗਿਆ।

# ਬਰਸੀ ਮੌਕੇ ਅੰਮ੍ਰਿਤਸਰ ਸ਼ਹਿਰ ਰਿਹਾ ਮੁਕੰਮਲ ਬੰਦ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਅੰਮ੍ਰਿਤਸਰ ਸ਼ਹਿਰ ਤਕਰੀਬਨ ਮੁਕੰਮਲ ਬੰਦ ਰਿਹਾ। ਬੰਦ ਦਾ ਸੱਦਾ ਦਲ ਖ਼ਾਲਸਾ ਵੱਲੋਂ ਦਿੱਤਾ ਗਿਆ ਸੀ ਪਰ ਦਲ ਦੇ ਆਗੂਆਂ ਤੇ ਕਾਰਕੁਨਾਂ ਨੂੰ ਪੁਲਿਸ ਨੇ ਉਨ੍ਹਾਂ ਦੇ ਦਫਤਰ ਵਿਚ ਹੀ ਨਜ਼ਰਬੰਦ ਕਰੀ ਰੱਖਿਆ। ਦਲ ਖ਼ਾਲਸਾ ਦੇ ਆਗੂ, ਜਿਨ੍ਹਾਂ ਵਿਚ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ, ਸਤਨਾਮ ਸਿੰਘ ਪਾਉਂਟਾ ਸਾਹਿਬ, ਕੰਵਰਪਾਲ ਸਿੰਘ ਬਿੱਟੂ ਤੇ ਸਹਿਯੋਗੀ ਜਥੇਬੰਦੀਆਂ ਦੇ ਕਾਰਕੁਨ ਸ਼ਾਮਲ ਸਨ, ਜਦੋਂ ਅਰਦਾਸ ਸਮਾਗਮ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚੋਂ ਬਾਹਰ ਨਿਕਲੇ ਤਾਂ ਉਥੇ ਤਾਇਨਾਤ ਪੁਲਿਸ ਨੇ ਉਨ੍ਹਾਂ ਨੂੰ ਬਾਹਰ ਜਾਣ ਤੋਂ ਰੋਕ ਦਿੱਤਾ। ਉਹ ਕੁਝ ਸਮਾਂ ਸੂਚਨਾ ਕੇਂਦਰ ਵਿਚ ਬੈਠੇ ਰਹੇ। ਜਦੋਂ ਉਹ ਮੁੜ ਬਾਹਰ ਨਿਕਲੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਮੁੜ ਘੇਰ ਲਿਆ। ਪੁਲਿਸ ਨੇ ਉਨ੍ਹਾਂ ਨੂੰ ਉਥੇ ਹੀ ਰਹਿਣ ਲਈ ਮਜਬੂਰ ਕੀਤਾ। ਮਗਰੋਂ ਉਨ੍ਹਾਂ ਦੇ ਵਾਹਨਾਂ ਵਿਚ ਹੀ ਪੁਲਿਸ ਉਨ੍ਹਾਂ ਨੂੰ ਦਲ ਖ਼ਾਲਸਾ ਦੇ ਦਫਤਰ ਲੈ ਗਈ ਤੇ ਸ਼ਾਮ ਤੱਕ ਉਨ੍ਹਾਂ ਨੂੰ ਨਿਗਰਾਨੀ ਹੇਠ ਰੱਖਿਆ ਗਿਆ। ਇਸੇ ਤਰ੍ਹਾਂ ਦਲ ਖ਼ਾਲਸਾ ਦੀਆਂ ਸਹਿਯੋਗੀ ਜਥੇਬੰਦੀਆਂ, ਸਿੱਖ ਯੂਥ ਆਫ ਪੰਜਾਬ ਤੇ ਨੀਲੀਆਂ ਫੌਜਾਂ ਸਮੇਤ ਹੋਰਨਾਂ ਦੇ ਕਾਰਕੁਨਾਂ ਨੂੰ ਵੀ ਸ਼ਹਿਰ ਵਿਚ ਬੰਦ ਕਰਾਉਣ ਲਈ ਜਾਣ ਤੋਂ ਰੋਕਿਆ ਗਿਆ।

ਪੁਲਿਸ ਨੇ ਦਲ ਖ਼ਾਲਸਾ ਤੇ ਕਿਸੇ ਵੀ ਸਹਿਯੋਗੀ ਜਥੇਬੰਦੀ ਦੇ ਕਾਰਕੁਨ ਨੂੰ ਸ਼ਹਿਰ ਵਿਚ ਬੰਦ ਕਰਾਉਣ ਲਈ ਨਹੀਂ ਜਾਣ ਦਿੱਤਾ। ਪੁਲਿਸ ਵੱਲੋਂ ਸ਼ਹਿਰ ਵਿਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਪੁਲਿਸ ਤੋਂ ਇਲਾਵਾ ਬੀ.ਐਸ.ਐਫ., ਸੀ.ਆਰ.ਪੀ.ਐਫ. ਤੇ ਹੋਰ ਨੀਮ ਫੌਜੀ ਬਲਾਂ ਦੇ ਜਵਾਨ ਵੀ ਤਾਇਨਾਤ ਸਨ। ਸ਼ਹਿਰ ਵਿਚ ਥਾਂ-ਥਾਂ ਉਤੇ ਨਾਕੇ ਲਾਏ ਗਏ ਸਨ। ਮੁੱਖ ਵਪਾਰਕ ਕੇਂਦਰ ਹਾਲ ਬਾਜ਼ਾਰ, ਕਟੜਾ ਜੈਮਲ ਸਿੰਘ, ਮਾਈ ਸੇਵਾ ਬਾਜ਼ਾਰ, ਸੁਨਿਆਰਿਆਂ ਵਾਲਾ ਬਾਜ਼ਾਰ, ਲਾਰੇਂਸ ਰੋਡ ਤੇ ਹੋਰ ਪੋਸ਼ ਇਲਾਕਿਆਂ ਵਿਚ ਵੀ ਦੁਕਾਨਾਂ ਤੇ ਕਾਰੋਬਾਰੀ ਅਦਾਰੇ ਬੰਦ ਰਹੇ। ਭਾਵੇਂ ਆਵਾਜਾਈ ਨਹੀਂ ਰੋਕੀ ਗਈ ਸੀ ਪਰ ਇਸ ਦੇ ਬਾਵਜੂਦ ਸ਼ਹਿਰ ਵਿਚ ਵੀਰਾਨੀ ਵਾਲਾ ਮਾਹੌਲ ਸੀ। ਬੰਦ ਤੇ ਘੱਲੂਘਾਰਾ ਦਿਵਸ ਕਾਰਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਸ਼ਰਧਾਲੂਆਂ ਦੀ ਆਮਦ ਘੱਟ ਰਹੀ। ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਤੇ ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਪੁਲਿਸ ਪ੍ਰਸ਼ਾਸਨ ਵੱਲੋਂ ਦਲ ਖ਼ਾਲਸਾ ਦੇ ਕਾਰਕੁਨਾਂ ਦੀ ਕੀਤੀ ਗਈ ਨਜ਼ਰਬੰਦੀ ਦੀ ਨਿਖੇਧੀ ਕੀਤੀ।

## ਪੁਲਿਸ ਤਾਇਨਾਤੀ ਦਾ ਵਿਰੋਧ

ਸਮਾਗਮ ਵਿਚ ਪੁੱਜੀਆਂ ਸਿੱਖ ਜਥੇਬੰਦੀਆਂ ਵੱਲੋਂ ਹਜ਼ਾਰਾਂ ਵਿਚ ਹਾਜ਼ਰ ਚਿੱਟ ਕੱਪੜੀ ਪੁਲਿਸ ਦੀ ਮੌਜੂਦਗੀ ਦਾ ਵੀ ਵਿਰੋਧ ਕੀਤਾ। ਯੂਨਾਈਟਿਡ ਅਕਾਲੀ ਦਲ ਦੇ ਆਗੂਆਂ ਭਾਈ ਮੋਹਕਮ ਸਿੰਘ ਤੇ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਸਮਾਗਮ ਸਰਕਾਰ ਨੇ ਆਪਣੇ ਹੱਥਾਂ ਵਿਚ ਰੱਖਣ ਲਈ ਪੁਲਿਸ ਨੂੰ ਵੱਡੀ ਗਿਣਤੀ ਵਿਚ ਭੇਜਿਆ। ਸਰਕਾਰ ਸਿੱਖਾਂ ਨੂੰ ਆਪਣੇ ਸ਼ਹੀਦਾਂ ਦੇ ਦਿਹਾੜੇ ਮਨਾਉਣ ਤੋਂ ਵੀ ਰੋਕਣਾ ਚਾਹੁੰਦੀ ਹੈ। ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ, ਬਲਵੰਤ ਸਿੰਘ ਗੋਪਾਲਾ ਤੇ ਜਨਰਲ ਸ਼ੁਬੇਗ ਸਿੰਘ ਦੇ ਭਰਾ ਬੇਅੰਤ ਸਿੰਘ ਨੇ ਵੀ ਇਸ ਦਖ਼ਲਅੰਦਾਜ਼ੀ ਦਾ ਵਿਰੋਧ ਕੀਤਾ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਪੁਲਿਸ ਬਲ ਤਾਇਨਾਤ ਕੀਤੇ ਜਾਣ ਬਾਰੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਪੁਲਿਸ ਕਰਮਚਾਰੀ ਪਹਿਲਾਂ ਵੀ ਆਮ ਕੱਪੜਿਆਂ ਵਿਚ ਹਰਿਮੰਦਰ ਸਾਹਿਬ ਮੱਥਾ ਟੇਕਣ ਆਉਂਦੇ ਹਨ ਤੇ ਅੱਜ ਵੀ ਮੱਥਾ ਟੇਕਣ ਲਈ ਆਏ ਹਨ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਰੇਂਦਰ ਮੋਦੀ ਨੂੰ ਹੁਣ ਯਾਦ ਆਏ ਪੰਜਾਬ ਦੇ ਮੁੱਦੇ

## ਸੂਬਾ ਸਰਕਾਰ ਤੋਂ ਮੁੱਖ ਮੁੱਦਿਆਂ ਬਾਰੇ ਠੋਸ ਜਾਣਕਾਰੀ ਮੰਗੀ



**ਚੰਡੀਗੜ੍ਹ:** ਕੌਮੀ ਜਮਹੂਰੀ ਗੱਠਜੋੜ ਦੀ ਸਰਕਾਰ ਨੂੰ ਇਕ ਸਾਲ ਪੂਰਾ ਹੋਣ ਬਾਅਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪੰਜਾਬ ਸਰਕਾਰ ਵੱਲੋਂ ਉਠਾਏ ਜਾ ਰਹੇ ਮੁੱਦਿਆਂ ਉਤੇ ਵਿਚਾਰ ਕਰਨ ਲਈ ਤਿਆਰ ਹੋ ਗਏ ਹਨ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਪੰਜਾਬ ਦੇ ਮੁੱਖ ਸਕੱਤਰ ਨੂੰ ਮਿਲੇ ਪੱਤਰ ਵਿਚ ਸੂਬੇ ਦੇ ਮੁੱਖ ਮੁੱਦਿਆਂ ਬਾਰੇ ਠੋਸ ਜਾਣਕਾਰੀ ਮੰਗੀ ਗਈ ਹੈ। ਇਸ ਬਾਅਦ ਕੇਂਦਰ ਸਰਕਾਰ ਇਨ੍ਹਾਂ ਮੁੱਦਿਆਂ ਉੱਤੇ ਪੰਜਾਬ ਦੇ ਅਧਿਕਾਰੀਆਂ ਨਾਲ ਮੀਟਿੰਗ ਕਰੇਗੀ। ਪ੍ਰਧਾਨ ਮੰਤਰੀ 19 ਜੂਨ ਨੂੰ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਮਾਰੋਹ ਵਿਚ ਸ਼ਾਮਲ ਹੋਣ ਆ ਰਹੇ ਹਨ। ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਇਨ੍ਹਾਂ ਮੁੱਦਿਆਂ ਬਾਰੇ ਤਿਆਰੀ ਵਿਚ ਜੁਟ ਗਏ ਹਨ। ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਸੂਤਰਾਂ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 29 ਮਈ ਨੂੰ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੀ ਰਿਹਾਇਸ਼ ਉਤੇ ਮੁਲਾਕਾਤ ਕੀਤੀ ਸੀ। ਮੁੱਖ ਮੰਤਰੀ ਨੇ ਸ੍ਰੀ ਮੋਦੀ ਨੂੰ ਸ੍ਰੀ ਆਨੰਦਪੁਰ ਸਾਹਿਬ ਦੇ ਸਾਢੇ ਤਿੰਨ ਸੌ ਸਾਲਾ ਸਥਾਪਨਾ ਦਿਵਸ ਸਮਾਰੋਹ ਵਿਚ ਸ਼ਾਮਲ ਹੋਣ ਦਾ ਸੱਦਾ ਦੇਣ ਦੇ ਨਾਲ ਨਾਲ ਕਈ ਪੰਥਕ ਤੇ ਸੂਬੇ ਦੇ ਵਿਕਾਸ ਦੇ ਮੁੱਦੇ ਵੀ ਉਠਾਏ ਸਨ। ਪੰਜਾਬ ਸਰਕਾਰ ਤਕਰੀਬਨ ਇਕ ਸਾਲ ਤੋਂ ਨਿਰਾਸ਼ ਚੱਲ ਰਹੀ ਸੀ ਕਿਉਂਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਮੁੱਦਿਆਂ ਬਾਰੇ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ ਸੀ। ਮੁੱਖ ਮੰਤਰੀ ਨੇ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਬੋਰਡ ਦੇ ਮੁਖੀ ਦੀ ਨਿਯੁਕਤੀ ਦਾ ਮੁੱਦਾ ਉਠਾਉਂਦਿਆਂ ਇਸ ਨਾਲ ਸਿੱਖਾਂ ਅੰਦਰ ਫੈਲ ਰਹੀ ਬੇਚੈਨੀ ਦਾ ਜ਼ਿਕਰ ਕੀਤਾ ਸੀ।

ਮੁੱਖ ਮੰਤਰੀ ਨੇ ਕੇਂਦਰੀ ਸਕੀਮਾਂ ਵਿਚ ਕੀਤੇ ਬਦਲਾਅ ਤਹਿਤ ਕੇਂਦਰੀ ਫੰਡਾਂ ਵਿਚੋਂ ਘੱਟ ਹਿੱਸਾ ਮਿਲਣ ਦਾ ਮੁੱਦਾ ਵੀ ਉਠਾਇਆ ਸੀ। ਪੰਜਾਬ ਸਰਕਾਰ ਘੱਟੋ ਘੱਟ ਸਮਰਥਨ ਮੁੱਲ ਉੱਤੇ ਮੱਕੀ ਦੀ ਖਰੀਦ ਕੀਤੇ ਜਾਣ ਤੋਂ ਇਲਾਵਾ ਖੇਤੀ ਦੇ ਸਹਾਇਕ ਧੰਦਿਆਂ ਨੂੰ ਵੀ ਫਸਲੀ ਵੰਨ ਸੁਵੰਨਤਾ ਸਕੀਮ ਦਾ ਹਿੱਸਾ ਬਣਾਉਣ ਦੀ ਮੰਗ ਕਰ ਰਹੀ ਹੈ। ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਦੇ ਤਰੀਕੇ ਵਿਚ ਤਬਦੀਲੀ ਦਾ ਮੁੱਦਾ ਵੀ ਪ੍ਰਧਾਨ ਮੰਤਰੀ ਨਾਲ ਮੀਟਿੰਗ ਵਿਚ ਉਠਾਇਆ ਜਾ ਸਕਦਾ ਹੈ। ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਨੂੰ ਵੀ ਮੁੱਦਾ ਬਣਾਏ ਜਾਣ ਦੇ ਆਸਾਰ ਹਨ ਪਰ ਪੰਜਾਬ ਨੂੰ ਵਿੱਤੀ ਦਬਾਅ ਵਾਲੇ ਰਾਜਾਂ ਦੀ ਸ਼੍ਰੇਣੀ ਵਿਚੋਂ ਕੱਢੇ ਜਾਣ ਕਾਰਨ ਪੰਜਾਬ ਨੂੰ ਵਿਸ਼ੇਸ਼ ਪੈਕੇਜ ਮਿਲਣ ਦੀਆਂ ਸੰਭਾਵਨਾਵਾਂ ਤਕਰੀਬਨ ਖ਼ਤਮ ਹੋ ਗਈਆਂ ਹਨ। ਪੰਜਾਬ ਵਿਚ ਲੱਗੇ ਨੈਸ਼ਨਲ ਫਰਟੀਲਾਈਜ਼ਰ ਕਾਰਖਾਨੇ ਸਬੰਧੀ ਵੀ ਜਲਦੀ ਕੋਈ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

## ਪੰਜਾਬ ਨੇ ਸੋਕਾ ਰਾਹਤ ਵਜੋਂ ਮੰਗਿਆ ਬੋਨਸ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੌਨਸੂਨ ਸੀਜ਼ਨ ਵਿਚ ਔਸਤ ਨਾਲੋਂ ਵੀਹ ਫੀਸਦ ਘੱਟ ਮੀਂਹ ਹੋਣ ਉਤੇ ਝੋਨੇ ਦੀ ਫ਼ਸਲ ਉਤੇ 100 ਰੁਪਏ ਕੁਇੰਟਲ ਜਦਕਿ ਕਪਾਹ ਉਤੇ ਦੋ ਸੌ ਰੁਪਏ ਤੇ ਤੇਲ ਬੀਜਾਂ ਦੀਆਂ ਫ਼ਸਲਾਂ ਲਈ ਪੰਜ ਸੌ ਰੁਪਏ ਪ੍ਰਤੀ ਕੁਇੰਟਲ ਬੋਨਸ ਦੀ ਮੰਗ ਕੀਤੀ ਹੈ। ਇਹ ਮੰਗ ਨਵੀਂ ਦਿੱਲੀ ਵਿਚ ਸੰਭਾਵਿਤ ਸੋਕੇ ਦੇ ਅਨੁਮਾਨਾਂ ਦੇ ਮੁਕਾਬਲੇ ਲਈ ਰਣਨੀਤੀ ਤਿਆਰ ਕਰਨ ਲਈ ਸੱਦੀ ਮੀਟਿੰਗ ਵਿਚ ਪੰਜਾਬ ਦੇ ਖੇਤੀਬਾੜੀ ਅਧਿਕਾਰੀਆਂ ਵੱਲੋਂ ਕੀਤੀ ਗਈ। ਉਧਰ ਕੇਂਦਰ ਸਰਕਾਰ ਨੇ ਪੰਜਾਬ ਦੀ ਇਸ ਮੰਗ ਲਈ ਅਜੇ ਕੋਈ ਹਾਮੀ ਨਹੀਂ ਭਰੀ ਹੈ। ਪੰਜਾਬ ਦੇ ਖੇਤੀ ਵਿਭਾਗ ਦੇ ਡਾਇਰੈਕਟਰ ਡਾ. ਮੰਗਲ ਸਿੰਘ ਸੰਧੂ ਨੇ ਦੱਸਿਆ ਕਿ ਕੇਂਦਰ ਸਰਕਾਰ ਦੇ ਕਿਸੇ ਵੀ ਨਿਯਮ ਤਹਿਤ ਪੰਜਾਬ ਦੇ ਕਿਸਾਨ ਨੂੰ ਰਾਹਤ ਨਹੀਂ ਮਿਲਦੀ। ਇਸ ਦਾ ਇਕੋ ਹੀ ਤਰੀਕਾ ਹੈ ਕਿ ਜੇ ਔਸਤ ਨਾਲੋਂ ਵੀਹ ਫੀਸਦ ਘੱਟ ਮੀਂਹ ਪੈਣ ਤਾਂ ਝੋਨੇ ਉਤੇ 100 ਰੁਪਏ ਕੁਇੰਟਲ ਬੋਨਸ ਦਿੱਤਾ ਜਾਵੇ। ਜੇ ਮੀਂਹ 40 ਫੀਸਦੀ ਘੱਟ ਜਾਣ ਤਾਂ ਬੋਨਸ ਦੋ ਸੌ ਰੁਪਏ ਕੁਇੰਟਲ ਦੇਣ ਨਾਲ ਵਾਧੂ ਖਰਚ ਦਾ ਬੋਝ ਵੰਡਾਇਆ ਜਾ ਸਕਦਾ ਹੈ। ਪੰਜਾਬ ਨੇ ਕੇਂਦਰ ਅੱਗੇ ਆਪਣਾ ਪੱਖ ਦਲੀਲ ਸਹਿਤ ਰੱਖ ਦਿੱਤਾ ਹੈ।

## 117 ਕਰੋੜ ਦੀ ਮਾਲਕਣ ਹੈ ਜੈਲਲਿਤਾ

**ਚੇਨਈ:** ਤਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਦੀ ਕੁੱਲ ਜਾਇਦਾਦ ਦਾ ਮੁੱਲ 117.13 ਕਰੋੜ ਰੁਪਏ ਹੈ, ਜਿਸ ਵਿਚ 45.04 ਕਰੋੜ ਰੁਪਏ ਦੀ ਚੱਲ ਤੇ 72.09 ਕਰੋੜ ਰੁਪਏ ਦੀ ਅਚੱਲ ਜਾਇਦਾਦ ਹੈ। ਇਸ ਜਾਣਕਾਰੀ ਉਨ੍ਹਾਂ ਨੇ ਆਰ.ਕੇ. ਨਗਰ ਉਪ ਚੋਣ ਲਈ ਭਰੇ ਕਾਗਜ਼ਾਂ ਵਿਚ ਦਿੱਤੀ ਹੈ। ਉਨ੍ਹਾਂ ਦੀ ਜਮ੍ਹਾ ਰਾਸ਼ੀ 9.80 ਕਰੋੜ ਰੁਪਏ ਹੈ ਤੇ ਹਿੱਸੇਦਾਰ ਵਜੋਂ ਕੋਡਾਂਡ ਇਸਟੇਟ ਸਮੇਤ ਪੰਜ ਫਰਮਾਂ ਵਿਚ 31.68 ਕਰੋੜ ਰੁਪਏ ਲਗਾਏ ਹਨ। ਪੋਇਜ਼ ਗਾਰਡਨ ਚੇਨਈ ਜਿਥੇ ਉਨ੍ਹਾਂ ਦੀ ਰਿਹਾਇਸ਼ ਹੈ, ਦੀ ਕੀਮਤ 44 ਕਰੋੜ ਰੁਪਏ ਹੈ। ਹੈਦਰਾਬਾਦ ਵਿਚ ਉਨ੍ਹਾਂ ਦੀ 14.5 ਏਕੜ ਜ਼ਮੀਨ ਹੈ, ਜਿਸ ਦੀ ਕੀਮਤ 14.44 ਕਰੋੜ ਰੁਪਏ ਹੈ। ਉਨ੍ਹਾਂ ਕੋਲ 42.25 ਲੱਖ ਰੁਪਏ ਦੀ ਕੀਮਤ ਦੀਆਂ ਨੌਂ ਗੱਡੀਆਂ ਹਨ ਤੇ 21 ਕਿੱਲੋ ਤੋਂ ਵੱਧ ਸੋਨਾ ਹੈ।

# ਪੰਜਾਬ ਦੇ ਕਾਰਤੂਸ, ਬਿਹਾਰ ਦੇ ਹਥਿਆਰ ਤੇ ਮਾਰਕਾ ਬ੍ਰਿਟੇਨ ਦਾ

**ਫਿਰੋਜ਼ਪੁਰ:** ਚਾਰ ਸਾਲ ਬਾਅਦ ਫਿਰ ਬਿਹਾਰ ਦੀਆਂ ਨਾਜਾਇਜ਼ ਅਸਲਾ ਫੈਕਟਰੀਆਂ ਵਿਚ ਬਣੇ ਦੇਸੀ ਕੱਟਿਆਂ ਉਪਰ ਇੰਗਲੈਂਡ ਦੀ ਵੈਬਲੇ ਸਕਾਟ ਕੰਪਨੀ ਦਾ ਮਾਰਕਾ ਲਗਾ ਕੇ ਪੰਜਾਬ ਵਿਚ ਤਸਕਰੀ ਕਰਨ ਦਾ ਖੁਲਾਸਾ ਹੋਇਆ ਹੈ। ਇਹ ਤਸਕਰੀ, ਗੰਨ ਹਾਊਸ ਮਾਲਕ ਹੀ ਕਰਵਾ ਰਹੇ ਸਨ ਜੋ ਇਨ੍ਹਾਂ ਨਕਲੀ ਵਿਦੇਸ਼ੀ ਹਥਿਆਰਾਂ ਨੂੰ ਨਾ ਸਿਰਫ ਪੰਜਾਬ ਵਿਚ ਵੇਚਦੇ ਸਨ ਸਗੋਂ ਫਰਜ਼ੀ ਰੂਟ ਤੇ ਬਿੱਲ ਵਿਖਾ ਕੇ ਅਸਲਾ ਲਾਇਸੰਸ ਉਪਰ ਵੀ ਚੜ੍ਹਾ ਦਿੰਦੇ ਸਨ। ਫਿਰੋਜ਼ਪੁਰ ਵਿਚ ਗੁਰੂਹਰਸਹਾਇ ਅਸਲਾ ਡੀਲਰ ਭਜਨ ਸਿੰਘ, ਉਸ ਦੇ ਪੁੱਤਰ ਕਪਿਲ ਤੇ ਮੈਨੇਜਰ ਅਰਵਿੰਦਰ ਉਪਰ ਕੇਸ ਦਰਜ ਕਰ ਕੇ ਜਾਂਚ ਕੀਤੀ ਗਈ ਤਾਂ ਜਲਾਲਾਬਾਦ ਤੇ ਕੋਟਕਪੂਰਾ ਦੇ ਗੰਨ ਹਾਊਸ ਮਾਲਕ ਵੀ ਇਸ ਵਿਚ ਫਸਦੇ ਗਏ। ਭਜਨ, ਪੁਲਿਸ ਜਾਂਚ ਵਿਚ ਸ਼ਾਮਲ ਹੋ ਗਿਆ ਹੈ ਜਦੋਂ ਕਿ ਹੋਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਖੁਲਾਸਾ ਹੋਇਆ ਹੈ ਕਿ ਜੋ ਹਥਿਆਰ ਉਨ੍ਹਾਂ ਨੇ ਵੈਬਲੇ ਸਕਾਟ ਦੇ ਨਾਂ ਉਪਰ ਵੇਚੇ ਸਨ, ਉਹ ਦੇਸੀ ਕੱਟੇ ਸਨ ਜੋ ਬਿਹਾਰ ਦੇ ਮੁੰਗੇਰ ਇਲਾਕੇ ਵਿਚ ਬਣੇ ਸਨ।

ਜਾਣਕਾਰੀ ਅਨੁਸਾਰ ਮੁੰਗੇਰ ਵਿਚ ਸਰਕਾਰੀ ਇਮੀਊਨਿਸ਼ਨ ਫੈਕਟਰੀ ਹੈ ਜਿਥੇ ਅਸਲਾ ਬਣਦਾ ਹੈ। ਇਸ ਇਲਾਕੇ ਵਿਚ ਕੋਈ ਅਜਿਹੀ ਜਗ੍ਹਾ ਹੈ ਜਿਥੇ ਨਾਜਾਇਜ਼ ਅਸਲਾ ਫੈਕਟਰੀਆਂ ਵੀ ਹਨ। ਜਿਥੇ ਦੇਸੀ ਹਥਿਆਰ ਬਣਾਏ ਜਾਂਦੇ ਹਨ। ਇਸ ਤੋਂ ਬਾਅਦ ਇਨ੍ਹਾਂ ਨੂੰ ਮਾਰਕਿਟ ਵਿਚ ਉਤਾਰਨ ਲਈ ਇਨ੍ਹਾਂ ਉਪਰ ਇੰਗਲੈਂਡ ਦੀ ਕੰਪਨੀ ਵੈਬਲੇ ਸਕਾਟ ਦਾ ਮਾਰਕਾ ਲਗਾਇਆ ਜਾਂਦਾ ਹੈ ਤੇ ਇਨ੍ਹਾਂ ਨੂੰ ਪੰਜਾਬ ਤੇ ਹਰਿਆਣਾ ਦੇ ਡੀਲਰਾਂ ਰਾਹੀਂ ਇਥੇ ਖਪਾਇਆ ਜਾਂਦਾ ਹੈ। ਇਨ੍ਹਾਂ ਨਕਲੀ ਵਿਦੇਸ਼ੀ ਹਥਿਆਰਾਂ ਦੇ ਫਰਜ਼ੀ ਰੂਟ ਤੇ ਬਿੱਲ ਪੰਜਾਬ ਦੇ ਹੀ ਕੁਝ ਅਸਲਾ ਡੀਲਰ ਤਿਆਰ ਕਰਦੇ ਹਨ। ਫਿਰ ਅਸਲਾ ਬ੍ਰਾਂਚ ਵਿਚ ਬੈਠੇ ਇਸ ਗਰੋਹ ਨਾਲ ਜੁੜੇ ਕੁਝ ਲੋਕ ਇਸ ਨੂੰ ਲਾਈਸੰਸ ਉਪਰ ਵੀ ਚੜ੍ਹਾ ਦਿੰਦੇ ਹਨ। ਫਿਰੋਜ਼ਪੁਰ ਪੁਲਿਸ ਨੇ ਜੋ ਅੱਠ ਪਿਸਤੌਲ ਤੇ ਇਕ ਰਿਵਾਲਵਰ ਬਰਾਮਦ ਕੀਤਾ ਹੈ, ਨੂੰ ਵੀ ਡੀਲਰਾਂ ਨੇ ਲਾਇਸੰਸ ਉਪਰ ਚੜ੍ਹਾ ਕੇ ਵੇਚ ਦਿੱਤਾ ਸੀ।

ਯਾਦ ਰਹੇ ਕਿ ਵੈਬਲੇ ਸਕਾਟ ਇੰਗਲੈਂਡ ਦੀ ਉਚ ਕੋਟੀ ਦੇ ਹਥਿਆਰ ਬਣਾਉਣ ਵਾਲੀ ਕੰਪਨੀ ਹੈ। ਇਹ ਰਾਇਲ ਬ੍ਰਿਟਿਸ਼ ਆਰਮੀ ਲਈ ਹਥਿਆਰ ਸਪਲਾਈ ਕਰਦੀ ਸੀ। ਇਸ ਦੇ ਰਿਵਾਲਵਰ ਦੀ ਕੀਮਤ ਪੰਜ ਲੱਖ ਤੋਂ ਸ਼ੁਰੂ ਹੁੰਦੀ ਹੈ। 1987 ਵਿਚ ਭਾਰਤ ਨੇ ਇਸ ਦੀ ਦਰਾਮਦ 'ਤੇ ਰੋਕ ਲਗਾ ਦਿੱਤੀ ਸੀ। ਹੁਣ ਵੀ ਇਸ ਦੇ ਹਥਿਆਰ ਪੰਜਾਬ ਵਿਚ ਕੁਝ ਲੋਕਾਂ ਕੋਲ ਹਨ। ਮਾਨਸਾ ਪੁਲਿਸ ਨੇ 2011 ਵਿਚ ਇਹੋ ਜਿਹਾ ਹੀ ਇਕ ਗਰੋਹ ਫੜਿਆ ਸੀ। ਇਸ ਗਰੋਹ ਵਿਚ ਪੰਜਾਬ ਤੇ ਹਰਿਆਣਾ ਦੇ ਛੇ ਅਸਲਾ ਡੀਲਰ, 12 ਮੁਲਾਜ਼ਮ ਸਮੇਤ 33 ਲੋਕਾਂ 'ਤੇ ਕੇਸ ਦਰਜ ਹੋਇਆ ਸੀ। ਜਿਸ ਵਿਚ 22 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਗਿਰੋਹ ਦੇ ਮਾਰਫਤ ਵੇਚੇ ਗਏ ਵਿਦੇਸ਼ੀ ਮਾਰਕਾ ਲੱਗੇ ਤਕਰੀਬਨ 374 ਦੇਸੀ ਪਿਸਤੌਲ ਤੇ ਰਿਵਾਲਵਰ ਬਰਾਮਦ ਕੀਤੇ ਗਏ ਸਨ।

# ਸਿੱਖੀ ਉਤੇ ਸਿਆਸਤ ਫਿਰ ਪਈ ਭਾਰੀ

*(ਸਫਾ ਇਕ ਦੀ ਬਾਕੀ)*

ਨੌਜਵਾਨ ਦੀ ਮੌਤ ਹੋ ਗਈ ਸੀ ਜਿਸ 'ਤੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖਤ ਇਤਰਾਜ਼ ਕਰਦੇ ਹੋਏ ਸੂਬਾ ਸਰਕਾਰ ਤੋਂ ਜਾਂਚ ਦੀ ਮੰਗ ਕਰ ਦਿੱਤੀ।

ਸ਼੍ਰੋਮਣੀ ਕਮੇਟੀ ਉਤੇ ਦੋਸ਼ ਲੱਗਦੇ ਆਏ ਹਨ ਕਿ ਉਹ ਹਾਕਮ ਧਿਰ ਅਕਾਲੀ ਦਲ (ਬਾਦਲ) ਦੇ ਕਹੇ ਮੁਤਾਬਕ ਚੱਲਦੀ ਹੈ ਤੇ ਹਰ ਸਿਆਸੀ ਖੇਡ ਵਿਚ ਉਸ ਦਾ ਸਾਥ ਦਿੰਦੀ ਹੈ। ਦਰਬਾਰ ਸਾਹਿਬ 'ਤੇ ਹੋਏ ਹਮਲੇ ਨੂੰ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਹੋ ਗਿਆ ਹੈ ਤੇ ਇਸ ਫੌਜੀ ਕਾਰਵਾਈ ਨਾਲ ਜੁੜੇ ਮਸਲਿਆਂ ਨੂੰ ਸਿਰਫ ਵਰ੍ਹੇਗੰਢ ਜਾਂ ਚੋਣਾਂ ਸਮੇਂ ਹੀ ਉਠਾਇਆ ਜਾਂਦਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਾਲੇ ਪਿਛਲੇ ਮਹੀਨੇ ਹੀ ਸਾਕਾ ਨੀਲਾ ਤਾਰਾ ਦੌਰਾਨ ਫੌਜ ਵੱਲੋਂ ਸਿੱਖ ਰੈਫਰੈਂਸ ਲਾਇਬਰੇਰੀ ਅੰਦਰਲੇ ਦਸਤਾਵੇਜ਼ ਵਾਪਸ ਕਰਨ ਦੀ ਮੰਗ ਕੇਂਦਰ ਕੋਲ ਉਠਾਉਣ ਦੀ ਗੱਲ ਕਹਿ ਕੇ ਹਟੇ ਹਨ ਪਰ ਸਾਕਾ ਨੀਲਾ ਤਾਰਾ ਬਾਰੇ ਹੁਣ ਤੱਕ ਨਾ ਤਾਂ ਸ਼੍ਰੋਮਣੀ ਕਮੇਟੀ ਨੇ ਜਨਰਲ ਇਜਲਾਸ ਵਿਚ ਤੇ ਨਾ ਹੀ ਅਕਾਲੀ ਸਰਕਾਰ ਨੇ ਵਿਧਾਨ ਸਭਾ ਵਿਚ ਨਿੰਦਾ ਮਤਾ ਪਾਸ ਕੀਤਾ ਹੈ। ਸਿੱਖ ਜਥੇਬੰਦੀਆਂ ਸਾਕਾ ਨੀਲਾ ਤਾਰਾ ਸਮੇਂ ਮਾਰੇ ਗਏ ਲੋਕਾਂ ਦੀ ਇਕ ਪੱਕੀ ਸੂਚੀ ਤਿਆਰ ਕਰਨ ਦੀ ਮੰਗ ਕਰਦੀਆਂ ਆ ਰਹੀਆਂ ਹਨ ਪਰ ਸਰਕਾਰ ਨੇ ਹਮੇਸ਼ਾ ਇਨ੍ਹਾਂ ਮੰਗਾਂ ਤੋਂ ਟਾਲਾ ਵੱਟੀ ਰੱਖਿਆ ਹੈ ਜਿਸ ਕਰ ਕੇ ਇਸ ਦੁਖਦਾਈ ਘਟਨਾ ਵਿਚ ਜੋ ਵਾਪਰਿਆ, ਕਿੰਨੇ ਮਰੇ, ਕਿੰਨੇ ਫੜੇ ਗਏ, ਕਿੰਨੇ ਫ਼ੌਜ ਦੇ ਸਿਪਾਹੀ ਮਰੇ, ਇਸ ਬਾਰੇ ਅਧੂਰੀ ਜਾਣਕਾਰੀ ਹੀ ਸਾਹਮਣੇ ਆਈ ਹੈ।

ਇਨ੍ਹਾਂ 31 ਵਰ੍ਹਿਆਂ ਦੌਰਾਨ ਪੰਜਾਬ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਦੀਆਂ ਤਿੰਨ ਸਰਕਾਰਾਂ ਬਣੀਆਂ। ਪਹਿਲੀ 1997, ਦੂਜੀ 2007 ਤੇ ਤੀਜੀ 2012 ਵਾਲੀ ਪਾਰੀ ਜਾਰੀ ਹੈ। ਵਾਰ-ਵਾਰ ਪੰਜਾਬ ਦੇ ਹੱਕ ਲੈਣ ਦੀ ਗੱਲ ਹੁੰਦੀ ਰਹੀ। ਦੋ ਵਾਰ ਕੇਂਦਰ ਵਿਚ ਵੀ ਅਕਾਲੀ ਦਲ ਦੇ ਭਾਈਵਾਲ ਭਾਜਪਾ ਦੀ ਸਰਕਾਰ ਰਹੀ ਪਰ ਮੁੱਦੇ ਉਥੇ ਦੇ ਉਥੇ ਹੀ ਹਨ। ਮੁੱਖ ਮੰਤਰੀ ਇਨ੍ਹਾਂ ਮੁੱਦਿਆਂ ਨੂੰ ਜ਼ਿਆਦਾਤਰ ਉਦੋਂ ਹੀ ਯਾਦ ਕਰਦੇ ਹਨ ਜਦੋਂ ਵੋਟਾਂ ਦੇ ਦਿਨ ਹੋਣ ਜਾਂ ਅਕਾਲੀ ਦਲ ਸੰਕਟ ਵਿਚ ਹੋਵੇ।

ਦਰਅਸਲ ਅਕਾਲੀ ਦਲ ਰਣਨੀਤੀ ਤਹਿਤ ਪੰਥਕ ਸਿਆਸਤ ਲਈ ਇਨ੍ਹਾਂ ਮਸਲਿਆਂ ਨੂੰ ਹਮੇਸ਼ਾ ਜਿਉਂਦਾ ਰੱਖਣਾ ਚਾਹੁੰਦਾ ਹੈ ਤਾਂ ਕਿ ਪੰਥਕ ਸਿਆਸਤ ਚੱਲਦੀ ਰਹੀ। ਅਜਿਹੀ ਇਕ ਵੀ ਮਿਸਾਲ ਨਹੀਂ ਮਿਲਦੀ ਜਦੋਂ ਵੱਡੇ ਮੱਤਭੇਦਾਂ ਦੇ ਬਾਵਜੂਦ ਸਿੱਖਾਂ ਦਰਮਿਆਨ ਦਰਬਾਰ ਸਾਹਿਬ ਕੰਪਲੈਕਸ ਵਿਚ ਕੋਈ ਹਥਿਆਰਬੰਦ ਟਕਰਾਅ ਹੋਇਆ ਹੋਵੇ। ਹੁਣ ਸਿਆਸਤ ਦਾ ਪੰਥਕ ਮਿਜਾਜ਼ ਬਦਲ ਗਿਆ ਹੈ। ਸਿਆਸੀ ਦਲਾਂ ਲਈ ਧਰਮ ਨਿਰਪੱਖ ਹੋਣ ਦੇ ਦਾਅਵੇ ਵਾਲਾ ਪਾਰਟੀ ਸੰਵਿਧਾਨ, ਚੋਣ ਕਮਿਸ਼ਨ ਕੋਲ ਸੌਂਪਣਾ ਜ਼ਰੂਰੀ ਹੈ। ਵੋਟ ਸਿਆਸਤ ਵਿਚ ਨਸ਼ੇ, ਧਨ, ਬਾਹੂਬਲ ਦੀ ਵਰਤੋਂ ਦੀਆਂ ਮਿਸਾਲਾਂ ਸਾਬਤ ਕਰਦੀਆਂ ਹਨ ਕਿ ਸਿਆਸੀ ਤੇ ਮਜ਼ਹਬ ਇਖ਼ਲਾਕ ਦੇ ਰਵਾਇਤੀ ਮਾਅਨੇ ਗੁਆਚਦੇ ਜਾ ਰਹੇ ਹਨ।

## ਆਰ.ਐਸ.ਐਸ. ਮੁਖੀ ਨੂੰ ਜ਼ੈੱਡ ਪਲੱਸ ਸੁਰੱਖਿਆ

**ਨਵੀਂ ਦਿੱਲੀ:** ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਮੁਖੀ ਮੋਹਨ ਭਾਗਵਤ ਨੂੰ ਉਚ ਦਰਜੇ ਵਾਲੀ ਜ਼ੈੱਡ ਪਲੱਸ ਸੁਰੱਖਿਆ ਛਤਰੀ ਦਿੱਤੀ ਗਈ ਹੈ। ਉਨ੍ਹਾਂ ਦੀ ਰਾਖੀ ਵਿਚ ਸੀ.ਆਈ.ਐਸ.ਐਫ. ਦੇ ਜਵਾਨ ਤਾਇਨਾਤ ਹੋਣਗੇ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸ੍ਰੀ ਭਾਗਵਤ ਆਰ.ਐਸ.ਐਸ. ਦੇ ਨਾਗਪੁਰ ਸਥਿਤ ਹੈੱਡ ਕੁਆਰਟਰ ਤੇ ਦੇਸ਼ ਵਿਚ ਕਿਤੇ ਵੀ ਆਉਣ ਜਾਣਗੇ ਤਾਂ ਸੀ.ਆਈ.ਐਸ.ਐਫ. ਦੇ ਤਕਰੀਬਨ 60 ਕਮਾਂਡੋ ਉਨ੍ਹਾਂ ਨਾਲ ਰਹਿਣਗੇ। ਉਨ੍ਹਾਂ ਨੇ ਕਿਹਾ ਕਿ ਧਮਕੀਆਂ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਵਿਸ਼ੇਸ਼ ਸੁਰੱਖਿਆ ਗਰੁੱਪ ਨੂੰ ਉਨ੍ਹਾਂ ਨਾਲ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪੰਜਾਬ ਕਾਂਗਰਸ ਦਾ ਕਲੇਸ਼ ਬਿਲੇ ਲਾਉਣ ਲਈ ਮਸ਼ਕਾਂ ਤੇਜ਼

**ਨਵੀਂ ਦਿੱਲੀ:** ਪੰਜਾਬ ਕਾਂਗਰਸ ਵਿਚ ਪ੍ਰਧਾਨਗੀ ਨੂੰ ਲੈ ਕੇ ਚੱਲ ਰਹੇ ਕਲੇਸ਼ ਨੂੰ ਕਿਸੇ ਬੰਨ੍ਹੇ ਲਾਉਣ ਲਈ ਪਾਰਟੀ ਹਾਈਕਮਾਨ ਨੇ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਹਾਈਕਮਾਨ ਨੇ ਮਸਲੇ ਦੇ ਹੱਲ ਲਈ ਸੂਬਾਈ ਲੀਡਰਸ਼ਿਪ ਨਾਲ ਮੁਲਾਕਾਤਾਂ ਦਾ ਦੌਰ ਫਿਰ ਤੋਂ ਸ਼ੁਰੂ ਕਰ ਦਿੱਤਾ ਹੈ। ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਪ੍ਰਦੇਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨਾਲ ਮੁਲਾਕਾਤ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੇ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਨੂੰ ਸੋਨੀਆ ਤੇ ਰਾਹੁਲ ਪਹਿਲੀ ਵਾਰ ਇਕੱਠੇ ਮਿਲੇ ਹਨ। ਦਿੱਲੀ ਵਿਚ ਗਾਂਧੀ ਪਰਿਵਾਰ ਦੀ ਰਿਹਾਇਸ਼ 10 ਜਨਪਥ ਉਤੇ ਹੋਈ ਬੈਠਕ ਦੌਰਾਨ ਅਮਰਿੰਦਰ ਸਿੰਘ ਨੇ ਪੰਜਾਬ ਕਾਂਗਰਸ ਅੰਦਰ ਚੱਲ ਰਹੀ ਖਾਨਾਜੰਗੀ, ਪਾਰਟੀ ਨੂੰ ਅਕਾਲੀ-ਭਾਜਪਾ ਗੱਠਜੋੜ ਦੇ ਟਾਕਰੇ ਉਤੇ ਲਿਆਉਣ ਤੇ ਲੀਡਰਸ਼ਿਪ ਨੂੰ ਲੈ ਕੇ ਪਏ ਰੱਫੜ ਬਾਰੇ ਗੱਲ ਕੀਤੀ।

ਉਨ੍ਹਾਂ ਆਪਣੇ ਕਰੀਬੀ ਲਾਲ ਸਿੰਘ ਜਾਂ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਅਬੋਹਰ ਤੋਂ ਵਿਧਾਇਕ ਸੁਨੀਲ ਜਾਖੜ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੀ ਕਮਾਂਡ ਸੌਂਪਣ ਦੀ ਮੰਗ ਕੀਤੀ। ਸੂਤਰਾਂ ਮੁਤਾਬਕ ਰਵਨੀਤ ਸਿੰਘ ਬਿੱਟੂ ਤੇ ਅੰਬਿਕਾ ਸੋਨੀ ਦੇ ਨਾਂ ਵੀ ਕਾਂਗਰਸ ਪ੍ਰਧਾਨ ਦੇ ਅਹੁਦੇ ਲਈ ਉਭਰੇ ਹਨ। ਕੈਪਟਨ ਅਮਰਿੰਦਰ ਸਿੰਘ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੇ ਹੋਰ ਮੁੱਦਿਆਂ ਨੂੰ ਹੁਣੇ ਹੀ ਸੁਲਝਾਉਣਾ ਚਾਹੁੰਦੇ ਹਨ ਤਾਂ ਜੋ ਪਾਰਟੀ 2017 ਦੀਆਂ ਵਿਧਾਨ ਸਭਾ ਚੋਣਾਂ ਦੀ ਸਮਾਂ ਰਹਿੰਦੇ ਤਿਆਰੀ ਕਰ ਸਕੇ। ਕਾਂਗਰਸ ਪੰਜਾਬ ਵਿਚ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਅਕਾਲੀ-ਭਾਜਪਾ ਗੱਠਜੋੜ ਤੋਂ ਹਾਰ ਚੁੱਕੀ ਹੈ ਤੇ ਹੁਣ ਸੂਬੇ ਵਿਚ ਤੀਜੀ ਧਿਰ ਆਮ ਆਦਮੀ ਪਾਰਟੀ ਵੀ ਚਾਰ ਸੰਸਦ ਮੈਂਬਰਾਂ ਨਾਲ ਕਾਂਗਰਸ ਦੇ ਬਰਾਬਰ ਆਣ ਖੜ੍ਹੀ ਹੈ। ਕਾਂਗਰਸ ਨੂੰ ਅਕਾਲੀ ਤੇ ਭਾਜਪਾ ਵਰਕਰਾਂ ਵਿਚਾਲੇ ਵਧ ਰਹੀ ਦੂਰੀ ਦਾ ਲਾਹਾ ਮਿਲਣ ਦੀ ਉਮੀਦ ਹੈ। ਪਿਛਲੇ ਦਿਨੀਂ ਕਾਂਗਰਸ ਦੇ ਸੂਬਾਈ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਰਾਹੁਲ ਗਾਂਧੀ ਨਾਲ ਦਿੱਲੀ ਵਿਚ ਮੁਲਾਕਾਤ ਕਰਕੇ ਪੰਜਾਬ ਨਾਲ ਸਬੰਧਤ ਮੁੱਦੇ ਵਿਚਾਰੇ ਸਨ। ਰਾਹੁਲ ਗਾਂਧੀ ਨੇ ਸ੍ਰੀ ਬਾਜਵਾ ਨੂੰ ਥਾਪੜਾ ਦਿੰਦਿਆਂ ਪੰਜਾਬ ਕਾਂਗਰਸ ਵੱਲੋਂ ਦੋ ਅਕਤੂਬਰ ਨੂੰ ਸ਼ੁਰੂ ਕੀਤੀ ਜਾਣ ਵਾਲੀ ਪੈਦਲ ਯਾਤਰਾ ਵਿਚ ਆਉਣ ਦਾ ਵਾਅਦਾ ਕੀਤਾ ਸੀ। ਪੰਜਾਬ ਪ੍ਰਧਾਨ ਕੋਸ਼ਿਸ਼ ਕਰ ਰਿਹਾ ਹੈ ਕਿ ਕਾਂਗਰਸ ਦੇ ਰਿਵਾਇਤੀ ਗੜ੍ਹ ਰਹੇ ਦਲਿਤ ਤੇ ਗਰੀਬ ਤਬਕੇ ਦੇ ਵੋਟ ਬੈਂਕ ਨੂੰ ਪਾਰਟੀ ਨਾਲ ਜੋੜਿਆ ਜਾਵੇ। ਸ੍ਰੀ ਬਾਜਵਾ ਨੇ ਦਿੱਲੀ ਫੇਰੀ ਦੌਰਾਨ ਰਾਹੁਲ ਨਾਲ ਆਪਣੀ ਲੀਡਰਸ਼ਿਪ ਹੇਠ ਕੀਤੇ ਗਏ ਪ੍ਰੋਗਰਾਮ ਤੇ ਜੂਨ ਦੇ ਸ਼ੁਰੂ ਵਿਚ ਆਰੰਭੇ ਗਏ ਪ੍ਰੋਗਰਾਮ ਬਾਰੇ ਵੀ ਚਰਚਾ ਕੀਤੀ ਸੀ। ਦੱਸਣਯੋਗ ਹੈ ਕਿ ਸ੍ਰੀ ਬਾਜਵਾ ਨੇ ਸ੍ਰੀ ਹਰਗੋਬਿੰਦਪੁਰ ਤੋਂ ਦੋ ਜੂਨ ਨੂੰ ਪਾਰਟੀ ਨੂੰ ਹੇਠਲੀਆਂ ਸਫਾਂ ਤੱਕ ਮਜ਼ਬੂਤ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਹੋਈ ਹੈ, ਜੋ 28 ਸਤੰਬਰ ਤੱਕ ਜਾਰੀ ਰਹੇਗੀ।

ਕੈਪਟਨ ਦੀ ਸੀਨੀਅਰ ਆਗੂਆਂ ਨਾਲ ਬੈਠਕ ਉਪਰ ਕਾਂਗਰਸੀਆਂ ਦੀ ਪਿਛਲੇ ਦਿਨਾਂ ਤੋਂ ਨਜ਼ਰ ਟਿਕੀ ਹੋਈ ਸੀ ਕਿਉਂਕਿ ਬਾਜਵਾ ਦੀ ਦਿੱਲੀ ਫੇਰੀ ਨਾਲ ਕਾਂਗਰਸੀ ਸਫਾਂ ਅੰਦਰ ਹਲਚਲ ਪੈਦਾ ਹੋ ਗਈ ਸੀ। ਇਹ ਮੀਟਿੰਗ ਪਹਿਲਾਂ ਪੰਜ ਜੂਨ ਨੂੰ ਹੋਣ ਦੀ ਚਰਚਾ ਸੀ ਪਰ ਇਸ ਦੇ ਤਿੰਨ ਦਿਨ ਪਛੜਨ ਪਿੱਛੇ ਹਾਈਕਮਾਂਡ ਵੱਲੋਂ ਪਾਰਟੀ ਪ੍ਰਧਾਨ ਬਦਲਣ ਲਈ ਸੋਚ ਵਿਚਾਰ ਕਰਨਾ ਦੱਸਿਆ ਜਾ ਰਿਹਾ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਵੀ ਸੂਬਾਈ ਲੀਡਰਸ਼ਿਪ ਨਾਲ ਮੁਲਾਕਾਤਾਂ ਕੀਤੀਆਂ ਸਨ। ਉਨ੍ਹਾਂ ਵੱਲੋਂ ਰਾਹੁਲ ਨਾਲ ਪੰਜਾਬ ਕਾਂਗਰਸ ਬਾਰੇ ਚਰਚਾ ਕੀਤੀ ਜਾ ਚੁੱਕੀ ਹੈ। ਹਾਈਕਮਾਨ ਨਾਲ ਕੈਪਟਨ ਦੀ ਬੈਠਕ ਬਾਰੇ ਪਾਰਟੀ ਦੇ ਜਨਰਲ ਸਕੱਤਰ ਸ਼ਕੀਲ ਅਹਿਮਦ ਨੇ ਕਿਹਾ ਕਿ ਉਨ੍ਹਾਂ ਨੂੰ ਮੀਟਿੰਗ ਵਿਚ ਵਿਚਾਰੇ ਗਏ ਮੁੱਦਿਆਂ ਬਾਰੇ ਪੁਖਤਾ ਜਾਣਕਾਰੀ ਨਹੀਂ ਹੈ ਪਰ ਪਾਰਟੀ ਵਰਕਰਾਂ ਦੀਆਂ ਭਾਵਨਾਵਾਂ ਉਤੇ ਵਿਚਾਰ ਵਟਾਂਦਰਾ ਕੀਤਾ ਗਿਆ ਹੋਵੇਗਾ। ਇਸ ਬੈਠਕ ਨੂੰ ਪਾਰਟੀ ਦੀ ਪੰਜਾਬ ਇਕਾਈ ਵਿਚ ਤਬਦੀਲੀ ਵਜੋਂ ਦੇਖਣ ਬਾਰੇ ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਹਾਲੇ ਕੁਝ ਨਹੀਂ ਕਹਿ ਸਕਦੇ। ਸੂਤਰਾਂ ਨੇ ਸੰਕੇਤ ਦਿੱਤਾ ਹੈ ਕਿ ਸ੍ਰੀ ਬਾਜਵਾ ਤੋਂ ਪ੍ਰਧਾਨਗੀ ਖੁੱਸ ਸਕਦੀ ਹੈ ਪਰ ਇਸ ਤਬਦੀਲੀ ਦੇ ਸਮੇਂ ਬਾਰੇ ਪਤਾ ਨਹੀਂ ਲੱਗ ਸਕਿਆ ਹੈ।

### ਹਾਈਕਮਾਨ ਵਲੋਂ ਸੂਬਾਈ ਲੀਡਰਸ਼ਿਪ ਨਾਲ ਮੁਲਾਕਾਤਾਂ ਦਾ ਦੌਰ



### ਬਾਜਵਾ ਨੂੰ ਰਾਹੁਲ ਦਾ ਥਾਪੜਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦਾਅਵਾ ਕੀਤਾ ਹੈ ਕਿ ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਉਨ੍ਹਾਂ ਨੂੰ ਥਾਪੜਾ ਦਿੰਦਿਆਂ ਸੂਬੇ ਵਿਚ ਕੀਤੀ ਜਾਣ ਵਾਲੀ ਪੈਦਲ ਯਾਤਰਾ ਵਿਚ ਸ਼ਿਰਕਤ ਕਰਨ ਦਾ ਭਰੋਸਾ ਦਿੱਤਾ ਹੈ। ਸ੍ਰੀ ਬਾਜਵਾ ਦਾ ਕਹਿਣਾ ਹੈ ਕਿ ਉਹ ਬੀਤੇ ਦਿਨੀਂ ਕਾਂਗਰਸ ਦੇ ਮੀਤ ਪ੍ਰਧਾਨ ਨੂੰ ਦਿੱਲੀ ਵਿਚ ਮਿਲੇ ਸਨ। ਇਸ ਮੁਲਾਕਾਤ ਦੌਰਾਨ ਉਨ੍ਹਾਂ ਰਾਹੁਲ ਗਾਂਧੀ ਨੂੰ ਪ੍ਰਦੇਸ਼ ਕਾਂਗਰਸ ਵੱਲੋਂ ਅਕਾਲੀ ਭਾਜਪਾ ਸਰਕਾਰ ਖ਼ਿਲਾਫ਼ ਲੋਕਾਂ ਤੇ ਖਾਸਕਰ ਕਰਕੇ ਦਲਿਤਾਂ ਨੂੰ ਜਾਗਰੂਕ ਤੇ ਪਾਰਟੀ ਨਾਲ ਜੋੜਨ ਲਈ ਕੀਤੀ ਜਾ ਰਹੀ ਪੈਦਲ ਯਾਤਰਾ ਦੀ ਜਾਣਕਾਰੀ ਦਿੱਤੀ ਸੀ, ਜਿਸ ਮਗਰੋਂ ਰਾਹੁਲ ਨੇ ਦੋ ਅਕਤੂਬਰ ਨੂੰ ਯਾਤਰਾ ਵਿਚ ਸ਼ਾਮਲ ਹੋਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੀਤ ਪ੍ਰਧਾਨ ਨੇ ਉਨ੍ਹਾਂ ਦੀ ਪਿੱਠ ਥਾਪੜੀ ਹੈ ਤੇ ਉਹ ਯਾਤਰਾ ਦੇ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਵਿਚ ਲੱਗ ਗਏ ਹਨ।

## 'ਆਪ' ਵਲੋਂ ਪੰਜਾਬ 'ਚ ਪੈਰਾਂ ਸਿਰ ਹੋਣ ਲਈ ਮੁਹਿੰਮ

**ਨਵੀਂ ਦਿੱਲੀ:** ਪਿਛਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦਾ ਸਫਾਇਆ ਤੇ ਭਾਜਪਾ ਨੂੰ ਮਹਿਜ ਤਿੰਨ ਸੀਟਾਂ ਤੱਕ ਪਹੁੰਚਾ ਕੇ ਭਾਰੀ ਬਹੁਮਤ ਨਾਲ ਦਿੱਲੀ ਫਤਿਹ ਕਰਨ ਵਾਲੀ ਆਮ ਆਦਮੀ ਪਾਰਟੀ ਨੇ ਜਿਸ ਰਣਨੀਤੀ ਨਾਲ ਕਾਂਗਰਸ ਤੇ ਭਾਜਪਾ ਨੂੰ ਦਿੱਲੀ ਵਿਚ ਚਿੱਤ ਕੀਤਾ ਸੀ ਹੁਣ ਉਸੇ ਰਣਨੀਤੀ ਤਹਿਤ ਵਰ੍ਹਾ 2017 ਵਿਚ ਹੋਣ ਵਾਲੀਆ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਉਤਰਨ ਦੀ ਤਿਆਰੀ ਕਰ ਰਹੀ ਹੈ।

ਲੋਕ ਸਭਾ ਚੋਣਾਂ ਦੌਰਾਨ ਵੀ 'ਆਪ' ਦੇ ਚਾਰ ਉਮੀਦਵਾਰਾਂ ਨੂੰ ਪੰਜਾਬ ਵਿਚੋਂ ਜਿੱਤ ਪ੍ਰਾਪਤ ਹੋਈ ਸੀ ਤੇ ਹੁਣ ਵਰ੍ਹਾ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀ ਤਿਆਰੀਆਂ ਦੇ ਮੱਦੇਨਜ਼ਰ ਹੀ 'ਆਪ' ਨੇ ਪੰਜਾਬ ਵਿਚ ਸੰਗਠਨ ਨੂੰ ਮਜ਼ਬੂਤ ਕਰਨ ਦੇ ਉਪਰਾਲੇ ਤੇਜ਼ ਕਰ ਦਿੱਤੇ ਹਨ। ਸੂਤਰਾਂ ਮੁਤਾਬਕ ਪੰਜਾਬ ਵਿਚ ਵਿਸ਼ੇਸ਼ ਰਣਨੀਤੀ ਤਹਿਤ ਪਾਰਟੀ ਦੋ ਪੱਧਰ ਉਤੇ ਕੰਮ ਕਰ ਰਹੀ ਹੈ। ਇਕ ਪਾਸੇ ਰਾਜਨੀਤਿਕ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਜਦ ਕਿ ਦੂਜੇ ਪਾਸੇ ਸੰਗਠਨ ਨੂੰ ਖੜ੍ਹਾ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ।

ਮਿਲੀ ਜਾਣਕਾਰੀ ਮੁਤਾਬਕ ਪਹਿਲੇ ਪੱਧਰ ਦਾ ਕੰਮ ਬਹੁਤ ਹੀ ਪ੍ਰਭਾਵੀ ਢੰਗ ਨਾਲ ਚੱਲ ਰਿਹਾ ਹੈ ਤੇ ਸੰਗਠਨ ਨੂੰ ਖੜ੍ਹਾ ਕਰਨ ਲਈ ਪੰਜਾਬ ਵਿਚ ਵਿਧਾਨ ਸਭਾ ਪੱਧਰ ਦਾ ਅਧਿਐਨ ਕਰਵਾਇਆ ਗਿਆ ਹੈ। ਬੀਤੇ ਦਿਨੀਂ ਹੀ ਆਮ ਆਦਮੀ ਪਾਰਟੀ ਦੇ ਯੁਵਾ ਚਿਹਰੇ ਦੁਰਗੇਸ਼ ਪਾਠਕ ਦੀ ਅਗਵਾਈ ਵਿਚ ਇਕ ਟੀਮ ਪੰਜਾਬ ਭੇਜੀ ਗਈ ਸੀ ਜਿਸ ਨੇ ਹਰ ਨੁਕਤੇ ਨੂੰ ਲੈ ਕੇ ਪੰਜਾਬ ਨੂੰ ਨੇੜਿਉਂ ਹੋ ਕੇ ਸਮਝਣ ਦਾ ਯਤਨ ਕੀਤਾ ਹੈ। ਇਸ ਟੀਮ ਨੇ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਦਾ ਦੌਰਾ ਕੀਤਾ। ਦੁਰਗੇਸ਼ ਪਾਠਕ ਮੁਤਾਬਕ ਪੰਜਾਬ ਦੇ ਦੌਰੇ ਦੀ ਰਿਪੋਰਟ ਤਿਆਰ ਕਰਕੇ ਪਾਰਟੀ ਨੂੰ ਸੌਂਪ ਦਿੱਤੀ ਗਈ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਪੰਜਾਬ ਦੀ ਹਾਲਤ ਬਹੁਤ ਹੀ ਖਰਾਬ ਹੋ ਚੁੱਕੀ ਹੈ। ਨਸ਼ਾ ਬਹੁਤ ਵੱਡੀ ਸਮੱਸਿਆ ਬਣ ਚੁੱਕਾ ਹੈ, ਕੰਮਕਾਜ ਠੱਪ ਹੋ ਚੁੱਕੇ ਹਨ, ਇਸ ਤੋਂ ਇਲਾਵਾ ਖੇਤੀ ਦੀ ਮਾੜੀ ਦੁਰਦਸ਼ਾ ਤੇ ਭ੍ਰਿਸ਼ਟਾਚਾਰ ਵੀ ਅਹਿਮ ਮੁੱਦੇ ਹਨ। ਦੁਰਗੇਸ਼ ਪਾਠਕ ਨੇ ਦੱਸਿਆ ਕਿ ਸਾਡੀ ਟੀਮ ਨੇ ਪੰਜਾਬ ਦੇ ਲੋਕਾਂ ਨਾਲ ਮਿਲ ਕੇ ਹਰ ਮੁੱਦੇ ਉਤੇ ਗੱਲ ਬਾਤ ਕੀਤੀ ਤੇ ਇਹ ਵੀ ਪੁੱਛਿਆ ਕਿ ਸਰਕਾਰ ਤੋਂ ਜਨਤਾ ਦੀਆਂ ਕੀ ਉਮੀਦਾਂ ਹਨ ਤੇ ਉਹ ਕਿਸ ਤਰ੍ਹਾਂ ਦੀ ਸਰਕਾਰ ਚਾਹੁੰਦੀ ਹੈ, ਇਸ ਦੇ ਨਾਲ ਹੀ ਹਰ ਵਿਧਾਨ ਸਭਾ ਖੇਤਰ ਦੀ ਸਮੱਸਿਆ ਬਾਰੇ ਵਿਸ਼ੇਸ਼ ਧਿਆਨ ਦਿੱਤਾ ਗਿਆ।

## ਸਦੀਕ ਵਲੋਂ ਚੋਣ ਰੱਦ ਕਰਨ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ

**ਤਪਾ ਮੰਡੀ:** ਹਲਕਾ ਭਦੌੜ (ਰਿਜ਼ਰਵ) ਦੇ ਵਿਧਾਇਕ ਤੇ ਪੰਜਾਬੀ ਗਾਇਕ ਮੁਹੰਮਦ ਸਦੀਕ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਦਰਬਾਰਾ ਸਿੰਘ ਗੁਰੂ ਦੇ ਹੱਕ ਵਿਚ ਕੀਤੇ ਗਏ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੈ। ਮੁਹੰਮਦ ਸਦੀਕ ਨੇ ਹਾਈਕੋਰਟ ਦੇ ਫੈਸਲੇ ਦੀ ਨਜ਼ਰਸਾਨੀ ਲਈ 28 ਮਈ ਨੂੰ ਆਪਣਾ ਕੇਸ ਸੁਪਰੀਮ ਕੋਰਟ ਵਿਚ ਦਾਖਲ ਕਰ ਦਿੱਤਾ ਤੇ ਵਿਧਾਇਕੀ ਦੀ ਬਰਕਰਾਰੀ ਲਈ 29 ਮਈ ਨੂੰ ਰਸੀਦ ਵਿਧਾਨ ਸਭਾ ਦੇ ਸਪੀਕਰ ਨੂੰ ਸੌਂਪ ਦਿੱਤੀ ਸੀ। ਮੁਹੰਮਦ ਸਦੀਕ ਦੀ ਅਪੀਲ ਦਾਖ਼ਲ ਹੋਣ ਤੋਂ ਪਹਿਲਾਂ ਹੀ ਦਰਬਾਰਾ ਸਿੰਘ ਗੁਰੂ ਨੇ ਆਪਣੇ ਵਕੀਲ ਰਾਹੀਂ ਸੁਪਰੀਮ ਕੋਰਟ ਵਿਚ ਅਰਜ਼ੀ ਪਾਈ ਹੋਈ ਸੀ ਤਾਂ ਜੋ ਸਦੀਕ ਨੂੰ ਇਸ ਕੇਸ ਵਿਚ ਸਟੇਅ ਨਾ ਮਿਲ ਸਕੇ। ਦਰਬਾਰਾ ਸਿੰਘ ਗੁਰੂ ਦੇ ਵਕੀਲ ਨੇ ਦੱਸਿਆ ਕਿ ਸੱਤ ਅਪਰੈਲ 2015 ਤੋਂ ਭਦੌੜ (ਰਿਜ਼ਰਵ) ਦੇ ਵਿਧਾਇਕ ਦੀ ਸੀਟ ਖਾਲੀ ਹੈ। 2012 ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਸਮੇਂ ਕਾਂਗਰਸ ਪਾਰਟੀ ਦੀ ਟਿਕਟ ਉਤੇ ਮੁਹੰਮਦ ਸਦੀਕ ਜੇਤੂ ਕਰਾਰ ਦਿੱਤੇ ਗਏ ਸਨ। ਉਨ੍ਹਾਂ ਦੀ ਜਾਤੀ ਨੂੰ ਚੁਣੌਤੀ ਦੇ ਕੇ ਗੁਰੂ ਨੇ ਇਹ ਚੋਣ ਰੱਦ ਕਰਵਾ ਦਿੱਤੀ ਸੀ। ਉਧਰ ਮੁਹੰਮਦ ਸਦੀਕ ਨੇ ਕਿਹਾ ਕਿ ਉਨ੍ਹਾਂ ਹਾਈਕੋਰਟ ਦੇ ਫ਼ੈਸਲੇ ਦੀ ਨਜ਼ਰਸਾਨੀ ਲਈ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਹੈ।




# ਗਰਮੀਆਂ ਦੀਆਂ ਛੁੱਟੀਆਂ ਕੱਟਣ ਗਈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਗਰਮੀਆਂ ਦੀਆਂ ਛੁੱਟੀਆਂ ਮਨਾ ਰਹੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਦੇਸ਼ੀ ਦੌਰੇ ਉਤੇ ਹਨ। ਉਂਜ ਵੀ ਉਪ ਮੁੱਖ ਮੰਤਰੀ ਸਰਕਾਰੀ ਗਤੀਵਿਧੀਆਂ ਦਫ਼ਤਰ ਦੀ ਥਾਂ ਆਪਣੇ ਘਰੋਂ ਚਲਾਉਣ ਨੂੰ ਤਰਜੀਹ ਦਿੰਦੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਈ ਮਹੀਨਿਆਂ ਤੋਂ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਅਜਿਹੇ ਉਲਝੇ ਹਨ ਕਿ ਉਨ੍ਹਾਂ ਨੂੰ ਆਪਣੇ ਦਫ਼ਤਰ ਵਿਚ ਆਉਣ ਦਾ ਮੌਕਾ ਬਹੁਤ ਘੱਟ ਮਿਲਿਆ ਹੈ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੀ ਗੈਰਮੌਜੂਦਗੀ ਵਿਚ ਹੋਰਨਾਂ ਮੰਤਰੀਆਂ ਦੇ ਆਪਣੇ ਦਫ਼ਤਰਾਂ ਵਿਚ ਬੈਠਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੁੱਖ ਮੰਤਰੀ ਨੇ ਸਰਕਾਰ ਦਾ ਪ੍ਰਸ਼ਾਸਕੀ ਕੰਮ ਲੀਹ ਉਤੇ ਲਿਆਉਣ ਲਈ ਮੰਤਰੀਆਂ ਨੂੰ ਹਫ਼ਤੇ ਦੇ ਪਹਿਲੇ ਤਿੰਨ ਦਿਨ ਸੋਮਵਾਰ, ਮੰਗਲਵਾਰ ਤੇ ਬੁੱਧਵਾਰ ਦਫ਼ਤਰ ਵਿਚ ਹਾਜ਼ਰ ਰਹਿਣਾ ਯਕੀਨੀ ਬਣਾਉਣ ਦੇ ਨਿਰਦੇਸ਼ ਹੀ ਨਹੀਂ ਸਨ ਦਿੱਤੇ ਸਗੋਂ ਮੰਤਰੀਆਂ ਸਮੇਤ ਅਫ਼ਸਰਾਂ ਦੀ ਹਾਜ਼ਰੀ ਚੈੱਕ ਕਰਕੇ ਲੋਕਾਂ ਵਿਚ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਸੀ ਕਿ ਸਰਕਾਰ ਜਨਤਾ ਲਈ ਹਾਜ਼ਰ ਹੈ। ਮੁੱਖ ਮੰਤਰੀ ਦੀਆਂ ਇਨ੍ਹਾਂ ਪਹਿਲਕਦਮੀਆਂ ਇਕ ਸਾਲ ਦੇ ਸਮੇਂ ਅੰਦਰ ਹੀ ਦਮ ਤੋੜ ਗਈਆਂ ਹਨ। ਇਕ ਸਾਲ ਦੇ ਸਮੇਂ ਦੌਰਾਨ ਸਕੱਤਰੇਤ ਵਿਚ ਕਈ ਵਾਰੀ ਮਹੀਨਿਆਂ ਰੌਣਕਾਂ ਗਾਇਬ ਰਹੀਆਂ।

ਮੁੱਖ ਮੰਤਰੀ ਦਫ਼ਤਰ ਦੇ ਇਕ ਅਧਿਕਾਰੀ ਦਾ ਕਹਿਣਾ ਹੈ ਕਿ ਸ. ਬਾਦਲ ਨੇ ਭਾਵੇਂ ਹਫ਼ਤੇ ਵਿਚ ਪਹਿਲੇ ਤਿੰਨ ਦਿਨ ਦਫ਼ਤਰ ਅੰਦਰ ਮੌਜੂਦ ਰਹਿਣਾ ਯਕੀਨੀ ਬਣਾਉਣ ਦੇ ਯਤਨ ਕੀਤੇ ਹਨ ਪਰ ਰੁਝੇਵੇਂ ਅਜਿਹੇ ਹੁੰਦੇ ਹਨ ਕਿ ਦਫ਼ਤਰ ਲਈ ਸਮਾਂ ਨਹੀਂ ਬਚਦਾ ਫਿਰ ਵੀ ਉਹ ਹਫ਼ਤੇ ਵਿਚ ਇਕ ਦਿਨ ਆਪਣੇ ਦਫ਼ਤਰ ਜ਼ਰੂਰ ਬੈਠਦੇ ਹਨ। ਹੋਰਨਾਂ ਮੰਤਰੀਆਂ ਦੀ ਲਗਾਤਾਰ ਗੈਰਹਾਜ਼ਰੀ ਸਬੰਧੀ ਇਸ ਅਧਿਕਾਰੀ ਨੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਸਕੱਤਰੇਤ ਤੋਂ ਹਾਸਲ ਜਾਣਕਾਰੀ ਮੁਤਾਬਕ ਜ਼ਿਆਦਾਤਰ ਮੰਤਰੀ ਦੋ-ਦੋ ਹਫ਼ਤਿਆਂ ਤੋਂ ਦਫ਼ਤਰ ਵਿਚ ਨਹੀਂ ਆਏ। ਮੁੱਖ ਸੰਸਦੀ ਸਕੱਤਰ ਤਾਂ ਕਈ-ਕਈ ਮਹੀਨਿਆਂ ਬਾਅਦ ਆਪਣੇ ਦਫ਼ਤਰ ਦੀ ਫੇਰੀ ਪਾਉਂਦੇ ਹਨ। ਦਫ਼ਤਰੀ ਅਮਲਾ ਵਿਹਲਾ ਬੈਠਾ ਹੈ। ਮੰਤਰੀਆਂ ਵੱਲੋਂ ਆਮ ਤੌਰ ਉਤੇ ਆਪਣੇ ਘਰਾਂ ਤੋਂ ਹੀ ਕੰਮ ਚਲਾਇਆ ਜਾ ਰਿਹਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਮੰਤਰੀਆਂ ਵੱਲੋਂ ਅਫ਼ਸਰਾਂ ਨਾਲ ਮੀਟਿੰਗਾਂ ਵੀ ਆਪਣੇ ਘਰਾਂ ਵਿਚ ਹੀ ਕੀਤੀਆਂ ਜਾਂਦੀਆਂ ਹਨ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਮੰਤਰੀਆਂ ਵੱਲੋਂ ਦਫ਼ਤਰਾਂ ਤੋਂ ਮੂੰਹ ਫੇਰ ਲੈਣ ਕਾਰਨ ਅਫ਼ਸਰ ਵੀ ਘੱਟ ਹੀ ਆਉਂਦੇ ਹਨ। ਇਕ ਮੰਤਰੀ ਦਾ ਕਹਿਣਾ ਸੀ ਕਿ ਕੋਈ ਕੰਮ ਤਾਂ ਹੈ ਨਹੀਂ, ਦਫ਼ਤਰਾਂ ਵਿਚ ਆ ਕੇ ਕੀ ਕਰਨੈ। ਮਾਲੀ ਤੰਗੀ ਕਾਰਨ ਕਿਸੇ ਵੀ ਵਿਭਾਗ ਨੂੰ ਕੋਈ ਪੈਸਾ ਜਾਰੀ ਨਹੀਂ ਹੋ ਰਿਹਾ। ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੇ ਅਫ਼ਸਰਾਂ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਛਾਪਿਆਂ ਦੀ ਮੁਹਿੰਮ ਸ਼ੁਰੂ ਕੀਤੀ ਸੀ। ਇਹ ਮੁਹਿੰਮ ਵੀ ਬੇਅਸਰ ਹੋ ਗਈ ਹੈ।

### ਸਿਵਲ ਸਕੱਤਰੇਤ ਵਿਚ ਨਾ ਅਫਸਰ, ਨਾ ਮੰਤਰੀ



### ਮੰਤਰੀਆਂ ਤੇ ਅਫਸਰਾਂ ਨੂੰ ਸਰਫੇ ਦੀਆਂ ਹਦਾਇਤਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਾਲੀ ਸੰਕਟ ਕਾਰਨ ਸਾਲ 2015-16 ਦੌਰਾਨ ਸਰਕਾਰੀ ਖਰਚਿਆਂ ਵਿਚ ਕਿਫਾਇਤ ਕਰਨ ਬਾਰੇ ਹਦਾਇਤਾਂ ਜਾਰੀ ਕੀਤੀਆਂ ਹਨ। ਇਹ ਹਦਾਇਤਾਂ ਅਰਧ ਸਰਕਾਰੀ ਅਦਾਰਿਆਂ, ਮੰਤਰੀਆਂ ਤੇ ਉਚ ਅਧਿਕਾਰੀਆਂ ਉਤੇ ਵੀ ਲਾਗੂ ਹੋਣਗੀਆਂ। ਸਾਰੇ ਵਿਭਾਗ ਮੁਖੀਆਂ, ਡਵੀਜ਼ਨਾਂ ਦੇ ਕਮਿਸ਼ਨਰਾਂ, ਸਮੂਹ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਤੇ ਸੈਸ਼ਨ ਜੱਜਾਂ ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਰਜਿਸਟਰਾਰ ਨੂੰ ਜਾਰੀ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਆਮਦਨ ਦੇ ਸੀਮਤ ਸਾਧਨ ਤੇ ਸਰਕਾਰ ਦੇ ਖਰਚਿਆਂ ਵਿਚ ਸੰਤੁਲਨ ਬਣਾ ਕੇ ਰੱਖਣ ਲਈ ਇਨ੍ਹਾਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਕਿਸੇ ਵੀ ਵਿਭਾਗ ਵੱਲੋਂ ਕਿਸੇ ਵੀ ਹਾਲਤ ਵਿਚ ਬਜਟ ਉਪਬੰਧ ਤੋਂ ਜ਼ਿਆਦਾ ਖਰਚਾ ਨਹੀਂ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਚਾਲੂ ਮਾਲੀ ਸਾਲ ਦੌਰਾਨ ਪੰਜ ਤਾਰਾ ਜਾਂ ਇਸ ਤੋਂ ਉਪਰ ਦੇ ਹੋਟਲਾਂ ਵਿਚ ਮੀਟਿੰਗ/ਕਾਨਫਰੰਸਾਂ ਕਰਨ ਉਤੇ ਪਾਬੰਦੀ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਜਿਹੜੇ ਮੰਤਰੀਆਂ ਤੇ ਅਧਿਕਾਰੀਆਂ ਕੋਲ ਇਕ ਤੋਂ ਵੱਧ ਦਫ਼ਤਰਾਂ ਦਾ ਚਾਰਜ ਹੈ, ਉਹ ਸਿਰਫ ਇਕ ਗੱਡੀ ਦੀ ਹੀ ਵਰਤੋਂ ਕਰ ਸਕਣਗੇ। ਹਦਾਇਤਾਂ ਅਨੁਸਾਰ ਬਾਕੀ ਗੱਡੀਆਂ ਦੀ ਨਾ ਤਾਂ ਵਰਤੋਂ ਕੀਤੀ ਜਾਵੇ ਤੇ ਨਾ ਹੀ ਉਨ੍ਹਾਂ ਲਈ ਬਜਟ ਦੀ ਮੰਗ ਕੀਤੀ ਜਾਵੇ।

### ਭਗਵੰਤ ਮਾਨ ਨੇ ਕੇਂਦਰ ਕੋਲ ਉਠਾਇਆ ਪੰਜਾਬ ਨੂੰ ਮਾਲੀ ਰਾਹਤ ਦਾ ਮੁੱਦਾ

**ਸੰਗਰੂਰ:** ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਦੇਸ਼ ਦੇ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਮੁਲਾਕਾਤ ਕਰਕੇ ਜਿਥੇ ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ ਦੀ ਮੰਗ ਕੀਤੀ ਹੈ ਉਥੇ ਕੇਂਦਰ ਤੋਂ ਪੰਜਾਬ ਲਈ ਆਉਂਦੇ ਫੰਡਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਆਖਿਆ ਹੈ। ਸੰਸਦ ਮੈਂਬਰ ਭਗਵੰਤ ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਅੱਗੇ ਪੰਜਾਬ ਦੀ ਕਿਸਾਨੀ ਦੀ ਹੋ ਰਹੀ ਦੁਰਦਸ਼ਾ ਦਾ ਮੁੱਦਾ ਉਠਾਇਆ ਹੈ ਤੇ ਕਿਸਾਨਾਂ ਨੂੰ ਫਸਲਾਂ ਦੇ ਲਾਹੇਵੰਦ ਭਾਅ ਦੇਣ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਮੱਕੀ, ਸੋਇਆਬੀਨ, ਬਾਜਰਾ ਆਦਿ ਲਈ ਵੀ ਘੱਟੋ ਘੱਟ ਸਮਰਥਨ ਮੁੱਲ ਦਾ ਐਲਾਨ ਕਰਨ ਦੀ ਮੰਗ ਵੀ ਉਠਾਈ ਹੈ। ਉਨ੍ਹਾਂ ਦੱਸਿਆ ਕਿ ਕੇਂਦਰੀ ਮੰਤਰੀ ਨਾਲ ਕਿਸਾਨਾਂ ਨੂੰ ਯੂਰੀਆ ਖਾਦ ਤੇ ਡੀਜ਼ਲ ਉਤੇ ਮਿਲਦੀ ਸਬਸਿਡੀ ਨੂੰ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਨ ਬਾਰੇ ਵੀ ਵਿਚਾਰ ਹੋਇਆ ਹੈ।

# ਖਾਨਾਪੂਰਤੀ ਬਣ ਕੇ ਰਹਿ ਗਈ ਹੈ ਨਸ਼ਿਆਂ ਖਿਲਾਫ ਮੁਹਿੰਮ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦੇ ਖਾਤਮੇ ਲਈ ਕੋਈ ਠੋਸ ਰਣਨੀਤੀ ਬਣਾਉਣ ਦੇ ਬਜਾਏ ਸੂਬਾ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਮੁਹਿੰਮ ਆਪਣੇ ਹੀ ਰੰਗ ਵਿਚ ਚੱਲ ਰਹੀ ਹੈ। ਪੰਜਾਬ ਪੁਲਿਸ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਦੇ ਦੂਜੇ ਪੜਾਅ ਦਾ ਐਲਾਨ ਕੀਤਾ ਹੈ। ਸਿਰਫ ਇਕ ਹਫ਼ਤੇ ਅੰਦਰ 1181 ਦਰਜ ਕੀਤੇ ਮਾਮਲਿਆਂ ਵਿਚ 1243 ਵਿਅਕਤੀਆਂ ਦੀ ਗ੍ਰਿਫ਼ਤਾਰੀ ਨੂੰ ਪੁਲਿਸ ਨੇ ਵੱਡੀ ਉਪਲਬਧੀ ਦੇ ਤੌਰ ਉਤੇ ਪੇਸ਼ ਕੀਤਾ ਹੈ।

ਪੰਜਾਬ ਪੁਲਿਸ ਦੀ ਪਹਿਲੇ ਪੜਾਅ ਵਾਲੀ ਮੁਹਿੰਮ ਵੀ ਸਵਾਲਾਂ ਵਿਚ ਘਿਰੀ ਸੀ। ਪੁਲਿਸ ਵੱਲੋਂ ਪਹਿਲੇ ਪੜਾਅ ਦੌਰਾਨ ਵੀ ਤਕਰੀਬਨ 17 ਹਜ਼ਾਰ ਕੇਸ ਦਰਜ ਕੀਤੇ ਗਏ ਸਨ ਤੇ ਤਸਕਰ ਕਹਿ ਕੇ ਹਜ਼ਾਰਾਂ ਵਿਅਕਤੀਆਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ ਸੀ। ਜੇਲ੍ਹਾਂ ਲਈ ਨਵੀਂ ਮੁਸੀਬਤ ਖੜ੍ਹੀ ਹੋ ਗਈ। ਇਹ ਮੁਹਿੰਮ ਲੋਕਾਂ ਅੰਦਰ ਭਰੋਸਾ ਪੈਦਾ ਕਰਨ ਵਿਚ ਅਸਫ਼ਲ ਰਹੀ ਕਿਉਂਕਿ ਬਹੁਤ ਸਾਰੇ ਵਿਅਕਤੀ ਅਜਿਹੇ ਸਾਹਮਣੇ ਆਏ ਜਿਨ੍ਹਾਂ ਤੋਂ ਕਿਸੇ ਨਸ਼ੇ ਦੀ ਬਰਾਮਦਗੀ ਵੀ ਨਹੀਂ ਦਿਖਾਈ ਜਾ ਸਕੀ। ਅਜਿਹੇ ਤੱਥ ਸਾਹਮਣੇ ਆਉਣ ਉਤੇ ਪੰਜਾਬ ਵਿਚ ਇਹ ਧਾਰਨਾ ਘਰ ਕਰ ਗਈ ਕਿ ਪੁਲਿਸ ਨਸ਼ੇ ਦੀ ਲਤ ਵਿਚ ਫਸੇ ਮਜਬੂਰ ਲੋਕਾਂ ਨੂੰ ਫੜ ਕੇ ਝੂਠੇ ਕੇਸ ਪਾ ਰਹੀ ਹੈ ਜਦੋਂਕਿ ਨਸ਼ਾ ਤਸਕਰੀ ਵਿਚ ਸ਼ਾਮਲ ਰਸੂਖ਼ਵਾਨ ਤੇ ਤਾਕਤਵਰ ਵਿਅਕਤੀਆਂ ਵੱਲ ਦੇਖਣ ਦੀ ਹਿੰਮਤ ਨਹੀਂ ਕਰ ਰਹੀ।ਪੰਜਾਬ ਦੇ ਕਈ ਮੰਤਰੀਆਂ ਉਤੇ ਨਸ਼ਾ ਤਸਕਰਾਂ ਨੂੰ ਸ਼ਹਿ ਦੇਣ ਜਾਂ ਉਨ੍ਹਾਂ ਨਾਲ ਮਿਲੀਭੁਗਤ ਦੇ ਦੋਸ਼ ਲੱਗਦੇ ਰਹੇ ਹਨ। ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਈ ਨੇਤਾਵਾਂ ਨੂੰ ਬੁਲਾ ਕੇ ਪੁੱਛਗਿੱਛ ਵੀ ਕੀਤੀ ਹੈ ਪਰ ਪੁਲਿਸ ਵੱਲੋਂ ਥੋੜ੍ਹਾ-ਬਹੁਤਾ ਨਸ਼ਾ ਛਕਣ ਵਾਲਿਆਂ ਨੂੰ ਅੰਦਰ ਕਰ ਆਪਣੀ ਪਿੱਠ ਥਾਪੜੀ ਜਾਂਦੀ ਰਹੀ। ਪੰਜਾਬ ਪੁਲਿਸ ਵੱਲੋਂ ਸੂਬੇ ਵਿਚ ਨਸ਼ਿਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਜ਼ਿਲ੍ਹਾ ਪੁਲਿਸ ਮੁਖੀਆਂ ਤੇ ਪੁਲਿਸ ਕਮਿਸ਼ਨਰਾਂ ਦੀ ਦੇਖ ਰੇਖ ਹੇਠ 23 ਮਈ ਤੋਂ ਦੂਜੇ ਪੜਾਅ ਵਿਚ ਮੁਹਿੰਮ ਆਰੰਭੀ ਗਈ। ਇਸ ਮੁਹਿੰਮ ਤਹਿਤ 23 ਤੋਂ 31 ਮਈ ਤੱਕ ਕੁੱਲ 1181 ਮਾਮਲੇ ਦਰਜ ਕਰਕੇ 1243 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਇਲਾਵਾ 83634 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ, 2305 ਕਿੱਲੋ ਭੁੱਕੀ, 36 ਕਿੱਲੋ ਅਫੀਮ, 10.47 ਕਿੱਲੋ ਹੈਰੋਇਨ, ਅੱਠ ਕਿੱਲੋ ਕੋਕੀਨ ਤੇ 32.5 ਕਿੱਲੋ ਸਮੈਕ ਬਰਾਮਦ ਕੀਤੀ ਹੈ। ਪੁਲਿਸ ਵੱਲੋਂ ਹੁਣ ਦੋ ਪੜਾਵੀ ਰਣਨੀਤੀ ਅਪਣਾਈ ਹੈ, ਇਸ ਤਹਿਤ ਜਿਥੇ ਕੁਝ ਕਰੀਬੀ ਸਰਕਲਾਂ ਵਿਚ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵੱਲੋਂ ਹੋਰਨਾਂ ਸੂਬਿਆਂ ਤੋਂ ਲਿਆਂਦੇ ਜਾਂਦੇ ਨਸ਼ੀਲੇ ਪਦਾਰਥਾਂ ਦੀ ਰਹਿੰਦ ਖੂੰਹਦ ਦਾ ਮੁਕੰਮਲ ਸਫਾਇਆ ਕੀਤਾ ਜਾਵੇਗਾ ਉਥੇ ਉਥੇ ਸਰਹੱਦ ਪਾਰੋਂ ਆਉਂਦੀਆਂ ਖੇਪਾਂ ਨੂੰ ਵੀ ਕਾਬੂ ਕਰਕੇ ਰਾਜ ਵਿਚ ਕਿਸੇ ਵੀ ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਅਣ ਉਪਲਬਧਤਾ ਦੇ ਉਦੇਸ਼ ਨੂੰ ਪੂਰਾ ਕੀਤਾ ਜਾਵੇਗਾ। ਕੁਝ ਪੁਰਾਣੇ ਕੱਟੜ ਤਸਕਰਾਂ ਵੱਲੋਂ ਆਪਣੇ ਪੁਰਾਣੇ ਸਟਾਕ ਜਾਂ ਦੂਜੇ ਰਾਜਾਂ ਤੋਂ ਅਜਿਹੇ ਨਸ਼ੇ ਲਿਆ ਕੇ ਆਪਣੇ ਕੁਝ ਖਾਸ ਖਪਤਕਾਰਾਂ ਤੱਕ ਪਹੁੰਚਾਏ ਜਾਣ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ।

### 'ਵੱਡਿਆਂ' ਨੂੰ ਹੱਥ ਪਾਉਣ ਤੋਂ ਵੱਟਿਆ ਜਾ ਰਿਹੈ ਟਾਲਾ



### ਨਸ਼ਾ ਤਸਕਰੀ ਬਣੀ ਸਭ ਤੋਂ ਵੱਡਾ .ਗੈਰਕਾਨੂੰਨੀ ਵਪਾਰ

ਦੁਨੀਆ ਵਿਚ ਕਿਤੇ ਵੀ ਅਜਿਹਾ ਤਜਰਬਾ ਦੇਖਣ ਨੂੰ ਨਹੀਂ ਮਿਲਦਾ ਕਿ ਪੁਲਿਸ ਵੱਲੋਂ ਧੜਾਧੜ ਪਰਚੇ ਦਰਜ ਕਰਕੇ ਨਸ਼ੇ ਦੀ ਸਮੱਸਿਆ ਨਾਲ ਸਿੱਝਿਆ ਜਾ ਸਕੇ। ਸੰਯੁਕਤ ਰਾਸ਼ਟਰ ਸੰਘ ਦੀ ਵਰਲਡ ਡਰੱਗ ਰਿਪੋਰਟ ਅਨੁਸਾਰ ਨਸ਼ਾ ਸਭ ਤੋਂ ਵੱਡਾ ਗ਼ੈਰਕਾਨੂੰਨੀ ਵਪਾਰ ਬਣ ਚੁੱਕਾ ਹੈ। 2007 ਵਿਚ ਵੀ 322 ਅਰਬ ਡਾਲਰ ਤੋਂ ਵੱਧ ਦੇ ਇਸ ਕਾਰੋਬਾਰ ਨਾਲ ਬਹੁਤ ਮਜ਼ਬੂਤ ਮਾਫ਼ੀਆ ਜੁੜਿਆ ਹੋਇਆ ਹੈ ਤੇ ਇਨ੍ਹਾਂ ਨੂੰ ਸਿਆਸੀ ਤੇ ਆਰਥਿਕ ਤੌਰ ਉਤੇ ਵੱਡੇ ਲੋਕਾਂ ਦੀ ਸਰਪ੍ਰਸਤੀ ਵੀ ਹਾਸਲ ਹੈ। ਇਹ ਸਮੱਸਿਆ ਯੂਰਪ ਦੇ ਦੇਸ਼ਾਂ ਤੇ ਅਮਰੀਕਾ-ਕੈਨੇਡਾ ਵਿਚ ਵੀ ਵਧ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਮੁਨਾਫ਼ੇ ਦੀ ਇਸ ਅੰਨ੍ਹੀ ਦੌੜ ਵਿਚ ਨਸ਼ੇ ਦਾ ਇਹ ਗ਼ੈਰਕਾਨੂੰਨੀ ਕਾਰੋਬਾਰ ਜ਼ਿਆਦਾ ਦੌਲਤ ਕਮਾਉਣ ਦਾ ਜ਼ਰੀਆ ਹੈ। ਇਸ ਕਾਰੋਬਾਰ ਵਿਚ ਪਈ ਮਜ਼ਬੂਤ ਲਾਬੀ ਅਪਰਾਧੀ ਹੈ ਪਰ ਨਸ਼ੇ ਦੀ ਲਤ ਵਿਚ ਪਏ ਨੌਜਵਾਨ ਅਪਰਾਧੀ ਨਹੀਂ ਬਲਕਿ ਉਹ ਬਿਮਾਰ ਮਾਨਸਿਕਤਾ ਦਾ ਸ਼ਿਕਾਰ ਹਨ। ਇਸ ਲਈ ਖ਼ਪਤਕਾਰਾਂ ਤੇ ਅਪਰਾਧੀਆਂ ਪ੍ਰਤੀ ਅਲੱਗ-ਅਲੱਗ ਰਣਨੀਤੀ ਬਣਾਉਣ ਦੀ ਲੋੜ ਪਵੇਗੀ। ਪੁਰਤਗਾਲ ਦੀ ਰਣਨੀਤੀ ਨੂੰ ਕਾਫ਼ੀ ਸਾਰਥਕ ਮੰਨਿਆ ਜਾ ਰਿਹਾ ਹੈ ਜਿਸ ਨੇ ਬਹੁਤ ਸਾਰੀਆਂ ਨਸ਼ੀਲੀਆਂ ਚੀਜ਼ਾਂ ਨੂੰ ਪਾਬੰਦੀਸ਼ੁਦਾ ਸੂਚੀ ਵਿਚੋਂ ਕੱਢ ਦਿੱਤਾ ਹੈ। ਉਥੇ ਖ਼ਪਤਕਾਰਾਂ ਨਾਲ ਦੋਸਤਾਨਾਂ ਸਲੂਕ ਕਰਕੇ ਉਨ੍ਹਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਆ ਗਿਆ ਹੈ।

# ਮੁਲਾਜ਼ਮਾਂ ਦੀ ਕਰਜ਼ਈ ਹੁੰਦੀ ਜਾ ਰਹੀ ਹੈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਅੱਠ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਜਿਥੇ ਡੀ.ਏ. ਦੀਆਂ ਦੋ ਕਿਸ਼ਤਾਂ ਦਾ 17 ਮਹੀਨਿਆਂ ਦਾ ਹਾਲੇ ਬਕਾਇਆ ਦੇਣਾ ਹੈ ਉਥੇ ਪਹਿਲੀ ਜਨਵਰੀ 2015 ਤੋਂ ਛੇ ਫੀਸਦੀ ਡੀ.ਏ. ਦੀ ਕਿਸ਼ਤ ਦੀ ਅਦਾਇਗੀ ਵੀ ਕਰਨੀ ਹੈ। ਸਰਕਾਰ ਨੇ ਹੁਣ ਵਿੱਤੀ ਸੰਕਟ ਤੋਂ ਬਚਣ ਲਈ ਮੁਲਾਜ਼ਮਾਂ ਉਤੇ ਜੀ.ਪੀ. ਫੰਡ ਵਿਚੋਂ ਕਈ ਤਰ੍ਹਾਂ ਦੇ ਐਡਵਾਂਸ ਲੈਣ ਉਪਰ ਵੀ ਪਾਬੰਦੀ ਲਾ ਦਿੱਤੀ ਹੈ। ਸਿੱਖਿਆ ਵਿਭਾਗ ਪੰਜਾਬ ਵਿਚ ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧੀਨ ਕੰਮ ਕਰਦੇ 28 ਹਜ਼ਾਰ ਤੋਂ ਵੱਧ ਅਧਿਆਪਕ ਤੇ ਮੁਲਾਜ਼ਮ ਤਿੰਨ ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝੇ ਹਨ। ਇਨ੍ਹਾਂ ਵਿਚੋਂ ਤਕਰੀਬਨ 8800 ਅਧਿਆਪਕਾਂ ਨੂੰ ਛੇ ਮਹੀਨਿਆਂ ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ। ਸਰਕਾਰ ਇਨ੍ਹਾਂ ਮੁਲਾਜ਼ਮਾਂ ਨੂੰ ਨਵਾਂ ਵਿੱਤੀ ਸਾਲ ਸ਼ੁਰੂ ਹੋਣ ਤੋਂ ਬਾਅਦ ਇਕ ਧੇਲਾ ਵੀ ਮੁਹੱਈਆ ਨਹੀਂ ਕਰ ਸਕੀ। 7500 ਦੇ ਤਕਰੀਬਨ ਅਧਿਆਪਕਾਂ ਨੂੰ ਤਾਂ ਪਿਛਲੇ ਵਿੱਤੀ ਸਾਲ ਵਿਚ ਪੈਂਦੇ ਫਰਵਰੀ ਮਹੀਨੇ ਦੀ



ਤਨਖਾਹ ਵੀ ਨਹੀਂ ਦਿੱਤੀ ਗਈ। ਦੱਸਣਯੋਗ ਹੈ ਕਿ ਸਰਵ ਸਿੱਖਿਆ ਅਭਿਆਨ ਤੇ ਰਮਸਾ ਅਧੀਨ ਟੀਚਿੰਗ ਤੇ ਨਾਨ-ਟੀਚਿੰਗ ਮੁਲਾਜ਼ਮਾਂ ਦੀਆਂ ਤਨਖਾਹਾਂ ਲਈ ਕੇਂਦਰ ਸਰਕਾਰ ਵੱਲੋਂ 65 ਤੇ ਪੰਜਾਬ ਸਰਕਾਰ ਵੱਲੋਂ 35 ਫੀਸਦੀ ਗਰਾਂਟਾਂ ਜਾਰੀ ਕੀਤੀਆਂ ਜਾਂਦੀਆਂ ਹਨ।

ਆਰਥਿਕ ਤੰਗੀ ਦਾ ਸਾਹਮਣਾ ਕਰ ਰਹੀ ਸਰਕਾਰ 2012-13 ਤੇ 2014-15 ਦੌਰਾਨ ਦੋ ਸਾਲਾਂ ਦਾ 38 ਫੀਸਦੀ ਸਮਾਂ ਰਿਜ਼ਰਵ ਬੈਂਕ ਆਫ ਇੰਡੀਆ (ਆਰ.ਬੀ.ਆਈ.) ਕੋਲੋਂ ਓਵਰਡਰਾਫਟ ਦੀ ਸਹੂਲਤ ਹਾਸਲ ਕਰਕੇ ਆਪਣੇ ਖਰਚੇ ਦੀ ਗੱਡੀ ਰੋੜ੍ਹ ਸਕੀ ਹੈ। ਇਹ ਖ਼ੁਲਾਸਾ ਜੈਤੋ (ਫਰੀਦਕੋਟ) ਦੇ ਸਮਾਜ ਸੇਵੀ ਡਾਲ ਚੰਦ ਪਵਾਰ ਵੱਲੋਂ ਆਰ.ਟੀ.ਆਈ. ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਤੋਂ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਦੋਂ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਹਰਾ ਕੇ ਸਾਲ 2007 ਵਿਚ ਕਮਾਨ ਸਾਂਭੀ ਸੀ ਤਾਂ ਉਸ ਵੇਲੇ ਪੰਜਾਬ ਸਰਕਾਰ ਦੀ ਗੱਡੀ ਓਵਰਡਰਾਫਟ ਦੀ ਸਹੂਲਤ ਹਾਸਲ ਕੀਤੇ ਬਿਨਾਂ ਹੀ ਰੁੜ੍ਹ ਰਹੀ ਸੀ ਕਿਉਂਕਿ ਸਰਕਾਰ ਨੂੰ ਸਾਲ 2007-08 ਤੇ ਸਾਲ 2008-09 ਦੌਰਾਨ ਇਕ ਦਿਨ ਵੀ ਓਵਰਡਰਾਫਟ ਦਾ ਸਹਾਰਾ ਨਹੀਂ ਲੈਣਾ ਪਿਆ ਸੀ। ਇਸ ਤੋਂ ਬਾਅਦ ਬਾਦਲ ਸਰਕਾਰ ਨੂੰ 2009-10 ਦੌਰਾਨ 29 ਦਿਨ, 2010-11 ਦੌਰਾਨ 14 ਦਿਨ ਤੇ 2011-12 ਦੌਰਾਨ 25 ਦਿਨ ਓਵਰਡਰਾਫਟ ਦਾ ਸਹਾਰਾ ਲੈਣਾ ਪਿਆ ਸੀ।

ਮਿਲੇ ਅੰਕੜਿਆਂ ਅਨੁਸਾਰ ਬਾਦਲ ਸਰਕਾਰ ਉਤੇ ਅੱਠ ਸਾਲਾਂ ਦੌਰਾਨ ਸਾਲ 2012-13 ਵਿਚ ਸਭ ਤੋਂ ਵੱਧ ਵਿੱਤੀ ਸੰਕਟ ਦੇ ਬੱਦਲ ਛਾਏ ਸਨ। ਇਸ ਵਰ੍ਹੇ ਪੰਜਾਬ ਸਰਕਾਰ ਨੂੰ ਸਾਲ ਦੇ ਹਰੇਕ ਤੀਸਰੇ ਦਿਨ ਓਵਰਡਰਾਫਟ ਦੇ ਸਹਾਰੇ ਆਪਣੇ ਖਰਚੇ ਚਲਾਉਣ ਲਈ ਮਜਬੂਰ ਹੋਣਾ ਪਿਆ ਸੀ। ਉਸ ਵਰ੍ਹੇ ਸਰਕਾਰ ਨੇ ਰਿਕਾਰਡ 140 ਦਿਨ ਓਵਰਡਰਾਫਟ ਦੀ ਸਹੂਲਤ ਹਾਸਲ ਕੀਤੀ ਹੈ, ਜੋ ਪੂਰੇ ਸਾਲ ਦੇ 38 ਫੀਸਦੀ ਦਿਨ ਬਣਦੇ ਹਨ। ਉਸ ਤੋਂ ਅਗਲੇ ਵਰ੍ਹੇ ਸਾਲ 2013-14 ਦੌਰਾਨ ਸਰਕਾਰ ਦੀ ਸਥਿਤੀ ਓਵਰਡਰਾਫਟ ਦੇ ਮਾਮਲੇ ਵਿਚ ਕੁਝ ਸੁਧਰੀ ਸੀ। ਉਸ ਵਰ੍ਹੇ ਪੰਜਾਬ ਸਰਕਾਰ ਨੂੰ 95 ਦਿਨ ਓਵਰਡਰਾਫਟ ਦੀ ਸਹੂਲਤ ਲੈਣੀ ਪਈ ਸੀ ਜੋ ਇਸ ਤੋਂ ਪਿਛਲੇ ਸਾਲ ਨਾਲੋਂ 45 ਦਿਨ ਘੱਟ ਸੀ ਪਰ ਇਹ ਰਾਹਤ ਕੁਝ ਸਮਾਂ ਹੀ ਬਰਕਰਾਰ ਰਹੀ। ਇਸ ਤੋਂ ਅਗਲੇ ਸਾਲ 2014-15 ਦੌਰਾਨ ਮੁੜ ਪੰਜਾਬ ਸਰਕਾਰ ਦੀ ਵਿੱਤੀ ਸਥਿਤੀ ਬਦਤਰ ਹੋ ਗਈ ਸੀ। ਇਸ ਵਰ੍ਹੇ ਪੰਜਾਬ ਸਰਕਾਰ ਨੂੰ ਮੁੜ ਹਰੇਕ ਤੀਸਰੇ ਦਿਨ (ਕੁੱਲ 138 ਦਿਨ) ਓਵਰਡਰਾਫਟ ਦੀ ਸਹੂਲਤ ਹਾਸਲ ਕਰਕੇ ਖਰਚਾ ਪਾਣੀ ਚਲਾਉਣ ਲਈ ਮਜਬੂਰ ਹੋਣਾ ਪਿਆ ਹੈ। ਇਸ ਵਰ੍ਹੇ ਵੀ ਸਰਕਾਰ ਪੂਰੇ ਸਾਲ ਦੇ 38 ਫੀਸਦੀ ਦਿਨ ਓਵਰਡਰਾਫਟ ਸਹਾਰੇ ਹੀ ਚੱਲੀ ਸੀ। ਸਾਲ 2014-15 ਦਾ ਜਨਵਰੀ ਮਹੀਨਾ ਸਰਕਾਰ ਲਈ ਸਭ ਤੋਂ ਭਾਰਾ ਰਿਹਾ ਹੈ।

ਇਸ ਮਹੀਨੇ ਸਰਕਾਰ ਨੇ ਅੱਠ ਜਨਵਰੀ ਤੋਂ ਲੈ ਕੇ 27 ਜਨਵਰੀ ਤੱਕ 20 ਦਿਨ ਓਵਰਡਰਾਫਟ ਦੀ ਸਹੂਲਤ ਲਈ ਸੀ। ਸਾਲ 2014-15 ਦਾ ਅਜਿਹਾ ਕੋਈ ਮਹੀਨਾ ਨਹੀਂ ਹੈ, ਜਿਸ ਮਹੀਨੇ ਪੰਜਾਬ ਸਰਕਾਰ ਨੂੰ ਓਵਰਡਰਾਫਟ ਦੀ ਸਹੂਲਤ ਨਾ ਲੈਣੀ ਪਈ ਹੋਵੇ। ਇਸੇ ਕਾਰਨ ਪਿਛਲੇ ਸਮੇਂ ਤੋਂ ਸਰਕਾਰ ਨੂੰ ਵਾਰ-ਵਾਰ ਰਾਜ ਦੇ ਖਜ਼ਾਨਾ ਦਫਤਰਾਂ ਉਪਰ ਅਦਾਇਗੀਆਂ ਉਤੇ ਅਣਐਲਾਨੀਆਂ ਪਾਬੰਦੀਆਂ ਲਾਉਣੀਆਂ ਪੈ ਰਹੀਆਂ ਹਨ।

### ਏ.ਸੀ.ਪੀ. ਬਾਰੇ ਕਮੇਟੀ ਮੁਲਾਜ਼ਮਾਂ ਨੂੰ ਟਾਲਣ ਦਾ ਜ਼ਰੀਆ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਮੁਲਾਜ਼ਮ ਨਾਲ ਸਬੰਧਤ 'ਏ.ਸੀ.ਪੀ. ਸਕੀਮ' ਨੂੰ ਲਾਗੂ ਕਰਨ ਬਾਰੇ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ। ਸੰਘਰਸ਼ ਕਮੇਟੀ ਦੇ ਕਨਵੀਨਰ ਰਣਬੀਰ ਢਿੱਲੋਂ ਨੇ ਕਿਹਾ ਕਿ ਮਹਿਜ਼ ਕਮੇਟੀਆਂ ਨਹੀਂ ਬਣਾਉਣੀਆਂ ਚਾਹੀਦੀਆਂ, ਬਲਕਿ ਠੋਸ ਫ਼ੈਸਲੇ ਲੈਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਹ ਮੁੱਦਾ ਸਵੈ-ਸਪਸ਼ਟ ਹੈ ਤੇ ਕਮੇਟੀ ਬਣਾ ਕੇ ਇਸ ਨੂੰ ਠੰਢੇ ਬਸਤੇ ਵਿਚ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਕਈ ਸਾਲ ਪਹਿਲਾਂ ਪੰਜਾਬ ਸਰਕਾਰ ਨੇ ਅਧਿਕਾਰੀਆਂ ਦੇ ਚੋਣਵੇਂ 14 ਵਰਗਾਂ ਨੂੰ 4-9-14 ਬਾਅਦ ਪ੍ਰਮੋਸ਼ਨਲ ਸਕੇਲ ਦੇ ਕੇ ਮੋਟੇ ਗੱਫੇ ਦਿੱਤੇ ਸਨ। ਇਸ ਤੋਂ ਬਾਅਦ ਪੰਜਾਬ ਭਰ ਵਿਚ ਮੁਲਾਜ਼ਮ ਇਸ ਕਾਣੀ ਵੰਡ ਵਿਰੁੱਧ ਸੜਕਾਂ ਉਪਰ ਆ ਗਏ ਸਨ। ਜਦੋਂ ਸਰਕਾਰ ਨੇ 28 ਮਈ 2009 ਨੂੰ ਮੁਲਾਜ਼ਮਾਂ ਕੋਲੋਂ ਇਹ ਸਹੂਲਤ ਖੋਹ ਕੇ 12 ਜੁਲਾਈ 2010 ਨੂੰ ਨਵੀਂ ਸਕੀਮ ਲਾਗੂ ਕੀਤੀ ਸੀ ਤਾਂ ਉਸ ਵੇਲੇ ਮੁਲਾਜ਼ਮਾਂ ਨੇ ਰੋਸ ਪ੍ਰਗਟ ਕੀਤਾ ਸੀ। ਪਿਛਲੇ ਦਿਨੀਂ ਸਰਕਾਰ ਵੱਲੋਂ ਜਿਹੜੇ ਮੁਲਾਜ਼ਮਾਂ ਦੇ ਸਕੇਲ ਕੈਬਨਿਟ ਸਬ ਕਮੇਟੀ ਵੱਲੋਂ ਮੁੜ ਸੋਧੇ ਗਏ ਸਨ, ਉਨ੍ਹਾਂ ਨੂੰ ਏ.ਸੀ.ਪੀ. ਦਾ ਲਾਭ ਨਾ ਦੇਣ ਦਾ ਫ਼ੈਸਲਾ ਕੀਤਾ ਸੀ। ਇਸ ਕਾਰਨ ਮੁਲਾਜ਼ਮਾਂ ਵਿਚ ਮੁੜ ਰੋਹ ਪੈਦਾ ਹੋ ਗਿਆ ਹੈ।

# ਕਾਰਟਰੇਟ ਦੀਆਂ ਡੈਮੋਕਰੇਟਿਕ ਪਾਰਟੀ ਦੀਆਂ ਚੋਣਾਂ 'ਚ ਜਸਵਿੰਦਰ ਸਿੰਘ ਭੁੱਲਰ ਜੇਤੂ

**ਕਾਰਟਰੇਟ, ਨਿਊ ਜਰਸੀ (ਬਿਊਰੋ):** ਲੰਘੀ 2 ਜੂਨ ਨੂੰ ਨਿਊ ਜਰਸੀ ਸਟੇਟ ਵਿਚ ਅਸੈਂਬਲੀਮੈਨ, ਫਰੀ ਹੋਲਡਰਜ਼ (ਕਾਉਂਟੀ ਅਧਿਕਾਰੀ) ਅਤੇ ਮਿਊਂਸਪਲ ਆਹੁਦਿਆਂ ਲਈ ਹੋਈਆਂ ਪ੍ਰਾਇਮਰੀ ਚੋਣਾਂ ਹੋਈਆਂ। ਨਾਲ ਹੀ ਰਾਜਨੀਤਕ ਪਾਰਟੀਆਂ ਦੀਆਂ ਕਾਉਂਟੀ ਕਮੇਟੀਆਂ ਲਈ ਵੀ ਚੋਣਾਂ ਹੋਈਆਂ।

ਮਿਡਲਸੈਕਸ ਕਾਉਂਟੀ ਡੈਮੋਕਰੇਟਿਕ ਪਾਰਟੀ ਦੀ 609 ਮੈਂਬਰੀ ਕਮੇਟੀ ਲਈ ਵੀ ਇਸ ਦਿਨ ਵੋਟਾਂ ਪਈਆਂ ਸਨ। ਇਸ ਕਮੇਟੀ ਵਿਚ ਕਾਰਟਰੇਟ ਦੇ 19 ਡਿਸਟ੍ਰਿਕਟ ਤੋਂ 38 ਮੈਂਬਰ ਚੁਣੇ ਜਾਂਦੇ ਹਨ ਜਿਨ੍ਹਾਂ ਵਿਚ ਹਰ ਡਿਸਟ੍ਰਿਕਟ ਤੋਂ ਇੱਕ ਔਰਤ ਅਤੇ ਇੱਕ ਮਰਦ ਮੈਂਬਰ ਹੁੰਦੇ ਹਨ ਜੋ 2 ਸਾਲ ਬਾਅਦ ਚੁਣੇ ਜਾਂਦੇ ਹਨ।

ਕਾਰਟਰੇਟ ਦੇ ਮੇਅਰ ਡੈਨ ਰਾਈਮਨ ਵਲੋਂ ਐਲਾਨੇ ਗਏ ਨਤੀਜਿਆਂ ਅਨੁਸਾਰ ਡਿਸਟ੍ਰਿਕਟ 8 ਵਿਚੋਂ ਜਸਵਿੰਦਰ ਸਿੰਘ ਭੁੱਲਰ ਸਭ ਤੋਂ ਵਧ ਵੋਟਾਂ ਲੈ ਕੇ ਪਹਿਲੇ ਨੰਬਰ 'ਤੇ ਰਹੇ ਅਤੇ ਔਰਤ ਮੈਂਬਰ ਡੇਨਾ ਆਰਚਵਲ ਦੂਜੇ ਨੰਬਰ 'ਤੇ ਰਹੇ। ਜਸਵਿੰਦਰ ਸਿੰਘ ਭੁੱਲਰ ਦੂਜੀ ਵਾਰ ਮੈਂਬਰ ਚੁਣੇ ਗਏ ਹਨ ਜਦਕਿ 3 ਹੋਰ ਪੰਜਾਬੀ ਪਹਿਲੀ ਵਾਰ ਕਮੇਟੀ ਮੈਂਬਰ ਬਣੇ ਹਨ ਜਿਨ੍ਹਾਂ ਡਿਸਟ੍ਰਿਕਟ 2 ਤੋਂ ਹਰਦਿਆਲ ਸਿੰਘ ਜੌਹਲ, ਡਿਸਟ੍ਰਿਕਟ 6 ਤੋਂ ਮੁਹੰਮਦ ਜੰਜੂਆ ਅਤੇ ਡਿਸਟ੍ਰਿਕਟ 3 ਤੋਂ ਅਸ਼ੋਕ ਕੁਮਾਰ ਸ਼ਾਮਿਲ ਹਨ।

ਇਨ੍ਹਾਂ ਚੋਣਾਂ ਵਿਚ ਕਾਉਂਟੀ ਕਲਰਕ ਈਲੇਨ ਐਮ ਫਲੈਨ ਵੀ ਪ੍ਰਾਇਮਰੀ ਚੋਣਾਂ ਵਿਚ ਜੇਤੂ ਰਹੇ ਹਨ। ਇਸ ਤੋਂ ਇਲਾਵਾ ਕਾਰਟਰੇਟ ਤੋਂ ਫਰੀ ਹੋਲਡਰ ਅਤੇ ਕਾਉਂਟੀ ਡਾਇਰੈਕਟਰ ਰੋਨਾਲਡ ਜੀ ਰੀਓਸ ਅਤੇ ਫਰੀ ਹੋਲਡਰ ਐਚ ਜੇਮਜ਼ ਪੋਲੋਜ਼ ਨੇ ਵੀ ਪ੍ਰਾਇਮਰੀ ਚੋਣ ਜਿੱਤੀ ਹੈ।



*ਜਸਵਿੰਦਰ ਸਿੰਘ*

ਕਾਰਟਰੇਟ ਤੋਂ ਕੌਂਸਲਮੈਨ ਡੈਨਿਸ ਡਿਮਾਸਿਓ ਨੇ 430 ਵੋਟਾਂ ਅਤੇ ਕੌਂਸਲਮੈਨ ਜੌਸਫ ਸਕਿਪੀ ਸਿਤਰਾਜ ਨੇ 413 ਵੋਟਾਂ ਨਾਲ ਪ੍ਰਾਇਮਰੀ ਚੋਣ ਜਿੱਤੀ ਹੈ। ਨਵੰਬਰ ਵਿਚ ਆਮ ਚੋਣਾਂ ਹੋਣੀਆਂ ਹਨ ਉਨ੍ਹਾਂ ਦੇ ਮੁਕਾਬਲੇ ਰਿਪਬਲੀਕਨ ਪਾਰਟੀ ਦਾ ਕੋਈ ਉਮੀਦਵਾਰ ਖੜਾ ਹੀ ਨਹੀਂ ਹੋਇਆ। ਅਸੈਂਬਲੀ ਵਾਸਤੇ ਕਾਰਟਰੇਟ ਅਸੈਂਬਲੀ ਦੇ ਡਿਸਟ੍ਰਿਕਟ 19 ਅਧੀਨ ਆਉਂਦਾ ਹੈ ਜਿੱਥੋਂ ਅਸੈਂਬਲੀਮੈਨ ਜਾਹਨ ਐਸ ਵਿਸਨੀਵਸਕੀ ਅਤੇ ਕਰੈਗ ਜੇ ਕਗਲਿਨ ਨੇ ਪ੍ਰਾਇਮਰੀ ਚੋਣਾਂ ਜਿੱਤੀਆਂ ਹਨ ਜਿਨ੍ਹਾਂ ਦਾ ਮੁਕਾਬਲਾ ਆਮ ਚੋਣਾਂ 'ਚ ਰਿਬਲੀਕਨ ਉਮੀਦਵਾਰਾਂ ਨਾਲ ਹੋਵੇਗਾ।



609 ਮੈਂਬਰੀ ਮਿਡਲਸੈਕਸ ਡੈਮੋਕਰੇਟਿਕ ਕਾਉਂਟੀ ਕਮੇਟੀ 'ਚ ਐਡੀਸਨ ਤੋਂ ਦਿਨੇਸ਼ ਬਹਿਲ, ਪੁਸ਼ਪਿੰਦਰ ਕੌਰ ਬੇਰੀ, ਪਿਸਕਾਟਵੇ ਤੋਂ ਜਸਕਰਨ ਸਿੰਘ, ਵੁੱਡਬਰਿੱਜ ਤੋਂ ਕੁਲਵਿੰਦਰ ਕੌਰ ਤੇ ਪਲੇਨਜ਼ਬੋਰੋ ਤੋਂ ਰਾਜੇ ਕਪੂਰ ਮੈਂਬਰ ਬਣੇ ਹਨ।

## ਜਬਰ ਜਨਾਹ ਕੇਸ ਵਿਚ ਸਾਬਕਾ ਵਿਧਾਇਕ ਨੂੰ ਕੈਦ

**ਲਖਨਊ:** ਸੈਸ਼ਨ ਕੋਰਟ ਨੇ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਵਿਧਾਇਕ ਪੁਰੂਸ਼ੋਤਮ ਨਰੇਸ਼ ਦਿਵੇਦੀ ਨੂੰ ਜਬਰ ਜਨਾਹ ਦੇ ਸਾਢੇ ਚਾਰ ਸਾਲ ਪੁਰਾਣੇ ਕੇਸ ਵਿਚ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ ਤੇ ਨਾਲ ਹੀ ਇਕ ਲੱਖ ਰੁਪਏ ਜੁਰਮਾਨਾ ਕੀਤਾ ਹੈ।

ਇਸ ਵਿਚੋਂ ਅੱਧੀ ਰਕਮ ਪੀੜਤਾਂ ਨੂੰ ਮੁਆਵਜ਼ੇ ਵਜੋਂ ਮਿਲੇਗੀ।

# ਤਿੰਨ ਦਹਾਕਿਆਂ ਪਿੱਛੋਂ ਵੀ ਨਾ ਉਠ ਸਕਿਆ ਸੱਚਾਈ ਤੋਂ ਪਰਦਾ

**ਚੰਡੀਗੜ੍ਹ:** ਜੂਨ 84 ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ 42 ਹੋਰ ਇਤਿਹਾਸਕ ਗੁਰਦੁਆਰਿਆਂ 'ਤੇ ਹੋਏ ਫੌਜੀ ਹਮਲੇ ਦੌਰਾਨ ਮਾਰੇ ਗਏ ਸਿੱਖਾਂ ਦੇ ਸਹੀ ਅੰਕੜੇ ਤੇ ਇਸ ਫੌਜੀ ਹਮਲੇ ਦੀ ਪੂਰੀ ਅਸਲੀਅਤ 31 ਸਾਲਾਂ ਬਾਅਦ ਵੀ ਸਾਹਮਣੇ ਨਹੀਂ ਆ ਸਕੀ। ਸਿੱਖ ਜਥੇਬੰਦੀਆਂ ਵਾਰ-ਵਾਰ ਇਸ ਮਾਮਲੇ ਦੀ ਜਾਂਚ ਅੰਤਰਰਾਸ਼ਟਰੀ ਪੱਧਰ 'ਤੇ ਕਰਵਾਏ ਜਾਣ ਦੀ ਮੰਗ ਕਰਦੀਆਂ ਰਹੀਆਂ ਹਨ। ਇਹ ਵੀ ਦੋਸ਼ ਲਾਇਆ ਜਾਂਦਾ ਰਿਹਾ ਹੈ ਕਿ ਸਰਕਾਰਾਂ ਵੱਲੋਂ ਇਸ ਸਮੁੱਚੇ ਕਾਂਡ ਦੌਰਾਨ ਮਾਰੇ ਗਏ ਸਿੱਖਾਂ ਦੀ ਗਿਣਤੀ ਬਹੁਤ ਘਟਾ ਕੇ ਪੇਸ਼ ਕੀਤੀ ਗਈ ਹੈ। ਸਿੱਖ ਜਥੇਬੰਦੀਆਂ ਸਾਕਾ ਨੀਲਾ ਤਾਰਾ ਸਮੇਂ ਮਾਰੇ ਗਏ ਲੋਕਾਂ ਦੀ ਇਕ ਪੱਕੀ ਸੂਚੀ ਤਿਆਰ ਕਰਨ ਦੀ ਮੰਗ ਕਰਦੀਆਂ ਆ ਰਹੀਆਂ ਹਨ ਪਰ ਸਰਕਾਰ ਨੇ ਹਮੇਸ਼ਾਂ ਇਨ੍ਹਾਂ ਮੰਗਾਂ ਤੋਂ ਟਾਲਾ ਵੱਟੀ ਰੱਖਿਆ ਹੈ ਜਿਸ ਕਰਕੇ ਇਸ ਦੁਖਦਾਈ ਘਟਨਾ ਵਿਚ ਜੋ ਵਾਪਰਿਆ, ਕਿੰਨੇ ਮਰੇ, ਕਿੰਨੇ ਫੜੇ ਗਏ, ਕਿੰਨੇ ਫ਼ੌਜ ਦੇ ਸਿਪਾਹੀ ਮਰੇ, ਇਸ ਬਾਰੇ ਅਧੂਰੀ ਜਾਣਕਾਰੀ ਹੀ ਸਾਹਮਣੇ ਆਈ ਹੈ।

31 ਸਾਲ ਬਾਅਦ ਵੀ ਪਤਾ ਨਹੀਂ ਲੱਗਾ ਕਿ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਵਿਚ ਅਸਲ ਵਿਚ ਕੀ ਹੋਇਆ, ਬਲਕਿ ਅੰਮ੍ਰਿਤਸਰ ਦੇ ਇਕ ਇਲਾਕੇ ਵਿਚ ਹੋਈ ਘਟਨਾ ਦੀ ਨਾ-ਮਾਤਰ ਜਾਣਕਾਰੀ ਹੀ ਲੋਕਾਂ ਸਾਹਮਣੇ ਆ ਸਕੀ, ਜਦਕਿ ਇਕ ਸਵਾਲ ਵਾਰ-ਵਾਰ ਸਾਹਮਣੇ ਆਉਂਦਾ ਰਿਹਾ ਹੈ ਕਿ ਹੋਰ 42 ਗੁਰਦੁਆਰਿਆਂ 'ਤੇ ਫੌਜੀ ਹਮਲਾ ਕਿਉਂ ਕੀਤਾ ਗਿਆ, ਜਦਕਿ ਭਾਰਤ ਸਰਕਾਰ ਮੁਤਾਬਕ ਤਾਂ ਅੰਮ੍ਰਿਤਸਰ ਵਿਚ ਹੀ ਖਾੜਕੂਆਂ ਦਾ ਕਬਜ਼ਾ ਸੀ। ਫੌਜੀ ਹਮਲੇ ਦੌਰਾਨ ਭਾਰਤੀ ਫੌਜ ਵੱਲੋਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਦਰਲੇ ਸਿੱਖ ਧਰਮ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਵਾਪਸ ਕਰਨ ਦੀ ਮੰਗ ਵੀ ਸਰਕਾਰ ਦੇ ਕੰਨੀ ਨਹੀਂ ਪਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਤਾਬਕ ਜਦੋਂ ਸ੍ਰੀ ਦਰਬਾਰ ਸਾਹਿਬ ਉਤੇ ਫੌਜ ਨੇ ਹਮਲਾ ਕੀਤਾ ਸੀ ਤਾਂ ਉਸ ਵਕਤ 592 ਹੱਥ ਲਿਖ਼ਤ ਬੀੜਾਂ, ਤਕਰੀਬਨ 13 ਹਜ਼ਾਰ ਦੁਰਲਭ ਪੁਸਤਕਾਂ ਤੋਂ ਇਲਾਵਾ ਬਹੁਤ ਸਾਰਾ ਸਾਹਿਤ ਲਾਇਬ੍ਰੇਰੀ ਅੰਦਰ ਮੌਜੂਦ ਸੀ, ਜੋ ਹਮਲੇ ਤੋਂ ਬਾਅਦ ਵਾਪਸ ਨਹੀਂ ਮਿਲ ਸਕਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਦਲਮੇਘ ਸਿੰਘ ਵੱਲੋਂ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਬੀਬੀ ਜਗੀਰ ਕੌਰ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਮੌਜੂਦਾ ਪ੍ਰਧਾਨ ਅਵਤਾਰ ਸਿੰਘ ਦੇ ਕਾਰਜਕਾਲ ਦੌਰਾਨ ਅਨੇਕਾਂ ਵਾਰ ਅਜਿਹੇ ਤੱਥ ਪੇਸ਼ ਕੀਤੇ ਸਨ ਕਿ ਸੀ.ਬੀ.ਆਈ. ਲਈ ਕੰਮ ਕਰਦੇ ਪੰਜਾਬ ਪੁਲਿਸ ਦੇ ਇਕ ਅਧਿਕਾਰੀ ਰਣਜੀਤ ਸਿੰਘ ਨੰਦਾ ਤੇ ਪੁਲਿਸ ਮੁਲਾਜ਼ਮ ਸ਼ਬਦਲ ਸਿੰਘ ਨੇ ਮੰਨਿਆ ਸੀ ਕਿ ਉਨ੍ਹਾਂ ਭਾਰਤੀ ਫੌਜ ਵੱਲੋਂ 165 ਬੋਰਿਆਂ ਵਿਚ ਬੰਦ ਕੀਤਾ ਸਿੱਖ ਇਤਿਹਾਸ ਨਾਲ ਸਬੰਧਤ ਲਾਇਬ੍ਰੇਰੀ ਦਾ ਸਾਮਾਨ ਖੁਦ ਆਪਣੇ ਹੱਥੀ ਚੈੱਕ ਕੀਤਾ। ਫੌਜ ਵੱਲੋਂ ਵਾਰ-ਵਾਰ ਇਹ ਦਾਅਵਾ ਕੀਤਾ ਗਿਆ ਕਿ ਲਾਇਬ੍ਰੇਰੀ ਅੰਦਰਲਾ ਸਾਮਾਨ ਹਮਲੇ ਦੌਰਾਨ ਨਸ਼ਟ ਹੋ ਗਿਆ ਹੈ।

ਲੰਬੀ ਲੜਾਈ ਤੋਂ ਬਾਅਦ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਕੁਝ ਸਾਮਾਨ ਵਾਪਸ ਕੀਤਾ ਗਿਆ ਤਾਂ ਇਹ ਵੇਖ ਕੇ ਹੈਰਾਨੀ ਹੋਈ ਕਿ ਉਨ੍ਹਾਂ ਬੋਰਿਆਂ ਉਤੇ ਜੋ ਨੰਬਰ ਲਗਾਏ ਗਏ ਸਨ, ਉਹ ਮਿਲਟਰੀ ਦੀ ਰਿਕਾਰਡ ਸਾਂਭਣ ਵਾਲ਼ੀ ਭਾਸ਼ਾ ਵਿਚ ਸਨ। ਭਾਈ ਸਤਨਾਮ ਸਿੰਘ ਨੇ 2002 ਵਿਚ ਮਾਣਯੋਗ ਉੱਚ ਅਦਾਲਤ ਵਿਚ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਕੇਸ ਪੂਰੇ ਸਬੂਤਾਂ ਸਹਿਤ ਪੇਸ਼ ਕਰਕੇ ਲੜਿਆ ਸੀ ਤੇ 29 ਅਪਰੈਲ 2004 ਨੂੰ ਅਦਾਲਤ ਵੱਲੋਂ ਭਾਰਤ ਸਰਕਾਰ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਸਾਰੇ ਦਸਤਾਵੇਜ਼ ਵਾਪਸ ਕਰਨ ਦੇ ਹੁਕਮ ਵੀ ਦਿੱਤੇ ਗਏ ਸਨ ਪਰ ਅਜੇ ਤੱਕ ਥੋੜਾ ਸਾਮਾਨ ਹੀ ਮਿਲਿਆ।



## ਸ਼੍ਰੋਮਣੀ ਕਮੇਟੀ ਉਤੇ ਵੀ ਉਠਦੀ ਰਹੀ ਹੈ ਉਂਗਲ

ਦਰਬਾਰ ਸਾਹਿਬ 'ਤੇ ਫੌਜੀ ਹਮਲੇ ਵਿਚ ਮਾਰੇ ਗਏ ਸਿੱਖਾਂ ਤੇ ਇਸ ਅਪਰੇਸ਼ਨ ਨਾਲ ਜੁੜੇ ਹੋਰ ਮੁੱਦਿਆਂ ਨੂੰ ਸ਼੍ਰੋਮਣੀ ਕਮੇਟੀ ਨੇ ਕਦੇ ਵੀ ਗੰਭੀਰਤਾ ਨਾਲ ਕੇਂਦਰ ਸਰਕਾਰ ਕੋਲ ਨਹੀਂ ਉਠਾਇਆ। ਸਾਕਾ ਨੀਲਾ ਤਾਰਾ ਬਾਰੇ ਹੁਣ ਤੱਕ ਨਾ ਤਾਂ ਸ਼੍ਰੋਮਣੀ ਕਮੇਟੀ ਨੇ ਜਨਰਲ ਇਜਲਾਸ ਵਿਚ ਤੇ ਨਾ ਹੀ ਅਕਾਲੀ ਸਰਕਾਰ ਨੇ ਵਿਧਾਨ ਸਭਾ ਵਿਚ ਨਿੰਦਾ ਮਤਾ ਪਾਸ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਸਾਕਾ ਨੀਲਾ ਤਾਰਾ ਸਮੇਂ ਫੌਜ ਵੱਲੋਂ ਚੁੱਕੇ ਗਏ ਅਮੁੱਲੇ ਖਜ਼ਾਨੇ ਨੂੰ ਵਾਪਸ ਲਿਆਉਣ ਲਈ ਵੀ ਗੰਭੀਰਤਾ ਨਹੀਂ ਵਿਖਾਈ। ਸਿੱਖ ਜਥੇਬੰਦੀਆਂ ਕਮੇਟੀ ਦੀ ਇਸ ਅਣਗਹਿਲੀ 'ਤੇ ਸਵਾਲ ਉਠਾਉਂਦੀਆਂ ਆਈਆਂ ਹਨ। ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਅਮੁੱਲੇ ਖਜ਼ਾਨੇ ਵਿਚ ਹੱਥ ਲਿਖਤ ਬੀੜਾਂ ਤੇ ਖਰੜੇ ਤੇ ਹੋਰ ਧਾਰਮਿਕ ਸਾਹਿਤ ਸ਼ਾਮਲ ਸੀ, ਜਿਸ ਨੂੰ ਹੁਣ ਤੱਕ ਵਾਪਸ ਨਹੀਂ ਕੀਤਾ ਗਿਆ ਹੈ। ਛੇ ਜੂਨ ਨੂੰ ਹੋਏ ਬਰਸੀ ਸਮਾਗਮ ਵਿਚ ਹੀ ਮੁੱਦਾ ਉਠਿਆ।

## ਇੰਦਰਾ ਗਾਂਧੀ ਨੂੰ ਦੋਸ਼ੀ ਕਰਾਰ ਦੇਣਾ ਜਾਇਜ਼ ਕਰਾਰ



**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਬਰਸੀ ਸਮਾਗਮ ਸਮੇਂ ਕੀਤੀ ਅਰਦਾਸ ਵਿਚ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਸਾਕਾ ਨੀਲਾ ਤਾਰਾ ਲਈ ਦੋਸ਼ੀ ਕਰਾਰ ਦਿੱਤੇ ਜਾਣ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜਾਇਜ਼ ਕਰਾਰ ਦਿੱਤਾ ਹੈ। ਜਥੇਦਾਰ ਨੂੰ ਜਦੋਂ ਅਰਦਾਸ ਵਿਚ ਵਰਤੇ ਸ਼ਬਦਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਆਖਿਆ ਕਿ 'ਪਾਪੀ ਦਾ ਨਾਂ ਲੈਣਾ ਕੋਈ ਗੁਨਾਹ ਨਹੀਂ ਹੈ।'

ਸ੍ਰੀਮਤੀ ਇੰਦਰਾ ਗਾਂਧੀ ਨੇ ਉਸ ਵੇਲੇ ਪ੍ਰਧਾਨ ਮੰਤਰੀ ਹੁੰਦਿਆਂ ਭਾਰਤੀ ਫੌਜਾਂ ਨੂੰ ਹਮਲੇ ਦੀ ਆਗਿਆ ਦਿੱਤੀ ਸੀ, ਜਿਸ ਕਾਰਨ ਹਮਲੇ ਵਿਚ ਹਜ਼ਾਰਾਂ ਬੇਦੋਸ਼ੇ ਲੋਕ ਮਾਰੇ ਗਏ, ਜੋ ਕਿ ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਆਏ ਹੋਏ ਸਨ। ਇਨ੍ਹਾਂ ਬੇਦੋਸ਼ੇ ਲੋਕਾਂ ਵਿਚ ਔਰਤਾਂ, ਬੱਚੇ ਤੇ ਬਜ਼ੁਰਗ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਫੌਜਾਂ ਨੇ ਸਿੱਧੀਆਂ ਗੋਲੀਆਂ ਮਾਰੀਆਂ ਸਨ।

ਸਾਕਾ ਨੀਲਾ ਤਾਰਾ ਸਮੇਂ ਮਾਰੇ ਗਏ ਲੋਕਾਂ ਦੀ ਹੁਣ ਤੱਕ ਇਕ ਪੱਕੀ ਸੂਚੀ ਤਿਆਰ ਨਾ ਹੋਣ ਬਾਰੇ ਉਨ੍ਹਾਂ ਆਖਿਆ ਕਿ ਇਸ ਬਾਰੇ ਸਰਕਾਰ ਨੂੰ ਉਪਰਾਲਾ ਕਰਨਾ ਚਾਹੀਦਾ ਹੈ ਕਿਉਂਕਿ ਇਹ ਸਰਕਾਰਾਂ ਦੇ ਕੰਮ ਹਨ। ਉਨ੍ਹਾਂ ਆਖਿਆ ਕਿ ਸਾਕਾ ਨੀਲਾ ਤਾਰਾ ਦੀ ਬਰਸੀ ਸਮਾਗਮ ਦਾ ਮੰਤਵ ਜਿਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਹੈ, ਉਥੇ ਕੇਂਦਰ ਸਰਕਾਰ ਕੋਲੋਂ ਇਹ ਮੰਗ ਵੀ ਕੀਤੀ ਗਈ ਹੈ ਕਿ ਉਹ ਸਾਕਾ ਨੀਲਾ ਤਾਰਾ ਸਮੇਂ ਫੌਜ ਵੱਲੋਂ ਚੁੱਕੇ ਗਏ ਅਮੁੱਲੇ ਖਜ਼ਾਨੇ ਨੂੰ ਵਾਪਸ ਕਰੇ। ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਅਮੁੱਲੇ ਖਜ਼ਾਨੇ ਵਿਚ ਹੱਥ ਲਿਖਤ ਬੀੜਾਂ ਤੇ ਖਰੜੇ ਤੇ ਹੋਰ ਧਾਰਮਿਕ ਸਾਹਿਤ ਸ਼ਾਮਲ ਸੀ, ਜਿਸ ਨੂੰ ਹੁਣ ਤਕ ਵਾਪਸ ਨਹੀਂ ਕੀਤਾ ਗਿਆ ਹੈ।

# ਫੌਜੀ ਹਮਲੇ ਪਿੱਛੋਂ ਸੁੰਦਰੀਕਰਨ ਯੋਜਨਾ ਨੇ ਗੁਰੂ ਨਗਰੀ ਦੀ ਵਿਰਾਸਤੀ ਦਿੱਖ ਨੂੰ ਢਾਹ ਲਾਈ

**ਅੰਮ੍ਰਿਤਸਰ:** ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਤੇ ਇਸ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਸੁੰਦਰੀਕਰਨ ਯੋਜਨਾ ਦੇ ਨਾਂ ਹੇਠ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲਿਉਂ ਕਈ ਲੋਕਾਂ ਦੇ ਘਰ ਤੇ ਵਪਾਰਕ ਅਦਾਰੇ ਉਜੜ ਗਏ ਸਨ। ਉਸ ਸਮੇਂ ਇਸ ਧਾਰਮਿਕ ਸਥਾਨ ਦੇ ਆਲੇ ਦੁਆਲੇ ਦੀ ਵਿਰਾਸਤੀ ਦਿੱਖ ਨੂੰ ਵੀ ਢਾਹ ਲੱਗੀ ਸੀ। ਇਸ ਸ਼ਹਿਰ ਨੂੰ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਨੇ 1573 ਵਿਚ ਵਸਾਇਆ ਸੀ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ 52 ਕਿੱਤਿਆਂ ਨਾਲ ਸਬੰਧਤ ਲੋਕਾਂ ਨੂੰ ਵੱਖ-ਵੱਖ ਥਾਵਾਂ ਤੋਂ ਲਿਆ ਕੇ ਵਸਾਇਆ। ਇਸ ਸ਼ਹਿਰ ਵਿਚ ਜਿਸ ਕਿੱਤੇ ਨਾਲ ਸਬੰਧਤ ਲੋਕ ਆ ਕੇ ਵਸੇ, ਉਨ੍ਹਾਂ ਦੇ ਕਿੱਤੇ ਨਾਲ ਸਬੰਧਤ ਨਾਂ ਵਾਲਾ ਇਲਾਕਾ ਬਣ ਗਿਆ। ਇਹ ਤੰਗ ਤੇ ਭੀੜੇ ਬਾਜ਼ਾਰ ਇਸ ਪੁਰਾਤਨ ਸ਼ਹਿਰ ਦੇ ਵਿਰਸੇ ਦਾ ਇਕ ਹਿਸਾ ਸਨ।

ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਤੇ ਖਾਸ ਕਰਕੇ ਸ੍ਰੀ ਅਕਾਲ ਤਖ਼ਤ ਦੇ ਆਲੇ ਦੁਆਲੇ ਕਈ ਪੁਰਾਣੇ ਬਾਜ਼ਾਰ ਤੇ ਘਰ ਅੱਗ ਨਾਲ ਸੜ ਕੇ ਤਬਾਹ ਹੋ ਗਏ ਸਨ। ਮਗਰੋਂ 1988 ਵਿਚ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸੁੰਦਰੀਕਰਨ ਯੋਜਨਾ ਦੇ ਨਾਂ ਹੇਠ ਗਲਿਆਰਾ ਬਣਾਇਆ ਗਿਆ। ਇਹ ਗਲਿਆਰਾ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਬਣਾਇਆ ਗਿਆ ਸੀ। ਇਸ ਗਲਿਆਰੇ ਨੂੰ ਬਣਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਤੋਂ 30 ਮੀਟਰ ਦੇ ਘੇਰੇ ਹੇਠ ਆਉਂਦੇ ਸੈਂਕੜੇ ਘਰ ਤੇ ਸੈਂਕੜੇ ਦੁਕਾਨਾਂ ਢਹਿ ਢੇਰੀ ਕਰ ਦਿੱਤੀਆਂ ਗਈਆਂ, ਜਿਸ ਕਾਰਨ ਰਿਹਾਇਸ਼ੀ ਤੇ ਵਪਾਰਕ ਪੱਧਰ ਉਤੇ ਹਜ਼ਾਰਾਂ ਲੋਕ ਉਜੜ ਗਏ ਸਨ, ਜਿਨ੍ਹਾਂ ਨੂੰ ਮੁੜ ਸਥਾਪਤ ਹੁੰਦਿਆਂ ਕਈ ਸਾਲ ਲੱਗੇ ਤੇ ਅੱਜ ਵੀ ਕਈ ਅਜਿਹੇ ਲੋਕ ਹਨ, ਜੋ ਹੁਣ ਤੱਕ ਸਥਾਪਤ ਨਹੀਂ ਹੋ ਪਾਏ ਹਨ। ਉਸ ਵੇਲੇ ਤਕਰੀਬਨ 859 ਪਰਿਵਾਰਾਂ ਨੂੰ ਇਥੋਂ ਹਟਾਇਆ ਗਿਆ ਸੀ। ਤਕਰੀਬਨ 500 ਰਿਹਾਇਸ਼ੀ ਇਮਾਰਤਾਂ ਢਹਿ ਢੇਰੀ ਕੀਤੀਆਂ ਗਈਆਂ ਸਨ। ਇਸੇ ਤਰ੍ਹਾਂ 1150 ਦੁਕਾਨਾਂ ਢਾਹ ਦਿੱਤੀਆਂ ਸਨ, ਜਿਨ੍ਹਾਂ ਵਿਚ ਦੁਕਾਨ ਮਾਲਕ ਤੇ ਕਿਰਾਏਦਾਰ ਵੀ ਸ਼ਾਮਲ ਸਨ। ਇਥੋਂ ਉਜਾੜੇ ਗਏ ਦੁਕਾਨਦਾਰਾਂ ਦੀ ਮਗਰੋਂ ਆਈ.ਡੀ.ਐਚ. ਮਾਰਕੀਟ, ਸ਼ਹੀਦ ਭਗਤ ਸਿੰਘ ਮਾਰਕੀਟ, ਪਿੰਕ ਪਲਾਜ਼ਾ ਤੇ ਹੋਰ ਥਾਵਾਂ ਉਤੇ ਦੁਕਾਨਾਂ ਦਿੱਤੀਆਂ ਸਨ।

ਇਸ ਕਾਰਵਾਈ ਦੌਰਾਨ ਕਈ ਵਿਰਾਸਤੀ ਬਾਜ਼ਾਰ, ਗਲੀਆਂ, ਮੁਹੱਲੇ ਵੀ ਸੁੰਦਰੀਕਰਨ ਯੋਜਨਾ ਦੀ ਭੇਟ ਚੜ੍ਹ ਗਏ ਸਨ, ਜਿਨ੍ਹਾਂ ਵਿਚ ਪ੍ਰਮੁੱਖ ਮੁਨਿਆਰਾ ਵਾਲਾ ਬਾਜ਼ਾਰ, ਥੜ੍ਹਾ ਸਾਹਿਬ ਬਾਜ਼ਾਰ, ਪਾਪੜਾਂ ਵਾਲਾ ਬਾਜ਼ਾਰ, ਮਾਈ ਸੇਵਾ ਬਾਜ਼ਾਰ ਦਾ ਹਿੱਸਾ, ਆਟਾ ਮੰਡੀ ਬਾਜ਼ਾਰ ਦਾ ਹਿੱਸਾ, ਕੌਲਸਰ ਬਾਜ਼ਾਰ, ਬਾਬਾ ਸਾਹਿਬ ਬਾਜ਼ਾਰ ਦਾ ਹਿਸਾ, ਮੋਚੀ ਬਾਜ਼ਾਰ, ਘੰਟਾ ਘਰ ਚੌਕ ਦਾ ਹਿੱਸਾ, ਕਾਠੀਆਂ ਵਾਲਾ ਬਾਜ਼ਾਰ, ਛੱਤੀ ਖੂਹੀ ਬਾਜ਼ਾਰ ਦਾ ਹਿੱਸਾ ਆਦਿ ਸ਼ਾਮਲ ਸੀ। ਇਨ੍ਹਾਂ ਵਿਰਾਸਤੀ ਬਾਜ਼ਾਰਾਂ ਦੀ ਹੁਣ ਹੋਂਦ ਹੀ ਖ਼ਤਮ ਹੋ ਚੁੱਕੀ ਹੈ। ਇਨ੍ਹਾਂ ਬਾਜ਼ਾਰਾਂ ਵਿਚ ਵਧੇਰੇ ਲੋਕਾਂ ਦੇ ਉਪਰ ਰਿਹਾਇਸ਼ੀ ਘਰ ਤੇ ਹੇਠਾਂ ਦੁਕਾਨਾਂ ਹੁੰਦੀਆਂ ਸਨ, ਜੋ ਕਿ ਇਸ ਵਿਰਾਸਤੀ ਸ਼ਹਿਰ ਦੇ ਕਿਰਦਾਰ ਦਾ ਇਕ ਹਿੱਸਾ ਸੀ। ਉਪਰ ਮਕਾਨ ਤੇ ਹੇਠਾਂ ਦੁਕਾਨ ਦਾ ਮਤਲਬ ਸੀ ਕਿ ਇਹ ਲੋਕ 24 ਘੰਟੇ ਕੰਮ ਕਰਦੇ ਸਨ ਤੇ ਉਨ੍ਹਾਂ ਨੂੰ ਕੰਮ ਦੌਰਾਨ ਘਰ ਦਾ ਵਖਰੇਵਾਂ ਮਹਿਸੂਸ ਨਹੀਂ ਹੁੰਦਾ ਸੀ। ਗਲਿਆਰਾ ਯੋਜਨਾ ਕਾਰਨ ਇਸ ਵਿਰਾਸਤੀ ਸ਼ਹਿਰ ਦਾ ਇਹ ਪੁਰਾਤਨ ਕਿਰਦਾਰ ਲਗਭਗ ਖਤਮ ਹੋ ਗਿਆ ਹੈ। ਉਸ ਵੇਲੇ ਦੇ ਪ੍ਰਭਾਵਿਤ ਦੁਕਾਨਦਾਰ ਗੁਰਜੀਤ ਸਿੰਘ ਭੋਲਾ ਨੇ ਦੱਸਿਆ ਕਿ ਉਨ੍ਹਾਂ ਦੇ ਪੁਰਖਿਆਂ ਦੀ ਦੁਕਾਨ ਮੁਨਿਆਰਾ ਵਾਲਾ ਬਾਜ਼ਾਰ ਵਿਚ ਹੁੰਦੀ ਸੀ। ਸਾਕਾ ਨੀਲਾ ਤਾਰਾ ਸਮੇਂ ਉਨ੍ਹਾਂ ਦੀ ਦੁਕਾਨ ਤਬਾਹ ਹੋ ਗਈ ਸੀ। ਮਗਰੋਂ ਗਲਿਆਰਾ ਯੋਜਨਾ ਸਮੇਂ ਇਸ ਦੁਕਾਨ ਤੇ ਮਕਾਨ ਨੂੰ ਢਾਹ ਢੇਰੀ ਕਰ ਦਿੱਤਾ ਗਿਆ। ਉਸ ਵੇਲੇ ਅਕਾਲ ਤਖ਼ਤ ਦੇ ਪਿਛਲੇ ਪਾਸੇ ਤੰਗ ਤੇ ਭੀੜੇ ਬਾਜ਼ਾਰ ਸਨ ਤੇ ਹਰ ਵੇਲੇ ਹੀ ਸ਼ਰਧਾਲੂਆਂ ਤੇ ਵਪਾਰੀਆਂ ਦੀ ਭੀੜ ਹੁੰਦੀ ਸੀ। ਦੇਰ ਰਾਤ ਤੱਕ ਵਪਾਰ ਤੇ ਕਾਰੋਬਾਰ ਚੱਲਦਾ ਸੀ। ਹੁਣ ਇਸ ਥਾਂ ਦੀ ਉਹ ਵਿਰਾਸਤੀ ਦਿੱਖ ਖਤਮ ਹੋ ਗਈ ਹੈ।



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸ੍ਰੀ ਗੁਰੂ ਰਾਮਦਾਸ ਪਲਾਨਿੰਗ ਵਿਭਾਗ ਦੇ ਪ੍ਰੋ. ਬਲਵਿੰਦਰ ਸਿੰਘ ਨੇ ਆਖਿਆ ਕਿ ਸਾਕਾ ਨੀਲਾ ਤਾਰਾ ਤੇ ਗਲਿਆਰਾ ਯੋਜਨਾ ਕਾਰਨ ਇਸ ਅਸਥਾਨ ਦੇ ਆਲੇ ਦੁਆਲੇ ਦਾ ਪੁਰਾਤਨ ਕਿਰਦਾਰ ਤੇ ਰੂਪ ਖਤਮ ਹੋ ਗਿਆ ਹੈ। ਇਸ ਦੇ ਨਾਲ ਹੀ ਇਥੇ ਰਹਿੰਦੇ ਲੋਕਾਂ ਦਾ ਜੀਵਨ ਜਿਉਣ ਦਾ ਢੰਗ ਵੀ ਪ੍ਰਭਾਵਿਤ ਹੋਇਆ ਹੈ। ਵਿਰਾਸਤੀ ਸਰੂਪ ਦੇ ਪ੍ਰਭਾਵਿਤ ਹੋਣ ਨਾਲ ਗੁਰੂ ਸਾਹਿਬ ਦੀ ਸੋਚ ਵੀ ਪ੍ਰਭਾਵਿਤ ਹੋਈ ਹੈ। ਉਨ੍ਹਾਂ ਇਸ ਥਾਂ ਦੇ ਆਲੇ ਦੁਆਲੇ ਦੇ ਇਲਾਕਿਆਂ ਨੂੰ ਇਸੇ ਸੋਚ ਨਾਲ ਵਸਾਇਆ ਸੀ ਕਿ ਲੋਕ ਨਾ ਸਿਰਫ ਗੁਰੂ ਘਰ ਨਤਮਸਤਕ ਹੋਣ ਸਗੋਂ ਉਨ੍ਹਾਂ ਦਾ ਵਪਾਰ ਵੀ ਵਧੇ ਫੁੱਲੇ। ਇਤਿਹਾਸਕ ਇਮਾਰਤਾਂ ਦੇ ਆਲੇ ਦੁਆਲੇ ਨੂੰ ਜਿਵੇਂ ਦਾ ਤਿਵੇਂ ਬਰਕਰਾਰ ਰੱਖਣ ਲਈ ਯਤਨ ਹੋਣੇ ਚਾਹੀਦੇ ਹਨ।

# ਬਾਦਲ ਵਲੋਂ ਪੂਣੇ ਵਿਚ ਸ਼ਹੀਦ ਰਾਜਗੁਰੂ ਨੂੰ ਸ਼ਰਧਾਂਜਲੀਆਂ

**ਪੂਣੇ (ਮਹਾਂਰਾਸ਼ਟਰ):** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸਾਥੀ ਸ੍ਰੀ ਸ਼ਿਵਰਾਮ ਹਰੀ ਰਾਜਗੁਰੂ ਨੂੰ ਉਨ੍ਹਾਂ ਦੇ ਜਨਮ ਸਥਾਨ ਉਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਉਨ੍ਹਾਂ ਦੇ ਨਾਂ ਉਤੇ ਵਸੀ ਨਗਰੀ ਦੇ ਸੁੰਦਰੀਕਰਨ ਲਈ 10 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ।

ਸ. ਬਾਦਲ ਨੇ ਇਸ ਕ੍ਰਾਂਤੀਕਾਰੀ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਵੀ ਕੀਤੀ। ਸ਼ਹੀਦ ਰਾਜਗੁਰੂ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਤੇ ਸ਼ਹੀਦ ਸੁਖਦੇਵ ਥਾਪਰ ਨਾਲ ਕੌਮੀ ਆਜ਼ਾਦੀ ਸੰਘਰਸ਼ ਵਿਚ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ।। ਸ. ਬਾਦਲ ਨੇ ਆਖਿਆ ਕਿ ਇਨ੍ਹਾਂ ਤਿੰਨਾਂ ਮਹਾਨ ਸਪੂਤਾਂ ਦੀ ਜ਼ਿੰਦਗੀ ਤੇ ਸੰਘਰਸ਼ ਲੱਖਾਂ ਨੌਜਵਾਨਾਂ ਲਈ ਪ੍ਰੇਰਨਾ ਦਾ ਸ੍ਰੋਤ ਹੈ ਜਿਨ੍ਹਾਂ ਨੇ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਬਰਤਾਨਵੀ ਹਕੂਮਤ ਖਿਲਾਫ ਜੰਗ ਲੜੀ।

ਰਾਜਗੁਰੂ ਨਗਰ ਦੇ ਸੁੰਦਰੀਕਰਨ ਲਈ 10 ਲੱਖ ਰੁਪਏ ਦੀ ਗਰਾਂਟ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਇਹ ਸਮੁੱਚੇ ਪੰਜਾਬੀਆਂ ਵੱਲੋਂ ਕੌਮੀ ਨਾਇਕ ਪ੍ਰਤੀ ਨਿਮਾਣੀ ਜਿਹੀ ਸ਼ਰਧਾਂਜਲੀ ਹੈ। ਮੁੱਖ ਮੰਤਰੀ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਰਾਜਗੁਰੂ ਨਗਰ ਦੇ ਨਾਲ ਸਥਿਤ ਅੰਬੇਦਕਰ ਨਗਰ ਲਈ ਵੀ ਪੰਜ ਲੱਖ ਰੁਪਏ ਦੀ ਗਰਾਂਟ ਦਾ ਐਲਾਨ ਕੀਤਾ।

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਬਸ ਵਿਆਜ ਤਾਰਨ ਜੋਗਾ ਹੀ ਰਹਿ ਗਿਆ ਆਪਣਾ ਪੰਜਾਬ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਲਏ ਜਾਂਦੇ ਕਰਜ਼ੇ ਦਾ 70 ਫੀਸਦੀ ਹਿੱਸਾ ਪਹਿਲਾਂ ਲਏ ਕਰਜ਼ੇ ਦਾ ਵਿਆਜ ਅਦਾ ਕਰਨ ਵਿਚ ਹੀ ਨਿਕਲ ਜਾਂਦਾ ਹੈ। ਸਰਕਾਰ ਵੱਲੋਂ ਵਿੱਤੀ ਪੱਖ ਤੋਂ ਠੋਸ ਵਿਉਂਤਬੰਦੀ ਨਾ ਕੀਤੇ ਹੋਣ ਕਾਰਨ ਕਰਜ਼ੇ ਦਾ ਭਾਰ ਹੌਲਾ ਕਰਨ ਦਾ ਕੋਈ ਰਾਹ ਦਿਖਾਈ ਨਹੀਂ ਦੇ ਰਿਹਾ।

ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ (ਕੈਗ) ਨੇ ਸਰਕਾਰ ਵੱਲੋਂ ਸਰਕਾਰੀ ਪੈਸੇ ਨੂੰ ਬੇਦਰਦੀ ਨਾਲ ਖ਼ਰਚ ਕਰਨ, ਜਨਤਕ ਖੇਤਰ ਦੇ ਅਦਾਰਿਆਂ ਨੂੰ ਡੋਬਣ ਤੇ ਪੂੰਜੀਗਤ ਖਰਚ ਤੋਂ ਮੂੰਹ ਮੋੜ ਲੈਣ ਦੇ ਤੱਥ ਉਜਾਗਰ ਕੀਤੇ ਹਨ। ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧਨ ਤੋਂ ਮੂੰਹ ਮੋੜ ਲੈਣ ਦੇ ਦੋਸ਼ ਲਾਉਂਦਿਆਂ ਕੈਗ ਨੇ ਕਿਹਾ ਹੈ ਕਿ ਸਰਕਾਰ ਨੇ 2003 ਵਿਚ 'ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧਨ ਐਕਟ' ਤਾਂ ਪਾਸ ਕਰ ਦਿੱਤਾ ਪਰ ਐਕਟ ਮੁਤਾਬਕ ਵਿੱਤੀ ਘਾਟੇ ਨੂੰ ਨੱਥ ਪਾਉਣ ਲਈ ਕੱਖ ਨਹੀਂ ਕੀਤਾ। ਕੈਗ ਨੇ ਮਾਲੀ ਵਰ੍ਹੇ 2013-14 ਦੇ ਵਿੱਤੀ ਲੇਖੇ ਜੋਖੇ ਦੀ ਰਿਪੋਰਟ ਵਿਧਾਇਕਾਂ ਨੂੰ ਭੇਜੀ ਹੈ। ਇਸ ਰਿਪੋਰਟ ਵਿਚ ਸਾਲ 2009-10 ਤੋਂ 2013-14 ਤੱਕ ਦੇ ਸਮੇਂ ਦੀ ਸਮੀਖਿਆ ਕਰਦਿਆਂ ਕਿਹਾ ਗਿਆ ਹੈ ਕਿ ਸਰਕਾਰ ਦੀਆਂ ਮਾਲੀ ਪ੍ਰਾਪਤੀਆਂ ਵਿਚ ਤਾਂ ਇਸ ਸਮੇਂ ਦੌਰਾਨ 11.69 ਫੀਸਦੀ ਦਾ ਵਾਧਾ ਹੋਇਆ ਹੈ ਜਦੋਂ ਕਿ ਖਰਚ 10.39 ਫੀਸਦੀ ਦੀ ਦਰ ਨਾਲ ਵਧ ਗਿਆ। ਇਸ ਤੋਂ ਸਪੱਸ਼ਟ ਹੈ ਕਿ ਸਰਕਾਰ ਕੋਲ ਵਿਕਾਸ ਲਈ ਫੰਡ ਉਪਲਬਦ ਨਹੀਂ ਹਨ।

### ਪੈਰਾਂ ਸਿਰ ਹੁਣ ਲਈ ਕੋਈ ਵਿਉਂਤਬੰਦੀ ਨਹੀਂ




ਪੰਜਾਬ ਸਰਕਾਰ ਸਿਰ ਇਸ ਸਮੇਂ ਸਵਾ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਸੂਬੇ ਦੀ ਮਾਲੀ ਹਾਲਤ ਕੌਮੀ ਪੱਧਰ ਉਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕੈਗ ਨੇ ਸਰਕਾਰ ਉਤੇ ਲਗਾਤਾਰ ਵਧਦੇ ਕਰਜ਼ੇ ਬਾਰੇ ਸਵਾਲ ਖੜ੍ਹਾ ਕਰਦਿਆਂ ਕਿਹਾ ਹੈ ਕਿ ਸਾਲ 2009-10 ਤੋਂ 2013-14 ਦਰਮਿਆਨ ਇਹ ਕਰਜ਼ਾ 9.55 ਫੀਸਦੀ ਦੀ ਦਰ ਨਾਲ ਵਧਿਆ।

ਸਾਲ 2009-10 ਵਿਚ ਇਹ ਕਰਜ਼ਾ 53252 ਕਰੋੜ ਰੁਪਏ ਸੀ ਤਾਂ 2013-14 ਤੱਕ ਇਹ ਕਰਜ਼ਾ ਵਧ ਕੇ 78669 ਕਰੋੜ ਰੁਪਏ ਹੋ ਗਿਆ। ਕੈਗ ਦੀ ਰਿਪੋਰਟ ਮੁਤਾਬਕ ਮਾਰਕੀਟ ਵਿਚੋਂ ਚੁੱਕੇ ਆਧਾਰ ਦੀ ਪ੍ਰਤੀਸ਼ਤਤਾ 42 ਫੀਸਦੀ ਤੋਂ ਵਧ ਕੇ 64 ਫੀਸਦੀ ਹੋ ਗਈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੇ ਖੁੱਲ੍ਹੇ ਬਾਜ਼ਾਰ ਵਿਚੋਂ ਲਏ ਕਰਜ਼ਿਆਂ ਤੋਂ ਮੁਕਤੀ ਪਾਉਣ ਲਈ ਸਿੰਕਿੰਗ ਫੰਡ ਦਾ ਗਠਨ ਕੀਤਾ ਪਰ 2013-14 ਦੌਰਾਨ ਸਿੰਕਿੰਗ ਫੰਡ ਵਿਚ ਕੋਈ ਬਕਾਇਆ ਨਹੀਂ ਸੀ। ਸਿੰਕਿੰਗ ਫੰਡ ਦੀ ਅਣਹੋਂਦ ਕਾਰਨ ਸਰਕਾਰ ਕੋਲ ਪਹਿਲਾਂ ਲਏ ਕਰਜ਼ਿਆਂ ਨੂੰ ਉਤਾਰਨ ਲਈ ਨਵਾਂ ਕਰਜ਼ਾ ਚੁੱਕਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਸਾਲ 2013-14 ਦੀ ਵਿੱਤੀ ਰਿਪੋਰਟਿੰਗ ਕਰਦਿਆਂ ਕੈਗ ਨੇ ਕਿਹਾ ਹੈ ਕਿ 134.85 ਕਰੋੜ ਰੁਪਏ ਦੇ 132 ਵਰਤੋਂ ਸਰਟੀਫਿਕੇਟ ਭੇਜੇ ਨਹੀਂ ਗਏ। ਰਿਪੋਰਟ ਵਿਚ ਵੱਡਾ ਨੁਕਤਾ ਉਠਾਉਂਦਿਆਂ ਕਿਹਾ ਗਿਆ ਹੈ ਕਿ ਸਰਕਾਰੀ ਪੈਸੇ ਦੀ ਚੋਰੀ, ਨੁਕਸਾਨ ਤੇ ਘਾਲੇ-ਮਾਲੇ ਦੀਆਂ 139 ਕਰੋੜ ਰੁਪਏ ਦੀਆਂ 161 ਉਦਾਹਰਣਾਂ ਹਨ।

ਪੰਜਾਬ ਦੇ ਵਿਭਾਗਾਂ ਦੀ ਲਾਪਰਵਾਹੀ ਦਾ ਜ਼ਿਕਰ ਕਰਦਿਆਂ ਕੈਗ ਨੇ ਕਿਹਾ ਹੈ ਕਿ ਮਿੰਨੀ ਬੱਸਾਂ, ਸਕੂਲ ਬੱਸਾਂ, ਗੁਡਜ਼ ਵਾਹਨਾਂ ਤੇ ਯਾਤਰੀ ਬੱਸਾਂ ਨਾਲ ਸਬੰਧਤ 7.18 ਕਰੋੜ ਰੁਪਏ ਦਾ ਮੋਟਰ ਵਾਹਨ ਕਰ ਨਾ ਤਾਂ ਮਾਲਕਾਂ ਨੇ ਅਦਾ ਕੀਤਾ ਤੇ ਨਾ ਹੀ ਸਬੰਧਤ ਟਰਾਂਸਪੋਰਟ ਅਧਿਕਾਰੀਆਂ ਵੱਲੋਂ ਮੰਗਿਆ ਗਿਆ।

ਇਸੇ ਤਰ੍ਹਾਂ 17.64 ਲੱਖ ਰੁਪਏ ਦੇ ਮੋਟਰ ਵਾਹਨ ਕਰ ਦੀ ਉਗਰਾਹੀ ਘੱਟ ਕੀਤੀ ਗਈ ਤੇ ਟਰਾਂਸਪੋਰਟ ਵਿਭਾਗ ਨੇ ਹੀ 6.5 ਕਰੋੜ ਰੁਪਏ ਦੇ ਮਾਲੀਆ ਦੀ ਉਗਰਾਹੀ ਨਹੀਂ ਕੀਤੀ। ਮਾਲ ਵਿਭਾਗ ਦੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਉਤੇ ਟਿੱਪਣੀ ਕਰਦਿਆਂ ਕੈਗ ਨੇ ਕਿਹਾ ਹੈ ਕਿ ਰਿਹਾਇਸ਼ੀ ਜਾਇਦਾਦਾਂ ਨੂੰ ਖੇਤੀਯੋਗ ਜ਼ਮੀਨ ਵਜੋਂ ਵਰਗੀਕਰਨ ਕਰਕੇ 58 ਵਿਲਖਾਂ ਵਿਚ 2.53 ਕਰੋੜ ਰੁਪਏ ਦੀ ਅਸ਼ਟਾਮ ਡਿਊਟੀ ਤੇ ਪੰਜੀਕਰਨ ਫੀਸ ਘੱਟ ਲਗਾਈ ਗਈ। ਪੰਜਾਬ ਸਰਕਾਰ ਦੇ ਚਾਰ ਜਨਤਕ ਖੇਤਰ ਦੇ ਅਦਾਰਿਆਂ ਨੇ ਆਡਿਟਿੰਗ ਦੇ ਸਾਲ ਦੌਰਾਨ ਭਾਰੀ ਘਾਟਾ ਦਿਖਾਇਆ ਹੈ। ਇਨ੍ਹਾਂ ਵਿਚ ਪੰਜਾਬ ਰਾਜ ਗਰੇਨਜ਼ ਪ੍ਰਕਿਉਰਮੈਂਟ ਨਿਗਮ 413.86 ਕਰੋੜ ਰੁਪਏ, ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ 267.86 ਕਰੋੜ ਰੁਪਏ, ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ 43.27 ਕਰੋੜ ਰੁਪਏ ਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ 10.97 ਕਰੋੜ ਰੁਪਏ ਸ਼ਾਮਲ ਹੈ।

ਸਮਾਜ ਭਲਾਈ ਦੇ ਖੇਤਰ ਵਿਚ ਸਰਕਾਰੀ ਕਾਰਗੁਜ਼ਾਰੀ ਉਤੇ ਟਿੱਪਣੀ ਕਰਦਿਆਂ ਕੈਗ ਨੇ ਕਿਹਾ ਹੈ ਕਿ ਸ਼ਗਨ ਸਕੀਮ ਦੇ ਲਾਭਪਾਤਰੀਆਂ ਨੂੰ ਇਕ ਸਾਲ ਤੋਂ ਚਾਰ ਸਾਲ ਤੱਕ ਦੀ ਦੇਰੀ ਨਾਲ ਮਾਲੀ ਸਹਾਇਤਾ ਦਿੱਤੀ ਗਈ। ਲੜਕੀਆਂ ਨੂੰ ਸੈਕੰਡਰੀ ਸਿੱਖਿਆ ਲਈ ਉਤਸ਼ਾਹਤ ਕਰਨ ਲਈ 3.3 ਕਰੋੜ ਰੁਪਏ ਦੇ ਫੰਡ ਵੰਡੇ ਹੀ ਨਹੀਂ ਗਏ। ਕੈਗ ਵੱਲੋਂ ਕੀਤੀਆਂ ਇਨ੍ਹਾਂ ਟਿੱਪਣੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਦੀ ਲੀਹੋਂ ਲਹਿ ਚੁੱਕੀ ਮਾਲੀ ਹਾਲਤ ਨੂੰ ਪੈਰਾਂ ਸਿਰ ਕਰਨ ਲਈ ਸਰਕਾਰੀ ਪੱਧਰ ਉਤੇ ਕੋਈ ਵਿਉਂਤਬੰਦੀ ਨਹੀਂ ਕੀਤੀ ਜਾ ਰਹੀ।

### ਬਾਦਲ ਪਰਿਵਾਰ ਦੇ ਹਿੱਤਾਂ ਕਾਰਨ ਹਾਲਤ ਨਿਘਰੀ: ਕੈਪਟਨ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਉਪ ਆਗੂ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਬਾਦਲ ਪਰਿਵਾਰ ਦੇ ਨਿੱਜੀ ਹਿੱਤਾਂ ਕਰਕੇ ਸੂਬੇ ਦੀ ਆਰਥਿਕ ਹਾਲਤ ਨਿਘਰ ਗਈ ਹੈ ਤੇ ਇਸ ਨੂੰ ਮੁੜ ਲੀਹ ਉਤੇ ਲਿਆਉਣਾ ਵੱਡਾ ਕੰਮ ਹੈ। ਉਧਰ ਵਿਧਾਨ ਸਭਾ ਵਿਚ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਮੰਗ ਕੀਤੀ ਹੈ ਕਿ ਸੂਬੇ ਦੀ ਵਿਗੜ ਚੁੱਕੀ ਵਿੱਤੀ ਹਾਲਤ ਉਤੇ ਵਿਚਾਰ ਚਰਚਾ ਕਰਨ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸੰਗਤ ਦਰਸ਼ਨ ਰਾਹੀਂ ਲੋਕਾਂ ਦਾ ਪੈਸਾ ਹਮਾਇਤੀਆਂ ਨੂੰ ਵੰਡਣ ਦਾ ਪ੍ਰੋਗਰਾਮ ਬੰਦ ਕਰਨ।

## ਜ਼ਮੀਨ ਘੁਟਾਲਾ ਕੇਸ ਵਿਚ ਪੇਸ਼ ਨਾ ਹੋਏ ਕੈਪਟਨ ਸਣੇ ਛੇ ਮੁਲਜ਼ਮ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਮਾਮਲੇ ਵਿਚ ਨਾਮਜ਼ਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਾਬਕਾ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਹੋਰਨਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਮਾਮਲੇ ਦੀ ਅਗਲੀ ਸੁਣਵਾਈ ਜ਼ਿਲ੍ਹਾ ਅਦਾਲਤ ਨੇ 13 ਜੁਲਾਈ ਉਤੇ ਅੱਗੇ ਪਾ ਦਿੱਤੀ ਹੈ। ਕੇਸ ਦੀ ਸੁਣਵਾਈ ਮੌਕੇ ਸਾਬਕਾ ਕੈਪਟਨ ਸਮੇਤ ਬਲਜੀਤ ਸਿੰਘ, ਮਹੇਸ਼ ਖੰਨਾ, ਅਸ਼ਵਨੀ ਕਾਲੇ ਸ਼ਾਹ, ਰਾਜੀਵ ਭਗਤ ਅਤੇ ਰਜਿੰਦਰ ਸ਼ਰਮਾ ਅਦਾਲਤ ਵਿਚ ਪੇਸ਼ ਨਹੀਂ ਹੋਏ। ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਵਕੀਲਾਂ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਨਵੀਂ ਦਿੱਲੀ ਵਿਚ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਜ਼ਰੂਰੀ ਮੀਟਿੰਗ ਕਾਰਨ ਉਹ ਪੇਸ਼ੀ ਉਤੇ ਹਾਜ਼ਰ ਨਹੀਂ ਹੋ ਸਕਦੇ। ਇਸੇ ਤਰ੍ਹਾਂ ਬਾਕੀ ਪੰਜ ਮੁਲਜ਼ਮਾਂ ਨੇ ਆਪੋ ਆਪਣੇ ਵਕੀਲਾਂ ਰਾਹੀਂ ਵੱਖੋ-ਵੱਖ ਅਰਜ਼ੀਆਂ ਦਾਇਰ ਕਰਕੇ ਨਿੱਜੀ ਪੇਸ਼ੀ ਤੋਂ ਛੋਟ ਦੇਣ ਦੀ ਮੰਗੀ ਕੀਤੀ। ਅਦਾਲਤ ਨੇ ਕੈਪਟਨ ਸਣੇ ਸਾਰੇ ਮੁਲਜ਼ਮਾਂ ਦੀਆਂ ਅਰਜ਼ੀਆਂ ਮਨਜ਼ੂਰ ਕਰ ਲਈਆਂ।

## ਅਦਾਲਤ ਵਲੋਂ ਡੇਰਾ ਮੁਖੀ ਦੀਆਂ ਤਿੰਨੇ ਪਟੀਸ਼ਨਾਂ ਖਾਰਜ

**ਸਿਰਸਾ:** ਡੇਰਾ ਸਿਰਸਾ ਮੁਖੀ ਨੇ ਸਾਧਵੀ ਜਬਰ ਜਨਾਹ ਤੋਂ ਇਲਾਵਾ ਪੱਤਰਕਾਰ ਰਾਮ ਚੰਦਰ ਛਤਰਪਤੀ ਤੇ ਰਣਜੀਤ ਕਤਲ ਦੇ ਮਾਮਲੇ ਵਿਚ ਸੀ.ਬੀ.ਆਈ. ਦੀ ਅਦਾਲਤ ਵਿਚ ਪੇਸ਼ੀ ਭੁਗਤੀ। ਪੇਸ਼ੀ ਦੌਰਾਨ ਡੇਰਾ ਮੁਖੀ ਵੱਲੋਂ ਪਾਈਆਂ ਗਈਆਂ ਤਿੰਨ ਪਟੀਸ਼ਨਾਂ ਅਦਾਲਤ ਨੇ ਖਾਰਜ ਕਰ ਦਿੱਤੀਆਂ। ਇਸ ਦੇ ਨਾਲ ਹੀ ਉਨ੍ਹਾਂ ਨੂੰ ਵਿਦੇਸ਼ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ।



ਕੇਸਾਂ ਦੀ ਅਗਲੀ ਪੇਸ਼ੀ ਚਾਰ ਜੁਲਾਈ ਤੈਅ ਕੀਤੀ ਗਈ ਹੈ। ਡੇਰਾ ਸਿਰਸਾ ਮੁਖੀ ਨੇ ਸਾਧਵੀ ਜਬਰ ਜਨਾਹ ਤੋਂ ਇਲਾਵਾ ਪੱਤਰਕਾਰ ਰਾਮ ਚੰਦਰ ਛਤਰਪਤੀ ਤੇ ਰਣਜੀਤ ਸਿੰਘ ਦੇ ਕਤਲ ਕੇਸ ਵਿਚ ਅਦਾਲਤ ਵਿਚ ਪੇਸ਼ੀ ਭੁਗਤੀ। ਪੇਸ਼ੀ ਦੌਰਾਨ ਜ਼ਿਲ੍ਹਾ ਪੁਲਿਸ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਡੇਰਾ ਪ੍ਰੇਮੀ ਵੀ ਵੱਡੀ ਗਿਣਤੀ ਵਿਚ ਅਦਾਲਤ ਦੇ ਬਾਹਰ ਤੇ ਅਦਾਲਤ ਨੂੰ ਜਾਣ ਵਾਲੀ ਸੜਕ ਉਤੇ ਤਾਇਨਾਤ ਰਹੇ।


ਡੇਰਾ ਸਿਰਸਾ ਮੁਖੀ ਉਤੇ ਇਹ ਕੇਸ ਸੀ.ਬੀ.ਆਈ. ਦੀ ਪੰਚਕੂਲਾ ਸਥਿਤ ਵਿਸ਼ੇਸ਼ ਅਦਾਲਤ ਵਿਚ ਚੱਲ ਰਹੇ ਹਨ। ਡੇਰਾ ਮੁਖੀ ਦੀ ਸੁਰੱਖਿਆ ਦੇ ਮੱਦੇਨਜਰ ਇਨ੍ਹਾਂ ਕੇਸਾਂ ਦੀ ਸੁਣਵਾਈ ਇਥੇ ਬਣੇ ਵਿਸ਼ੇਸ਼ ਵੀਡੀਓ ਕਾਨਫਰੰਸਿੰਗ ਰੂਮ ਦੇ ਜ਼ਰੀਏ ਹੋ ਰਹੀ ਹੈ। ਇਹ ਕੇਸ ਪਿਛਲੇ ਲੰਬੇ ਸਮੇਂ ਤੋਂ ਅਦਾਲਤ ਵਿਚ ਚੱਲ ਰਹੇ ਹਨ।

# ਹੁਣ ਆਪਣੀ ਧਰਤੀ ਉਤੇ ਵੀ ਸੁਰੱਖਿਅਤ ਨਹੀਂ ਪਰਵਾਸੀ ਪੰਜਾਬੀ

**ਚੰਡੀਗੜ੍ਹ:** ਪਿਛਲੇ ਕੁਝ ਸਾਲਾਂ ਵਿਚ ਪਰਵਾਸੀਆਂ ਦੇ ਆਪਣੀ ਹੀ ਧਰਤੀ ਪੰਜਾਬ ਵਿਚ ਹੋਏ ਕਤਲਾਂ ਨੇ ਪਰਦੇਸਾਂ ਵਿਚ ਬੈਠੇ ਪੰਜਾਬੀਆਂ ਨੂੰ ਹਲੂਣ ਕੇ ਰੱਖ ਦਿੱਤਾ ਹੈ। ਕਤਲ ਦੇ ਜ਼ਿਆਦਾਤਰ ਮਾਮਲੇ ਜ਼ਮੀਨ ਜਾਇਦਾਦ ਨਾਲ ਸਬੰਧਤ ਹਨ ਤੇ ਮ੍ਰਿਤਕਾਂ ਦੇ ਪੰਜਾਬ ਰਹਿੰਦੇ ਰਿਸ਼ਤੇਦਾਰ ਹੀ ਜ਼ਿਆਦਾ ਮਾਮਲਿਆਂ ਵਿਚ ਦੋਸ਼ੀ ਨਿਕਲੇ ਹਨ। ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਐਨ.ਆਰ.ਆਈ. ਥਾਣੇ ਤੇ ਕਮਿਸ਼ਨ ਬਣਾਇਆ ਹੋਇਆ ਹੈ ਪਰ ਇਸ ਸਭ ਦੇ ਬਾਵਜੂਦ ਵੀ ਪਿਛਲੇ ਕੁਝ ਮਹੀਨਿਆਂ ਵਿਚ ਅਜਿਹੀਆਂ ਵਾਰਦਾਤਾਂ ਵਿਚ ਵਾਧਾ ਹੋਇਆ ਹੈ।

ਪਿਛਲੇ 5-6 ਮਹੀਨਿਆਂ ਵਿਚ ਹੀ ਤਿੰਨ ਯੂ.ਕੇ. ਵਾਸੀਆਂ ਦਾ ਕਤਲ ਹੋ ਚੁੱਕਾ ਹੈ, ਜਿਨ੍ਹਾਂ ਵਿਚ ਕਈ ਕਤਲਾਂ ਦੀਆਂ ਤਾਰਾਂ ਤਾਂ ਯੂ.ਕੇ. ਨਾਲ ਜੁੜੀਆਂ ਹੋਈਆਂ ਹਨ। ਯੂ.ਕੇ. ਦੇ ਵਪਾਰੀ ਰਣਜੀਤ ਸਿੰਘ ਪਵਾਰ ਦਾ ਕਤਲ ਪੰਜਾਬ ਵਿਚ ਹੋਇਆ, ਜਿਸ ਵਿਚ ਗ੍ਰਿਫ਼ਤਾਰ ਕੀਤੇ ਗਏ ਸੁਖਦੇਵ ਸਿੰਘ ਨੇ ਆਪਣੇ ਮਾਮੇ ਬਲਦੇਵ ਸਿੰਘ ਦਿਓਲ ਦੇ ਕਤਲ ਵਿਚ ਵੀ ਸ਼ਾਮਲ ਹੋਣ ਦਾ ਇੰਕਸਾਫ ਕੀਤਾ ਹੈ ਪਰ ਬਲਦੇਵ ਸਿੰਘ ਮੁੜ ਯੂ.ਕੇ. ਪਹੁੰਚ ਗਿਆ ਹੈ। ਇਸੇ ਤਰ੍ਹਾਂ ਬੰਗਾ ਨੇੜਲੇ ਪਿੰਡ ਮੱਲ੍ਹਾ ਸੋਢੀਆਂ ਦੀ ਯੂ.ਕੇ. ਵਾਸੀ 34 ਸਾਲਾ ਨਰਿੰਦਰ ਕੌਰ ਦਾ ਕਤਲ ਜਨਵਰੀ 2015 ਵਿਚ ਹੋਇਆ, ਜਿਸ ਵਿਚ ਵੀ ਮ੍ਰਿਤਕਾ ਦੇ ਪਰਿਵਾਰ ਨੇ ਦੋਸ਼ ਲਾਇਆ ਸੀ ਕਿ ਨਰਿੰਦਰ ਕੌਰ ਦੇ ਪਤੀ ਗੁਰਨਾਮ ਸਿੰਘ ਨੇ ਆਪਣੀ ਪਹਿਲੀ ਪਤਨੀ ਸਤਿੰਦਰ ਕੌਰ ਨਾਲ ਮਿਲ ਕੇ ਕਤਲ ਕੀਤਾ। ਘਟਨਾ ਪਿੱਛੋਂ ਗੁਰਨਾਮ ਸਿੰਘ

### ਕਤਲ ਦੀਆਂ ਵਧ ਰਹੀਆਂ ਵਾਰਦਾਤਾਂ ਨੇ ਪਰਵਾਸੀ ਹਲੂਣੇ



ਵਾਪਸ ਇੰਗਲੈਂਡ ਆਪਣੇ ਬੱਚਿਆਂ ਤੇ ਪਹਿਲੀ ਪਤਨੀ ਸਮੇਤ ਚਲਾ ਗਿਆ ਪਰ ਪਰਿਵਾਰ ਨੂੰ ਬਾਅਦ ਵਿਚ ਪਤਾ ਲੱਗਾ ਕਿ ਨਰਿੰਦਰ ਕੌਰ ਉਥੇ ਪਹੁੰਚੀ ਹੀ ਨਹੀਂ, ਜਿਸ ਦੀ ਕੁਝ ਦਿਨਾਂ ਬਾਅਦ ਟੋਟੇ ਕੀਤੀ ਲਾਸ਼ ਪਿੰਡ ਕਰਨਾਣਾ ਦੇ ਖੂਹ ਵਿਚੋਂ ਮਿਲੀ ਸੀ। ਇਸ ਮਾਮਲੇ ਵਿਚ ਸਥਾਨਕ ਵਾਸੀ ਜੇਲ੍ਹ ਵਿਚ ਬੰਦ ਹੈ ਪਰ ਅਜੇ ਤੱਕ ਦੋਸ਼ੀ, ਪੁਲਿਸ ਦੀ ਪਹੁੰਚ ਤੋਂ ਬਾਹਰ ਹੈ ਤੇ ਮ੍ਰਿਤਕਾ ਦੇ ਦੋਵੇਂ ਬੱਚੇ ਪੁਲਿਸ ਨੇ ਸੋਸ਼ਲ ਸਕਿਓਰਿਟੀ ਦੇ ਸਪੁਰਦ ਕੀਤੇ ਹੋਏ ਹਨ।

ਇਕ ਹੋਰ ਕੇਸ ਵਿਚ ਇੰਗਲੈਂਡ ਵਾਸੀ ਰਾਜਪਾਲ ਸਿੰਘ ਦਾ ਕਤਲ ਵੀ ਦਸੰਬਰ, 2014 ਵਿਚ ਹੋਇਆ ਤੇ ਇਹ ਮਾਮਲਾ ਮਾਰਚ, 2015 ਨੂੰ ਉਜਾਗਰ ਹੋਇਆ ਸੀ। ਰਾਜਪਾਲ ਨੂੰ ਕਤਲ ਕਰਕੇ ਉਸ ਦੀ ਲਾਸ਼ ਨੂੰ ਖੁਰਦ-ਬੁਰਦ ਕਰ ਦਿੱਤਾ ਗਿਆ। ਇਸ ਕਤਲ ਪਿੱਛੇ ਰਾਜਪਾਲ ਦੀ ਦੂਜੀ ਪਤਨੀ ਦਾ ਹੱਥ ਦੱਸਿਆ ਜਾ ਰਿਹਾ ਹੈ। ਪੁਲਿਸ ਰਿਪੋਰਟਾਂ ਅਨੁਸਾਰ ਇਹ ਕਤਲ 25-26 ਦਸੰਬਰ, 2014 ਦਰਮਿਆਨ ਕੀਤਾ ਗਿਆ। ਇਸ ਮਾਮਲੇ ਵਿਚ ਸਤਿੰਦਰ ਸਿੰਘ ਉਰਫ਼ ਵਿਪਨ (ਪੁਲਿਸ ਅਧਿਕਾਰੀ) ਤੇ ਅਮਰੀਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਇਸ ਮਾਮਲੇ ਵਿਚ ਰਾਜਪਾਲ ਸਿੰਘ ਦੀ ਪਤਨੀ ਦੋਸ਼ੀ ਕੁਲਜਿੰਦਰ ਕੌਰ ਅਜੇ ਤੱਕ ਪੁਲਿਸ ਦੀ ਪਹੁੰਚ ਤੋਂ ਬਾਹਰ ਯੂ.ਕੇ. ਵਿਚ ਹੈ। ਕੁਝ ਮਹੀਨਿਆਂ ਵਿਚ ਹੋਏ ਇਹ ਕਤਲ ਤੇ ਇਨ੍ਹਾਂ ਕਤਲਾਂ ਪਿੱਛੇ ਆਪਣਿਆਂ ਦੀ ਸ਼ਮੂਲੀਅਤ ਹੋਣ ਦੀ ਸ਼ੰਕਾ ਜਿਥੇ ਸਮਾਜਿਕ ਤੌਰ ਉਤੇ ਚਿੰਤਾ ਦਾ ਵਿਸ਼ਾ ਹੈ, ਉਥੇ ਹੀ ਸੁਰੱਖਿਆ ਤੇ ਭਾਰਤੀ ਨਿਆਂ ਪ੍ਰਬੰਧ ਵਿਚ ਹੋ ਰਹੀ ਦੇਰੀ ਉਤੇ ਵੀ ਸਵਾਲੀਆ ਨਿਸ਼ਾਨ ਲੱਗ ਰਹੇ ਹਨ। ਕਈ ਕੇਸਾਂ ਵਿਚ ਮ੍ਰਿਤਕ ਵਿਅਕਤੀਆਂ ਦੇ ਪਰਿਵਾਰ ਪੈਸੇ ਦਾ ਲੈਣ-ਦੇਣ ਕਰਕੇ ਕੇਸ ਰਫਾ-ਦਫਾ ਕਰ ਦਿੰਦੇ ਹਨ। ਅਜਿਹੇ ਵਿਚ ਅਪਰਾਧੀਆਂ ਨੂੰ ਸਜ਼ਾ ਨਾ ਮਿਲਣਾ ਜੁਰਮਾਂ ਵਿਚ ਵਾਧਾ ਕਰਦਾ ਹੈ। ਯੂ.ਕੇ. ਦੇ ਦੋ ਹੋਰ ਕੇਸ ਵੀ ਅਜਿਹੇ ਹਨ, ਜਿਨ੍ਹਾਂ ਵਿਚ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਇਕ ਵਿਅਕਤੀ ਦੀ ਸ਼ੱਕੀ ਹਾਲਾਤਾਂ ਵਿਚ ਮੌਤ ਹੋਈ ਸੀ, ਜਿਸ ਨੂੰ ਉਸ ਦੇ ਪਰਿਵਾਰਕ ਮੈਂਬਰਾਂ ਨੇ ਹੀ ਕੁਦਰਤੀ ਮੌਤ ਆਖ ਕੇ ਅੱਗੇ ਜਾਂਚ ਹੀ ਨਹੀਂ ਹੋਣ ਦਿੱਤੀ, ਜਦ ਇਕ ਹੋਰ ਵਿਅਕਤੀ ਦਾ ਕਤਲ ਕੇਸ ਮੀਡੀਆ ਦੀਆਂ ਸੁਰਖੀਆਂ ਵਿਚ ਰਿਹਾ ਤੇ ਕੁਝ ਦੇਰ ਬਾਅਦ ਹੀ ਉਹ ਕਥਿਤ ਦੋਸ਼ੀ ਬਾਹਰ ਆ ਗਿਆ ਤੇ ਉਹ ਕਿਵੇਂ ਬਾਹਰ ਆਇਆ, ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਅਫ਼ਵਾਹਾਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਭਾਵੇਂ ਕੁਝ ਕੇਸਾਂ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਵੀ ਹੋਈਆਂ, ਜਿਸ ਤਰ੍ਹਾਂ ਲੈਸਟਰ ਵਾਸੀ ਮੋਹਨ ਸਿੰਘ ਦਾ 2005 ਵਿਚ ਕਤਲ ਹੋਇਆ ਸੀ, ਜਿਸ ਸਬੰਧੀ ਦੋ ਵਿਅਕਤੀਆਂ ਨੂੰ ਉਮਰ ਕੈਦ ਹੋਈ, ਯੂ.ਕੇ. ਦੀ ਰਹਿਣ ਵਾਲੀ ਸੁਰਜੀਤ ਕੌਰ ਅਟਵਾਲ ਨੂੰ ਦਸੰਬਰ, 1998 ਵਿਚ ਪੰਜਾਬ ਵਿਚ ਕਤਲ ਕਰ ਦਿੱਤਾ ਗਿਆ ਸੀ, ਜਿਸ ਕੇਸ ਦੀ ਸੁਣਵਾਈ ਯੂ.ਕੇ. ਵਿਚ ਹੋਈ ਤੇ ਕਤਲ ਸਾਜ਼ਿਸ਼ ਵਿਚ ਸ਼ਾਮਲ ਮ੍ਰਿਤਕਾ ਦੀ ਸੱਸ ਤੇ ਪਤੀ ਨੂੰ ਸਜ਼ਾ ਹੋਈ ਸੀ। ਪਰਵਾਸੀਆਂ ਨੇ ਹਮੇਸ਼ਾ ਹੀ ਇਹ ਕਿਹਾ ਹੈ ਕਿ ਉਨ੍ਹਾਂ ਨਾਲ ਪੰਜਾਬ ਦੇ ਲੋਕ ਚੰਗਾ ਵਿਵਹਾਰ ਨਹੀਂ ਕਰਦੇ। ਉਨ੍ਹਾਂ ਦੇ ਆਪਣੇ ਹੀ ਸਕੇ ਸਬੰਧੀ ਉਨ੍ਹਾਂ ਦੀਆਂ ਜਾਇਦਾਦਾਂ ਦੱਬ ਲੈਂਦੇ ਹਨ।

### ਪਰਵਾਸੀ ਦਾ ਪਲਾਟ ਹੜੱਪਣ ਵਾਲਾ ਕਾਨੂੰਨਗੋ ਗ੍ਰਿਫ਼ਤਾਰ

**ਮੋਗਾ:** ਇੰਗਲੈਂਡ ਰਹਿੰਦੇ ਪਰਵਾਸੀ ਪੰਜਾਬੀ ਦਾ ਕਰੋੜਾਂ ਰੁਪਏ ਦਾ ਪਲਾਟ ਹੜੱਪਣ ਦੀ ਸਾਜ਼ਿਸ਼ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਨੇ ਮਾਲ ਪਟਵਾਰੀ (ਹੁਣ ਕਾਨੂੰਨਗੋ) ਸੋਹਣ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾਬਕ ਪਟਵਾਰ ਹਲਕਾ ਮੋਗਾ ਮਹਿਲਾ ਸਿੰਘ-1 ਵਿਚ ਚਾਰ ਵਰ੍ਹੇ ਪਹਿਲਾਂ ਤਾਇਨਾਤ ਮਾਲ ਪਟਵਾਰੀ ਸੋਹਣ ਸਿੰਘ ਨੇ ਪਰਵਾਸੀ ਪੰਜਾਬੀ ਸੁਖਮੰਦਰ ਸਿੰਘ ਪੁੱਤਰ ਕਰਤਾਰ ਸਿੰਘ ਦੇ ਕਰੋੜਾਂ ਰੁਪਏ ਦੇ ਪਲਾਟ ਨੂੰ ਹੜੱਪਣ ਦੀ ਨੀਅਤ ਨਾਲ ਇਸ ਪਲਾਟ ਦੀ ਬਿਨਾਂ ਰਜਿਸਟਰੀ ਤੋਂ ਇੰਤਕਾਲ ਜਸਪਾਲ ਸਿੰਘ ਪੁੱਤਰ ਦਲੀਪ ਸਿੰਘ ਦੇ ਹੱਕ ਵਿਚ ਮਨਜ਼ੂਰ ਕਰਵਾ ਲਿਆ। ਮੁਲਜ਼ਮ ਨੇ ਅਦਾਲਤ ਵਿਚ ਭਾਵੇਂ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ ਪਰ ਮੁਲਜ਼ਮ ਕੈਨੇਡਾ ਫ਼ਰਾਰ ਹੋਣ ਦੀ ਤਾਕ ਵਿਚ ਸੀ। ਮੁਲਜ਼ਮ ਦੇ ਵਿਦੇਸ਼ ਫ਼ਰਾਰ ਹੋਣ ਦੀ ਸੂਚਨਾ ਮਿਲਣ ਬਾਅਦ ਉਸ ਦੀ ਗ੍ਰਿਫ਼ਤਾਰੀ ਲਈ ਵਿਜੀਲੈਂਸ ਨੂੰ ਕਰੜੀ ਮਿਹਨਤ ਕਰਨੀ ਪਈ। ਮੁਲਜ਼ਮ ਖ਼ਿਲਾਫ਼ ਪੰਜਾਬ ਵਿਚ ਕਾਲੇ ਦੌਰ ਸਮੇਂ ਥਾਣਾ ਮਹਿਣਾ ਵਿਖੇ ਖਾੜਕੂਆਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਵੀ ਕੇਸ ਦਰਜ ਹੋਇਆ ਸੀ।

# ਫੌਜ ਦੇ ਇਸ਼ਾਰਿਆਂ 'ਤੇ ਨੱਚਦੀ ਹੈ ਪਾਕਿਸਤਾਨ ਸਰਕਾਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


***ਇੱਕ ਦਿਨ ਪਾਕਿਸਤਾਨੀ ਫੌਜ ਵਲੋਂ ਮੇਜਰ ਜਨਰਲ ਰੈਂਕ ਦੇ ਇੱਕ ਅਫਸਰ ਨੇ ਲਾਹੌਰ ਰੇਡੀਓ ਤੋਂ ਜੰਗ ਦੀ ਰਿਪੋਰਟ ਪੇਸ਼ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦੀ ਫੌਜ ਫਿਰੋਜ਼ਪੁਰ ਸ਼ਹਿਰ ਉਤੇ ਕਬਜ਼ਾ ਕਰਨ ਪਿੱਛੋਂ ਭਾਰਤੀ ਫੌਜ ਨੂੰ ਕੁੱਟਦੀ ਹੋਈ ਜ਼ੀਰੇ ਪਹੁੰਚ ਗਈ ਹੈ ਤੇ ਜ਼ੀਰੇ ਦੇ ਰੇਲਵੇ ਸਟੇਸ਼ਨ ਉਤੇ ਤੰਬੂ ਗੱਡ ਲਏ ਹਨ। ਕੋਈ ਵੀ ਇਹ ਜਾਣ ਕੇ ਹੈਰਾਨ ਰਹਿ ਜਾਵੇਗਾ ਕਿ ਜਿਸ ਜ਼ੀਰੇ ਸ਼ਹਿਰ ਦੇ ਰੇਲਵੇ ਸਟੇਸ਼ਨ ਉਤੇ ਪਾਕਿਸਤਾਨ ਦੀ ਫੌਜ ਨੇ 1965 ਵਿਚ ਆਣ ਕੇ ਤੰਬੂ ਲਾਉਣ ਦਾ ਝੂਠ ਬੋਲਿਆ ਸੀ, ਪੰਜਾਹ ਸਾਲ ਲੰਘਣ ਪਿੱਛੋਂ ਵੀ ਉਸ ਜ਼ੀਰੇ ਸ਼ਹਿਰ ਵਿਚ ਅਜੇ ਤੱਕ ਰੇਲ ਦੀ ਲਾਈਨ ਨਹੀਂ ਪਹੁੰਚੀ।***

ਬੁਰੀ ਤਰ੍ਹਾਂ ਅੰਦਰੂਨੀ ਉਲਝਣਾਂ ਤੇ ਖਾਨਾਜੰਗੀ ਵਿਚ ਫਸੇ ਹੋਏ ਸਾਡੇ ਗਵਾਂਢੀ ਦੇਸ਼ ਪਾਕਿਸਤਾਨ ਦੀ ਸਰਕਾਰ ਤੇ ਫੌਜ ਓਨਾ ਧਿਆਨ ਆਪਣਾ ਘਰ ਸਾਂਭਣ ਵੱਲ ਨਹੀਂ ਦੇ ਰਹੀਆਂ, ਜਿੰਨਾ ਸੰਸਾਰ ਵਿਚ ਭਾਰਤ ਨੂੰ ਇਹ ਦੋਸ਼ ਲਾ ਕੇ ਬਦਨਾਮ ਕਰਨ ਉਤੇ ਲਾਉਂਦੀਆਂ ਹਨ ਕਿ ਇਹ ਸਾਡੇ ਦੇਸ਼ ਵਿਚ ਦਖਲ ਦਿੰਦਾ ਹੈ। ਭਾਰਤ ਕੋਈ ਦਖਲ ਨਹੀਂ ਦਿੰਦਾ, ਤੇ ਉਹ ਆਪ ਵੀ ਇਹ ਗੱਲ ਜਾਣਦੇ ਹਨ, ਪਰ ਜਦੋਂ ਉਹ ਝੂਠ ਹੀ ਬੋਲਣ ਲੱਗ ਜਾਣ ਤਾਂ ਇਸ ਦਾ ਇਲਾਜ ਵੀ ਕੋਈ ਨਹੀਂ ਹੋ ਸਕਦਾ। ਸੰਸਾਰ ਦੀ ਸੱਥ ਮੂਹਰੇ ਬੋਲਣ ਵੇਲੇ ਅੰਕੜੇ ਪੇਸ਼ ਕਰਨੇ ਚਾਹੀਦੇ ਹਨ। ਜਿਵੇਂ ਦਹਿਸ਼ਤਗਰਦ ਕਿਸੇ ਥਾਂ ਹਮਲਾ ਕਰ ਕੇ ਜਵਾਬੀ ਕਾਰਵਾਈ ਹੋਣ ਤੋਂ ਪਹਿਲਾਂ ਦੌੜ ਜਾਂਦੇ ਹਨ, ਇਸੇ ਤਰ੍ਹਾਂ ਪਾਕਿਸਤਾਨ ਸਰਕਾਰ ਅਤੇ ਹੋਰ ਏਜੰਸੀਆਂ ਵਾਲੇ ਵੀ ਸੰਸਾਰ ਪੱਧਰ ਦੇ ਹਰ ਫੋਰਮ ਵਿਚ ਜਾ ਕੇ ਭਾਰਤ ਉਤੇ ਚਾਂਦਮਾਰੀ ਕਰਦੇ ਹਨ ਤੇ ਜਵਾਬ ਸੁਣਨ ਤੋਂ ਪਹਿਲਾਂ ਦੌੜ ਜਾਇਆ ਕਰਦੇ ਹਨ। ਯੂ ਐਨ ਜਨਰਲ ਅਸੈਂਬਲੀ ਵਿਚ ਵੀ ਇਸੇ ਤਰ੍ਹਾਂ ਕਈ ਵਾਰ ਹੋ ਚੁੱਕਾ ਹੈ।

ਇਸ ਹਫਤੇ ਇੱਕ ਬੱਸ ਤੋਂ ਬਾਈ ਬੰਦੇ ਉਤਾਰ ਕੇ ਕਤਲ ਕੀਤੇ ਜਾਣ ਦੀ ਵਾਰਦਾਤ ਪਿੱਛੋਂ ਏਦਾਂ ਦੀ ਮੁਹਾਰਨੀ ਪਾਕਿਸਤਾਨ ਦੇ ਇੱਕ ਕੇਂਦਰੀ ਮੰਤਰੀ ਨੇ ਛੇੜੀ ਹੈ। ਉਥੇ ਪੁਲਿਸ ਮੁਖੀ ਨੇ ਸਾਫ ਕਿਹਾ ਕਿ ਬਲੋਚ ਅਤਿਵਾਦੀਆਂ ਨੇ ਹੀ ਇਸ ਘਟਨਾ ਵਿਚ ਲੋਕਾਂ ਨੂੰ ਬੱਸ ਤੋਂ ਲਾਹਿਆ ਤੇ ਫਿਰ ਪਛਾਣ ਪੱਤਰ ਵੇਖ ਕੇ ਬਲੋਚਾਂ ਨੂੰ ਲਾਂਭੇ ਕਰਨ ਮਗਰੋਂ ਬਾਕੀ ਦੇ ਲੋਕ ਮਾਰ ਦਿੱਤੇ ਹਨ। ਕੁਝ ਚਿਰ ਪਿੱਛੋਂ ਮੰਤਰੀ ਨੇ ਬਿਆਨ ਦੇ ਦਿੱਤਾ ਕਿ ਇਸ ਕਾਰਵਾਈ ਦੇ ਪਿੱਛੇ ਭਾਰਤ ਦੀ ਖੁਫੀਆ ਏਜੰਸੀ ਰਾਅ ਦਾ ਹੱਥ ਹੈ। ਮੰਤਰੀ ਦੇ ਬਿਆਨ ਪਿੱਛੋਂ ਪੁਲਿਸ ਮੁਖੀ ਨੇ ਫਿਰ ਦੁਹਰਾ ਦਿੱਤਾ ਕਿ ਵਾਰਦਾਤ ਬਲੋਚ ਅਤਿਵਾਦੀਆਂ ਨੇ ਕੀਤੀ ਹੈ। ਉਹ ਸ਼ਾਇਦ ਮੰਤਰੀ ਦਾ ਇਸ਼ਾਰਾ ਨਹੀਂ ਸੀ ਸਮਝ ਸਕਿਆ। ਪੁਲਿਸ ਅਫਸਰ ਤਾਂ ਭਾਵੇਂ ਇਸ਼ਾਰਾ ਨਾ ਸਮਝੇ, ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਰਾਹੀਲ ਸ਼ਰੀਫ ਨੂੰ ਪੂਰੀ ਸਮਝ ਹੈ ਕਿ ਭਾਰਤ ਬਾਰੇ ਕੀ ਕਹਿਣਾ ਹੈ? ਇਸੇ ਲਈ ਅਗਲੇ ਦਿਨ ਉਸ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਜਾ ਕੇ ਬਿਆਨ ਦਾਗ ਦਿੱਤਾ ਕਿ ਭਾਰਤ 1965 ਦੀ ਜੰਗ ਦੀ ਹਾਰ ਦਾ ਬਦਲਾ ਲੈਣ ਲਈ ਸਾਡੀ ਪਿੱਠ ਪਿੱਛੋਂ ਵਾਰ ਕਰਦਾ ਹੈ, ਪਾਕਿਸਤਾਨ ਦੀ ਇਹ ਨੀਤੀ ਨਹੀਂ ਕਿ ਕਿਸੇ ਦੇਸ਼ ਦੇ ਖਿਲਾਫ ਦਹਿਸ਼ਤਗਰਦੀ ਨੂੰ ਹੱਲਾਸ਼ੇਰੀ ਦਿੱਤੀ ਜਾਵੇ।

ਬਘਿਆੜ ਨੇ ਜਦੋਂ ਕਦੇ ਮੇਮਣਾ ਬਣ ਕੇ ਪੇਸ਼ ਹੋਣ ਦੀ ਕੋਸ਼ਿਸ਼ ਕਰਨੀ ਹੋਵੇ ਤਾਂ ਉਹ ਏਦਾਂ ਦੀਆਂ ਗੱਲਾਂ ਹੀ ਕਰਦਾ ਹੈ, ਜਿਦਾਂ ਦੀਆਂ ਗੱਪਾਂ ਅਤੇ ਘਾੜਤਾਂ ਉਥੋਂ ਦਾ ਕੇਂਦਰੀ ਮੰਤਰੀ ਤੇ ਫੌਜ ਦਾ ਮੁਖੀ ਪੇਸ਼ ਕਰਨ ਦੇ ਰਾਹ ਪੈ ਗਏ ਸਨ। ਉਨ੍ਹਾਂ ਦੀਆਂ ਇਨ੍ਹਾਂ ਗੱਲਾਂ ਨੂੰ ਅਣਗੌਲੇ ਕਰਨ ਵਾਲਿਆਂ ਨੂੰ ਵੀ ਪਾਕਿਸਤਾਨ ਦੇ ਰੱਖਿਆ ਮੰਤਰੀ ਦੇ ਇਸ ਅਗਲੇ ਬਿਆਨ ਨਾਲ ਚੁੱਪ ਤੋੜਨੀ ਪੈ ਗਈ ਕਿ ਬਲੋਚ ਅਤਿਵਾਦੀਆਂ ਨੂੰ ਭਾਰਤ ਦੀ ਖੁਫੀਆ ਏਜੰਸੀ ਇਸ ਦੇ ਜਨਮ ਵੇਲੇ ਤੋਂ ਸ਼ਹਿ ਦਿੰਦੀ ਆ ਰਹੀ ਹੈ। ਇਹ ਏਡਾ ਕੋਰਾ ਝੂਠ ਹੈ, ਜਿਸ ਨੂੰ ਤੱਥ ਪੈਰਾਂ ਤੋਂ ਕੱਢ ਸਕਦੇ ਹਨ। ਪਾਕਿਸਤਾਨੀ ਹਾਕਮ ਅਤੇ ਫੌਜ ਇਹ ਤੱਥ ਮੰਨਣ ਜਾਂ ਨਾ ਮੰਨਣ, ਬਾਕੀ ਸੰਸਾਰ ਨੂੰ ਇਨ੍ਹਾਂ ਦਾ ਗਿਆਨ ਹੋਣਾ ਚਾਹੀਦਾ ਹੈ।

ਜਿਹੜੀ ਅਤਿਵਾਦੀ ਵਾਰਦਾਤ ਤੋਂ ਗੱਲ ਚੱਲੀ ਹੈ, ਅਤੇ ਇਸ ਨੂੰ ਉਥੋਂ ਦੇ ਪੁਲਿਸ ਮੁਖੀ ਨੇ ਬਲੋਚ ਅਤਿਵਾਦੀਆਂ ਦਾ ਕਾਰਾ ਕਿਹਾ, ਤੇ ਠੀਕ ਹੀ ਕਿਹਾ, ਉਸ ਦੀ ਜੜ੍ਹ ਭਾਰਤ ਦੀ ਖੁਫੀਆ ਏਜੰਸੀ 'ਰਾਅ' ਦੇ ਜਨਮ ਤੋਂ ਵੀਹ ਕੁ ਸਾਲ ਪਹਿਲਾਂ ਉਸ ਵੇਲੇ ਲੱਗ ਚੁੱਕੀ ਸੀ, ਜਦੋਂ ਪਾਕਿਸਤਾਨ ਸਰਕਾਰ ਨੇ ਬਲੋਚ ਰਿਆਸਤਾਂ ਤੋੜੀਆਂ ਸਨ। ਅੰਗਰੇਜ਼ੀ ਰਾਜ ਦੇ ਖਾਤਮੇ ਪਿੱਛੋਂ ਉਥੋਂ ਦੀਆਂ ਚਾਰ ਵਿਚੋਂ ਤਿੰਨ ਰਿਆਸਤਾਂ ਪਾਕਿਸਤਾਨ ਵਿਚ ਸ਼ਾਮਲ ਹੋ ਗਈਆਂ ਸਨ ਤੇ ਚੌਥੀ ਦਾ ਨਵਾਬ ਇਸ ਗੱਲੋਂ ਅੜ ਗਿਆ ਸੀ ਕਿ ਆਜ਼ਾਦ ਖਿਲਾਫਤ ਵਾਲਾ ਦਰਜਾ ਰੱਖਣਾ ਹੈ। ਨਵਾਬ ਨਵਰੋਜ਼ ਖਾਨ ਨੂੰ ਆਗੂ ਬਣਾ ਕੇ ਪਾਕਿਸਤਾਨ ਸਰਕਾਰ ਨਾਲ ਉਨ੍ਹਾਂ ਨੇ ਲੰਮਾ ਸਮਾਂ ਲੜਾਈ ਲੜੀ ਸੀ, ਜਿਸ ਤੋਂ ਪਿੱਛੋਂ ਵੀ ਵਿਰੋਧ ਖਤਮ ਨਹੀਂ ਹੋ ਸਕਿਆ ਤੇ ਹੁਣ ਉਸ ਲੜਾਈ ਦਾ ਛੇਵਾਂ ਦੌਰ ਦੱਸਿਆ ਜਾਂਦਾ ਹੈ। ਪੰਜਤਾਲੀ ਸਾਲ ਪਹਿਲਾਂ ਜਨਰਲ ਅਯੂਬ ਖਾਨ ਤੇ ਜ਼ੁਲਫਕਾਰ ਅਲੀ ਭੁੱਟੋ ਦੀ ਕਮਾਨ ਹੇਠ ਉਥੇ ਇੱਕ ਫੌਜੀ ਮੁਹਿੰਮ ਚੱਲੀ ਸੀ, ਜਿਹੜੀ ਪੰਜ ਕੁ ਹਜ਼ਾਰ ਬਲੋਚ ਲੋਕਾਂ ਤੇ ਤਿੰਨ ਹਜ਼ਾਰ ਦੇ ਕਰੀਬ ਪਾਕਿਸਤਾਨੀ ਫੌਜੀਆਂ ਦੀ ਮੌਤ ਮਗਰੋਂ ਮੁੱਕੀ ਸੀ। ਪਾਕਿਸਤਾਨ ਸਰਕਾਰ ਉਦੋਂ ਬੰਗਲਾ ਦੇਸ਼ ਦਾ ਦੋਸ਼ ਤਾਂ ਭਾਰਤ ਦੇ ਸਿਰ ਮੜ੍ਹਦੀ ਸੀ, ਬਲੋਚਾਂ ਦੇ ਬਾਰੇ ਉਦੋਂ ਕਦੇ ਕੁਝ ਨਹੀਂ ਸੀ ਕਿਹਾ।



*ਜਨਰਲ ਰਾਹੀਲ ਸ਼ਰੀਫ*

ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇਹ ਤਾਂ ਆਪ ਹੀ ਅੱਗ ਲੱਗੀ ਤੋਂ ਖੂਹ ਪੁੱਟਣ ਬਾਰੇ ਸੋਚਦਾ ਅਤੇ ਇਸ ਦਾ ਖਮਿਆਜ਼ਾ ਭੁਗਤਦਾ ਰਿਹਾ ਹੈ। ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਮੌਜੂਦ ਹਨ।

ਭਾਰਤ ਦੀ ਇੱਕ ਪੈਰਾ ਮਿਲਟਰੀ ਫੋਰਸ ਦਾ ਨਾਂ ਇੰਡੋ-ਤਿਬਤਨ ਬਾਰਡਰ ਪੁਲਿਸ ਹੈ। ਚੀਨ ਦੇ ਨਾਲ ਜਦੋਂ 1962 ਦੀ ਜੰਗ ਲੱਗੀ, ਉਦੋਂ ਇਸ ਦਾ ਖਿਆਲ ਆਇਆ ਸੀ ਤੇ ਇਹ ਚੱਲਦੀ ਜੰਗ ਦੌਰਾਨ ਖੜੀ ਕਰਨੀ ਸ਼ੁਰੂ ਕੀਤੀ ਸੀ। ਪਾਕਿਸਤਾਨ ਨੇ ਆਪਣੀ ਹੋਂਦ ਦਾ ਝੰਡਾ ਝੁਲਾਉਣ ਦੇ ਨਾਲ ਹੀ ਸਰਹੱਦਾਂ ਦੀ ਰਾਖੀ ਕਰਨ ਦੇ ਲਈ ਪਾਕਿਸਤਾਨ ਰੇਂਜਰਜ਼ ਦੀ ਫੋਰਸ ਖੜੀ ਕਰ ਲਈ ਅਤੇ ਅੱਜ ਤੱਕ ਉਹ ਇਹ ਕੰਮ ਕਰਦੀ ਹੈ, ਪਰ ਭਾਰਤ ਨੇ ਪੰਜਾਬ ਦੀ ਸਰਹੱਦ ਲੰਮਾ ਸਮਾਂ ਪੰਜਾਬ ਆਰਮਡ ਪੁਲਿਸ (ਪੀ ਏ ਪੀ) ਅਤੇ ਇਸੇ ਤਰ੍ਹਾਂ ਹੋਰ ਰਾਜਾਂ ਦੀ ਆਪੋ ਆਪਣੀ ਪੁਲਿਸ ਦੇ ਰਿਜ਼ਰਵ ਦਸਤਿਆਂ ਨੂੰ ਸੌਂਪੀ ਰੱਖੀ ਸੀ। ਭਾਰਤ ਦੇ ਚੜ੍ਹਦੇ-ਲਹਿੰਦੇ ਪਾਸੇ ਸਾਰੇ ਬਾਰਡਰ ਲਈ ਸਾਂਝੀ ਨੀਤੀ ਨਾਲ ਚੱਲਣ ਵਾਲੀ ਬਾਰਡਰ ਸਿਕਿਓਰਟੀ ਫੋਰਸ (ਬੀ ਐਸ ਐਫ) ਬਣਾਉਣ ਦੀ ਲੋੜ ਪਾਕਿਸਤਾਨ ਨਾਲ 1965 ਦੀ ਜੰਗ ਲੱਗਣ ਤੱਕ ਨਹੀਂ ਸੀ ਸਮਝੀ। ਜਦੋਂ 1965 ਦੀ ਜੰਗ ਲੱਗ ਕੇ ਹਟ ਗਈ, ਉਸ ਤੋਂ ਦੋ ਮਹੀਨੇ ਬਾਅਦ ਦਸੰਬਰ 1965 ਵਿਚ ਬੀ ਐਸ ਐਫ ਖੜੀ ਕੀਤੀ ਗਈ ਸੀ। ਖੁਫੀਆ ਏਜੰਸੀਆਂ ਦਾ ਵੀ ਇਹੋ ਹਾਲ ਹੈ। ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਇਸ ਵੇਲੇ ਸੰਸਾਰ ਦੀਆਂ ਉਨ੍ਹਾਂ ਏਜੰਸੀਆਂ ਵਿਚ ਗਿਣੀ ਜਾ ਰਹੀ ਹੈ, ਜਿਹੜੀਆਂ ਤਾਕਤਵਰ ਵੀ ਬਹੁਤ ਹਨ ਅਤੇ ਬਦਨਾਮ ਵੀ ਬਹੁਤ। ਜਦੋਂ ਪਾਕਿਸਤਾਨ ਬਣਿਆ ਤਾਂ ਇਸ ਦੀ ਸਥਾਪਨਾ 1948 ਵਿਚ ਅੰਗਰੇਜ਼ੀ ਰਾਜ ਤੋਂ ਪਾਕਿਸਤਾਨੀ ਫੌਜ ਵਿਚ ਆਏ ਹੋਏ ਜਨਰਲ ਰਾਬਰਟ ਕਾਥਮ ਨੇ ਕਰ ਦਿੱਤੀ ਸੀ, ਜਿਹੜਾ ਬਾਅਦ ਵਿਚ ਇਸ ਫੋਰਸ ਦਾ ਨੌਂ ਸਾਲਾਂ ਤੱਕ ਡਾਇਰੈਕਟਰ ਜਨਰਲ ਰਹਿ ਕੇ ਪਾਕਿਸਤਾਨ ਦੀ ਫੌਜ ਦਾ ਡਿਪਟੀ ਚੀਫ ਬਣ ਕੇ ਰਿਟਾਇਰ ਹੋਇਆ ਸੀ। ਦੂਸਰੇ ਪਾਸੇ ਭਾਰਤ ਨੇ 'ਰਾਅ' ਦੇ ਨਾਂ ਦੀ ਉਹ ਖੁਫੀਆ ਏਜੰਸੀ 1968 ਵਿਚ ਕਾਇਮ ਕੀਤੀ ਸੀ, ਜਿਹੜੀ ਹੁਣ ਪਾਕਿਸਤਾਨ ਦੇ ਹਰ ਮੰਤਰੀ ਅਤੇ ਹਰ ਫੌਜੀ ਜਰਨੈਲ ਦੇ ਕੂੜ ਪ੍ਰਚਾਰ ਦੇ ਨਿਸ਼ਾਨੇ ਉਤੇ ਹਰ ਵਕਤ ਰਹਿੰਦੀ ਹੈ।

ਦਹਿਸ਼ਤਗਰਦੀ ਦੇ ਸਵਾਲ ਉਤੇ ਵੀ ਨਿਰਾ ਝੂਠ ਬੋਲਿਆ ਜਾਂਦਾ ਹੈ। ਭਾਰਤ ਦੇ ਤਿੰਨ ਜਹਾਜ਼ ਅਗਵਾ ਕਰ ਕੇ ਪਾਕਿਸਤਾਨ ਲਿਜਾਏ ਜਾ ਚੁੱਕੇ ਹਨ, ਦੋ ਅਗਵਾ ਕਰਨ ਪਿੱਛੋਂ ਉਥੇ ਉਤਾਰਨ ਦੀ ਥਾਂ ਕੰਧਾਰ ਤੇ ਦੁਬਈ ਵਿਚ ਉਤਾਰੇ ਗਏ, ਪਰ ਪਾਕਿਸਤਾਨ ਦਾ ਜਹਾਜ਼ ਅਗਵਾ ਕਰ ਕੇ ਏਧਰ ਕਦੀ ਨਹੀਂ ਲਿਆਂਦਾ ਗਿਆ। ਭਾਰਤੀ ਜਹਾਜ਼ਾਂ ਨੂੰ ਅਗਵਾ ਕਰਨ ਵਾਲੇ ਦਹਿਸ਼ਤਗਰਦਾਂ ਨੂੰ ਜੇਲ੍ਹ ਭੇਜਣ ਦਾ ਸਾਂਗ ਰਚ ਕੇ ਕੋਠੀਆਂ ਵਿਚ ਰੱਖਿਆ ਗਿਆ ਤੇ ਜਾਅਲੀ ਪਾਸਪੋਰਟਾਂ ਨਾਲ ਯੂਰਪੀ ਦੇਸ਼ਾਂ ਵਿਚ ਪੁਚਾਇਆ ਗਿਆ। ਭਾਰਤ ਨੇ ਏਦਾਂ ਕਦੇ ਨਹੀਂ ਕੀਤਾ। ਕੰਧਾਰ ਕਾਂਡ ਸਮਝੌਤੇ ਨਾਲ ਜਿਹੜੇ ਦਹਿਸ਼ਤਗਰਦ ਭਾਰਤ ਤੋਂ ਛੁਡਾਏ ਗਏ, ਉਹ ਪਾਕਿਸਤਾਨ ਵਿਚ ਰੈਲੀਆਂ ਕਰਦੇ ਤੇ ਉਹੋ ਬੋਲੀ ਬੋਲਦੇ ਹਨ, ਜਿਹੜੀ ਉਥੋਂ ਦੇ ਮੰਤਰੀ ਅਤੇ ਫੌਜ ਦੇ ਜਰਨੈਲ ਭਾਰਤ ਦੇ ਖਿਲਾਫ ਬੋਲਦੇ ਹਨ। ਤਾਲਮੇਲ ਸਾਫ ਦਿਖਾਈ ਦਿੰਦਾ ਹੈ। ਅਜਮਲ ਆਮਿਰ ਕਸਾਬ ਪਾਕਿਸਤਾਨੀ ਮੁੰਡਾ ਸੀ, ਜਿਹੜਾ ਮੁੰਬਈ ਹਮਲੇ ਦੌਰਾਨ ਫੜਿਆ ਗਿਆ ਤੇ ਕਾਨੂੰਨੀ ਕਾਰਵਾਈ ਪੂਰੀ ਹੋਣ ਪਿੱਛੋਂ ਫਾਂਸੀ ਲਾਇਆ ਗਿਆ ਸੀ। ਉਸ ਹਮਲੇ ਦੇ ਰਸਤੇ ਟੋਹਣ ਵਾਸਤੇ ਉਚੇਚਾ ਅਮਰੀਕਾ ਤੋਂ ਆਇਆ ਡੇਵਿਡ ਕੋਲਮੈਨ ਹੇਡਲੀ ਵੀ ਪਿੱਛੋਂ ਪਾਕਿਸਤਾਨੀ ਮੂਲ ਦਾ ਦਾਊਦ ਗਿਲਾਨੀ ਸੀ ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਦਫਤਰ ਵਿਚ ਉਸ ਦਾ ਬਾਪ ਪਬਲਿਕ ਰਿਲੇਸ਼ਨ ਅਫਸਰ ਸੀ। ਦਹਿਸ਼ਤਗਰਦੀ ਨੂੰ ਹੱਲਾਸ਼ੇਰੀ ਦੇਣ ਦਾ ਹੋਰ ਕੰਮ ਕਿਹੜਾ ਹੈ, ਜਿਸ ਨੂੰ ਪਾਕਿਸਤਾਨ ਸਰਕਾਰ ਤੇ ਫੌਜ ਵਲੋਂ ਕਰਨਾ ਅਜੇ ਬਾਕੀ ਰਹਿੰਦਾ ਹੈ?

ਰਹੀ ਗੱਲ 1965 ਦੀ ਜੰਗ ਵਿਚ ਭਾਰਤ ਨੂੰ ਹਰਾਉਣ ਦੇ ਝੂਠ ਵਾਲੀ। ਅਖਨੂਰ ਸੈਕਟਰ ਤੋਂ ਸਿੱਧੀ ਮਿਲਟਰੀ ਘੁਸਪੈਠ ਨਾਲ ਪਾਕਿਸਤਾਨ ਨੇ ਇਹ ਜੰਗ ਸ਼ੁਰੂ ਕੀਤੀ ਸੀ ਤੇ ਭਾਰਤ ਨੂੰ ਹਰਾਉਣ ਦੇ ਦਾਅਵੇ ਕਰਦੀ ਪਾਕਿਸਤਾਨ ਦੀ ਫੌਜ ਇੱਕ ਇੰਚ ਟੋਟਾ ਵੀ ਭਾਰਤੀ ਜ਼ਮੀਨ ਦਾ ਆਪਣੇ ਵੱਲ ਨਹੀਂ ਸੀ ਖਿੱਚ ਸਕੀ। ਉਲਟਾ ਖੇਮਕਰਨ ਸੈਕਟਰ ਤੋਂ ਜਿਹੜੇ ਬੜੇ ਧੜੱਲੇ ਵਾਲੇ ਪੈਟਨ ਟੈਂਕਾਂ ਦਾ ਹਮਲਾ ਕੀਤਾ ਗਿਆ ਸੀ, ਆਉਣ ਵੇਲੇ ਉਹ 97 ਸਨ, ਮੁੜਨ ਜੋਗਾ ਇੱਕ ਵੀ ਨਹੀਂ ਸੀ। ਅੱਧੇ ਟੈਂਕ ਸੜ ਗਏ ਤੇ ਬਾਕੀ ਅੱਧੇ ਸਹੀ-ਸਲਾਮਤ ਛੱਡ ਕੇ ਪਾਕਿਸਤਾਨ ਦੀ ਫੌਜ ਪਿੱਛੇ ਭੱਜ ਗਈ ਸੀ। ਭਾਰਤ ਅਤੇ ਪਾਕਿਸਤਾਨ ਦੇ ਆਮ ਲੋਕਾਂ ਨੂੰ ਬੇਸ਼ੱਕ ਭੁੱਲ ਜਾਵੇ, ਜਿਹੜਾ ਝੂਠ ਉਦੋਂ ਪਾਕਿਸਤਾਨੀ ਫੌਜੀ ਬੁਲਾਰੇ ਬੋਲਦੇ ਰਹੇ ਸਨ, ਭਾਰਤ ਦੇ ਸਰਹੱਦੀ ਖੇਤਰ ਦੇ ਲੋਕਾਂ ਨੂੰ ਅੱਜ ਵੀ ਯਾਦ ਹੈ। ਮਿਸਾਲ ਹੀ ਦੇਣੀ ਹੋਵੇ ਤਾਂ ਇੱਕ ਦਿਨ ਪਾਕਿਸਤਾਨੀ ਫੌਜ ਵਲੋਂ ਮੇਜਰ ਜਨਰਲ ਰੈਂਕ ਦੇ ਇੱਕ ਅਫਸਰ ਨੇ ਲਾਹੌਰ ਰੇਡੀਓ ਤੋਂ ਜੰਗ ਦੀ ਰਿਪੋਰਟ ਪੇਸ਼ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦੀ ਫੌਜ ਫਿਰੋਜ਼ਪੁਰ ਸ਼ਹਿਰ ਉਤੇ ਕਬਜ਼ਾ ਕਰਨ ਪਿੱਛੋਂ ਭਾਰਤੀ ਫੌਜ ਨੂੰ ਕੁੱਟਦੀ ਹੋਈ ਜ਼ੀਰੇ ਪਹੁੰਚ ਗਈ ਹੈ ਤੇ ਜ਼ੀਰੇ ਦੇ ਰੇਲਵੇ ਸਟੇਸ਼ਨ ਉਤੇ ਤੰਬੂ ਗੱਡ ਲਏ ਹਨ। ਕੋਈ ਵੀ ਇਹ ਜਾਣ ਕੇ ਹੈਰਾਨ ਰਹਿ ਜਾਵੇਗਾ ਕਿ ਜਿਸ ਜ਼ੀਰੇ ਸ਼ਹਿਰ ਦੇ ਰੇਲਵੇ ਸਟੇਸ਼ਨ ਉਤੇ ਪਾਕਿਸਤਾਨ ਦੀ ਫੌਜ ਨੇ 1965 ਵਿਚ ਆਣ ਕੇ ਤੰਬੂ ਲਾਉਣ ਦਾ ਝੂਠ ਬੋਲਿਆ ਸੀ, ਪੰਜਾਹ ਸਾਲ ਲੰਘਣ ਪਿੱਛੋਂ ਵੀ ਉਸ ਜ਼ੀਰੇ ਸ਼ਹਿਰ ਵਿਚ ਅਜੇ ਤੱਕ ਰੇਲ ਦੀ ਲਾਈਨ ਨਹੀਂ ਪਹੁੰਚੀ।



*ਜਨਰਲ ਪ੍ਰਵੇਜ਼ ਮੁਸ਼ੱਰਫ*

ਏਦਾਂ ਦਾ ਝੂਠ ਜਨਰਲ ਮੁਸ਼ੱਰਫ ਵੀ ਬੋਲਦਾ ਸੀ। ਉਹ ਕਾਰਗਿਲ ਦੀ ਜੰਗ ਵਿਚ ਆਪਣੇ ਫੌਜੀ ਜਵਾਨਾਂ ਦੇ ਸ਼ਾਮਲ ਹੋਣ ਦੀ ਗੱਲ ਰੱਦ ਕਰਦਾ ਸੀ। ਮਰ ਗਏ ਜਵਾਨਾਂ ਦੀਆਂ ਲਾਸ਼ਾਂ ਵੀ ਨਾ ਲਈਆਂ ਤੇ ਕਿਹਾ ਸੀ ਕਿ ਜਹਾਦੀ ਹਨ, ਸਾਡੀ ਫੌਜ ਨਾਲ ਇਨ੍ਹਾਂ ਦਾ ਸੰਬੰਧ ਨਹੀਂ। ਸਿਰਫ ਤਿੰਨ ਮਹੀਨੇ ਪਿੱਛੋਂ ਸੱਚ ਬਾਹਰ ਆ ਗਿਆ। ਚੌਦਾਂ ਅਗਸਤ ਨੂੰ ਉਨ੍ਹਾਂ ਹੀ ਜਵਾਨਾਂ ਨੂੰ ਭਾਰਤ ਵਿਰੁਧ ਕਾਰਗਿਲ ਦੀ ਜੰਗ ਦੇ ਸ਼ਹੀਦ ਐਲਾਨ ਕੇ ਵੱਡੇ ਐਵਾਰਡ ਦੇ ਦਿੱਤੇ ਗਏ, ਪਰ ਇਸ ਵਿਚ ਵੱਡੀ ਬੇਸ਼ਰਮੀ ਇਹ ਸੀ ਕਿ ਜਿਨ੍ਹਾਂ ਨੂੰ ਦੇਸ਼ ਲਈ ਸ਼ਹੀਦ ਹੋਏ ਮੰਨਿਆ, ਉਨ੍ਹਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਲੈਣ ਦਾ ਮੌਕਾ ਨਹੀਂ ਸੀ ਦਿੱਤਾ। ਝੂਠ ਬੋਲਣ ਦੀ ਜਿਸ ਹੱਦ ਨੂੰ ਜਨਰਲ ਮੁਸ਼ੱਰਫ਼ ਜਾ ਪੁੱਜਦਾ ਸੀ, ਉਸ ਤੋਂ ਇੱਕ ਕਦਮ ਅੱਗੇ ਦਾ ਝੂਠ ਬੋਲ ਕੇ ਜਨਰਲ ਰਾਹੀਲ ਸ਼ਰੀਫ ਆਪਣੀ ਫੌਜ ਅੱਗੇ ਹੀਰੋ ਬਣ ਰਿਹਾ ਹੋਵੇਗਾ, ਝੂਠ ਉਤੇ ਖੜੀ ਉਹ ਫੌਜ ਏਦਾਂ ਦੇ ਹੀਰੋ ਲੱਭ ਕੇ ਤਸੱਲੀ ਕਰ ਲੈਂਦੀ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪਾਕਿਸਤਾਨ ਦੀ ਸਰਕਾਰ ਵੀ ਸੱਚ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ। ਸ਼ਾਇਦ ਇਸ ਲਈ ਕਿ ਬਾਕੀ ਦੇਸ਼ਾਂ ਦੀ ਸਰਕਾਰ ਦਾ ਕਿਹਾ ਫੌਜ ਮੰਨਦੀ ਹੈ ਤੇ ਪਾਕਿਸਤਾਨ ਵਿਚ ਫੌਜ ਦੇ ਕਹੇ ਮੁਤਾਬਕ ਸਰਕਾਰ ਨੂੰ ਚੱਲਣਾ ਪੈਂਦਾ ਹੈ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 13 ਜੂਨ 2015*

## *ਸਿਆਸੀ ਸ਼ਤਰੰਜ*

ਬਿਹਾਰ ਵਿਚ ਇਕ ਦੂਜੇ ਦੇ ਕੱਟੜ ਵਿਰੋਧੀ ਰਹੇ ਚੋਟੀ ਦੇ ਆਗੂ ਨਿਤੀਸ਼ ਕੁਮਾਰ ਅਤੇ ਲਾਲੂ ਪ੍ਰਸਾਦ ਯਾਦਵ ਆਖਰਕਾਰ ਇਕੱਠੇ ਹੋ ਗਏ ਹਨ। ਸੂਬੇ ਵਿਚ ਇਸ ਵੇਲੇ ਜਨਤਾ ਦਲ (ਯੂ) ਦੀ ਸਰਕਾਰ ਹੈ ਜਿਸ ਦੀ ਅਗਵਾਈ ਨਿਤੀਸ਼ ਕੁਮਾਰ ਕਰ ਰਹੇ ਹਨ। ਲਾਲੂ ਪ੍ਰਸਾਦ ਯਾਦਵ ਦੀ ਅਗਵਾਈ ਵਾਲਾ ਰਾਸ਼ਟਰੀ ਜਨਤਾ ਦਲ ਜੋ ਪਹਿਲਾਂ ਸੱਤਾ ਦਾ ਸੁਖ ਮਾਣ ਚੁੱਕਾ ਹੈ, ਆਪਣੀ ਪਹਿਲੀ ਸ਼ਾਨ ਮੁੜ ਲਿਆਉਣ ਲਈ ਯਤਨਸ਼ੀਲ ਹੈ, ਪਰ ਪਿਛਲੇ ਸਮੇਂ ਦੌਰਾਨ ਸੂਬੇ ਵਿਚ ਜਿਸ ਤਰ੍ਹਾਂ ਦੀ ਸਫਬੰਦੀ ਹੋਈ ਹੈ, ਉਸ ਨੇ ਲਾਲੂ ਨੂੰ ਨਿਤੀਸ਼ ਨਾਲ ਰਲਨ ਲਈ ਮਜਬੂਰ ਕਰ ਦਿੱਤਾ ਹੈ। ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਭਰਵੀਂ ਜਿੱਤ ਨੇ ਇਹ ਸੁਨੇਹਾ ਤਾਂ ਸਪਸ਼ਟ ਰੂਪ ਵਿਚ ਦੇ ਦਿੱਤਾ ਸੀ ਕਿ ਜਨਤਾ ਪਰਿਵਾਰ ਵਾਲੇ ਇਕ ਮੰਚ ਉਤੇ ਨਾ ਆਏ ਤਾਂ ਭਾਰਤੀ ਜਨਤਾ ਪਾਰਟੀ ਦੇ ਜੇਤੂ ਰੱਥ ਨੂੰ ਰੋਕਣਾ ਮੁਸ਼ਕਿਲ ਹੈ। ਖੈਰ, ਬਾਅਦ ਵਿਚ ਵਿਧਾਨ ਸਭਾ ਦੀਆਂ ਹੋਈਆਂ ਉਪ ਚੋਣਾਂ ਵਿਚ ਬਿਹਾਰ ਦੀਆਂ ਤਕਰੀਬਨ ਸਾਰੀਆਂ ਮੁੱਖ ਵਿਰੋਧੀ ਪਾਰਟੀਆਂ ਵਿਚਕਾਰ ਮੋਟੀ ਜਿਹੀ ਸਹਿਮਤੀ ਬਣ ਗਈ ਅਤੇ ਨਤੀਜਾ ਭਾਰਤੀ ਜਨਤਾ ਪਾਰਟੀ ਨੂੰ ਹੋਈ ਹਾਰ ਦਾ ਨਿਕਲਿਆ। ਇਸ ਤੋਂ ਬਾਅਦ ਹੀ ਸੂਬੇ ਵਿਚ ਨਵੇਂ ਸਿਰਿਉਂ ਸਿਆਸੀ ਸਫਬੰਦੀ ਦੀ ਨੀਂਹ ਧਰੀ ਗਈ। ਉਪ ਚੋਣਾਂ ਦੀ ਜਿੱਤ ਨੇ ਮੁਲਕ ਭਰ ਵਿਚ ਇਹ ਸੁਨੇਹਾ ਵੀ ਦਿੱਤਾ ਕਿ ਜੇ ਨਰੇਂਦਰ ਮੋਦੀ ਤੇ ਭਾਰਤੀ ਜਨਤਾ ਪਾਰਟੀ ਦੀ ਅੰਨ੍ਹੀ ਲਹਿਰ ਨੂੰ ਠੱਲ੍ਹਣਾ ਹੈ ਤਾਂ ਸਭ ਸਿਆਸੀ ਮੱਤਭੇਦ ਮਿਟਾ ਕੇ ਰਲ ਕੇ ਮੁਕਾਬਲਾ ਕਰਨਾ ਪਵੇਗਾ। ਬਿਹਾਰ ਵਿਚ ਕੱਟੜਪੰਥੀਆਂ ਦੀ ਮਾਰ ਨਾਲ ਨਜਿੱਠਣ ਲਈ ਪਹਿਲਾਂ ਵੀ ਇਸੇ ਤਰ੍ਹਾਂ ਹੱਲਾ ਮਾਰਿਆ ਗਿਆ ਸੀ। ਢਾਈ ਕੁ ਦਹਾਕੇ ਪਹਿਲਾਂ ਜਦੋਂ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਰੱਥ ਯਾਤਰਾ 'ਤੇ ਨਿਕਲੇ ਹੋਏ ਸਨ ਅਤੇ ਮੁਲਕ ਫਿਰਕੂ ਵੰਡੀਆਂ ਪਾ ਰਹੇ ਸਨ, ਤਾਂ ਉਸ ਸਮੇਂ ਬਿਹਾਰ ਨੇ ਹੀ ਇਹ ਫਿਰਕੂ ਰੱਥ ਰੋਕਿਆ ਸੀ। ਉਸ ਵਕਤ ਸੂਬੇ ਵਿਚ ਲਾਲੂ ਪ੍ਰਸਾਦ ਯਾਦਵ ਦੀ ਅਗਵਾਈ ਵਾਲੀ ਸਰਕਾਰ ਸੀ। ਉਨ੍ਹਾਂ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਲੋਕਾਂ ਅੰਦਰ ਪਾੜਾ ਵਧਾ ਰਿਹਾ, ਇਹ ਰੱਥ ਬਿਹਾਰ ਤੋਂ ਅਗਾਂਹ ਲੰਘਣ ਨਹੀਂ ਦਿੱਤਾ ਜਾਵੇਗਾ। ਉਸ ਵੇਲੇ ਵੀ ਹਿੰਦੂਵਾਦੀ ਕੱਟੜਪੰਥੀਆਂ ਦੀ ਚੜ੍ਹਤ ਸੀ, ਭਾਵੇਂ ਇਹ ਚੜ੍ਹਤ ਅੱਜ ਵਰਗੀ ਨਹੀਂ ਸੀ। ਲਾਲੂ ਪ੍ਰਸਾਦ ਯਾਦਵ ਨੇ ਵੱਡਾ ਸਿਆਸੀ ਜੋਖਮ ਉਠਾਉਂਦਿਆਂ ਰੱਥ ਸੱਚਮੁੱਚ ਡੱਕ ਲਿਆ ਸੀ। ਉਸ ਵੇਲੇ ਵੀ ਸੰਜੀਦਾ ਸਿਆਸੀ ਵਿਸ਼ਲੇਸ਼ਣਕਾਰਾਂ ਨੇ ਇਹੀ ਮੁੱਦਾ ਉਭਾਰਿਆ ਸੀ ਕਿ ਹਿੰਦੂਵਾਦੀ ਫਿਰਕੂ ਤਾਕਤਾਂ ਜਿਸ ਤਰ੍ਹਾਂ ਸਿਰ ਉਤੇ ਚੜ੍ਹੀਆਂ ਆ ਰਹੀਆਂ ਹਨ, ਇਨ੍ਹਾਂ ਨੂੰ ਕਰੜੇ ਹੱਥੀਂ ਹੀ ਨਜਿੱਠਣਾ ਪਵੇਗਾ, ਇਸ ਤੋਂ ਬਿਨਾਂ ਕੋਈ ਚਾਰਾ ਬਾਕੀ ਨਹੀਂ ਬਚਿਆ ਹੈ।

ਹੁਣ ਇਕ ਵਾਰ ਫਿਰ ਇਹੀ ਮੁੱਦਾ ਸਿਆਸਤ ਦੇ ਪਿੜ ਵਿਚ ਮੂੰਹ ਅੱਡੀ ਖੜ੍ਹਾ ਹੈ, ਪਰ ਇਸ ਵਾਰ ਹਾਲਾਤ ਬਹੁਤ ਬਦਲੇ ਹੋਏ ਹਨ। ਸੱਤਾ ਉਤੇ ਭਾਰਤੀ ਜਨਤਾ ਪਾਰਟੀ ਦਾ ਮਜ਼ਬੂਤ ਕਬਜ਼ਾ ਹੈ। ਇਸ ਦੀ ਪਿੱਠ ਉਤੇ ਉਹ ਆਰ.ਐਸ.ਐਸ. ਖੜ੍ਹੀ ਹੈ ਜਿਸ ਦਾ ਮੁੱਖ ਏਜੰਡਾ ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਬਦਲਣ ਦਾ ਹੈ। ਆਪਣੇ ਇਸ ਕਾਰਜ ਲਈ ਇਹ ਲਗਾਤਾਰ ਸਰਗਰਮ ਹੈ ਅਤੇ ਹਰ ਹੀਲਾ-ਵਸੀਲਾ ਕਰਦੀ ਰਹੀ ਹੈ। ਹੁਣ ਸੱਤਾ ਮਿਲਣ ਤੋਂ ਬਾਅਦ ਇਸ ਦੀਆਂ ਸਰਗਰਮੀਆਂ ਵਿਚ ਬਹੁਤ ਜ਼ਿਆਦਾ ਤੇਜ਼ੀ ਆਈ ਜਿਸ ਤੋਂ ਸਿਆਸੀ ਵਿਸ਼ਲੇਸ਼ਣਕਾਰ ਵੀ ਹੈਰਾਨ ਹਨ। ਮੁਲਕ ਦੀ ਹਰ ਸੰਸਥਾ ਵਿਚ ਆਰ.ਐਸ.ਐਸ. ਦੀ ਵਿਚਾਰਧਾਰਾ ਨਾਲ ਲੈਸ ਬੰਦੇ ਫਿੱਟ ਕੀਤੇ ਜਾ ਰਹੇ ਹਨ, ਖਾਸ ਕਰ ਕੇ ਸਿਖਿਆ ਦੇ ਖੇਤਰ ਵਿਚ ਤਾਂ ਵੱਡੀ ਘੁਸਪੈਠ ਕੀਤੀ ਜਾ ਰਹੀ ਹੈ। ਇਹੀ ਨਹੀਂ, ਵੈਦਿਕ ਕਾਲ ਤੋਂ ਇਤਿਹਾਸ ਨਵੇਂ ਸਿਰਿਉਂ ਲਿਖਣ ਬਾਰੇ ਪ੍ਰਚਾਰ ਕੀਤਾ ਜਾ ਰਿਹਾ ਹੈ। ਦੂਜੇ ਬੰਨੇ, ਪਹਿਲਾਂ ਸੱਤਾ ਵਿਚ ਰਹੀ ਕਾਂਗਰਸ ਦੀ ਜੋ ਕਾਰਗੁਜ਼ਾਰੀ ਹੁਣ ਤੱਕ ਦੀ ਰਹੀ ਹੈ, ਉਸ ਨਾਲ ਸਿਰਫ ਕਾਂਗਰਸੀ ਹੀ ਸਹਿਮਤ ਹੋ ਸਕਦੇ ਹਨ। ਅਸਲ ਵਿਚ ਭਾਰਤ ਦੇ ਸਿਆਸੀ ਢਾਂਚੇ ਦੀ ਦਿਸ਼ਾ ਇਸੇ ਪਾਰਟੀ ਨੇ ਬੰਨ੍ਹੀ ਹੈ ਅਤੇ ਆਜ਼ਾਦੀ ਤੋਂ ਸੱਤ ਦਹਾਕਿਆਂ ਬਾਅਦ ਭਾਰਤੀ ਆਵਾਮ ਅੱਜ ਵੀ ਚੌਰਾਹੇ ਵਿਚ ਖੜ੍ਹਾ ਹੈ, ਬਲਕਿ ਚੌਰਾਹੇ ਵਿਚ ਖੜ੍ਹਾ ਆਰ.ਐਸ.ਐਸ. ਵਰਗੀਆਂ ਜਥੇਬੰਦੀਆਂ ਦੀ ਚੜ੍ਹਤ ਨੂੰ ਬੜੀ ਬੇਵਸੀ ਨਾਲ ਦੇਖ ਰਿਹਾ ਹੈ। ਅਜਿਹੇ ਹਾਲਾਤ ਵਿਚ ਜੇ ਬਿਹਾਰ ਵਿਚ ਜਨਤਾ ਪਰਿਵਾਰ ਨਾਲ ਜੁੜੀਆਂ ਪਾਰਟੀਆਂ ਇਕ ਮੰਚ ਉਤੇ ਆਉਂਦੀਆਂ ਹਨ ਤਾਂ ਇਸ ਨੂੰ ਸ਼ੁਭ ਸ਼ਗਨ ਹੀ ਮੰਨਣਾ ਚਾਹੀਦਾ ਹੈ; ਹਾਲਾਂਕਿ ਇਹ ਤੱਥ ਵੀ ਦਿੱਤੇ ਦਿਨ ਵਾਂਗ ਸਾਫ ਹੈ ਕਿ ਕੁੱਲ ਮਿਲਾ ਕੇ ਇਨ੍ਹਾਂ ਪਾਰਟੀਆਂ ਦੀ ਸਿਆਸਤ ਕੋਈ ਬਹੁਤੀ ਵੱਖਰੀ ਨਹੀਂ ਹੈ ਅਤੇ ਜਿਸ ਤਰ੍ਹਾਂ ਦੀ ਬਦਲਵੀਂ, ਵੱਖਰੀ ਤੇ ਨਿਆਰੀ ਸਿਆਸੀ ਚਾਰਾਜੋਈ ਦੀ ਭਾਰਤ ਵਿਚ ਜ਼ਰੂਰਤ ਹੈ, ਉਸ ਤਰ੍ਹਾਂ ਦਾ ਹੰਭਲਾ ਫਿਲਹਾਲ ਕਿਤੇ ਦਿਸ ਨਹੀਂ ਰਿਹਾ ਹੈ। ਆਮ ਆਦਮੀ ਪਾਰਟੀ ਨੇ ਸਿਆਸੀ ਪਿੜ ਵਿਚ ਕੁਝ ਨਵਾਂ ਉਸਾਰਨ ਦੀ ਆਸ ਜਗਾਈ ਸੀ, ਪਰ ਪਿਛਲੇ ਕੁਝ ਸਮੇਂ ਦੌਰਾਨ ਇਸ ਦੇ ਆਗੂਆਂ ਦੀ ਸਾਹਮਣੇ ਆਈ ਪਹੁੰਚ ਨੇ 'ਦਿੱਲੀ ਅਜੇ ਦੂਰ' ਵਾਲੀ ਦੱਸ ਹੀ ਪਾਈ ਹੈ। ਅਸਲ ਵਿਚ ਜਿੰਨੀ ਦੇਰ ਤੱਕ ਭਾਰਤੀ ਸਿਆਸਤ ਨੂੰ ਖੋਖਲਾ ਕਰੀ ਬੈਠੀਆਂ ਧਾਰਨਾਵਾਂ ਨੂੰ ਲਾਂਭੇ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸਿਆਸੀ ਪਿੜ ਵਿਚ ਕੋਈ ਵੱਡੀ ਛਾਲ ਮਾਰਨਾ ਮੁਸ਼ਕਿਲ ਜਾਪਦਾ ਹੈ। ਮਸਲਾ ਸਿਆਸੀ ਪਿੜ ਵਿਚ ਨਵ-ਉਸਾਰੀ ਦਾ ਹੈ। ਮੌਕੇ ਦੀਆਂ ਸਿਆਸੀ ਸਫਬੰਦੀਆਂ ਵੱਖ ਵੱਖ ਧਿਰਾਂ ਦੇ ਆਪੋ-ਆਪਣੇ ਸਿਆਸੀ ਮੁਫਾਦ ਦੀ ਸਿੱਧੀ ਤਾਂ ਕਰਵਾ ਸਕਦੀਆਂ ਹਨ, ਪਰ ਇਹ ਚਿਰਸਥਾਈ ਅਤੇ ਵੱਢ-ਮਾਰੂ ਸਾਬਤ ਨਹੀਂ ਹੋ ਸਕਦੀਆਂ। ਫਿਰ ਵੀ ਬਿਹਾਰ ਦੀ ਨਵੀਂ ਸਫਬੰਦੀ ਦਾ ਸਵਾਗਤ ਕਰਨਾ ਚਾਹੀਦਾ ਹੈ। ਇਹ ਸਫਬੰਦੀ ਹੋਰ ਸਿਆਸੀ ਧਿਰਾਂ, ਜਿਹੜੀਆਂ ਫਿਰਕੂ ਤਾਕਤਾਂ ਦੇ ਉਭਾਰ ਨੂੰ ਡੱਕਣਾ ਚਾਹੁੰਦੀਆਂ ਹਨ, ਲਈ ਸਬਕ ਵੀ ਹੈ। ਲਾਲੂ ਪ੍ਰਸਾਦ ਯਾਦਵ ਨੇ ਨਿਤੀਸ਼ ਕੁਮਾਰ ਨੂੰ ਆਪਣਾ ਆਗੂ ਸਵੀਕਾਰ ਕਰ ਕੇ ਅਤੇ ਉਸ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਮੰਨ ਕੇ ਇਕ ਵਾਰ ਫਿਰ ਫਿਰਕਾਪ੍ਰਸਤੀ ਵਿਰੋਧੀ ਤਾਕਤਾਂ ਨੂੰ ਮੰਚ ਮੁਹੱਈਆ ਕਰਵਾਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜੋੜੀਆਂ ਜੱਗ ਥੋੜ੍ਹੀਆਂ*

ਹਰ ਕੋਈ ਪੱਟਿਆ ਫਿਰੇ 'ਮਨਮਰਜ਼ੀਆਂ' ਦਾ, ਤਿੜਕ ਗਈ ਵਿਸ਼ਵਾਸ ਦੀ ਡੋਰ ਇਥੇ।
ਕਲਾਕਾਰ ਹੀ ਬਣੇ ਨੇ 'ਰੋਲ ਮਾਡਲ' ਲੋਕੀਂ ਭੁੱਲ ਗਏ ਸਾਊਆਂ ਦੀ ਤੋਰ ਇਥੇ।
ਤੀਵੀਂ ਮਰਦ ਵਿਚ ਕਲਹ-ਕਲੇਸ਼ ਰਹਿੰਦਾ, ਉਹਦੀ ਚੌਧਰ ਜੋ ਹੋਵੇ 'ਮੂੰਹ ਜ਼ੋਰ' ਇਥੇ।
ਚੋਰੀ-ਯਾਰੀ ਦੀ ਸ਼ਰਮ ਅਲੋਪ ਹੋ ਗਈ 'ਰਿਸ਼ਤੇ' ਬਣੇ ਨੇ ਹੋਰ ਦੇ ਹੋਰ ਇਥੇ।
ਖਾਣ-ਪੀਣ ਤੇ ਫੈਸ਼ਨ ਦੇ ਸ਼ੌਕ ਪਾਲੇ, ਮਾਂਵਾਂ 'ਲਾਲ' ਵੀ ਉਹੋ ਜਿਹੇ ਜਣਦੀਆਂ ਨੇ।
ਜਿੱਧਰ ਦੇਖੀਏ ਨਰੜ ਹੀ ਨਰੜ ਫਿਰਦੇ, ਜੱਗ ਜੋੜੀਆਂ ਥੋੜ੍ਹੀਆਂ ਬਣਦੀਆਂ ਨੇ!

# ਨਜ਼ਰਅੰਦਾਜ਼ ਦਰਦ ਦੇ ਉਲਾਰ ਪ੍ਰਗਟਾਵੇ ਅਤੇ ਡਾਲਰ

ਨਜ਼ਰਅੰਦਾਜ਼ ਕੀਤੀ ਗਈ ਦੁਖਦੀ ਰਗ ਜਦੋਂ ਉਲਾਰ ਸੁਰ ਦੇ ਵਸ ਪੈਂਦੀ ਹੈ ਤਾਂ ਦਰਦ ਦੀ ਨਜ਼ਰਅੰਦਾਜ਼ੀ ਪੱਕੇ ਪੈਰੀਂ ਹੋ ਜਾਂਦੀ ਹੈ। ਦਰਦ ਦੇ ਦੁਆਲੇ ਹੋਈ ਪਾਲਾਬੰਦੀ ਉਲਾਰ ਬੋਲੀਆਂ ਨਾਲ ਆਪਣੀ ਹੋਂਦ ਦੀ ਅਹਿਮੀਅਤ ਲੱਭਦੀ ਹੈ ਤਾਂ ਦਰਦ ਨੂੰ ਮੁਖ਼ਾਤਬ ਹੋਣ ਦੀਆਂ ਸੰਭਾਵਨਾਵਾਂ ਮੱਧਮ ਪੈਂਦੀਆਂ ਜਾਂਦੀਆਂ ਹਨ। ਦਰਦ ਨੇ ਮੁੜ ਹੱਦ ਤੋਂ ਪਾਰ ਹੋਣਾ ਹੈ ਅਤੇ ਇਸ ਦੇ ਉਲਾਰ ਬੋਲੀਆਂ ਦੇ ਵਸ ਪੈਣ ਦਾ ਖ਼ਦਸ਼ਾ ਖੜ੍ਹਾ ਹੋ ਜਾਂਦਾ ਹੈ। ਜਦੋਂ ਦਰਦ, ਸ਼ਰਧਾ ਦੇ ਘੋੜੇ ਸਵਾਰ ਹੋ ਜਾਵੇ ਤਾਂ ਸ਼ਰਧਾ ਨੂੰ ਹਉਮੈ ਦਾ ਬਾਣਾ ਪਾਉਣ ਵਿਚ ਸਮਾਂ ਨਹੀਂ ਲੱਗਦਾ। ਇਹ ਸਿਲਸਿਲਾ ਬੁਨਿਆਦੀ ਮੁੱਦਿਆਂ ਦੀ ਨਿਸ਼ਾਨਦੇਹੀ ਕਰ ਕੇ ਦਰਦ ਨੂੰ ਮੁਖ਼ਾਤਬ ਹੋਣ ਤੋਂ ਮੁਨਕਰ ਹੋਣ ਤੱਕ ਜਾਂਦਾ ਹੈ ਅਤੇ ਉਲਾਰ ਬੋਲੀਆਂ ਦੀਆਂ ਸੱਟਾਂ ਨੂੰ ਫ਼ੈਸਲਾਕੁਨ ਕਰਾਰ ਦਿੰਦਾ ਹੈ। ਜੇ ਇਹ ਸੱਟਾਂ ਫ਼ੈਸਲਾਕੁਨ ਹਨ ਤਾਂ ਇਨ੍ਹਾਂ ਨੂੰ ਸੱਜਰੀਆਂ ਰੱਖਣ ਦਾ ਤਰੱਦਦ ਵੀ ਹੁੰਦਾ ਹੈ ਅਤੇ ਨਵੀਆਂ ਸੱਟਾਂ ਖਾਣ ਦੀ ਵਿਉਂਤਬੰਦੀ ਵੀ ਕੀਤੀ ਜਾਂਦੀ ਹੈ। ਇਹ ਫ਼ਿਦਾਇਨੀ ਸਿਆਸਤ, ਖ਼ੁਦਕੁਸ਼ ਬੰਬਾਰਾਂ ਤੋਂ ਲੈ ਕੇ 'ਏਕਤਾ-ਅਖੰਡਤਾ' ਦੇ ਨਾਅਰਿਆਂ ਅਤੇ 'ਕੌਮ ਨੂੰ ਖ਼ਤਰੇ' ਦੇ ਬੋਲੀਆਂ ਦੀਆਂ ਵੰਨ-



ਦਲਜੀਤ ਅਮੀ
ਫੋਨ: +91-97811-21873

ਸੁਵੰਨੀਆਂ ਵੰਨਗੀਆਂ ਵਿਚੋਂ ਜ਼ਾਹਿਰ ਹੁੰਦੀ ਹੈ। ਬਾਣਿਆਂ ਅਤੇ ਵਰਦੀਆਂ ਦੀਆਂ ਮਾਤਮੀ ਤੇ ਸ਼ਹਾਦਤੀ ਸੁਰਾਂ ਦੀ ਸਾਂਝ, ਸੰਗਤ ਨੂੰ ਭੇਡਾਂ ਵਜੋਂ ਪ੍ਰਵਾਨ ਕਰਦੀ ਹੈ ਅਤੇ ਇਹੋ ਦ੍ਰਿੜਾਉਂਦੀ ਜਾਪਦੀ ਹੈ ਕਿ ਦੁਨੀਆਂ ਦੀ ਵੰਨ-ਸੁਵੰਨਤਾ ਇਨ੍ਹਾਂ ਦੋ ਧਿਰਾਂ ਵਿਚ ਹੀ ਸਮਾਈ ਹੋਈ ਹੈ।

ਜੂਨ 1984 ਦੇ ਯਾਦਗਾਰੀ ਸਮਾਗਮਾਂ ਤਹਿਤ ਦਰਬਾਰ ਸਾਹਿਬ ਅਤੇ ਜੰਮੂ ਵਿਚ ਹੋਈਆਂ ਘਟਨਾਵਾਂ ਕੀ ਦਰਸਾਉਂਦੀਆਂ ਹਨ? ਜੇ ਖ਼ਦਸ਼ਿਆਂ ਤੋਂ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੁਰੱਖਿਆ ਏਜੰਸੀਆਂ ਜਾਣੂ ਸਨ ਤਾਂ ਇਨ੍ਹਾਂ ਦੀ ਤਿਆਰੀ ਕੀ ਦਰਸਾਉਂਦੀ ਹੈ? ਜੇ ਇਨ੍ਹਾਂ ਘਟਨਾਵਾਂ ਦੀ ਜ਼ਿੰਮੇਵਾਰੀ ਲੈਣ ਲਈ ਕੋਈ ਜਥੇਬੰਦੀ ਤਿਆਰ ਨਹੀਂ ਤਾਂ ਜੰਮੂ ਵਿਚ 'ਸ਼ਹੀਦੀ ਰੁਤਬਾ' ਦੇਣ ਦਾ ਹੱਕ ਇਨ੍ਹਾਂ ਨੂੰ ਕਿੱਥੋਂ ਮਿਲਦਾ ਹੈ? ਕੀ 1984 ਦੇ ਸਾਲ ਨੂੰ ਸਿਰਫ਼ ਠੇਸ ਦੇ ਹਵਾਲੇ ਨਾਲ ਸ਼ਰਧਾ ਵਜੋਂ ਹੀ ਯਾਦ ਕੀਤਾ ਜਾਣਾ ਚਾਹੀਦਾ ਹੈ, ਜਾਂ ਉਸ ਨੂੰ 'ਵਿਵੇਕ ਦਾਨ, ਵਿਸਾਹ ਦਾਨ ਅਤੇ ਭੋਰਸਾ ਦਾਨ' ਮੰਗਣ ਵਾਲੀ ਅਰਦਾਸ ਦੀ ਸਾਣ ਉਤੇ ਚਾੜ੍ਹਿਆ ਜਾਣਾ ਚਾਹੀਦਾ ਹੈ? ਕੀ 1984 ਦੀ ਠੇਸ ਨਾਲ ਜੁੜੀ ਸਿਆਸਤ ਅਤੇ ਅਰਥਚਾਰੇ ਦੀ ਮੌਜੂਦਾ ਦੌਰ ਦੇ ਸੁਆਲਾਂ ਨਾਲ ਸੰਜੀਦਗੀ ਵੀ ਪਰਖਣੀ ਚਾਹੀਦੀ ਹੈ? ਕੀ 'ਇੰਦਰਾ ਗਾਂਧੀ ਦੀ ਹਮਲਾਵਰ ਵਜੋਂ ਅਰਦਾਸ ਵਿਚ ਸ਼ਨਾਖ਼ਤ' ਕਰਨ ਵਾਲੇ ਜਥੇਦਾਰ ਨੂੰ ਹਮਲਾਵਰਾਂ ਦੀ ਮੌਜੂਦਾ ਪੀੜ੍ਹੀ ਦੇ ਨਾਮ ਪੁੱਛੇ ਜਾ ਸਕਦੇ ਹਨ? ਕੀ 'ਸਰਕਾਰਾਂ' ਅਤੇ 'ਪੰਥ' ਨੂੰ ਪ੍ਰਨਾਏ ਕਸੀਦਾਕਾਰੀ ਇਤਿਹਾਸਕਾਰ ਦੀ ਚੋਣਵੇਂ ਤੱਥਾਂ ਵਾਲੀਆਂ ਲਿਖਤਾਂ ਨੂੰ ਹੀ ਅੰਤਿਮ ਮੰਨਿਆ ਜਾਣਾ ਚਾਹੀਦਾ ਹੈ? ਇਨ੍ਹਾਂ ਸੁਆਲਾਂ ਦੀ ਫਹਿਰਿਸਤ ਹੋਰ ਲੰਮੀ ਹੋ ਸਕਦੀ ਹੈ।

ਅੰਮ੍ਰਿਤਸਰ ਅਤੇ ਜੰਮੂ ਦੀ ਘਟਨਾਵਾਂ ਨੂੰ ਵਿਦੇਸ਼ਾਂ ਵਿਚ ਹੋਏ ਸਮਾਗਮਾਂ ਅਤੇ ਆਏ ਬਿਆਨਾਂ ਤੋਂ ਨਿਖੇੜ ਕੇ ਸਮਝਣਾ ਮੁਸ਼ਕਿਲ ਹੈ। ਇਸ ਵਾਰ 'ਪਿਛਲੇ ਸਾਲ ਤੋਂ ਸਬਕ ਸਿੱਖ' ਕੇ ਦਰਬਾਰ ਸਾਹਿਬ ਆਈਆਂ ਜਥੇਬੰਦੀਆਂ ਤਾਂ ਸੁਰੱਖਿਆ ਏਜੰਸੀਆਂ ਅਤੇ ਟਾਸਕ ਫੋਰਸ ਦੇ ਤਾਲਮੇਲ ਨਾਲ ਉਸਾਰੀਆਂ ਰੋਕਾਂ ਤੋਂ ਕੰਨੀ ਕਤਰਾ ਕੇ ਲੰਘ ਗਈਆਂ। ਵੱਖ ਵੱਖ ਖੂੰਜਿਆਂ ਵਿਚ ਖੜ੍ਹੋ ਕੇ ਛੋਟੇ ਛੋਟੇ ਕੈਮਰਿਆਂ ਨੂੰ ਮੁਖ਼ਾਤਬ ਹੋ ਕੇ ਆਗੂਆਂ ਨੇ ਆਪਣੇ ਨਾਲ ਲਿਆਂਦੇ ਗਿਣਤੀ ਦੇ ਹਮਾਇਤੀਆਂ ਸਾਹਮਣੇ ਤਕਰੀਰਾਂ ਕੀਤੀਆਂ। ਇਹੋ ਤਕਰੀਰਾਂ ਦੁਨੀਆਂ ਭਰ ਵਿਚ ਸ਼ਰਧਾਲੂਆਂ ਸਾਹਮਣੇ ਨਸ਼ਰ ਹੋਈਆਂ ਅਤੇ ਵਿਦੇਸ਼ਾਂ ਵਿਚ ਚਰਚਾ ਦਾ ਵਿਸ਼ਾ ਬਣੀਆਂ। ਇਨ੍ਹਾਂ ਤਕਰੀਰਾਂ ਨਾਲ ਵਿਦੇਸ਼ਾਂ ਵਿਚੋਂ 'ਪੰਥ ਦੇ ਨਾਮ ਉਤੇ ਹੁੰਦੀਆਂ ਉਗਰਾਹੀਆਂ' ਦਾ ਰਿਸ਼ਤਾ ਤਾਂ ਸਮਝਣਾ ਹੀ ਚਾਹੀਦਾ ਹੈ। ਕੀ ਇਨ੍ਹਾਂ ਤਕਰੀਰਾਂ ਨੂੰ ਗ਼ੈਰ-ਸਰਕਾਰੀ ਸੰਸਥਾਵਾਂ ਦੀ 'ਵੇਰਵਾ ਦੇਣ ਵਾਲੀ ਸਾਲਾਨਾ ਮਸ਼ਕ' ਮੰਨਿਆ ਜਾ ਸਕਦਾ ਹੈ? ਗ਼ੈਰ-ਸਰਕਾਰੀ ਸੰਸਥਾਵਾਂ ਦੇ ਕਰਾਰ 'ਪਰਉਪਕਾਰੀ' ਸਰਗਰਮੀਆਂ ਦੀਆਂ ਗਵਾਹੀਆਂ ਪੇਸ਼ ਕਰਨ ਤੋਂ ਬਾਅਦ ਹੀ ਨਵੇਂ ਕੀਤੇ ਜਾਂਦੇ ਹਨ। ਇਹ ਦਲੀਲ ਸੁਰੱਖਿਆ ਏਜੰਸੀਆਂ ਅਤੇ ਟਾਸਕ ਫੋਰਸ ਉਤੇ ਜਿਉਂ ਦੀ ਤਿਉਂ ਲਾਗੂ ਕੀਤੀ ਜਾ ਸਕਦੀ ਹੈ। ਜੇ ਇਸ ਵਾਰ ਕੁਝ ਨਹੀਂ ਹੋਵੇਗਾ ਤਾਂ ਅਗਲੇ ਸਾਲ ਖ਼ਦਸ਼ੇ ਦੀ ਦਲੀਲ ਕਿਥੇ ਰਹਿ ਜਾਵੇਗੀ?

ਬਲਿਊ ਸਟਾਰ ਅਪਰੇਸ਼ਨ ਦੀ 31ਵੀਂ ਬਰਸੀ ਮੌਕੇ ਭਿੰਡਰਾਂਵਾਲੇ ਦੇ ਪੋਸਟਰ ਲਗਾਉਣ ਅਤੇ ਪਾੜਨ ਦੀ ਕੀ ਅਹਿਮੀਅਤ ਬਣਦੀ ਹੈ? ਭਿੰਡਰਾਂਵਾਲੇ ਦੇ ਪੋਸਟਰ ਦੇ ਜੁਆਬ ਵਿਚ ਦੂਜੇ ਬਰਾੜ (ਕੁਲਦੀਪ ਸਿੰਘ) ਦੀ ਥਾਂ ਜਨਰਲ ਵੈਦਿਆ ਦਾ ਪੋਸਟਰ ਕਿਵੇਂ ਅਤੇ ਕਿਉਂ ਆਇਆ? ਭਿੰਡਰਾਂਵਾਲੇ ਦੇ ਪੋਸਟਰਾਂ ਅਤੇ ਸਟਿੱਕਰਾਂ ਨਾਲ ਜੁੜੇ ਮੁਨਾਫ਼ੇ ਦਾ ਅੰਦਾਜ਼ਾ ਤਾਂ ਚੀਨ ਦੇ ਉਦਮੀ ਖ਼ਾਸੇ ਨੂੰ ਹੈ, ਪਰ ਵੈਦਿਆ ਦੀ ਚੋਣ ਕਿਵੇਂ ਹੋਈ ਹੈ? ਕੀ ਮੋਦੀ-ਨਾਦ ਦੇ ਦੌਰ ਵਿਚ ਬਲਿਊ ਸਟਾਰ ਅਪਰੇਸ਼ਨ ਦੀ ਅਗਵਾਈ ਕਰਨ ਵਾਲੇ ਜਨਰਲ ਕੁਲਦੀਪ ਸਿੰਘ ਬਰਾੜ ਨਾਲ 'ਸਿੱਖ ਹੋਣ ਕਾਰਨ' ਵਿਤਕਰਾ ਕੀਤਾ ਜਾ ਰਿਹਾ ਹੈ?

ਇਸ ਰੁਝਾਨ ਤੋਂ ਸਾਫ਼ ਹੁੰਦਾ ਹੈ ਕਿ ਇਹ ਸਾਰੀ ਮਸ਼ਕ ਮੌਕੇ ਮੁਤਾਬਕ ਹੀ ਕੀਤੀ ਜਾ ਰਹੀ ਹੈ। ਹੁਣ ਸੁਆਲ ਇਹ ਵੀ ਆਏਗਾ ਕਿ ਇਤਿਹਾਸ ਅਤੇ ਖ਼ਿੱਤੇ ਦੇ ਦਰਦ ਨਾਲ ਜੁੜੇ ਸੁਆਲ ਮਹਿਜ਼ ਮੌਕੇ ਤੱਕ ਮਹਿਦੂਦ ਕਿਉਂ ਹੋ ਜਾਂਦੇ ਹਨ? ਸਰਕਾਰ ਇਸ ਮੌਕੇ ਨਾਲ ਜੁੜੇ ਖ਼ਦਸ਼ਿਆਂ ਨੂੰ ਸਾਲ ਦੇ ਬਾਕੀ ਦਿਨਾਂ ਵਿਚ ਮੁਖ਼ਾਤਬ ਕਿਉਂ ਨਹੀਂ ਹੁੰਦੀ? ਇਸ ਮੌਕੇ 'ਛੋਟੇ ਕੈਮਰਿਆਂ ਰਾਹੀਂ ਆਲਮੀ ਬਿਆਨ' ਦੇਣ ਵਾਲੀਆਂ ਜਥੇਬੰਦੀਆਂ ਸਾਲ ਦੇ ਬਾਕੀ ਦਿਨਾਂ ਵਿਚ ਇਨ੍ਹਾਂ ਹੀ ਸੁਆਲਾਂ ਨੂੰ ਕਿਵੇਂ ਮੁਖ਼ਾਤਬ ਹੁੰਦੀਆਂ ਹਨ? ਕੀ ਇਕੱਤੀ ਸਾਲਾਂ ਵਿਚ ਸਾਰੀ ਸਿਆਸਤ ਯਾਦਗਾਰੀ ਦਿਨਾਂ ਅਤੇ 'ਸਿੱਖ ਬੰਦੀਆਂ' ਦੇ ਸੁਆਲਾਂ ਤੱਕ ਮਹਿਦੂਦ ਹੋ ਗਈ ਹੈ? ਕੀ ਇਕੱਤੀ ਸਾਲ ਪਹਿਲਾਂ ਵਾਪਰੀ ਤ੍ਰਾਸਦੀ ਦਾ ਪਿਛੋਕੜ ਬਿਲਕੁਲ ਅਹਿਮ ਨਹੀਂ ਹੈ? ਉਸ ਪਿਛੋਕੜ ਦੀ ਬੇਬਾਕ ਪੜਚੋਲ ਕਿਉਂ ਨਹੀਂ ਹੋਣੀ ਚਾਹੀਦੀ?

ਵਿਦੇਸ਼ਾਂ ਵਿਚ ਸਰਗਰਮ 'ਸਿੱਖ ਜਥੇਬੰਦੀਆਂ' 1984 ਦੀਆਂ 'ਘੱਲੂਘਾਰੇ' ਦੇ ਯਾਦਗਾਰੀ ਸਮਾਗਮਾਂ ਵਿਚ ਸੁਆਲ ਕਰਦੀਆਂ ਹਨ ਕਿ ਸਿੱਖਾਂ ਨੂੰ ਵੱਖਰਾ ਰਾਜ ਮਿਲਣਾ ਚਾਹੀਦਾ ਹੈ। 'ਸਿੱਖਸ ਫ਼ਾਰ ਜਸਟਿਸ' ਮੁਹਿੰਮ ਚਲਾ ਰਹੀ ਹੈ ਕਿ 2020 ਵਿਚ ਸਿੱਖਾਂ ਲਈ 'ਵੱਖਰੇ ਰਾਜ ਲਈ' ਮਰਦਮਸ਼ੁਮਾਰੀ ਹੋਣੀ ਚਾਹੀਦੀ ਹੈ। ਇਸੇ ਤਰਜ਼ ਦੇ ਪੋਸਟਰ ਉਤਰੀ ਅਮਰੀਕਾ, ਯੂਰਪ ਅਤੇ ਆਸਟਰੇਲੀਆ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਲਹਿਰਾਏ ਗਏ। ਇਨ੍ਹਾਂ ਸਮਾਗਮਾਂ ਵਿਚ ਨਸਲਕੁਸ਼ੀ ਵਰਗੇ ਸ਼ਬਦ ਆਮ ਵਰਤੇ ਜਾਂਦੇ ਹਨ। ਇਨ੍ਹਾਂ ਦੀ ਸਿਆਸਤ ਜਾਂ ਅਰਥਚਾਰੇ ਦੇ ਖ਼ਾਸੇ ਦੀ ਗੱਲ ਪਾਸੇ ਛੱਡ ਕੇ ਕੁਝ ਸੁਆਲ ਪੁੱਛੇ ਜਾਣੇ ਜ਼ਰੂਰੀ ਹਨ। ਕੀ 1984 ਦਾ ਪੂਰਾ ਸਾਲ ਘੱਲੂਘਾਰੇ ਦਾ ਸਾਲ ਹੈ? ਬਲਿਊ ਸਟਾਰ ਅਪਰੇਸ਼ਨ ਤੋਂ ਪਹਿਲਾਂ ਹੋਏ ਕਤਲਾਂ ਦਾ ਹਿਸਾਬ ਕਾਤਲਾਂ ਵੱਲੋਂ ਲਈਆਂ ਜ਼ਿੰਮੇਵਾਰੀਆਂ ਦੇ ਹਵਾਲੇ ਨਾਲ ਕਿਵੇਂ ਕੀਤਾ ਜਾਵੇਗਾ? ਨਿਰੰਕਾਰੀਆਂ ਖ਼ਿਲਾਫ਼ ਕੀਤੀਆਂ ਗਈਆਂ ਕਾਰਵਾਈਆਂ ਨੂੰ ਨਸਲਕੁਸ਼ੀ ਕਿਉਂ ਨਹੀਂ ਕਿਹਾ ਜਾ ਸਕਦਾ? ਕੀ ਇਹ ਸੁਆਲ ਪੁੱਛਣ ਨਾਲ ਕੋਈ ਨਿਰੰਕਾਰੀ ਜਾਂ 1978 ਵਾਲੀ ਵਿਸਾਖੀ ਵਾਲੇ ਕਾਂਡ ਦਾ ਹਮਾਇਤੀ ਹੋ ਜਾਂਦਾ ਹੈ? ਵੰਡ ਵੇਲੇ ਹੋਏ ਕਤਲੇਆਮ ਵਿਚ ਧਿਰ ਤਾਂ ਕੋਈ ਘੱਟ ਨਹੀਂ ਸੀ ਪਰ ਸਿਧਾਂਤਕ ਸੁਆਲ ਤਾਂ ਪੁੱਛਿਆ ਹੀ ਜਾਵੇਗਾ। ਮੁਸਲਮਾਨ ਬੀਬੀਆਂ ਨੂੰ ਉਧਾਲ ਕੇ ਮੁਕੱਦਸ ਥਾਂਵਾਂ ਉਤੇ ਕੀਤੀਆਂ 'ਅਰਦਾਸਾਂ' ਨੂੰ ਕਿਵੇਂ ਸਮਝਿਆ ਜਾਵੇਗਾ? ਦਰਬਾਰ ਸਾਹਿਬ ਦੇ ਲੰਗਰ ਵਿਚ 'ਟੋਟੇ ਟੋਟੇ' ਕਰ ਕੇ ਸੁੱਟੇ ਗਏ ਗਹਿਲ ਸਿੰਘ ਛੱਜਲਵੱਡੀ ਦੀ ਅਮਨਪਸੰਦੀ ਦਾ ਉਸੇ ਥਾਂ ਹੁੰਦੀ ਅਰਦਾਸ ਨਾਲ ਕੀ ਰਿਸ਼ਤਾ ਬਣਦਾ ਹੈ? ਬਲਿਊ ਸਟਾਰ ਤੋਂ ਬਾਅਦ ਜਨਵਰੀ 1986 ਵਿਚ ਹੋਏ 'ਸਰਬੱਤ ਖ਼ਾਲਸੇ' ਨੂੰ 'ਪੰਥ ਦਾ ਫ਼ੈਸਲਾ' ਕਰਾਰ ਦਿੱਤਾ ਜਾਂਦਾ ਹੈ। ਇਹ ਮੁਸ਼ਕਿਲ ਸਮਿਆਂ ਵਿਚ ਸਭ ਤੋਂ ਮੁਕੱਦਸ ਅਸਥਾਨ ਉਤੇ ਹੋਏ ਫ਼ੈਸਲਿਆਂ ਵਜੋਂ ਵਡਿਆਇਆ ਜਾਂਦਾ ਹੈ। ਉਸ ਮੌਕੇ ਅਸਰਅੰਦਾਜ਼ ਹੋਏ ਤਕਰੀਬਨ ਸਾਰੇ ਬੰਦੇ ਜਾਣਦੇ ਸਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਲਿਊ ਸਟਾਰ ਅਪਰੇਸ਼ਨ ਦੌਰਾਨ ਮਾਰੇ ਗਏ ਸਨ। ਸਭ ਤੋਂ ਮੁਕੱਦਸ ਥਾਂ ਤੋਂ ਸਰਬਸੰਮਤੀ ਨਾਲ ਬੋਲੇ ਗਏ ਉਸ 'ਝੂਠ' ਦਾ ਹਿਸਾਬ 'ਪੰਥ ਦੇ ਫ਼ੈਸਲਿਆਂ' ਦੇ ਹਵਾਲੇ ਨਾਲ ਕਿਵੇਂ ਕੀਤਾ ਜਾਵੇਗਾ?

ਆਪਣੇ ਅੰਦਰ ਦੀ ਕਾਣ ਨੂੰ ਮੁਖ਼ਾਤਬ ਹੋਏ ਬਿਨਾਂ ਮਰਦਮਸ਼ੁਮਾਰੀ ਦੀ ਮੰਗ ਕੀਤੀ ਜਾ ਸਕਦੀ ਹੈ। ਜੇ ਇਸ ਖ਼ਿੱਤੇ ਦਾ ਨਾਮ 'ਹਿੰਦੋਸਤਾਨ' ਦੀ ਥਾਂ 'ਖ਼ਾਲਿਸਤਾਨ' ਜਾਂ 'ਪਾਕਿਸਤਾਨ' ਜਾਂ ਕੋਈ ਹੋਰ ਸਤਾਨ ਹੋਵੇ ਤਾਂ ਇਨ੍ਹਾਂ ਯਾਦਗਾਰੀ ਸਮਾਗਮਾਂ ਵਿਚੋਂ ਉਸ ਵੇਲੇ ਦੇ ਸਮਾਜ ਦੇ ਕਿਹੋ ਜਿਹੇ ਨਕਸ਼ ਉਭਰਦੇ ਹਨ? ਉਸ 'ਸਤਾਨ' ਦੇ ਸ਼ਹਿਰੀਆਂ ਦਾ ਆਪਸੀ ਰਿਸ਼ਤਾ ਅਤੇ ਆਲਮੀ ਸ਼ਹਿਰੀ ਵਜੋਂ ਰੁਤਬਾ ਕਿਨ੍ਹਾਂ ਅਸੂਲਾਂ ਨਾਲ ਤੈਅ ਹੋਵੇਗਾ? ਕੀ ਮਰਦਮਸ਼ੁਮਾਰੀ ਦੀ ਮੰਗ ਕਰਨ ਵਾਲਿਆਂ ਕੋਲ 'ਪੰਜਾਬ ਦੀ ਗ਼ੁਲਾਮੀ' ਤੋਂ ਬਾਹਰ ਆਜ਼ਾਦੀ ਦਾ ਨਿੱਘ ਮਾਣਦੇ ਸਿੱਖਾਂ ਦਾ 'ਆਲਮੀ ਸ਼ਹਿਰੀ' ਵਜੋਂ ਕੋਈ ਅਕਸ ਹੈ? ਕੀ ਉਨ੍ਹਾਂ ਦੇ ਹੇਰਵੇ ਵਿਚੋਂ ਕੱਢੇ ਦਸਵੰਧ ਨਾਲ ਪੰਜਾਬ 'ਗੁਰਾਂ ਦੇ ਨਾਮ' ਵਸ ਸਕਦਾ ਹੈ? ਵਿਦੇਸ਼ਾਂ ਵਿਚ ਵਸਦਾ ਇਹ ਤਬਕਾ ਵਾਰ-ਵਾਰ 'ਗ਼ਦਰੀ ਬਾਬਿਆਂ ਦੀ ਵਿਰਾਸਤ' ਦੀ ਮੌਜੂਦਾ ਕੜੀ ਹੋਣ ਦਾ ਦਾਅਵਾ ਕਰਦਾ ਹੈ। ਗ਼ਦਰੀ ਬਾਬਿਆਂ ਦੇ ਦੌਰ ਵਿਚ ਸਾਮਰਾਜ ਦੇ ਸੁਆਲ ਵੱਖਰੇ ਸਨ। ਉਸ ਦੌਰ ਵਿਚ ਹਰ ਮੁਲਕ ਦੇ ਸਾਮਰਾਜ ਖ਼ਿਲਾਫ਼ ਸੰਘਰਸ਼ ਵਿਚ ਸਾਮਰਾਜੀ ਮੁਲਕਾਂ ਵਿਚੋਂ ਗ਼ੁਲਾਮੀ ਦਾ ਅਹਿਸਾਸ ਅਤੇ ਆਜ਼ਾਦੀ ਦੀ ਚੇਟਕ ਲੈ ਕੇ ਆਏ ਲੋਕਾਂ ਨੇ ਹਿੱਸਾ ਪਾਇਆ। ਗ਼ਦਰੀ ਬਾਬੇ ਉਸੇ ਆਲਮੀ ਰੁਝਾਨ ਦੀ ਕੜੀ ਸਨ। ਨਤੀਜੇ ਵਜੋਂ ਉਨ੍ਹਾਂ ਨੇ ਆਪਣਾ ਨਿਸ਼ਾਨਾ ਸਾਮਰਾਜ ਦੇ ਖ਼ਾਤਮੇ ਨੂੰ ਬਣਾਇਆ ਅਤੇ ਦੂਜੇ ਮੁਲਕਾਂ ਦੀ ਕੌਮੀ ਮੁਕਤੀ ਲਹਿਰਾਂ ਵਿਚ ਵੀ ਹਿੱਸਾ ਪਾਇਆ। ਇਕ ਸਦੀ ਬਾਅਦ ਸਾਮਰਾਜ ਦਾ ਰੂਪ ਬਦਲ ਗਿਆ ਹੈ। ਮੌਜੂਦਾ ਦੌਰ ਵਿਚ ਸਾਮਰਾਜੀ ਮੁਲਕਾਂ ਦੇ ਸ਼ਹਿਰੀ ਬਣੇ ਤੀਜੀ ਦੁਨੀਆ ਦੇ ਮੂਲ ਵਾਸੀਆਂ ਨੇ ਜੰਗੀ ਮੁਹਿੰਮਾਂ ਵਿਚ ਤਕੜਿਆਂ ਦਾ ਪੱਖ ਪੂਰਿਆ ਹੈ। ਅਫ਼ਗਾਨਿਸਤਾਨ ਤੋਂ ਇਰਾਕ ਤੱਕ ਦੀਆਂ ਜੰਗਾਂ ਅਮਰੀਕੀ-ਯੂਰਪੀ ਅਫ਼ਸਰਾਂ ਅਤੇ ਅਮਰੀਕੀ-ਯੂਰਪੀ ਇਰਾਕੀਆਂ ਦੀ ਹਮਾਇਤ ਨਾਲ ਲੜੀਆਂ ਗਈਆਂ ਹਨ। ਸ੍ਰੀਲੰਕਾ ਵਿਚ ਤਾਮਿਲਾਂ ਦੀ ਜੰਗ ਨੇ ਉੱਤਰੀ ਅਮਰੀਕਾ ਅਤੇ ਯੂਰਪੀ ਡਾਲਰਾਂ ਨਾਲ ਪੈਰ ਛੱਡੇ। ਕੈਨੇਡਾ ਦੀਆਂ ਗ਼ੈਰ-ਸਰਕਾਰੀ ਤਾਮਿਲ ਜਥੇਬੰਦੀਆਂ ਦੇ ਬੈਂਕ ਖ਼ਾਤਿਆਂ ਰਾਹੀਂ ਤਾਮਿਲਾਂ ਖ਼ਿਲਾਫ਼ ਸਭ ਤੋਂ ਭਿਆਨਕ ਹਮਲਾ ਕੀਤਾ ਗਿਆ। ਵਿਦੇਸ਼ੀਆਂ ਦੀ ਇਮਦਾਦ ਮਾਅਨੇ ਰੱਖਦੀ ਹੈ, ਪਰ ਕੋਈ ਜੰਗ ਦਸਵੰਧੀ ਡਾਲਰਾਂ ਨਾਲ ਲੜੀ ਜਾ ਸਕਦੀ। ਦਸਵੰਧੀ ਡਾਲਰਾਂ ਲਈ ਤਾਂ ਸਾਲਾਨਾ ਵੇਰਵੇ ਭੇਜਣ ਦੀਆਂ ਮੰਚੀ ਕਾਰਵਾਈਆਂ ਕੀਤੀਆਂ ਜਾ ਸਕਦੀਆਂ ਹਨ।

ਪੁਰਾਣੇ ਸਾਮਰਾਜੀ ਦੌਰ ਦੀ ਦਲੀਲ ਗੋਰੀ ਨਸਲ ਦੀਆਂ ਸਭਿਆਚਾਰਕ ਮੁਹਿੰਮਾਂ ਉਤੇ ਟਿਕੀ ਹੋਈ ਸੀ। ਸਾਮਰਾਜੀ ਆਪਣੀਆਂ ਖ਼ੂੰਖ਼ਾਰ ਜੰਗਾਂ ਨੂੰ ਤੀਜੀ ਦੁਨੀਆਂ ਜਾਂ ਗ਼ੈਰ-ਗੋਰਿਆਂ ਨੂੰ 'ਸਭਿਅਤਾ ਸਿਖਾਉਣ' ਦੇ ਮੁਕੱਦਸ ਕਾਰਜਾਂ ਨਾਲ ਜੋੜ ਕੇ ਜਾਇਜ਼ ਕਰਾਰ ਦਿੰਦੇ ਸਨ। ਕੈਨੇਡਾ ਅਤੇ ਆਸਟਰੇਲੀਆ ਵਿਚ ਈਸਾਈ ਪ੍ਰਚਾਰਕਾਂ ਦੇ ਮੋਢਿਆਂ ਉਤੇ ਚੜ੍ਹ ਕੇ ਕੀਤਾ ਗਿਆ ਹਕੂਮਤੀ ਜਬਰ ਹੁਣ ਤੱਕ ਮੂਲ ਨਿਵਾਸੀਆਂ ਦੇ ਪਿੰਡੇ ਵਿਚੋਂ ਸਿੰਮਦਾ ਹੈ। ਮੌਜੂਦਾ ਦੌਰ ਵਿਚ ਗੋਰੀ ਨਸਲ ਦੇ ਇਸੇ ਵਿਰਾਸਤ ਦਾ ਦਾਅਵਾ ਵਿਕਸਤ ਮੁਲਕਾਂ ਵਿਚ ਵਸੇ ਤੀਜੀ ਦੁਨੀਆਂ ਦੇ ਮੂਲ ਵਾਸੀ ਕਰ ਰਹੇ ਹਨ। ਇਹ ਗੋਰੀ ਨਸਲ ਵਾਂਗ ਆਪਣੇ ਆਪ ਨੂੰ ਆਪਣੇ ਮੂਲ ਖ਼ਿੱਤਿਆਂ ਦਾ ਉੱਤਮ ਪੁਰਖ ਕਰਾਰ ਦਿੰਦੇ ਹਨ। ਇਨ੍ਹਾਂ ਦੀ ਹੋਂਦ ਤੀਜੀ ਦੁਨੀਆਂ ਦੇ ਲੋਕਾਂ ਨੂੰ ਅਕਲ, ਧਰਮ ਅਤੇ ਇਨਸਾਫ਼ ਨਾਲ ਨਿਵਾਜਣ ਨਾਲ ਜੁੜ ਗਈ ਜਾਪਦੀ ਹੈ। ਇਸ ਪੱਖੋਂ ਪੰਜਾਬ ਦੀ ਹਰ ਧਿਰ ਲਈ ਸੁਆਲ ਬਣਦਾ ਹੈ ਕਿ ਉਨ੍ਹਾਂ ਦੇ ਵਿਦੇਸ਼ੀ ਹਮਾਇਤੀ ਉਨ੍ਹਾਂ ਦੀ ਤਾਕਤ ਹਨ ਜਾਂ ਕਮਜ਼ੋਰੀ? ਵਿਦੇਸ਼ਾਂ ਦੀਆਂ ਸਿੱਖ ਜਥੇਬੰਦੀਆਂ ਨੇ ਘੱਟ-ਗਿਣਤੀਆਂ ਦੇ ਸੁਆਲ ਨਜ਼ਰਅੰਦਾਜ਼ ਕੀਤੇ ਹਨ। ਪੰਜਾਬੀ ਮੂਲ ਦੀਆਂ ਤਰਕਸ਼ੀਲ ਜਥੇਬੰਦੀਆਂ ਦਾ ਘੇਰਾ ਅਫ਼ਰੀਕੀ ਮੂਲ ਦੇ ਤਰਕਸ਼ੀਲਾਂ ਅਤੇ ਨਾਸਤਿਕਾਂ ਨਾਲ ਕੋਈ

*(ਬਾਕੀ ਅਗਲੇ ਸਫੇ 'ਤੇ)*

# 'ਦਹਿਸ਼ਤੀ' ਹਮਲੇ ਅਤੇ ਅਫਸਪਾ ਦੇ ਖ਼ਾਤਮੇ ਦਾ ਸਵਾਲ

ਲੰਘੇ ਹਫ਼ਤੇ ਇੰਫਾਲ ਤੋਂ 80 ਕਿਲੋਮੀਟਰ ਦੂਰ, ਮਨੀਪੁਰ ਦੇ ਦੱਖਣ-ਪੂਰਬੀ ਹਿੱਸੇ ਦੇ ਚੰਦੇਲ ਜ਼ਿਲ੍ਹੇ ਦੇ ਪਰਾਓਲੋਂਗ ਪਿੰਡ ਵਿਚ 'ਦਹਿਸ਼ਤਗਰਦਾਂ' ਵਲੋਂ ਘਾਤ ਲਾ ਕੇ ਕੀਤੇ ਹਮਲੇ ਵਿਚ ਹਿੰਦੁਸਤਾਨੀ ਫ਼ੌਜ ਦੀ ਡੋਗਰਾ-6 ਰੈਜੀਮੈਂਟ ਦੇ 18 ਜਵਾਨ ਮਾਰੇ ਗਏ ਅਤੇ ਕਈ ਹੋਰ ਗੰਭੀਰ ਜ਼ਖ਼ਮੀ ਹੋ ਗਏ। ਹਾਲ ਹੀ ਵਿਚ ਬਣਾਈ ਨਵੀਂ ਜਥੇਬੰਦੀ ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਵੈਸਟਰਨ ਸਾਊਥ ਈਸਟ ਏਸ਼ੀਆ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਇਹ ਜਥੇਬੰਦੀ ਉਤਰ-ਪੂਰਬ ਵਿਚ ਕੰਮ ਕਰਦੇ ਹਥਿਆਰਬੰਦ ਧੜਿਆਂ- ਉਲਫ਼ਾ (ਆਈ),

**ਬੂਟਾ ਸਿੰਘ**
ਫੋਨ: +91-94634-74342

ਕਾਮਤਾਪੁਰ ਲਿਬਰੇਸ਼ਨ ਆਰਗੇਨਾਈਜੇਸ਼ਨ, ਨੈਸ਼ਨਲ ਸੋਸ਼ਲਿਸਟ ਕੌਂਸਲ ਆਫ ਨਾਗਾਲੈਂਡ (ਖਪਲਾਂਗ) ਅਤੇ ਐਨ.ਡੀ.ਐਫ.ਬੀ. (ਸੌਂਗਬਜੀਤ) ਵੱਲੋਂ ਮਿਲ ਕੇ ਬਣਾਈ ਦੱਸੀ ਜਾਂਦੀ ਹੈ।


ਇਸ ਹਮਲੇ ਬਾਰੇ ਮੁੱਖਧਾਰਾ ਦਾ ਪ੍ਰਤੀਕਰਮ ਉਮੀਦ ਅਨੁਸਾਰ ਐਨ ਉਹੀ ਸੀ ਜੋ 1947 ਦੀ ਸੱਤਾਬਦਲੀ ਸਮੇਂ ਤੋਂ ਹੈ: 'ਦਹਿਸ਼ਤਗਰਦੀ' ਦੀ ਨਿਖੇਧੀ, ਸੱਤਾਧਾਰੀਆਂ ਵਲੋਂ ਸਿਰ-ਜੋੜ ਕੇ ਆਹਲਾ ਮਿਆਰੀ ਹੰਗਾਮੀ ਮੀਟਿੰਗਾਂ, ਦਹਿਸ਼ਤਗਰਦੀ ਦੇ ਵਧ ਰਹੇ ਖ਼ਤਰੇ ਦੀ ਹਾਲ-ਦੁਹਾਈ ਅਤੇ ਸਖ਼ਤੀ ਨਾਲ ਨਜਿੱਠਣ ਦੇ ਹੋਕਰੇ, 'ਸ਼ਹੀਦ' ਹੋਏ ਫ਼ੌਜੀਆਂ ਦੇ ਮਾਰੇ ਜਾਣ ਉਪਰ ਜ਼ਬਰਦਸਤ ਰੋਹ ਦਾ ਇਜ਼ਹਾਰ, ਖ਼ੁਫ਼ੀਆਤੰਤਰ ਦੀ ਅਸਫ਼ਲਤਾ ਦਾ ਰੋਣਾ, ਫ਼ੌਜੀ ਤਾਇਨਾਤੀ ਨੂੰ ਹੋਰ ਵਿਆਪਕ ਤੇ ਚੁਸਤ-ਦਰੁਸਤ ਬਣਾਉਣ 'ਤੇ ਜ਼ੋਰ ਵਗੈਰਾ-ਵਗੈਰਾ। ਉਤਰ-ਪੂਰਬੀ ਰਿਆਸਤਾਂ, ਜੰਮੂ ਕਸ਼ਮੀਰ ਜਾਂ ਮਾਓਵਾਦੀਆਂ ਦੇ ਰਸੂਖ਼ ਵਾਲੇ ਦਸ ਸੂਬਿਆਂ ਵਿਚ ਅਜਿਹੀਆਂ ਘਟਨਾਵਾਂ ਆਏ ਦਿਨ ਕਿਤੇ ਨਾ ਕਿਤੇ ਵਾਪਰਦੀਆਂ ਰਹਿੰਦੀਆਂ ਹਨ, ਪਰ ਮੁੱਖਧਾਰਾ ਸੰਵਾਦ ਵਿਚ ਉਹ ਅਸਲ ਸਵਾਲ ਕਦੇ ਨਹੀਂ ਉਠਾਏ ਜਾਂਦੇ ਜੋ ਇਨ੍ਹਾਂ ਹਿੰਸਕ ਪ੍ਰਤੀਕਰਮਾਂ ਦੀ ਬੁਨਿਆਦ ਹਨ ਅਤੇ ਜੋ ਗੰਭੀਰਤਾ ਨਾਲ ਸੋਚ-ਵਿਚਾਰ ਦੀ ਮੰਗ ਕਰਦੇ ਹਨ। ਇਨ੍ਹਾਂ ਵਿਚੋਂ ਮੁੱਖ ਸਵਾਲ ਹਿੰਦੁਸਤਾਨੀ ਸਟੇਟ ਵਲੋਂ ਇਨ੍ਹਾਂ ਬਗ਼ਾਵਤਾਂ ਦੇ ਮੂਲ ਕਾਰਨਾਂ ਨੂੰ ਸਿਆਸੀ ਤੌਰ 'ਤੇ ਮੁਖ਼ਾਤਬ ਹੋਣ ਦੀ ਥਾਂ ਅਖ਼ਤਿਆਰ ਕੀਤੀ ਅਖੌਤੀ ਅਮਨ-ਕਾਨੂੰਨ ਦੀ ਪਹੁੰਚ ਹੈ। ਇਸ ਦੀ ਸਮੁੱਚੀ ਧੁਸ ਅਵਾਮੀ ਬੇਚੈਨੀ ਨੂੰ ਫ਼ੌਜੀ ਤਾਕਤਾਂ ਅਤੇ ਜ਼ਾਲਮ ਕਾਨੂੰਨਾਂ ਜ਼ਰੀਏ ਮਸਲ ਦੇਣ ਦੀ ਰਹੀ ਹੈ। ਮੁੱਖਧਾਰਾ ਲਾਣੇ ਵਿਚੋਂ ਕੋਈ ਵੀ ਇਹ ਸਵਾਲ ਨਹੀਂ ਕਰ ਰਿਹਾ ਕਿ ਜਬਰ ਅਤੇ ਜ਼ਾਲਮ ਕਾਨੂੰਨਾਂ ਦੀ ਸਮਾਜੀ-ਸਿਆਸੀ ਬੇਚੈਨੀ ਦੇ ਸਵਾਲਾਂ ਨੂੰ ਹੱਲ ਕਰਨ 'ਚ ਕਦੇ ਕੋਈ ਭੂਮਿਕਾ ਹੀ ਨਹੀਂ ਹੈ। ਜੇ ਇਹ ਪਹੁੰਚ ਸਾਢੇ ਛੇ ਦਹਾਕਿਆਂ ਵਿਚ ਮਨੀਪੁਰੀਆਂ ਸਮੇਤ ਸਮੁੱਚੇ ਉਤਰ-ਪੂਰਬੀਆਂ ਜਾਂ ਕਸ਼ਮੀਰੀਆਂ ਜਾਂ ਕਿਸੇ ਹੋਰ ਲਹਿਰ ਦੇ ਦਿਲ ਨਹੀਂ ਜਿੱਤ ਸਕੀ ਤਾਂ ਇਸ ਨੂੰ ਅਜ਼ਮਾਉਣ ਲਈ ਅਜੇ ਹੋਰ ਕਿੰਨੀ ਲੰਮੀ ਖ਼ੂਨੀ ਖੇਡ ਦਰਕਾਰ ਹੈ? ਜਾਂ ਇਹ ਕਿ ਜਦੋਂ ਇਹ ਸਪਸ਼ਟ ਹੈ ਕਿ ਅਫਸਪਾ ਵਰਗੇ ਕਾਨੂੰਨਾਂ ਦੇ ਲਾਗੂ ਹੋਣ ਨੇ ਲੋਕਾਂ ਵਿਚ ਨਫ਼ਰਤ ਅਤੇ ਰੋਹ ਵਿਚ ਵਾਧਾ ਹੀ ਕੀਤਾ ਹੈ, ਤਾਂ ਇਨ੍ਹਾਂ ਨੂੰ ਬਿਨਾਂ ਸ਼ਰਤ ਹਮੇਸ਼ਾ ਲਈ ਖ਼ਤਮ ਕਰਨ ਦੀ ਮੰਗ ਕਿਉਂ ਨਾ ਕੀਤੀ ਜਾਵੇ?

ਮੁੱਖਧਾਰਾ ਦੇ ਹਾਈਪਰ-ਦੇਸ਼ਭਗਤ ਇਸ ਅਹਿਮ ਸਵਾਲ ਦਾ ਜਵਾਬ ਦੇਣ ਲਈ ਤਿਆਰ ਨਹੀਂ ਕਿ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ ਨਾਗਾਲੈਂਡ (ਐਨ.ਐਸ.ਸੀ.ਐਨ.-ਖਪਲਾਂਗ) ਧੜੇ ਨਾਲ 14 ਸਾਲ ਲੰਮੀ ਗੋਲੀਬੰਦੀ ਕਿਉਂ ਬੇਸਿੱਟਾ ਰਹੀ ਅਤੇ ਉਹ ਮੁੜ ਹਥਿਆਰਬੰਦ ਕਾਰਵਾਈਆਂ ਵੱਲ ਕਿਉਂ ਮੁੜ ਗਏ? ਕੀ ਐਨ.ਐਸ.ਸੀ.ਐਨ., ਉਲਫ਼ਾ ਵਰਗੇ ਹਥਿਆਰਬੰਦ ਗਰੁੱਪਾਂ ਨਾਲ ਸਾਲਾਂਬੱਧੀ ਚੱਲੀ ਗੱਲਬਾਤ ਦੇ ਅਸਫ਼ਲ ਹੋਣ ਦਾ ਕਾਰਨ ਇਹ ਨਹੀਂ ਕਿ ਮੁਲਕ ਦੇ ਹੁਕਮਰਾਨ ਅਸਲ ਮੁੱਦੇ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਹੀ ਨਹੀਂ ਦਿੰਦੇ? ਗੋਲੀਬੰਦੀ, ਕੁਝ ਆਗੂਆਂ ਦੀ ਰਿਹਾਈ, ਹਿੰਸਾ ਤੋਂ ਕਿਨਾਰਾ ਕਰਨ ਦੀਆਂ ਨਸੀਹਤਾਂ ਵਗੈਰਾ ਵਰਗੇ ਦੋਇਮ ਸਵਾਲ ਹੀ ਮੀਟਿੰਗ-ਦਰ-ਮੀਟਿੰਗ ਗੱਲਬਾਤ ਦਾ ਮੁੱਦਾ ਬਣੇ ਰਹਿੰਦੇ ਹਨ। ਹੁਕਮਰਾਨ ਗੱਲਬਾਤ ਨੂੰ ਲਮਕਾ ਕੇ ਸੰਘਰਸ਼ਸ਼ੀਲ ਜਥੇਬੰਦੀਆਂ ਵਿਚ ਸੰਨ੍ਹ ਲਾਉਣ ਤੇ ਉਨ੍ਹਾਂ ਦੀ ਤਾਕਤ ਨੂੰ ਖਿੰਡਾਉਣ, ਉਨ੍ਹਾਂ ਦੇ ਅੰਦਰੂਨੀ ਮੱਤਭੇਦਾਂ ਨੂੰ ਇਸਤੇਮਾਲ ਕਰ ਕੇ ਉਨ੍ਹਾਂ ਵਿਚ ਫੁੱਟ ਪਾਉਣ ਅਤੇ ਉਨ੍ਹਾਂ ਨੂੰ ਬਦਨਾਮ ਕਰ ਕੇ ਉਨ੍ਹਾਂ ਦੇ ਸੰਘਰਸ਼ਾਂ ਨੂੰ ਢਾਹ ਲਾਉਣ ਉਪਰ ਸਾਰਾ ਜ਼ੋਰ ਲਗਾਉਂਦੇ ਹਨ। ਸਿੱਟਾ ਇਹ ਹੁੰਦਾ ਹੈ ਕਿ ਇਹ ਸੰਘਰਸ਼ ਵਕਤੀ ਤੌਰ 'ਤੇ ਕਮਜ਼ੋਰ ਹੋ ਕੇ ਦਬ ਜਾਂਦੇ ਹਨ ਅਤੇ ਮਸਲੇ ਉਥੇ ਦੇ ਉਥੇ ਖੜ੍ਹੇ ਰਹਿੰਦੇ ਹਨ। ਕੁਝ ਅਰਸੇ ਬਾਅਦ ਗੱਲਬਾਤ ਤੋਂ ਮਾਯੂਸ ਧੜੇ ਮੁੜ ਜਥੇਬੰਦ ਹੋ ਕੇ ਜਾਂ ਕਿਸੇ ਨਵੇਂ ਨਾਂ ਹੇਠ ਹਥਿਆਰਬੰਦ ਕਾਰਵਾਈਆਂ ਦੁਬਾਰਾ ਸ਼ੁਰੂ ਕਰ ਦਿੰਦੇ ਹਨ।

ਮਨੀਪੁਰੀਆਂ ਦੀ ਜੱਦੋਜਹਿਦ ਇਸ ਵਰਤਾਰੇ ਦੀ ਹੀ ਉਭਰਵੀਂ ਮਿਸਾਲ ਹੈ। ਮਨੀਪੁਰੀ ਲੋਕ 1949 ਤੋਂ ਹੀ ਹਿੰਦੁਸਤਾਨ ਨਾਲ ਆਪਣੀ ਰਿਆਸਤ ਦੇ ਜਬਰੀ ਇਲਹਾਕ ਨੂੰ ਰੱਦ ਕਰਦੇ ਆਏ ਹਨ। ਉਨ੍ਹਾਂ ਦੀ ਮੂਲ ਮੰਗ ਇਲਹਾਕ ਨੂੰ ਰੱਦ ਕਰ ਕੇ ਮਨੀਪੁਰੀ ਲੋਕਾਂ ਨੂੰ ਸਵੈ-ਨਿਰਣੇ ਦਾ ਹੱਕ ਦਿੱਤੇ ਜਾਣ ਦੀ ਹੈ। ਉਹ ਸਾਢੇ ਛੇ ਦਹਾਕਿਆਂ ਤੋਂ ਆਪਣੀ ਇਸ ਮੰਗ 'ਤੇ ਦ੍ਰਿੜ ਹਨ। ਜਦੋਂ ਪਹਿਲਾਂ ਅਕਤੂਬਰ 1949 ਵਿਚ ਮਨੀਪੁਰ ਨੂੰ ਹਿੰਦੁਸਤਾਨ ਦਾ ਹਿੱਸਾ ਬਣਾਇਆ ਗਿਆ ਤੇ ਫਿਰ ਜਦੋਂ 1956 ਵਿਚ ਇਸ ਨੂੰ ਯੂਨੀਅਨ ਟੈਰੀਟੋਰੀ ਦਾ ਦਰਜਾ ਦਿੱਤਾ ਗਿਆ, ਉਦੋਂ ਵੀ ਅਤੇ ਜਦੋਂ 1972 ਵਿਚ ਇਸ ਨੂੰ 'ਪੂਰਨ ਸੂਬਾ' ਬਣਾਇਆ ਗਿਆ, ਉਦੋਂ ਵੀ ਉਨ੍ਹਾਂ ਦੀ ਜੱਦੋਜਹਿਦ ਜਾਰੀ ਰਹੀ। 1949 ਤੋਂ ਹੀ ਉਥੇ ਫ਼ੌਜ ਨੂੰ ਮਨਮਾਨੀਆਂ ਕਰਨ ਦਾ ਅਧਿਕਾਰ ਦਿੰਦਾ ਜ਼ਾਲਮ ਕਾਨੂੰਨ ਲਾਗੂ ਹੈ। ਪਹਿਲਾਂ ਅੰਗਰੇਜ਼ਾਂ ਦੇ ਬਣਾਏ ਆਰਮਡ ਫੋਰਸਿਜ਼ ਸਪੈਸ਼ਲ ਪਾਵਰ ਆਰਡੀਨੈਂਸ 1942 ਦੇ ਰੂਪ ਵਿਚ (ਜੋ 15 ਅਗਸਤ 1942 ਨੂੰ 'ਅੰਗਰੇਜ਼ੋ ਹਿੰਦੁਸਤਾਨ ਛੱਡੋ' ਅੰਦੋਲਨ ਕੁਚਲਣ ਲਈ ਜਾਰੀ ਕੀਤਾ ਗਿਆ ਸੀ) ਅਤੇ ਫਿਰ ਆਰਮਡ ਫੋਰਸਿਜ਼ (ਅਸਾਮ ਐਂਡ ਮਨੀਪੁਰ) ਸਪੈਸ਼ਲ ਪਾਵਰਜ਼ ਐਕਟ 1958 ਦੇ ਰੂਪ। ਉਦੋਂ ਦੇ ਗ੍ਰਹਿ ਮੰਤਰੀ ਜੀ.ਬੀ. ਪੰਤ ਨੇ 18 ਅਗਸਤ 1958 ਨੂੰ ਸੰਸਦ ਵਿਚ ਇਸ ਐਕਟ ਦਾ ਬਿੱਲ ਪੇਸ਼ ਕਰਦੇ ਹੋਏ ਕਿਹਾ ਸੀ, "ਉਨ੍ਹਾਂ ਇਲਾਕਿਆਂ ਵਿਚ ਲੋਕਾਂ ਦੀ ਹਿਫਾਜ਼ਤ ਲਈ ਅਸਰਦਾਰ ਉਪਾਅ ਕਰਨ ਖ਼ਾਤਰ ਇਹ ਜ਼ਰੂਰੀ ਹੋ ਗਿਆ ਹੈ। ...!" ਲੋਕਾਂ ਦੀ ਹਿਫਾਜ਼ਤ ਦੇ ਨਾਂ ਹੇਠ ਲੋਕਾਂ ਦੀ ਕਤਲੋਗ਼ਾਰਤ, ਔਰਤਾਂ ਨਾਲ ਸਮੂਹਿਕ ਜਬਰ ਜਨਾਹ, ਇਸ ਲਫ਼ਜ਼ ਨਾਲ ਇਸ ਤੋਂ ਕੁਹਜਾ ਮਜ਼ਾਕ ਕੀ ਹੋ ਸਕਦਾ ਹੈ! ਇਸ ਕੂੜ ਨੂੰ ਚੁਣੌਤੀ ਦੇਣ ਦੀ ਮੁੱਖਧਾਰਾ ਦੇ ਕਿਸੇ ਹਿੱਸੇ ਵਿਚ ਹਿੰਮਤ ਨਹੀਂ ਹੈ।

ਅਫਸਪਾ ਅਤੇ ਅਜਿਹੇ ਹੋਰ ਜ਼ਾਲਮ ਕਾਨੂੰਨਾਂ ਦੇ ਤਹਿਤ ਸਰਕਾਰੀ ਹਥਿਆਰਬੰਦ ਤਾਕਤਾਂ ਵਲੋਂ 'ਗੜਬੜਗ੍ਰਸਤ' ਇਲਾਕਿਆਂ ਵਿਚ ਜਿਵੇਂ ਵਸੀਹ ਪੈਮਾਨੇ 'ਤੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾਂਦਾ ਹੈ, ਉਹ ਹੇਠਲੇ ਪੱਧਰ 'ਤੇ ਇਨ੍ਹਾਂ ਤਾਕਤਾਂ ਵਲੋਂ ਕੀਤੀਆਂ ਆਪ-ਮੁਹਾਰੀਆਂ ਕੋਤਾਹੀਆਂ ਜਾਂ ਬੇਨਿਯਮੀਆਂ ਨਹੀਂ ਹੁੰਦੀਆਂ ਸਗੋਂ ਹਿੰਦੁਸਤਾਨੀ ਸਟੇਟ ਦੀ ਬਾਕਾਇਦਾ ਨੀਤੀ ਹੈ ਜਿਸ ਦਾ ਘਿਨਾਉਣਾ ਉਦੇਸ਼ ਲੜ ਰਹੇ ਅਵਾਮ ਦੇ ਸਵੈ-ਮਾਣ ਨੂੰ ਦਰੜ ਕੇ ਉਨ੍ਹਾਂ ਦਾ ਮਨੋਬਲ ਤੋੜਨਾ ਹੁੰਦਾ ਹੈ। ਅਫਸਪਾ, ਫ਼ੌਜ ਨੂੰ ਇਸੇ ਦਾ ਸੰਵਿਧਾਨਕ ਸਰਟੀਫਿਕੇਟ ਹੈ। ਉਹ 'ਵੱਖਵਾਦ ਤੇ ਅਤਿਵਾਦ' ਖ਼ਿਲਾਫ਼ ਅਤੇ 'ਮੁਲਕ ਦੀ ਏਕਤਾ-ਅਖੰਡਤਾ' ਲਈ ਲੜਨ ਦੇ ਨਾਂ ਹੇਠ ਕੁਝ ਵੀ, ਇਥੋਂ ਤਕ ਕਿ ਬੇਕਸੂਰ ਲੋਕਾਂ ਨੂੰ ਜਾਨੋਂ ਵੀ ਮਾਰਨ, ਕਰਨ ਲਈ ਤਿਆਰ ਹਨ। ਇਨ੍ਹਾਂ ਨੂੰ ਸਾਰੇ ਗੁਨਾਹ ਮੁਆਫ਼ ਹਨ। ਜਿਥੇ ਅਫਸਪਾ ਲਾਗੂ ਹੈ, ਉਥੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਤੋਂ ਬਿਨਾਂ ਕਿਸੇ ਫ਼ੌਜੀ ਦੇ ਖ਼ਿਲਾਫ਼ ਜੁਰਮ ਦੀ ਰਪਟ ਵੀ ਦਰਜ ਨਹੀਂ ਕਰਵਾਈ ਜਾ ਸਕਦੀ। ਜੁਰਮ ਕਿੰਨਾ ਵੀ ਅਣਮਨੁੱਖੀ ਅਤੇ ਘਿਨਾਉਣਾ ਹੋਵੇ, ਉਨ੍ਹਾਂ ਨੂੰ ਸਜ਼ਾ ਹੋਣ ਦਾ ਤਾਂ ਸਵਾਲ ਹੀ ਨਹੀਂ ਹੈ। ਇਹ ਹਾਲਾਤ ਹਨ ਜਿਨ੍ਹਾਂ ਵਿਚ ਫ਼ੌਜ ਨਫ਼ਰਤ ਦੀ ਪਾਤਰ ਹੈ ਅਤੇ ਅਫਸਪਾ ਨੂੰ ਹਟਾਏ ਜਾਣ ਦੀ ਮੰਗ ਮਨੀਪੁਰ ਵਿਚ ਸਵੈ-ਨਿਰਣੇ ਦੀ ਜੱਦੋਜਹਿਦ ਦਾ ਅਨਿੱਖੜ ਅੰਗ ਬਣ ਚੁੱਕੀ ਹੈ।

ਕਾਨੂੰਨ ਦੇ ਨਾਂ ਹੇਠ ਇਸ ਜ਼ੁਲਮ ਦੇ ਬੁਲਡੋਜ਼ਰ ਖ਼ਿਲਾਫ਼ ਮਨੀਪੁਰ ਦੇ ਲੋਕ ਰੋਹ ਦੀ



ਅਫਸਪਾ ਖਿਲਾਫ ਮਨੀਪੁਰੀਆਂ ਦੀ ਪੋਸਟ ਕਾਰਡ ਮੁਹਿੰਮ।

ਸਭ ਤੋਂ ਪ੍ਰਤੱਖ ਮਿਸਾਲ ਇਰੋਮ ਸ਼ਰਮੀਲਾ ਵਲੋਂ 14 ਵਰ੍ਹੇ ਤੋਂ ਰੱਖਿਆ ਅਡੋਲ ਮਰਨ-ਵਰਤ ਹੈ, ਜਦੋਂ ਉਸ ਨੇ ਨਵੰਬਰ 2000 ਵਿਚ ਫ਼ੌਜ ਵਲੋਂ ਬੱਸ ਸਟਾਪ ਉਪਰ 10 ਆਮ ਨਾਗਰਿਕਾਂ ਨੂੰ ਬੇਰਹਿਮੀ ਨਾਲ ਕਤਲ ਕਰ ਦੇਣ ਦੇ ਖ਼ਿਲਾਫ਼ ਇਹ ਇੰਤਹਾ ਕਦਮ ਚੁੱਕਿਆ। ਉਸ ਦੀ ਇਕੋ ਇਕ ਮੰਗ ਅਫਸਪਾ ਨੂੰ ਹਟਾਉਣ ਦੀ ਹੈ। ਅਫਸਪਾ ਖ਼ਿਲਾਫ਼ ਸਭ ਤੋਂ ਵਿਆਪਕ ਲਾਮਬੰਦੀ ਸ਼ਾਇਦ ਮਨੀਪੁਰ ਵਿਚ ਹੀ ਹੈ। ਇਸ ਕਾਨੂੰਨ ਦੇ ਖ਼ਿਲਾਫ਼ ਆਵਾਜ਼ ਦਾ ਇਕ ਰੂਪ ਰਾਸ਼ਟਰਪਤੀ ਦੇ ਨਾਂ ਪੋਸਟ-ਕਾਰਡ ਮੁਹਿੰਮ ਹੈ, ਮਨੀਪੁਰ ਦੇ ਬੱਚੇ ਵੀ ਇਸ ਵਿਚ ਹਿੱਸਾ ਲੈ ਰਹੇ ਹਨ। ਹਿਊਮੈਨ ਰਾਈਟਸ ਅਲਰਟ ਅਨੁਸਾਰ ਉਹ 25000 ਕਾਰਡ ਭੇਜਣੇ ਚਾਹੁੰਦੇ ਸਨ, ਪਰ ਡਾਕਖਾਨਿਆਂ ਵਿਚ ਐਨੀ ਤਾਦਾਦ 'ਚ ਕਾਰਡ ਹਾਸਲ ਨਾ ਹੋਣ ਕਾਰਨ ਬੱਚਿਆਂ ਵਲੋਂ ਫ਼ਿਲਹਾਲ 3500 ਕਾਰਡ ਹੀ ਭੇਜੇ ਜਾ ਸਕੇ। ਹੁਣ ਜਦੋਂ ਤ੍ਰਿਪੁਰਾ ਸਰਕਾਰ ਵਲੋਂ ਆਪਣੇ ਸੂਬੇ ਵਿਚੋਂ ਅਫਸਪਾ ਹਟਾ ਦਿੱਤਾ ਗਿਆ ਤਾਂ ਮਨੀਪੁਰ ਸਮੇਤ ਸਮੁੱਚੇ ਉਤਰ-ਪੂਰਬ ਅਤੇ ਕਸ਼ਮੀਰ ਵਲੋਂ ਆਪਣੀਆਂ ਰਿਆਸਤਾਂ ਵਿਚੋਂ ਇਸ ਨੂੰ ਹਟਾਉਣ ਦੀ ਮੰਗ ਹੋਰ ਜ਼ੋਰ ਫੜ ਗਈ ਹੈ। ਉਧਰ, ਹੁਕਮਰਾਨਾਂ ਨੇ ਸਾਰਾ ਤਾਣ ਇਸ ਆਵਾਜ਼ ਨੂੰ ਨਾਵਾਜਬ ਸਾਬਤ ਕਰਨ 'ਤੇ ਲਾ ਰੱਖਿਆ ਹੈ।

ਇਸ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਕਾਰਾ ਮਨੀਪੁਰ ਵਿਚ ਅਫਸਪਾ ਹਟਾਏ ਜਾਣ ਵਾਲਿਆਂ ਦੀ ਜਮਹੂਰੀ ਆਵਾਜ਼ ਦਾ ਮੂੰਹ ਬੰਦ ਕਰਾਉਣ ਅਤੇ ਇਸ ਘੋਰ ਜ਼ਾਲਮ ਕਾਨੂੰਨ ਨੂੰ ਜਾਰੀ ਰੱਖਣ ਦੀ ਵਾਜਬੀਅਤ ਬਣਾਉਣ ਲਈ ਸਰਕਾਰੀ ਸ਼ਹਿ 'ਤੇ ਖ਼ੁਦ ਹਿੰਦੁਸਤਾਨੀ ਖ਼ੁਫ਼ੀਆ ਏਜੰਸੀਆਂ ਵਲੋਂ ਵੀ ਕਰਵਾਇਆ ਹੋ ਸਕਦਾ ਹੈ। ਇੰਟੈਲੀਜੈਂਸ ਬਿਊਰੋ ਦੇ ਸਾਬਕਾ ਜਾਇੰਟ ਡਾਇਰੈਕਟਰ ਐਮ.ਏ. ਧਰ ਦੀਆਂ ਕਿਤਾਬਾਂ ਅੱਖਾਂ ਖੋਲ੍ਹਣ ਲਈ ਕਾਫ਼ੀ ਹਨ ਕਿ ਆਪਣੇ ਸੌੜੇ ਲਾਹਿਆਂ ਨੂੰ ਬਣਾਈ ਰੱਖਣ ਅਤੇ ਆਪਣੇ ਨਾਪਾਕ ਇਰਾਦਿਆਂ ਨੂੰ ਅੰਜਾਮ ਦੇਣ ਲਈ ਇਸ ਮੁਲਕ ਦੇ ਕਾਨੂੰਨ ਦੇ ਰਾਖੇ ਕਿੱਥੋਂ ਤਕ ਜਾ ਸਕਦੇ ਹਨ। ਹਿੰਸਕ ਟਕਰਾਅ ਸਰਕਾਰੀ ਹਥਿਆਰਬੰਦ ਤਾਕਤਾਂ ਦੇ ਅਧਿਕਾਰੀਆਂ ਲਈ ਸੋਨੇ ਦੀ ਖਾਣ ਹੋ ਨਿੱਬੜਦੇ ਹਨ। ਅਧਿਕਾਰੀ ਹਾਲਾਤ ਨੂੰ ਵਿਗਾੜ ਕੇ ਇਨ੍ਹਾਂ ਨੂੰ ਜਾਰੀ ਰੱਖਣ ਵਿਚ ਇਸ ਕਰ ਕੇ ਰੁਚਿਤ ਹੁੰਦੇ ਹਨ ਕਿ ਉਨ੍ਹਾਂ ਨੂੰ ਇਸ ਵਿਚ ਆਪਣਾ ਭਵਿੱਖ, ਤਰੱਕੀਆਂ ਦੇ ਬੇਥਾਹ ਮੌਕਿਆਂ ਅਤੇ ਬੇਸ਼ੁਮਾਰ ਆਰਥਿਕ ਲਾਹਿਆਂ ਦੀ ਗਾਰੰਟੀ ਹੁੰਦੀ ਹੈ। ਮਨੀਪੁਰ ਉਪਰ ਕਬਜ਼ਾ ਅਤੇ ਇਸ ਖ਼ਾਤਰ ਅਫਸਪਾ ਦੀ ਵਾਜਬੀਅਤ ਬਣਾਈ ਰੱਖਣ ਲਈ 20 ਫ਼ੌਜੀਆਂ ਦੀਆਂ ਜਾਨਾਂ ਦੀ ਬਲੀ ਹਿੰਦੁਸਤਾਨੀ ਸਟੇਟ ਲਈ ਕੋਈ ਖ਼ਾਸ ਕੀਮਤ ਨਹੀਂ ਹੈ। ਬੇਸ਼ੁਮਾਰ ਬੇਰੁਜ਼ਗਾਰੀ ਵਾਲੇ ਮੁਲਕ ਵਿਚ ਫ਼ੌਜ, ਨੀਮ-ਫ਼ੌਜ ਜਾਂ ਪੁਲਿਸ ਵਿਚ ਭਰਤੀ ਹੋ ਕੇ ਨਹੱਕੀਆਂ ਜੰਗਾਂ ਦਾ ਚਾਰਾ ਬਣਨ ਲਈ ਇਸ 'ਰੁਜ਼ਗਾਰ' ਨੂੰ ਤਰਜੀਹ ਦੇਣ ਵਾਲਿਆਂ ਦੀ ਥੁੜ ਨਹੀਂ ਹੈ; ਕਿਉਂਕਿ ਸ਼ਾਇਦ ਇਹੀ ਇਕੋ ਇਕ ਸਰਕਾਰੀ ਅਦਾਰਾ ਹੈ ਜਿਸ ਦੀ ਤਾਦਾਦ (ਦਰਅਸਲ ਜਾਬਰ ਰਾਜਕੀ ਤਾਕਤ) ਵਧਾਉਣ ਦੇ ਮਨੋਰਥ ਨਾਲ ਲਗਾਤਾਰ ਭਰਤੀ ਕੀਤੀ ਜਾਂਦੀ ਹੈ।

ਹਿੰਸਕ ਟਕਰਾਵਾਂ ਵਿਚ ਮਨੁੱਖੀ ਜਾਨਾਂ ਦਾ ਨੁਕਸਾਨ ਦੁਖਦਾਈ ਹੈ; ਚਾਹੇ ਸਰਕਾਰੀ ਹਥਿਆਰਬੰਦ ਤਾਕਤਾਂ ਦੇ ਜਵਾਨ ਮਾਰੇ ਜਾਣ ਜਾਂ ਆਪਣੇ ਸਿਆਸੀ ਅਕੀਦਿਆਂ ਲਈ ਬੰਦੂਕ ਚੁੱਕਣ ਵਾਲੇ 'ਦਹਿਸ਼ਤਗਰਦ', ਪਰ ਇਹ ਚੇਤੇ ਰੱਖਣਾ ਹੋਵੇਗਾ ਕਿ ਮਨੁੱਖੀ ਜਾਨਾਂ ਦਾ ਸਭ ਤੋਂ ਵੱਡਾ ਖੌਅ ਸਟੇਟ 'ਤੇ ਕਾਬਜ਼ ਹੁਕਮਰਾਨ ਤਾਕਤਾਂ ਹਨ ਜੋ ਆਪਣੇ ਸੌੜੇ ਮੁਫ਼ਾਦਾਂ ਦੀ ਖ਼ਾਤਰ ਮਸਲਿਆਂ ਦੇ ਸਿਆਸੀ ਹੱਲ ਤੋਂ ਨਕਾਰੀ ਹਨ ਅਤੇ ਸਰਕਾਰੀ ਦਹਿਸ਼ਤਗਰਦੀ ਦਾ ਥੋਕ ਇਸਤੇਮਾਲ ਕਰ ਕੇ ਜੱਦੋਜਹਿਦਾਂ ਨੂੰ ਕੁਚਲਣ 'ਤੇ ਬਜ਼ਿਦ ਹਨ। 'ਦਹਿਸ਼ਤਗਰਦ' ਵਾਰਦਾਤਾਂ ਦੀ ਨਿਖੇਧੀ ਕਰਦੇ ਵਕਤ ਇਹ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਇਸ ਲਈ ਮੁੱਖ ਜ਼ਿੰਮੇਵਾਰ ਹੁਕਮਰਾਨ ਹਨ ਜੋ ਨਾ ਸਿਰਫ਼ ਅਵਾਮ ਦੀ ਆਵਾਜ਼ ਨੂੰ ਟਿੱਚ ਜਾਣਦੇ ਹਨ, ਸਗੋਂ ਇਸ ਨੂੰ ਦਰੜਨਾ ਆਪਣਾ ਹੱਕ ਸਮਝਦੇ ਹਨ। ਹੁਕਮਰਾਨਾਂ ਦੇ ਮਨ ਦੀ ਇਸੇ ਮੌਜ ਨੂੰ ਨੱਥ ਪਾਉਣ ਲਈ ਜ਼ਾਲਮ ਕਾਨੂੰਨਾਂ ਨੂੰ ਖ਼ਤਮ ਕਰਾਉਣਾ ਅੱਜ ਮਨੁੱਖੀ ਤਹਿਜ਼ੀਬ ਦੀ ਸਭ ਤੋਂ ਵੱਡੀ ਲੋੜ ਹੈ।

# ਬਰਤਾਨਵੀ ਪਾਰਲੀਮੈਂਟ ਅਤੇ ਸਿੱਖ

ਬਰਤਾਨੀਆ ਦੀਆਂ ਚੋਣਾਂ ਦੀਆਂ ਦੋ ਦਿਲਚਸਪ ਗੱਲਾਂ ਸਾਹਮਣੇ ਆਈਆਂ। ਪਹਿਲੀ, ਪਾਰਲੀਮੈਂਟ ਵਿਚ ਸਿਆਹਫਾਮ ਅਤੇ ਘੱਟ-ਗਿਣਤੀ ਨਸਲੀ ਭਾਈਚਾਰਿਆਂ ਨਾਲ ਸਬੰਧਤ ਮੈਂਬਰਾਂ ਦੀ ਗਿਣਤੀ 27 ਤੋਂ ਵਧ ਕੇ 41 ਹੋ ਗਈ। ਇਨ੍ਹਾਂ ਵਿਚੋਂ ਤਕਰੀਬਨ ਅੱਧੇ ਐਮ. ਪੀਜ਼ ਦੱਖਣ ਏਸ਼ਿਆਈ ਮੂਲ ਦੇ ਹਨ। ਭਾਰਤੀ ਮੂਲ ਦੇ ਸੰਸਦ ਮੈਂਬਰਾਂ ਦੀ ਗਿਣਤੀ ਵਧ ਕੇ 10 ਹੋ ਗਈ ਹੈ। ਇਨ੍ਹਾਂ ਵਿਚੋਂ ਪੰਜ ਕੰਜ਼ਰਵੇਟਿਵ ਅਤੇ ਪੰਜ ਲੇਬਰ ਪਾਰਟੀ ਨਾਲ ਸਬੰਧਤ ਹਨ।

ਮੁਲਕ ਦੀ ਸਭਿਆਚਾਰਕ ਵਿਭਿੰਨਤਾ ਦੇ ਮੱਦੇਨਜ਼ਰ ਇਹ ਪਾਰਲੀਮੈਂਟ ਵਿਚ ਵੱਖ ਵੱਖ ਭਾਈਚਾਰਿਆਂ ਦੀ ਪ੍ਰਤੀਨਿਧਤਾ ਵਧਾਉਣ ਵੱਲ ਵੱਡਾ

**ਸ਼ਿੰਦਰ ਥਾਂਦੀ**

ਕਦਮ ਹੈ, ਪਰ ਸਿੱਖ ਭਾਈਚਾਰੇ ਦੀ ਵਸੋਂ ਪੰਜ ਲੱਖ ਹੋਣ ਦੇ ਬਾਵਜੂਦ 1992 ਤੱਕ ਕੋਈ ਵੀ ਸਿੱਖ, ਪਾਰਲੀਮੈਂਟ ਦਾ ਮੈਂਬਰ ਨਹੀਂ ਸੀ ਬਣ ਸਕਿਆ। ਪਹਿਲੀ ਵਾਰ 1992 ਵਿਚ ਪਿਆਰਾ ਸਿੰਘ ਖਾਬੜਾ ਐਮ.ਪੀ. ਬਣਿਆ ਸੀ। 2005 ਵਿਚ ਖਾਬੜਾ, ਮਾਰਸ਼ਾ ਸਿੰਘ ਅਤੇ ਪਰਮਜੀਤ ਸਿੰਘ ਢਾਂਡਾ ਨੇ ਲੇਬਰ ਪਾਰਟੀ ਦੀ ਟਿਕਟ 'ਤੇ ਚੋਣ ਜਿੱਤੀ। 2010 ਵਿਚ ਸਿਰਫ਼ ਮਾਰਸ਼ਾ ਸਿੰਘ (ਲੇਬਰ ਪਾਰਟੀ) ਅਤੇ ਪਾਲ ਉਪਲ (ਕੰਜ਼ਰਵੇਟਿਵ ਪਾਰਟੀ) ਹੀ ਚੋਣ ਜਿੱਤ ਕੇ ਐੱਮ.ਪੀ. ਬਣ ਸਕੇ। 2012 ਵਿਚ ਮਾਰਸ਼ਾ ਸਿੰਘ ਦੇ ਦੇਹਾਂਤ ਮਗਰੋਂ ਇਕੱਲਾ ਉਪਲ ਹੀ ਸਿੱਖ ਐਮ.ਪੀ. ਸੀ, ਪਰ ਉਹ ਵੀ ਇਸ ਵਾਰ ਚੋਣ ਹਾਰ ਗਿਆ ਹੈ। ਹੋਰ ਦੱਖਣੀ ਏਸ਼ਿਆਈਆਂ ਦੇ ਮੁਕਾਬਲੇ ਸਿੱਖ ਭਾਈਚਾਰੇ ਨਾਲ ਸਬੰਧਤ ਪਾਰਲੀਮੈਂਟ ਮੈਂਬਰਾਂ ਦੀ ਗਿਣਤੀ ਦਿਨ-ਬ-ਦਿਨ ਘਟ ਕਿਉਂ ਰਹੀ ਹੈ? ਇਹ ਵੱਡਾ ਸਵਾਲ ਹੈ।

ਸਿੱਖਾਂ ਦੀ ਪਾਰਲੀਮੈਂਟ ਵਿਚੋਂ ਗੈਰ-ਹਾਜ਼ਰੀ ਦਾ ਵੱਡਾ ਕਾਰਨ ਬਰਤਾਨਵੀ ਸਿਆਸੀ ਪ੍ਰਕਿਰਿਆ ਦਾ ਵੱਖਰਾਪਣ ਹੈ। ਕਿਸੇ ਵੀ ਹਲਕੇ ਤੋਂ ਉਮੀਦਵਾਰ ਚੁਣਿਆ ਜਾਣਾ ਸੌਖਾ ਕੰਮ ਨਹੀਂ। ਇਸ ਪੱਖੋਂ ਲੇਬਰ ਪਾਰਟੀ ਵਿਚ ਮੌਕੇ ਵਧੇਰੇ ਸਨ ਪਰ ਹੁਣ ਹਾਲਾਤ ਬਦਲ ਗਏ ਹਨ। ਇਸ ਦਾ ਕਾਰਨ ਸਿੱਖ ਭਾਈਚਾਰੇ ਦੀਆਂ ਵੋਟਾਂ ਦਾ ਕਦੇ ਕਿਸੇ ਅਤੇ ਕਦੇ ਕਿਸੇ ਪਾਰਟੀ ਦੇ ਪੱਖ ਵਿਚ ਭੁਗਤਣਾ ਹੈ। ਮੌਜੂਦਾ ਐਮ.ਪੀਜ਼. ਦੇ ਚੋਣ ਮੈਦਾਨ ਵਿਚੋਂ ਨਾ ਹਟਣ ਕਾਰਨ ਨਵਿਆਂ ਲਈ ਉਮੀਦਵਾਰ ਬਣਨ ਦੇ ਮੌਕੇ ਨਾਂ-ਮਾਤਰ ਰਹਿ ਜਾਂਦੇ ਹਨ। ਪਾਰਟੀ ਦਾ ਸਰਗਰਮ ਕਾਰਕੁਨ ਹੋਣਾ ਲਾਹੇਵੰਦ ਰਹਿੰਦਾ ਹੈ ਪਰ ਅੱਜ ਕੱਲ੍ਹ ਪੇਸ਼ੇਵਰ ਪਿਛੋਕੜ ਅਤੇ ਸਥਾਨਕ ਲੋਕਾਂ ਨਾਲ ਰਾਬਤਾ, ਉਮੀਦਵਾਰ ਵਜੋਂ ਚੋਣ ਵਿਚ ਮਦਦਗਾਰ ਸਾਬਤ ਹੁੰਦਾ ਹੈ।

ਛੋਟੀ ਉਮਰੇ ਹੀ ਸਿਆਸੀ ਪਿੜ ਵਿਚ ਆਉਣਾ ਕਿਸੇ ਪਾਰਟੀ ਦੇ ਉਮੀਦਵਾਰ ਬਣਨ ਦੇ ਚਾਹਵਾਨਾਂ ਲਈ ਲਾਭਕਾਰੀ ਹੋ ਸਕਦਾ ਹੈ, ਪਰ ਬਹੁਤ ਘੱਟ ਸਿੱਖਾਂ ਨੇ ਅਜਿਹਾ ਕੀਤਾ। ਬਹੁਤੇ ਤਾਂ ਕਰੀਅਰ ਬਣਾਉਣ ਅਤੇ ਪੌਂਡ ਕਮਾਉਣ ਨੂੰ ਤਰਜੀਹ ਦਿੰਦੇ ਹਨ। ਇਸੇ ਕਾਰਨ ਜ਼ਿਆਦਾਤਰ ਪਾਰਟੀਆਂ ਸੁਰੱਖਿਅਤ ਸਮਝੀਆਂ ਜਾਂਦੀਆਂ ਸੀਟਾਂ ਲਈ ਘੱਟ-ਗਿਣਤੀਆਂ ਦੇ ਬੰਦਿਆਂ ਨੂੰ ਉਮੀਦਵਾਰ ਨਹੀਂ ਬਣਾਉਂਦੀਆਂ। ਸਿੱਖ ਸਿਆਸਤਦਾਨਾਂ ਦੀ ਗਿਣਤੀ ਘੱਟ ਹੋਣ ਦਾ ਕਾਰਨ ਉਨ੍ਹਾਂ ਵੱਲੋਂ ਜਿੱਤਣ ਲਈ ਵੋਟਾਂ ਹਾਸਲ ਕਰਨ ਵਿਚ ਕਾਮਯਾਬ ਨਾ ਹੋਣਾ ਵੀ ਹੈ, ਹਾਲਾਂਕਿ ਪਰਮਜੀਤ ਸਿੰਘ ਢਾਂਡਾ ਗੋਰਿਆਂ ਦੀ ਬਹੁ-ਗਿਣਤੀ ਵਾਲੇ ਇਲਾਕੇ ਤੋਂ 2001 ਤੋਂ 2010 ਤੱਕ ਐਮ.ਪੀ. ਰਹੇ।

ਇਸ ਤੋਂ ਇਲਾਵਾ ਸਾਕਾ ਨੀਲਾ ਤਾਰਾ, ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਏ ਸਿੱਖ ਕਤਲੇਆਮ ਅਤੇ ਖ਼ਾਲਿਸਤਾਨ ਲਹਿਰ ਨੇ ਸਿੱਖ ਭਾਈਚਾਰੇ ਵਿਚ ਵੰਡੀਆਂ ਪਾ ਦਿੱਤੀਆਂ। ਇਸ ਧੜੇਬੰਦੀ ਦੀ ਕਾਰਨ ਗੁਰਦੁਆਰਿਆਂ ਵਿਚ ਵਾਪਰਦੀਆਂ ਹਿੰਸਕ ਘਟਨਾਵਾਂ ਕਿਸੇ ਤੋਂ ਗੁੱਝੀਆਂ ਨਹੀਂ ਹਨ। ਬੱਬਰ ਖ਼ਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ 'ਤੇ ਪਾਬੰਦੀ ਮਗਰੋਂ ਕਈ ਜਥੇਬੰਦੀਆਂ ਨੇ ਨਾਂ ਬਦਲ ਕੇ ਹਮਾਇਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਇਹ ਜਥੇਬੰਦੀ ਭਾਰਤ ਵਿਚ ਸਿੱਖਾਂ ਨਾਲ ਅਨਿਆਂ, ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਆਦਿ ਜਿਹੇ ਮੁੱਦਿਆਂ ਨੂੰ ਉਛਾਲਦੀਆਂ ਹਨ। ਪੱਖਪਾਤੀ ਸਿੱਖ ਮੀਡੀਆ ਕੁਝ ਖ਼ਾਸ ਨੁਕਤਿਆਂ ਦਾ ਪ੍ਰਚਾਰ ਕਰ ਰਿਹਾ ਹੈ। ਮਸਲਨ, ਖ਼ੁਦ ਨੂੰ ਬਰਤਾਨੀਆ ਦੀ ਪਹਿਲੀ ਸਿੱਖ ਸਿਆਸੀ ਪਾਰਟੀ ਦੱਸ ਰਹੀ ਸਿੱਖ ਫੈਡਰੇਸ਼ਨ ਨੇ ਸਿੱਖ ਵੋਟਰਾਂ ਨੂੰ 'ਸਿੱਖ ਮੈਨੀਫੈਸਟੋ' ਦੇ ਪੱਖ ਵਿਚ ਭੁਗਤਣ ਵਾਲੇ ਉਮੀਦਵਾਰ ਦੇ ਹੱਕ ਵਿਚ ਖੜ੍ਹਨ ਅਤੇ ਵਿਰੋਧੀ ਉਮੀਦਵਾਰ ਦਾ ਵਿਰੋਧ ਕਰਨ ਦੀ ਅਪੀਲ ਕੀਤੀ। ਚੋਣਾਂ ਤੋਂ ਦੋ ਕੁ ਮਹੀਨੇ ਪਹਿਲਾਂ ਜਾਰੀ ਕੀਤੇ ਇਸ ਮੈਨੀਫੈਸਟੋ ਵਿਚ ਕੁਝ ਜ਼ਿਆਦਾ ਹੀ ਆਸਾਂ ਲਾਈਆਂ ਗਈਆਂ ਸਨ। ਇਸ ਦਾ ਕਾਰਨ ਕਿਸੇ ਵੀ ਚੋਣ ਖੇਤਰ ਵਿਚ ਸਿੱਖ ਭਾਈਚਾਰੇ ਦੀ ਵੱਡੀ ਵਸੋਂ ਨਾ ਹੋਣਾ ਹੈ। ਮੈਨੀਫੈਸਟੋ ਦੇ ਅਸਰ ਤਹਿਤ ਭਾਈਚਾਰੇ ਦੀਆਂ ਸਾਰੀਆਂ ਵੋਟਾਂ ਕਿਸੇ ਉਮੀਦਵਾਰ ਦੇ ਹੱਕ ਜਾਂ ਵਿਰੋਧ ਵਿਚ ਭੁਗਤਣ ਨਾਲ ਨਤੀਜੇ 'ਚ ਕੋਈ ਖ਼ਾਸ ਫ਼ਰਕ ਨਹੀਂ ਸੀ ਪੈਣਾ ਸੀ।

ਪਾਲ ਉਪਲ ਨੇ 2010 ਵਿਚ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਜਿੱਤਣ ਵਾਲਾ ਭਾਰਤੀ ਮੂਲ ਦਾ ਪਹਿਲਾ ਵਿਅਕਤੀ ਹੋਣ ਦਾ ਇਤਿਹਾਸ ਰਚਿਆ ਸੀ। ਐਤਕੀਂ ਪੰਜਾਬ ਦੀ ਸਿਆਸਤ 'ਤੇ ਘਰੇਲੂ ਸਿਆਸਤ ਨਾਲੋਂ ਵਧੇਰੇ ਧਿਆਨ ਦੇਣਾ ਤਨਮਨਜੀਤ ਸਿੰਘ ਢੇਸੀ ਦੀ ਹਾਰ ਦਾ ਇੱਕ ਕਾਰਨ ਬਣਿਆ। ਲੇਬਰ ਪਾਰਟੀ ਨਾਲ ਲੰਮੇ ਅਰਸੇ ਤੋਂ ਜੁੜਿਆ ਦੇਸੀ ਪੜ੍ਹਿਆ-ਲਿਖਿਆ ਅਤੇ ਸਥਾਨਕ ਲੋਕਾਂ ਨਾਲ ਜੁੜਿਆ ਹੋਣ ਕਾਰਨ ਉਸ ਦੀ ਜਿੱਤ ਦੇ ਆਸਾਰ ਵੱਧ ਸਨ। ਉਸ ਦੀ ਪ੍ਰਸਿੱਧੀ ਕਾਰਨ ਹੀ ਡੇਵਿਡ ਕੈਮਰੌਨ ਨੂੰ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਖ਼ਾਤਰ ਗਰੇਵਜ਼ਐਂਡ ਦੇ ਗੁਰਦੁਆਰੇ ਵਿਚ ਆਉਣਾ ਪਿਆ ਸੀ।


## ਨਜ਼ਰਅੰਦਾਜ਼ ਦਰਦ ਦੇ ਉਲਾਰ ਪ੍ਰਗਟਾਵੇ ਅਤੇ ਡਾਲਰ

*(ਪਿਛਲੇ ਸਫੇ ਦੀ ਬਾਕੀ)*

ਰਾਬਤਾ ਨਹੀਂ ਬਣ ਸਕਿਆ। ਉਨ੍ਹਾਂ ਨੇ ਉੱਤਰੀ ਅਮਰੀਕਾ ਅਤੇ ਯੂਰਪ ਦੀ ਤਰਕਸ਼ੀਲ ਰਵਾਇਤ ਨੂੰ ਆਪਣੀ ਸਰਗਰਮੀ ਨਾਲ ਜੋੜਨ ਦਾ ਕੋਈ ਠੋਸ ਤਰੱਦਦ ਨਹੀਂ ਕੀਤਾ। ਪੰਜਾਬੀ ਮੂਲ ਦੇ ਕਮਿਊਨਿਸਟਾਂ ਦੀ ਵਿਚਾਰਧਾਰਾ ਪੰਜਾਬ ਵਿਚ ਖੱਬੇ ਪੱਖੀ ਧਿਰਾਂ ਨਾਲ ਹਮਦਰਦੀ ਤੋਂ ਅੱਗੇ ਨਹੀਂ ਜਾ ਸਕੀ। ਕੁਲ ਮਿਲਾ ਕੇ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਸਿਆਸਤ ਪੰਜਾਬ ਦਾ ਚਰਬਾ ਹੈ ਜੋ ਉੱਤਮ ਪੁਰਖੀ ਧਾਰਨਾ ਉਤੇ ਸਵਾਰ ਹੈ। ਇਨ੍ਹਾਂ ਕੋਲ ਗ਼ਦਰੀ ਬਾਬਿਆਂ ਵਾਲੀ ਬੋਲੀ ਹੋ ਸਕਦੀ ਹੈ, ਪਰ ਅਹਿਸਾਸ ਅਤੇ ਚੇਟਕ ਤੋਂ ਬਿਨਾਂ ਇਸ ਦੀ ਕੀ ਅਹਿਮੀਅਤ ਹੈ? ਇਨ੍ਹਾਂ ਸੁਆਲਾਂ ਨੂੰ ਪੰਜਾਬ ਦੇ ਦਰਦ ਵਾਂਗ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ। ਪੰਜਾਬ ਦੇ ਬੇਚੈਨ ਮੁੰਡਿਆਂ ਨੂੰ ਬੇਮੁਹਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀਆਂ ਕਾਰਵਾਈਆਂ ਤੋਂ ਨਾਤਾ ਤੋੜਿਆ ਜਾ ਸਕਦਾ ਹੈ; ਤੇ ਜੇ ਉਹ ਮਰ ਜਾਣ ਤਾਂ ਉਨ੍ਹਾਂ ਨੂੰ ਸ਼ਹੀਦੀ ਰੁਤਬੇ ਦਿੱਤੇ ਜਾ ਸਕਦੇ ਹਨ। ਇਨ੍ਹਾਂ ਬੇਪਛਾਣ ਮੁੰਡਿਆਂ ਦੀਆਂ ਯਾਦਗਾਰੀ ਅਰਦਾਸਾਂ ਵਿਚੋਂ ਸ਼ਹੀਦਾਂ ਦੇ ਨਕਸ਼ ਉਘਾੜੇ ਜਾ ਸਕਦੇ ਹਨ ਪਰ ਇਤਿਹਾਸ ਹਮੇਸ਼ਾ ਸ਼ਰਧਾਵਸ ਚੋਣਵੇਂ ਤੱਥਾਂ ਨਾਲ ਨਹੀਂ ਲਿਖਿਆ ਜਾਣਾ। ਕੋਈ ਭਾਈ ਘਨ੍ਹਈਆ ਮੋਢੇ ਚੁੱਕੀ ਮਸ਼ਕ ਦੀ ਲੱਜ ਪਾਲਣ ਦਾ ਜੇਰਾ ਕਰ ਸਕਦਾ ਹੈ।

# ਧਰਮ ਵਿਚ ਭਰਮ-ਭੁਲੇਖੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

"ਰੱਬ ਹੈ ਕਿਥੇ ਨਹੀਂ...? ਤੁਹਾਡਾ ਵਿਸ਼ਵਾਸ ਪੱਕਾ ਹੋਣਾ ਚਾਹੀਦਾ ਐ ਜੀ...ਦੇਖੋ ਤਾਂ, ਧੰਨੇ ਨੇ ਪੱਥਰ 'ਚੋਂ ਹੀ ਪ੍ਰਗਟ ਕਰ ਲਿਆ ਸੀ ਰੱਬ ਨੂੰ!"

ਅਕਸਰ ਹੀ ਕੰਨੀਂ ਪੈਂਦਾ ਇਹ ਫਿਕਰਾ, ਜਾਪਦਾ ਹੈ ਕਿ ਸਾਡੇ ਲੋਕਾਂ ਦੇ ਧੁਰ ਅੰਦਰ ਵੱਸਿਆ ਹੋਇਆ ਹੈ। ਜਦ ਕਿਤੇ ਦੋਹ-ਚਹੁੰ ਜਣਿਆਂ ਵਿਚ ਕੋਈ ਗਿਆਨਵਾਨ ਬੰਦਾ ਮੂਰਤੀ ਪੂਜਾ ਜਾਂ ਕਬਰਾਂ ਜਠੇਰਿਆਂ ਉਤੇ ਮੱਥੇ ਰਗੜਨ ਨੂੰ ਫੋਕਟ ਕਰਮ ਦੱਸ ਰਿਹਾ ਹੋਵੇ, ਤਾਂ ਲਾਗਿਉਂ ਕੋਈ ਨਾ ਕੋਈ ਅਕਲ ਦਾ ਧਨੀ ਮਾਈ-ਭਾਈ ਉਕਤ ਵਾਕ ਦਾ ਠਾਹ ਸੋਟਾ ਮਾਰ ਹੀ ਦਿੰਦਾ ਹੈ। ਧੰਨੇ ਵਾਲੀ ਮਿਸਾਲ ਦੇ ਕੇ ਆਪਣੇ ਚਿੱਤੋਂ ਉਹ 'ਅੰਤਮ ਸੱਚ' ਹੀ ਕਹਿ ਦਿੰਦਾ ਹੈ। ਪੱਥਰ ਵਿਚੋਂ ਰੱਬ ਪਾਉਣ ਵਾਲੀ 'ਸਾਖੀ' ਕੋਈ ਹੋਰ ਸੁਣਾਵੇ ਤਾਂ ਰੰਜ ਨਹੀਂ ਹੁੰਦਾ, ਪਰ ਜਦ ਕੋਈ ਗੁਰਦੁਆਰੇ ਜਾਣ ਵਾਲਾ, ਕਥਾ ਕੀਰਤਨ ਸੁਣਨ ਵਾਲਾ ਅਤੇ ਘਰ ਵਿਚ ਗੁਰਬਾਣੀ ਦੇ ਪਾਠ ਕਰਵਾਉਣ ਵਾਲਾ ਸਿੱਖ ਇਹ ਕਹੇ ਤਾਂ ਹੈਰਾਨੀ ਵੀ ਹੁੰਦੀ ਹੈ ਤੇ ਗਿਲਾਨੀ ਵੀ ਆਉਂਦੀ ਹੈ।

ਇਹ ਸੱਚ ਹੈ ਕਿ ਜਦ ਕਿਸੇ ਇਤਿਹਾਸਕ ਸ਼ਖਸੀਅਤ ਦਾ ਬਜਾਤੇ-ਖੁਦ ਲਿਖਿਆ ਹਲਫ਼ੀਆ ਬਿਆਨ ਮੌਜੂਦ ਹੋਵੇ, ਤਾਂ ਉਹਦੇ ਬਾਰੇ ਆਮ ਲੋਕਾਈ ਵਿਚ ਪ੍ਰਚਲਿਤ ਦੰਦ ਕਥਾਵਾਂ ਨੂੰ ਕੋਈ ਮਾਨਤਾ ਨਹੀਂ ਦਿੱਤੀ ਜਾਂਦੀ। ਉਸ ਦੀ ਆਪਣੀ ਲਿਖਤ ਨੂੰ ਅਣਡਿੱਠ ਕਰ ਕੇ, ਉਹਦੇ ਬਾਰੇ ਅਟਕਲ-ਪੱਚੂ ਖੜ੍ਹੇ ਕਰਨ ਨੂੰ ਬੌਧਿਕ ਬੇਈਮਾਨੀ ਹੀ ਕਿਹਾ ਜਾਣਾ ਚਾਹੀਦਾ ਹੈ। ਬਿਲਕੁਲ ਇਹੀ ਪੈਮਾਨਾ ਭਗਤ ਧੰਨਾ ਜੀ ਵੱਲੋਂ ਪੱਥਰ ਵਿਚੋਂ ਭਗਵਾਨ ਪ੍ਰਗਟ ਕਰ ਦੇਣ ਵਾਲੀ ਕਥਾ ਬਣਾਉਣ ਵਾਲਿਆਂ ਅਤੇ ਸੱਚ ਮੰਨਣ/ਜਾਨਣ ਵਾਲਿਆਂ ਉਤੇ ਲਾਗੂ ਹੁੰਦਾ ਹੈ। ਅਸਲੀਅਤ ਲੁਕਾ ਕੇ ਪੱਥਰ ਵਿਚੋਂ ਭਗਵਾਨ ਪਾਉਣ ਦੀ ਗੱਪ-ਗਾਥਾ ਕਿਨ੍ਹਾਂ ਨੇ, ਕਦੋਂ ਤੇ ਕਿਉਂ ਘੜੀ? ਇਨ੍ਹਾਂ ਸਵਾਲਾਂ ਦਾ ਜਵਾਬ ਸੁਣਨ ਤੋਂ ਪਹਿਲਾਂ ਭਗਤ ਧੰਨਾ ਜੀ ਦੀ ਆਪਣੀ ਲਿਖਤ ਵਾਚੀਏ ਕਿ ਉਨ੍ਹਾਂ ਨੇ ਰੱਬ ਪਾਉਣ ਦਾ ਕੀ ਤਰੀਕਾ ਵਰਤਿਆ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 487-88 ਉਤੇ ਭਗਤ ਧੰਨਾ ਜੀ ਦੀ ਬਾਣੀ ਦਰਜ ਹੈ। ਪਹਿਲੇ ਸ਼ਬਦ ਵਿਚ ਧੰਨਾ ਜੀ ਸਪਸ਼ਟ ਕਹਿੰਦੇ ਨੇ,

ਧੰਨੈ ਧਨੁ ਪਾਇਆ ਧਰਣੀਧਰੁ
ਮਿਲਿ ਜਨ ਸੰਤ ਸਮਾਨਿਆ॥

ਇਸੇ ਆਸਾ ਰਾਗ ਵਿਚ ਉਚਾਰੇ ਇਸ ਸ਼ਬਦ ਦੇ ਨਾਲ ਹੀ ਪੰਜਵੇਂ ਗੁਰੂ ਜੀ ਨੇ ਧੰਨਾ ਜੀ ਦੀ ਰੱਬ ਪ੍ਰਾਪਤੀ ਨੂੰ ਜ਼ਰਾ ਹੋਰ ਖੋਲ੍ਹ ਕੇ ਸਪਸ਼ਟ ਕਰਦਿਆਂ ਉਨ੍ਹਾਂ ਭਗਤਾਂ ਦੇ ਨਾਂ ਲਿਖੇ ਹਨ ਜਿਨ੍ਹਾਂ ਦੀ ਉਸਤਤਿ ਸੁਣ ਕੇ ਧੰਨਾ ਜੀ ਨੂੰ ਪ੍ਰਭੂ ਨੂੰ ਮਿਲਣ ਦੀ ਚਾਹਤ ਪੈਦਾ ਹੋਈ। ਪੰਜਵੇਂ ਗੁਰੂ ਜੀ ਧੰਨੇ ਬਾਰੇ ਲਿਖਦੇ ਨੇ ਕਿ ਭਗਤ ਨਾਮ ਦੇਉ, ਕਬੀਰ, ਰਵਿਦਾਸ ਤੇ ਸੈਨ ਦੀਆਂ ਮਿਸਾਲਾਂ ਉਸ ਦੇ ਸਾਹਮਣੇ ਆਈਆਂ ਤਾਂ,

ਇਹ ਬਿਧਿ ਸੁਨਿ ਕੈ ਜਾਟਰੋ
ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥

ਸਿਤਮ ਦੀ ਗੱਲ ਹੈ ਕਿ ਧੰਨਾ ਜੀ ਦੀ ਖੁਦ ਦੀ ਅਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਨ ਵਾਲੇ ਗੁਰੂ ਅਰਜਨ ਦੇਵ ਜੀ ਦੀ ਲਿਖਤ ਵੱਲ ਧਿਆਨ ਨਾ ਦੇ ਕੇ ਭਾਈ ਗੁਰਦਾਸ ਜੀ ਦੀ ਦਸਵੀਂ ਵਾਰ ਦੀ ਤੇਈਵੀਂ ਪਉੜੀ ਸੁਣਾਉਣ ਬਹਿ ਜਾਂਦੇ ਨੇ ਕਈ 'ਖਰੜ ਗਿਆਨੀ,'

ਬ੍ਰਾਮਣ ਪੂਜੈ ਦੇਵਤੇ
ਧੰਨਾ ਗਊ ਚਰਾਵਣ ਆਵੈ।
ਧੰਨੈ ਡਿਠਾ ਚਲਿਤ ਏਹੁ
ਪੁਛੈ ਬ੍ਰਾਮਣ ਆਖਿ ਸੁਣਾਵੈ।
ਠਾਕੁਰ ਦੀ ਸੇਵਾ ਕਰੈ ਜੋ
ਇਛੈ ਸੋਈ ਫਲ ਪਾਵੈ।
ਧੰਨਾ ਕਰਦਾ ਜੋਦੜੀ
ਮੈ ਭਿ ਦੇਹ ਇਕ ਜੇ ਤੁਧ ਭਾਵੈ।
ਪਥਰ ਇਕ ਲਪੇਟਿ ਕਰਿ
ਦੇ ਧੰਨੇ ਨੋ ਗੈਲ ਛੁਡਾਵੈ।
ਠਾਕੁਰ ਲੋ ਨ੍ਹਾਵਾਲਿਕੈ
ਛਾਹਿ ਰੋਟੀ ਲੈ ਭੋਗ ਚੜ੍ਹਾਵੈ।
ਹਥਿ ਜੋੜਿ ਮਿਨਤਾਂ ਕਰੈ
ਪੈਰੀਂ ਪੈ ਪੈ ਬਹੁਤ ਮਨਾਵੈ।
... ... ...
ਭੋਲਾ ਭਾਉ ਗੋਬਿੰਦ ਮਿਲਾਵੈ।

ਯਾਦ ਰਹੇ, ਭਾਈ ਗੁਰਦਾਸ ਜੀ ਨੇ ਇਹ ਪਉੜੀ ਦਸਵੀਂ ਵਾਰ ਵਿਚ ਉਥੇ ਲਿਖੀ ਹੋਈ ਹੈ ਜਿਥੇ ਉਨ੍ਹਾਂ ਭਗਤ ਧੰਨਾ ਜੀ ਜਿਹੀ ਇਤਿਹਾਸਕ ਰੂਹਾਨੀ ਸ਼ਖਸੀਅਤ ਸਮੇਤ ਲਗਭਗ ਅਠਾਈ ਭਗਤਾਂ ਦੀਆਂ ਜੀਵਨ ਕਥਾਵਾਂ ਲਿਖੀਆਂ ਹਨ। ਇਨ੍ਹਾਂ ਵਿਚ ਬਹੁਤੇ ਮਿਥਿਹਾਸਕ ਪਾਤਰ ਹਨ। ਇਸੇ ਕਰ ਕੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਸੰਪਾਦਨ ਕਰਦਿਆਂ ਭਾਈ ਵੀਰ ਸਿੰਘ ਨੇ ਦਸਵੀਂ ਵਾਰ ਵਾਲੇ ਸਫ਼ੇ ਹੇਠਾਂ ਫੁਟਨੋਟ 'ਚ ਸਪਸ਼ਟ ਲਿਖਿਆ ਹੈ, "...ਇਸ ਵਾਰ ਵਿਚ ਲੋਕ ਪ੍ਰਸਿੱਧ ਕਥਾਵਾਂ ਦ੍ਰਿਸ਼ਟਾਂਤ ਦੇ ਢੰਗ ਪੁਰ ਕਹੀਆਂ ਹਨ...ਭਾਈ ਸਾਹਿਬ ਜੀ ਇਤਿਹਾਸ ਨਹੀਂ ਲਿਖ ਰਹੇ...ਦ੍ਰਿਸ਼ਟਾਂਤ ਦੇ ਕੇ ਆਪਣੇ ਉਪਦੇਸ਼ ਨੂੰ ਪ੍ਰਕਾਸ਼ ਕਰਦੇ ਹਨ।...ਪ੍ਰਸਿੱਧ ਕਥਾਵਾਂ ਨੂੰ ਉਪਦੇਸ਼ ਮਾਤ੍ਰ ਕਹਿਣਾ, ਕਰਤਾ ਨੂੰ ਇਤਿਹਾਸਕ ਸੱਤਯਤਾ ਦਾ ਜ਼ਿੰਮੇਵਾਰ ਵੀ ਨਹੀਂ ਠਹਿਰਾਉਂਦਾ। ਉਹ ਪੱਖ ਜੁਦਾ ਹੈ, ਇਹ ਪੱਖ ਜੁਦਾ ਹੈ, ਪਾਠਕ ਜਨ ਰਲਾ-ਮਿਲਾ ਕੇ ਰੌਲੇ ਵਿਚ ਨਾ ਪੈ ਜਾਣ।"

ਕਿਸੇ ਵੀ ਗ੍ਰੰਥ ਜਾਂ ਪੁਸਤਕ ਵਿਚ ਗੁਰੂ-ਰੀਤੀ ਵਿਰੁੱਧ ਕਿਸੇ ਤਰ੍ਹਾਂ ਦੇ ਸੰਸਕਾਰਾਂ ਦਾ ਹੋਣਾ ਲਿਖਿਆ ਹੋਵੇ, ਉਹ ਮੰਨਣਯੋਗ ਨਹੀਂ, ਕਿਉਂਕਿ ਗੁਰਬਾਣੀ ਤੋਂ ਵਧ ਕੇ ਸਾਡੇ ਮੱਤ ਵਿਚ ਕੋਈ ਪੁਸਤਕ ਸ਼ਰਧਯੋਗ ਨਹੀਂ। ਇਹ ਟੂਕ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਆਪਣੀ ਪ੍ਰਸਿੱਧ ਪੁਸਤਕ 'ਹਮ ਹਿੰਦੂ ਨਹੀ' ਦੇ ਸਫ਼ਾ 117 'ਤੇ ਲਿਖੀ ਹੋਈ ਹੈ। ਇਸੇ ਪੁਸਤਕ ਦੇ ਸਫ਼ਾ 15 ਉਤੇ ਮਨ-ਮਤੀਆਂ ਵੱਲੋਂ ਗੁਰਮਤਿ ਫਲਸਫੇ ਵਿਚ ਘੁਸੇੜੇ ਜਾ ਰਹੇ ਥੋਥੇ ਕਰਮ ਕਾਂਡ ਅਤੇ ਥੋਪੀਆਂ ਜਾ ਰਹੀਆਂ ਬਿਬੇਕ-ਵਿਹੂਣ ਕਥਾ ਕਹਾਣੀਆਂ ਦਾ ਵਿਸ਼ਲੇਸ਼ਣ ਕਰਨ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹੀ ਕਸਵੱਟੀ ਮੰਨਣ ਦੀ ਤਾਕੀਦ ਕੀਤੀ ਗਈ ਹੈ,

"ਸਿਧਾਂਤ ਏਹ ਹੈ ਕਿ ਜੋ ਪ੍ਰਮਾਣ ਗੁਰਬਾਣੀ ਸੰਮਤ ਹੈ, ਉਹੀ ਮੰਨਣਯੋਗ ਹੈ, ਔਰ ਜੋ (ਗੁਰਬਾਣੀ ਤੋਂ) ਵਿਰੁੱਧ ਹੈ, ਉਸ ਦਾ ਸਰਬਥਾ ਤਿਆਗ ਹੈ।"

ਇਉਂ ਜਾਪਦਾ ਹੈ, ਜਿਵੇਂ ਉਕਤ ਨਿਰਣੇਜਨਕ ਕਥਨ, ਭਾਈ ਨਾਭਾ ਨੇ ਚੌਥੇ ਗੁਰੂ ਜੀ ਦੀਆਂ ਇਹ ਤੁਕਾਂ ਪੜ੍ਹ ਕੇ ਲਿਖਿਆ ਹੋਵੇ,

ਸਭਸੈ ਊਪਰਿ ਗੁਰ ਸਬਦੁ ਬੀਚਾਰੁ॥
ਹੋਰ ਕਥਨੀ ਬਦਉ ਨ ਸਗਲੀ ਛਾਰੁ॥
(ਅੰਗ 904)

ਸਿੱਖ ਧਰਮ ਵਿਚ ਇਕ ਹੋਰ ਵੱਡੇ ਭਰਮ-ਭੁਲੇਖੇ ਵਾਲੀ ਗੱਲ ਪ੍ਰਚਲਿਤ ਹੈ, ਅਖੇ ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਹੁਕਮ ਕੀਤਾ ਸੀ ਕਿ ਕੋਈ ਮੁਸਲਮਾਨ ਏਨੀਆਂ ਕਸਮਾਂ ਵੀ ਚੁੱਕ ਲਵੇ, ਜਿੰਨੇ ਤੇਲ ਨਾਲ ਲਿਬੜੀ ਬਾਂਹ ਨੂੰ ਤਿਲ ਲੱਗ ਜਾਣ, ਤਾਂ ਵੀ ਉਸ ਦਾ ਇਤਬਾਰ ਨਹੀਂ ਕਰਨਾ। ਹੈਰਾਨੀ ਦੀ ਗੱਲ ਹੈ ਕਿ ਮੁੱਢੋਂ-ਸੁੱਢੋਂ ਹੀ ਗਲਤ ਅਤੇ ਕਿਸੇ ਇਸਲਾਮ ਦੋਖੀ ਵਲੋਂ ਘੜੀ ਗਈ ਇਸ ਬੇਹੂਦਾ 'ਨਸੀਹਤ' ਨੂੰ ਵੀ ਸਾਡੇ ਸਿੱਖ ਭਰਾ ਸੀਨਾ-ਬ-ਸੀਨਾ ਸਾਂਭੀ ਫਿਰਦੇ ਨੇ ਅਤੇ ਕਿਸੇ ਸਿੱਕੇਬੰਦ ਸੱਚਾਈ ਵਾਂਗ ਬੋਲਦੇ ਸੁਣਦੇ ਰਹਿੰਦੇ ਨੇ। ਕਪਟ ਅਤੇ ਈਰਖਾ ਨਾਲ ਲਬਾ-ਲਬ ਹਦਾਇਤ ਨੂੰ ਸੁੱਚਜੀ ਸਮਝਣ ਵਾਲੇ ਮਾਈ-ਭਾਈ ਕਦੀ ਸੋਚਦੇ ਹੀ ਨਹੀਂ ਕਿ ਪੀਰ ਬੁੱਧੂ ਸ਼ਾਹ, ਕੋਟਲਾ ਨਿਹੰਗ ਵਾਲੇ ਪਠਾਣ ਅਤੇ ਮਾਛੀਵਾੜੇ ਦੇ ਗਨੀ ਖਾਂ ਨਬੀ ਖਾਂ ਜਿਹੇ ਮੁਸਲਮਾਨਾਂ ਨਾਲ ਰੂਹਾਨੀ ਦੋਸਤੀ ਰੱਖਣ ਵਾਲੇ ਸ੍ਰੀ ਦਸਮੇਸ਼ ਪਿਤਾ, ਕਦੇ ਅਜਿਹੀ ਵਿਤਕਰੇ ਵਾਲੀ ਗੱਲ ਕਹਿ ਸਕਦੇ ਸਨ? ਜਿਸ ਗੁਰੂ ਨੇ 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥' ਦੀ ਸਦ ਲਾ ਰਹੀ ਇਲਾਹੀ ਬਾਣੀ ਨੂੰ ਜੁੱਗੋ ਜੁੱਗ ਅਟੱਲ ਇਸ਼ਟ ਥਾਪਿਆ ਹੋਵੇ, ਭਲਾ ਉਹ ਕਿਸੇ ਫਿਰਕੇ ਨੂੰ ਵੈਰ ਭਾਵਨਾ ਵਾਲੇ ਬਚਨ ਕਹਿ ਸਕਦੇ ਹਨ? ਦੇਖਾ-ਦੇਖੀ ਅਜਿਹੀਆਂ ਮਨਘੜਤ ਗੱਲਾਂ ਨੂੰ ਗੁਰੂ ਸਾਹਿਬ ਨਾਲ ਜੋੜਨਾ ਸਿੱਖ ਫਿਲਾਸਫੀ ਦੀ ਨਿਰਾਦਰੀ ਤੁਲ ਹੀ ਹੈ।

ਮੈਂ ਆਪਣੇ ਪਿੰਡ ਕਿਸੇ ਦੇ ਘਰੇ ਅਖੰਡ ਪਾਠ ਦੇ ਭੋਗ 'ਤੇ ਗਿਆ ਹੋਇਆ ਸਾਂ। ਸਮਾਪਤੀ ਤੋਂ ਬਾਅਦ ਗੁਰੂ ਮਹਾਰਾਜ ਦੀ ਤਾਬਿਆ ਬੈਠਾ ਗ੍ਰੰਥੀ ਆਪਣਾ ਪ੍ਰਸ਼ਾਦ ਵਾਲਾ ਕੌਲਾ ਪਾਲਕੀ ਹੇਠੋਂ ਚੁਕ ਕੇ ਮੇਰੇ ਲਾਗੇ ਆ ਬੈਠਾ। ਪ੍ਰਸ਼ਾਦ ਵਰਤਾਵੇ ਨੇ ਉਸ ਦੇ ਕੌਲੇ ਵਿਚ ਗੱਫਾ ਕੁਝ ਵਾਧੂ ਹੀ ਰੱਖਿਆ ਹੋਇਆ ਸੀ। ਕੌਲੇ ਵਿਚੋਂ ਥੋੜ੍ਹਾ ਜਿਹਾ ਪ੍ਰਸ਼ਾਦ ਚੁੱਕ ਕੇ ਉਹ ਮੇਰੇ ਇਕ ਪਾਸੇ ਬੈਠੇ ਸਿੰਘ ਨੂੰ ਦੇਣ ਲੱਗਾ, ਤਾਂ ਮੋਹਰਿਉਂ ਸਿੰਘ ਪ੍ਰਸ਼ਾਦ ਲੈਣ ਤੋਂ ਇਨਕਾਰ ਕਰਦਿਆਂ ਬੋਲਿਆ, "ਨਾ ਜੀ ਨਾ!...ਇਹ ਪ੍ਰਸ਼ਾਦ ਤਾਂ ਤੁਸੀਂ ਹੀ ਛਕ ਸਕਦੇ ਐਂ, ਅਸੀਂ ਨਹੀਂ।"

ਮੈਂ ਹੈਰਾਨ ਹੁੰਦਿਆਂ ਪੁਛਿਆ, "ਤੂੰ ਕਿਉਂ ਨਹੀਂ ਛਕ ਸਕਦਾ ਇਹ ਪ੍ਰਸ਼ਾਦ ਭਾਈ ਸਿੰਘਾ?"

"ਲਓ ਜੀ, ਇਹ ਮਾਹਰਾਜ ਦਾ ਪ੍ਰਸ਼ਾਦ ਹੁੰਦਾ ਐ, ਅਸੀਂ ਭਲਾ ਕਿਵੇਂ ਖਾ ਸਕਦੇ ਹਾਂ?" ਉਹਦਾ ਜਵਾਬ ਸੁਣ ਕੇ ਮੈਂ ਮੱਥੇ 'ਤੇ ਹੱਥ ਮਾਰਿਆ।

ਸਿੱਖ ਧਰਮ ਦੀਆਂ ਆਮ ਰਹੁ-ਰੀਤਾਂ ਤੋਂ ਵੀ ਸਿਰੇ ਦੀ ਅਗਿਆਨਤਾ ਭਰੀ ਇਸ ਘਟਨਾ ਤੋਂ ਬਾਅਦ ਮੈਂ ਆਪਣੇ ਪਿੰਡ ਤੋਂ ਇਲਾਵਾ ਲਾਗ-ਪਾਸ ਦੇ ਪਿੰਡਾਂ ਵਿਚ ਵੀ ਹੋਣ ਵਾਲੇ ਕੁਝ ਧਾਰਮਿਕ ਪ੍ਰੋਗਰਾਮਾਂ ਵਿਚ ਹਾਜ਼ਰ ਹੋ ਕੇ ਪ੍ਰਸ਼ਾਦ ਵਰਤਾਉਣ ਦੀ ਪਰੰਪਰਾ ਬਾਰੇ ਸਮਝਾਉਂਦਾ ਰਿਹਾ। ਤਕਰੀਬਨ ਹਰ ਥਾਂ ਹੀ ਤਾਬਿਆ ਬੈਠੇ ਗ੍ਰੰਥੀ ਸਿੰਘ ਲਈ ਰੱਖੇ ਜਾਣ ਵਾਲੇ ਕੜਾਹ ਪ੍ਰਸ਼ਾਦ ਨੂੰ ਮਹਾਰਾਜ ਦਾ ਪ੍ਰਸ਼ਾਦ ਹੀ ਮੰਨਿਆ ਜਾ ਰਿਹਾ ਸੀ। ਪੰਜਾਹਾਂ-ਸੱਠਾਂ ਨੂੰ ਢੁੱਕੇ ਕਈ 'ਸਿੰਘ' ਵੀ ਮੈਨੂੰ ਦੱਸ ਰਹੇ ਸਨ ਕਿ ਸਾਨੂੰ ਤਾਂ ਅੱਜ ਪਤਾ ਲੱਗਾ ਕਿ ਮੰਜੀ ਸਾਹਿਬ ਥੱਲੇ ਰੱਖਿਆ ਜਾਂਦਾ ਪ੍ਰਸ਼ਾਦ ਚੌਰ ਦੀ ਸੇਵਾ ਕਰ ਰਹੇ ਗ੍ਰੰਥੀ ਸਿੰਘ ਦਾ ਗੱਫ਼ਾ ਹੁੰਦਾ ਹੈ, ਕਿਉਂਕਿ ਪ੍ਰਸ਼ਾਦ ਵਰਤਾਏ ਜਾਣ ਵੇਲੇ ਉਹ ਪ੍ਰਸ਼ਾਦ ਨਹੀਂ ਲੈ ਸਕਦਾ।

ਸਿੱਖ ਧਰਮ ਵਿਚ ਆ ਵੜੇ ਭਰਮ-ਭੁਲੇਖਿਆਂ ਦੀਆਂ ਇਹ ਤਾਂ ਕੁਝ ਕੁ ਵੰਨਗੀਆਂ ਹੀ ਹਨ। ਪਿੰਡਾਂ ਥਾਂਵਾਂ ਵਿਚ ਜਾ ਕੇ ਪਤਾ ਲਗਦਾ ਹੈ ਕਿ ਕੀ ਦਾ ਕੀ ਬਣਿਆ ਹੋਇਆ ਹੈ। ਸਾਡੇ ਲਾਗੇ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ 'ਮਰਯਾਦਾ ਬਣਾਈ' ਹੋਈ ਹੈ ਕਿ ਜਿਹੜਾ ਵੀ ਕੋਈ ਪੰਜ ਸੌ ਰੁਪਏ ਗੁਰਦੁਆਰੇ ਨੂੰ ਦੇਵੇ, ਉਸ ਨੂੰ ਸਿਰੋਪਾ ਭੇਟ ਕੀਤਾ ਜਾਂਦਾ ਹੈ। ਉਥੇ ਕਈ ਵਾਰ ਅਜਿਹਾ ਵੀ ਸੁਣਿਆ ਹੈ ਕਿ ਪੰਜ ਸੌ ਰੁਪਏ ਦੇਣ ਵਾਲੇ ਕਈ ਦਾਨੀ ਸੱਜਣ ਪ੍ਰਬੰਧਕਾਂ ਨਾਲ ਲੜਦੇ ਨੇ ਕਿ ਉਨ੍ਹਾਂ ਨੂੰ ਸਿਰੋਪਾ ਦੇਣ ਤੋਂ ਜਾਣ-ਬੁੱਝ ਕੇ ਅਣਗੌਲਿਆ ਗਿਆ ਹੈ। ਇਕ ਪਿੰਡ ਦੇ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਦੇ ਥੜ੍ਹੇ ਦੇ ਆਲੇ-ਦੁਆਲੇ ਹਨੂੰਮਾਨ, ਸ਼ਿਵ-ਪਾਰਬਤੀ ਅਤੇ ਦੇਵੀਆਂ ਆਦਿ ਦੀਆਂ ਮੂਰਤਾਂ ਵਾਲੀਆਂ ਪਲੇਟਾਂ ਜੜੀਆਂ ਹੋਈਆਂ ਵੀ ਦੇਖੀਆਂ। ਈਸਬਗੋਲ ਤੇ ਕੁਝ ਨਾ ਫੋਲ!

ਗੁਰੂ ਨਾਨਕ ਸਾਹਿਬ ਦੇ ਸਾਜੇ ਨਿਰਮਲ ਪੰਥ ਦੇ ਵਿਹੜਿਆਂ ਵਿਚ ਅਹਿ ਕੁਝ ਦੇਖਦਿਆਂ ਭਗਤ ਕਬੀਰ ਦਾ ਸਲੋਕ ਯਾਦ ਆਉਂਦਾ ਹੈ,

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ॥
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ॥

## ਚੋਰੀ ਦੀ ਬਿਜਲੀ ਨਾਲ ਸ਼੍ਰੋਮਣੀ ਕਮੇਟੀ ਦੇ ਖੇਤਾਂ ਦੀ ਸਿੰਜਾਈ

**ਬਠਿੰਡਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਥਿਤ ਤੌਰ 'ਤੇ ਬਿਜਲੀ ਚੋਰੀ ਕਰ ਕੇ ਆਪਣੇ ਖੇਤਾਂ ਨੂੰ ਪਾਣੀ ਲਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਤਲਵੰਡੀ ਸਾਬੋ ਵਿਚਲੇ ਗੁਰਦੁਆਰਾ ਜੰਡਸਰ ਵਿਚ ਸਾਢੇ ਸੱਤ ਹਾਰਸ ਪਾਵਰ ਦੀ ਮੋਟਰ ਲੱਗੀ ਹੋਈ ਹੈ ਜਿਸ ਨੂੰ ਟਰਾਂਸਫਾਰਮਰ ਤੋਂ ਸਿੱਧੀ ਕੁੰਡੀ ਲਾ ਕੇ ਚਲਾਇਆ ਜਾ ਰਿਹਾ ਹੈ। ਪਾਵਰਕੌਮ ਦੇ ਅਫਸਰਾਂ ਨੇ ਕੋਈ ਕਾਰਵਾਈ ਕਰਨ ਦੀ ਥਾਂ ਮੌਕਾ ਦੇਖ ਕੇ ਮਾਮਲਾ ਰਫ਼ਾ ਦਫ਼ਾ ਕਰ ਦਿੱਤਾ।

ਵੇਰਵਿਆਂ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਗੁਰਦੁਆਰਾ ਜੰਡਸਰ ਕੋਲ ਕਰੀਬ ਪੰਜ ਏਕੜ ਜ਼ਮੀਨ ਹੈ ਜਿਸ ਨੂੰ ਪਾਣੀ ਦੇਣ ਵਾਸਤੇ ਗੁਰਦੁਆਰੇ ਵਿਚਲੀ ਮੋਟਰ ਤੋਂ ਕਰੀਬ 60 ਮੀਟਰ ਦੀ ਪਾਣੀ ਵਾਲੀ ਪਾਈਪ ਵਿਛਾਈ ਹੋਈ ਸੀ। ਗੁਰੂਘਰ ਵਿਚਲੀ ਮੋਟਰ ਨੂੰ ਬਿਜਲੀ ਸਪਲਾਈ ਦੇਣ ਵਾਸਤੇ ਕਰੀਬ 80 ਮੀਟਰ ਲੰਮੀ ਤਾਰ ਪਾ ਕੇ ਗੁਰਮਤਿ ਕਾਲਜ ਦੇ ਗੇਟ ਅੱਗੇ ਲੱਗੇ 200 ਕੇ.ਵੀ. ਟਰਾਂਸਫਾਰਮਰ ਤੋਂ ਕਥਿਤ ਤੌਰ 'ਤੇ ਸਿੱਧੀ ਕੁੰਡੀ ਲਾਈ ਹੋਈ ਸੀ। ਇਹ ਜ਼ਮੀਨ ਸਾਉਣੀ ਦੀ ਫਸਲ ਵਾਸਤੇ ਤਿਆਰ ਕੀਤੀ ਜਾ ਰਹੀ ਸੀ।

ਤਖ਼ਤ ਦਮਦਮਾ ਸਾਹਿਬ ਦੇ ਮੈਨੇਜਰ ਜਗਪਾਲ ਸਿੰਘ ਦਾ ਕਹਿਣਾ ਹੈ ਕਿ ਅਜਿਹਾ ਕੋਈ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ ਅਤੇ ਇਨ੍ਹਾਂ ਖੇਤਾਂ ਵਾਸਤੇ ਤਾਂ ਨਹਿਰੀ ਮੋਘਾ ਲੱਗਾ ਹੋਇਆ ਹੈ ਜਿਸ ਕਰ ਕੇ ਪਾਣੀ ਦੀ ਕੋਈ ਕਮੀ ਨਹੀਂ ਹੈ। ਪਾਵਰਕੌਮ ਤਲਵੰਡੀ ਸਾਬੋ ਦੇ ਐਸ.ਡੀ.ਓ ਕਮਲਜੀਤ ਸਿੰਘ ਮਾਨ ਮੌਕੇ 'ਤੇ ਗਏ ਪਰ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਤਾਰ ਉਤਾਰ ਲਈ ਗਈ ਸੀ।

# Easy way for Indian Businesses to set up offices in US

**Anu Peshawaria***

The best visa to do for Indian businesses is Visas L-1A (managerial or executive capacity) or L-1B (specialized knowledge). For understanding the fundamentals of this visa, it is imperative that the attorney handling such a case understands the corporate law in India as well as US business law and Immigration. This visa is for an alien coming to US temporary to perform services in a managerial or executive position, or services that require specialized knowledge.

If a company abroad has been established for over a year and has successful business operations, it can transfer its manager or executive as well as specialist to assist in opening a new branch, subsidiary or affiliation of its business in the United States. The parent company abroad also can transfer its employees to develop and improve existing branch, subsidiary or affiliation doing business in the United States.


My clients living in the United States have relatives operating various businesses in their countries of origin such as clothing business, beauty salons, printing and office operations, retail/wholesale of home electronics, software development and other businesses. We help our clients to extend success of the business from their home countries to the United States, and bring loved ones to work and succeed in America.

Requirements for the employee to be transferred to start up a new business in US include: alien should be employed by the same company abroad in a capacity that was managerial or executive in nature, or one that requires specialized knowledge, for at least 1 continuous year within last 3 years before filing for L-1 Visa; a position offered by a business in US should be managerial or executive in nature, or requiring specialized knowledge. US company will petition to employ an alien based on the Business Plan showing business strategies and prognoses for parent company investment, new company expenses of business operations, losses/profits, etc.

Specialized knowledge means either special knowledge possessed by an individual of the petitioning organization in US product, service, research, equipment, techniques etc. or an advanced level of knowledge or expertise in the organization's processes and procedures.

We are assisting our clients to register a new business in U.S. and make sure Business Plan is prepared in accordance with the requirements for L-1 Visa. We make sure our clients in US and abroad are matching employment and sponsorship requirements for the company abroad and newly formed business in US.

We recommend to have a successful and operating for at least one year business abroad with a potential beneficiary in managerial or executive position, or required specialized knowledge in nature to hold the same occupation with a new business in US. We will take care of registration and other necessary for the business in US.



*Anu Peshawaria*

***Anu Peshawaria, Esq is a US Immigration Attorney as well as a Supreme Court Attorney from India. Former Legal Advisor Embassy of India, Washington DC. She is a expert legal analyst & Author of several books on Immigration. Her law corporation Anu Attorney Professional Law Group, PLLC having offices in Fremont, California and Seattle , Washington as well as India.**

**She can be reached at anu@anuattorney.com or you can call her at 1-206-774-0907 or 510-299-1907 for any questions or clarifications.**

# ਸੰਤ ਮੁਰਾਲੇਵਾਲਿਆਂ ਦੀ ਬਰਸੀ ਮੌਕੇ ਸੰਗਤਾਂ ਦਾ ਭਰਵਾਂ ਇਕੱਠ

**ਨਿਊ ਯਾਰਕ (ਬਿਊਰੋ):** ਬ੍ਰਹਮ ਗਿਆਨੀ, ਵਿਦਿਆ ਦਾਨੀ ਅਤੇ ਪਰਉਪਕਾਰੀ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 65ਵੀਂ ਬਰਸੀ ਮੌਕੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਸਮਾਗਮ ਕਰਵਾਇਆ ਗਿਆ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠਾਂ ਦੀ ਲੜੀ ਚਲਾਈ ਗਈ।

ਇਨ੍ਹਾਂ ਸਗਾਗਮਾਂ ਦੌਰਾਨ ਪ੍ਰਸਿੱਧ ਰਾਗੀ ਭਾਈ ਨਿਰਮਲ ਸਿੰਘ ਨਾਗਪੁਰੀ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਦੇ ਜਥੇ ਵੱਲੋਂ ਕੀਰਤਨ ਕੀਤਾ ਗਿਆ। ਹੈੱਡ ਗ੍ਰੰਥੀ ਗਿਆਨੀ ਜਸਪਾਲ ਸਿੰਘ ਦੀ ਬੇਟੀ ਅਤੇ ਜਵਾਈ ਜੋ ਨਿਊਜ਼ੀਲੈਂਡ ਤੋਂ ਆਏ ਸਨ, ਨੇ ਕਲਾਸੀਕਲ ਸ਼ਬਦ ਨਾਲ ਹਜ਼ਾਰੀ ਲੁਆਈ। ਬੀਬੀ ਬਲਜੀਤ ਕੌਰ ਖਾਲਸਾ, ਭਾਈ ਅਮਰੀਕ ਸਿੰਘ ਗੁਰਦਾਸਪੁਰੀ ਅਤੇ ਭਾਈ ਗੁਰਤਾਰ ਸਿੰਘ ਹੁਸ਼ਿਆਰਪੁਰ ਵਾਲੇ ਦੇ ਜਥਿਆਂ ਨੇ ਵੀ ਕੀਰਤਨ ਕੀਤਾ। ਸ੍ਰੀ ਦਰਬਾਰ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਗਿਆਨੀ ਜਗਤਾਰ ਸਿੰਘ (ਵਧੀਕ ਹੈੱਡ ਗ੍ਰੰਥੀ) ਨੇ ਸੰਤਾਂ ਦੀ ਜੀਵਨੀ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਸੰਗਤਾਂ ਨੂੰ ਸੁਣਾਈ। ਸਟੇਜ ਦੀ ਕਾਰਵਾਈ ਭਾਈ ਕੁਲਦੀਪ ਸਿੰਘ ਖਾਲਸਾ (ਜਨਰਲ ਸਕੱਤਰ) ਨੇ ਚਲਾਈ। ਭਾਈ ਕੰਡਿਆਲਾ ਦੇ ਢਾਡੀ ਜਥੇ ਨੇ ਵੀ ਹਾਜ਼ਰੀ ਲੁਆਈ। ਇਸ ਮੌਕੇ ਉਨ੍ਹਾਂ ਦਾ ਸੰਤ ਜਗੀਰ ਸਿੰਘ ਪਿਹੋਵਾ ਐਨ.ਆਰ.ਆਈਜ਼ ਸੁਸਾਇਟੀ ਅਤੇ ਹਰਿਆਣਾ ਪੰਜਾਬੀ ਐਸੋਸੀਏਸ਼ਨ ਵੱਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਐਡੀਸ਼ਨਲ ਸਕੱਤਰ ਪਰਮਜੀਤ ਸਿੰਘ ਸਰੋਆ ਵੀ ਪੁੱਜੇ। ਉਨ੍ਹਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਸਨਮਾਨ ਪੱਤਰ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਿੰਮਤ ਸਿੰਘ ਸਰਪੰਚ, ਚੇਅਰਮੈਨ ਸੁਖਜਿੰਦਰ ਸਿੰਘ ਸੁਭਾਨਪੁਰ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਖਾਲਸਾ ਨੂੰ ਭੇਟ ਕੀਤੇ ਅਤੇ ਨਾਲ ਹੀ ਪ੍ਰਧਾਨ ਜਥੇਦਾਰ ਮੱਕੜ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਅਕਾਲੀ ਆਗੂ ਰਘਬੀਰ ਸਿੰਘ ਸੁਭਾਨਪੁਰ ਨੇ ਵੀ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਸੰਤਾਂ ਦੀ ਜੀਵਨ ਬਾਰੇ ਆਪਣੀ ਲਿਖੀ ਕਵਿਤਾ ਵੀ ਪੜ੍ਹੀ। ਸਾਬਕਾ ਪ੍ਰਧਾਨ ਪ੍ਰੀਤਮ ਸਿੰਘ ਗਿਲਜੀਆ ਅਤੇ ਗੁਰਦੁਆਰਾ ਫਲੱਸ਼ਿੰਗ ਦੇ ਪ੍ਰਧਾਨ ਹਿੰਮਤ ਸਿੰਘ ਨੇ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੇ ਪ੍ਰਧਾਨ ਨਿਰਮਲ ਸਿੰਘ, ਸੰਤ ਪ੍ਰੇਮ ਸਿੰਘ ਸਿੱਖ ਕਲਚਰ ਸੁਸਾਇਟੀ ਦੇ ਪ੍ਰਧਾਨ ਕੁਲਵੰਤ ਸਿੰਘ, ਸਰਪ੍ਰਸਤ ਭਾਈ ਲਖਵਿੰਦਰ ਸਿੰਘ ਪੱਪੀ ਤੇ ਉਨ੍ਹਾਂ ਦੀ ਸਮੁੱਚੀ ਕਮੇਟੀ, ਗਿਆਨੀ ਵੈਲਫ਼ੇਅਰ ਸੁਸਾਇਟੀ ਦੇ ਪ੍ਰਧਾਨ ਸੁਜਾਨ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਕਮੇਟੀ, ਟਾਹਲੀ ਬੱਲਾਂ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸਤਿਨਾਮ ਸਿੰਘ ਭਲਵਾ ਤੇ ਸਮੁੱਚੇ ਮੈਂਬਰਾਂ, ਧੰਨ ਧੰਨ ਬਾਬਾ ਦਲੀਪ ਸਿੰਘ ਨੰਗਲ ਲੁਬਾਣਾ ਸੁਸਾਇਟੀ ਦਾ ਵੀ ਸਨਮਾਨ ਕੀਤਾ ਗਿਆ। ਬਾਹਰੋਂ ਆਏ ਪ੍ਰਾਹੁਣਿਆਂ ਨੂੰ ਗੁਰੂ ਘਰ ਦੀ ਸਟੇਜ ਤੋਂ ਸਿਰੋਪਾਓ ਭੇਟ ਕੀਤੇ ਗਏ।

ਸਮਾਗਮ ਵਿਚ ਪ੍ਰਬੰਧਕਾਂ ਵੱਲੋਂ ਗੁਰੂ ਘਰ ਵਿਚ ਆਉਂਦੇ ਬਜ਼ੁਰਗਾਂ ਦਾ ਉਚੇਚਾ ਸਨਮਾਨ ਕੀਤਾ ਗਿਆ। ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸ੍ਰੀ ਨਾਨਕ ਬਿਲਾਨੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਸੁਭਾਨਪੁਰ ਪਰਿਵਾਰ ਦੇ ਬਜ਼ੁਰਗ ਸੂਬੇਦਾਰ ਅਜੀਤ ਸਿੰਘ ਸੁਭਾਨਪੁਰ, ਸ੍ਰੀਮਤੀ ਪ੍ਰੀਤਮ ਕੌਰ, ਸਾਬਕਾ ਪ੍ਰਧਾਨ ਗੁਰਮੇਲ ਸਿੰਘ ਦੇ ਪਿਤਾ ਜਸਪਾਲ ਸਿੰਘ ਹਰਿਆਣਾ, ਚੇਅਰਮੈਨ ਸੁਖਜਿੰਦਰ ਸਿੰਘ ਸੁਭਾਨਪੁਰ ਦੇ ਸਹੁਰਾ ਰਘਬੀਰ ਸਿੰਘ ਜਲੰਧਰ, ਉਪ ਪ੍ਰਧਾਨ ਰਣਜੀਤ ਸਿੰਘ ਮਹਿਮਤਪੁਰ ਦੇ ਸਹੁਰਾ ਸੁੱਚਾ ਸਿੰਘ ਅਵਾਨ, ਚਰਨ ਸਿੰਘ ਸਰਪੰਚ ਬੈਂਸ ਅਵਾਨ, ਗੁਰਬਖਸ਼ ਸਿੰਘ ਅਠੌਲਾ, ਚਰਨ ਸਿੰਘ ਗਿਲਜੀਆਂ, ਟਾਹਲੀ ਬੱਲਾਂ ਇੰਟਰਨੈਸ਼ਨਲ ਵੈਲਫ਼ੇਅਰ ਸੁਸਾਇਟੀ ਦੇ ਪ੍ਰਧਾਨ ਸਤਿਨਾਮ ਸਿੰਘ ਭਲਵਾਨ ਦੇ ਪਿਤਾ ਦਯਾ ਸਿੰਘ, ਕੁਲਦੀਪ ਸਿੰਘ ਭਟਨੂਰਾ ਸਾਬਕਾ ਸਰਪੰਚ, ਮਹਿੰਦਰ ਸਿੰਘ ਸਾਬਕਾ ਸਰਪੰਚ ਵਸੋਆ ਦਾ ਵੀ ਸਨਮਾਨ ਕੀਤਾ ਗਿਆ। ਸਟਾਲਾਂ 'ਤੇ ਸੇਵਾ ਕਰ ਰਹੇ ਸੇਵਾਦਾਰਾਂ ਦਾ ਵੀ ਸਨਮਾਨ ਕੀਤਾ ਗਿਆ।

ਇਸ ਮੌਕੇ ਕਮੇਟੀ ਵੱਲੋਂ ਕੁਲਦੀਪ ਸਿੰਘ ਖਾਲਸਾ ਨੇ ਐਲਾਨ ਕੀਤਾ ਕਿ ਗੁਰੂ ਘਰ ਵਿਚ ਆਉਂਦੇ ਕਿਸੇ ਵੀ ਬਜ਼ੁਰਗ ਬਾਰੇ ਦੱਸਿਆ ਜਾਵੇ, ਪ੍ਰਬੰਧਕ ਕਮੇਟੀ ਉਨ੍ਹਾਂ ਨੂੰ ਸਨਮਾਨਤ ਕਰੇਗੀ। ਅਖੀਰ ਵਿਚ ਪ੍ਰਧਾਨ ਹਿੰਮਤ ਸਿੰਘ ਸਰਪੰਚ ਨੇ ਵੱਡੀ ਗਿਣਤੀ ਵਿਚ ਆਈ ਸੰਗਤ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇੰਨਾ ਵੱਡਾ ਇਕੱਠ ਦਰਸਾਉਂਦਾ ਹੈ ਕਿ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਹੋਈ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਗੁਰੂ ਘਰ ਦੀ ਬਿਲਡਿੰਗ ਹੋਰ ਖ਼ੂਬਸੂਰਤ ਬਣਾਉਣ ਦਾ ਉਪਰਾਲਾ ਕੀਤਾ ਜਾਵੇਗਾ। ਬਲਜਿੰਦਰ ਸੋਨੀ ਤੇ ਸਾਥੀਆਂ ਨੇ ਗੰਨਿਆਂ ਦੇ ਰਸ ਨਾਲ ਸੰਗਤਾਂ ਦੀ ਸੇਵਾ ਕੀਤੀ। ਨੌਰੰਗਪੁਰ ਨਗਰ ਦੇ ਸੇਵਾਦਾਰਾਂ ਦਾ ਵੀ ਸਨਮਾਨ ਕੀਤਾ ਗਿਆ। ਬੀ.ਜੇ. ਸਟੂਡੀਓ ਦੇ ਮਾਲਕ ਅਤੇ ਪੱਤਰਕਾਰ ਸ. ਬਲਦੇਵ ਸਿੰਘ ਤੇ ਉਨ੍ਹਾਂ ਦੀ ਪਤਨੀ ਜਸਬੀਰ ਨੇ ਇਸ ਪ੍ਰੋਗਰਾਮ ਨੂੰ ਕੈਮਰੇ ਵਿਚ ਬੰਦ ਕੀਤਾ।

ਯਾਦ ਰਹੇ, ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਖੇੜੀ ਦੁਨਾ ਸਿੰਘ (ਪਾਕਿਸਤਾਨ) ਵਿਚ ਜਨਮੇ। ਉਨ੍ਹਾਂ ਮੁਰਾਲੇ ਵਿਖੇ ਬਾਬਾ ਬਿਸ਼ਨ ਸਿੰਘ ਦੇ ਡੇਰੇ 'ਤੇ ਸੇਵਾ ਕਮਾਈ ਅਤੇ ਫਿਰ ਗੱਦੀ ਨਸ਼ੀਨ ਬਣੇ। ਉਹ ਦੇਸ ਵੰਡ ਸਮੇਂ ਬੇਗੋਵਾਲ (ਕਪੂਰਥਲਾ) ਵਿਖੇ ਆ ਵੱਸੇ ਅਤੇ ਬੇਗੋਵਾਲ ਵਿਖੇ ਹੀ ਦੋ ਜੂਨ 1950 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।





























# ਰੇਡੀਓ 'ਚੰਨ ਪ੍ਰਦੇਸੀ' ਦਾ ਚੰਨ ਹੋਰ ਖਿਲਾਰ ਗਿਆ ਚਾਨਣ

**ਇੰਡੀਅਨਐਪੋਲਿਸ (ਐਸ. ਅਸ਼ੋਕ ਭੌਰਾ):** ਖਾਣੇ ਵਿਚੋਂ ਜਦੋਂ ਰੱਜ ਕੇ ਸੁਆਦ ਆਵੇ ਤਾਂ ਬਣਾਉਣ ਵਾਲੇ ਤੇ ਪਰੋਸਣ ਵਾਲੇ, ਦੋਹਾਂ ਦੇ ਗਲ ਵਿਚ ਹਾਰ ਪਾਉਣ ਨੂੰ ਜੀਅ ਕਰਦਾ ਹੈ ਤੇ ਕਹਿ ਸਕਦੇ ਹਾਂ ਕਿ ਰੇਡੀਓ 'ਚੰਨ ਪ੍ਰਦੇਸੀ' ਨੇ ਪਿਛਲੇ ਤਿੰਨ ਕੁ ਸਾਲਾਂ ਵਿਚ ਪੰਜਾਬੀਆਂ ਨੂੰ ਜਿਸ ਕਦਰ ਖੂਬਸੂਰਤ ਤੇ ਸੁਣਨਯੋਗ ਪ੍ਰੋਗਰਾਮਾਂ ਰਾਹੀਂ ਆਪਣੇ ਵੱਲ ਖਿੱਚਿਆ ਹੈ, ਉਹਦੇ ਨਾਲ ਆਵਾਜ਼ ਦੀ ਦੁਨੀਆਂ ਵਿਚ ਕੰਨ ਰਸ ਦੀ ਧੁਨ ਸਾਰਿਆਂ ਨੂੰ ਸਿਆਲ ਵਿਚ ਸਾਗ ਦੇ ਉਸ ਸੁਆਦ ਵਰਗੀ ਲੱਗਣ ਲੱਗੀ ਪਈ ਹੈ, ਜਿਹਦੇ ਵਿਚੋਂ ਮੱਖਣ ਬਾਹਰ ਭੱਜਣ ਲਈ ਕਾਹਲਾ ਹੋਇਆ ਰਹਿੰਦਾ ਹੈ। ਇਸ ਲਈ ਬਾਂਹਾਂ ਦਾ ਕਲਾਵਾ ਕਿਸੇ ਦਾ ਛੋਟਾ ਵੀ ਹੋਵੇ, ਉਹ ਚਾਹੇਗਾ ਕਿ ਇਕ ਬਾਂਹ ਨਾਲ ਸਰਵਣ ਟਿਵਾਣੇ ਨੂੰ ਤੇ ਦੂਜੀ ਬਾਂਹ ਨਾਲ ਦਰਸ਼ਨ ਬਸਰਾਓ ਨੂੰ ਘੁੱਟ ਕੇ ਜੱਫੀ ਪਾ ਲਈਏ।

ਇਸ ਰੇਡੀਓ ਦੇ ਸੰਚਾਲਕ ਦੋਵੇਂ ਮਿੱਤਰ ਆਪਣੇ ਇਸ ਸ਼ੌਕ ਦੇ ਨਾਲ ਨਾਲ ਭਾਈਚਾਰੇ ਦੀ ਮੁਹੱਬਤ ਵਿਚ ਵੀ ਨੱਕੋ-ਨੱਕ ਸਤਿਕਾਰ ਨਾਲ ਭਰੇ ਪਏ ਹਨ। ਕਹਿ ਸਕਦੇ ਹਾਂ ਕਿ ਰੇਡੀਓ 'ਚੰਨ ਪ੍ਰਦੇਸੀ' ਨੇ ਸੰਚਾਰ ਮਾਧਿਅਮਾਂ ਦੀ ਦੁਨੀਆਂ ਵਿਚ ਆਪਣੇ ਨਾਂ ਵਰਗੀ ਹੀ ਢੁਕਵੀਂ ਭੂਮਿਕਾ ਨਿਭਾ ਲਈ ਹੈ।

ਕੁਝ ਦਿਨ ਪਹਿਲਾਂ ਇਥੇ ਮੈਡਮ ਵਾਕਰ ਥਿਏਟਰ ਵਿਚ ਰੇਡੀਓ 'ਚੰਨ ਪ੍ਰਦੇਸੀ' ਦੀ ਸਿਰਫ਼ ਤੀਜੀ ਵਰ੍ਹੇਗੰਢ 'ਤੇ ਵਰ੍ਹਿਆਂ ਵਰਗੀ ਉਮਰ ਦਾ ਅਹਿਸਾਸ ਇੱਦਾਂ ਹੋਇਆ ਜਿਵੇਂ ਜ਼ਾਕਿਰ ਹੁਸੈਨ ਦੇ ਤਬਲੇ ਦਾ ਵਾਦਨ ਪਰਦੇ ਉਹਲਿਓਂ ਵੀ ਪਛਾਨਣ ਵਾਲੇ ਪਛਾਣ ਹੀ ਲੈਂਦੇ ਹਨ। ਨਿੱਘੀ ਸ਼ਾਮ, ਪਾਰਕਿੰਗ ਲਾਟ ਵਿਚ ਲੱਗਦੀਆਂ ਗੱਡੀਆਂ, ਪਰਿਵਾਰਾਂ ਨਾਲ ਉਤਰਦੇ ਲੋਕ ਤੇ ਕਾਨਾਫੂਸੀ ਦਾ ਆਪਣਾ ਅਨੰਦ...ਬਈ ਚੱਲ ਗਿਆ ਰੇਡੀਓ...ਲੈ ਹੋਰ ਕਿਤੇ ਐਵੇਂ ਥੋੜ੍ਹਾ ਜਸਵਿੰਦਰ ਬਰਾੜ ਮੰਗਵਾ ਹੁੰਦੀ ਐ... ਨਾ ਇਕੱਲੀ ਉਹੀ ਥੋੜ੍ਹੇ, ਇਕ ਜੋੜੀ ਵੀ ਹੈ...ਭਾਈ 'ਅੱਜ ਬੰਬੀਹਾ ਬੋਲੂ' ਵਾਲਾ ਜੱਸੀ ਸੋਹਲ ਵੀ...ਲੈ ਬਈ ਤਿੰਨਾਂ ਕੁ ਸਾਲਾਂ ਵਿਚ ਹੀ ਟਿਵਾਣੇ ਹੋਰਾਂ ਸੱਚੀ ਖੁੱਤੀ ਪਾ 'ਤੀ...ਨਾਂ ਵੀ ਬਣਾ ਗਏ...ਪੈਸੇ ਵੀ ਬਣ ਜਾਂਦੇ ਹੋਣੇ ਆਂ...ਕਾਹਨੂੰ ਮੈਨੂੰ ਤਾਂ ਲੱਗਦਾ ਨਹੀਂ, ਸ਼ੌਕ ਦੇ ਈ ਪੱਟੇ ਪਏ ਆ।

ਇਕ ਹੋਰ ਪਾਸੇ ਗੱਲਾਂ ਹੁੰਦੀਆਂ ਵੇਖੋ...ਲਾ ਲੋ...ਲਾ ਲੋ ਘੁੱਟ, ਅੰਦਰ ਪਤਾ ਨਹੀਂ ਹੋਣੀ ਕਿ ਨਹੀਂ...ਏਰੀਆ ਬੜਾ ਮਾੜਾ...ਤੈਂ ਇਥੇ ਛੁਣਛੁਣਾ ਵਜਾਉਣੈ, ਪਤਾ ਨਹੀਂ ਟਕਾ ਤੈਂ ਦਿੱਤਾ ਕਿ ਨਹੀਂ, ਗੱਲਾਂ ਮਾਰਦੈਂ...ਬਈ, ਹੋਰ ਤਾਂ ਗੱਲਾਂ ਛੱਡੋ ਟਿਵਾਣਾ ਗੈਸ ਸਟੇਸ਼ਨਾਂ ਵਾਂਗ ਰੇਡੀਓ ਵੀ ਚਲਾ ਗਿਆ...ਗੱਲ ਹੈਥੇ ਈ ਨਾ ਬੱਸ ਕਰ, ਚਲਾਉਂਦੈ ਦਰਸ਼ਨ ਵੀ ਟਰੱਕ ਈ ਐ...ਛੱਡੋ ਯਾਰ ਇਹ ਗੱਲਾਂ ਰੇਡੀਓ 'ਤੇ ਪਰਮਿੰਦਰ ਟਿਵਾਣੇ ਵਾਂਗ ਬੋਲਣ ਸੋਹਣਾ ਲੱਗ ਪਏ ਆ ਦੋਏ...। ਇਹ ਰੰਗਮੰਚ ਹਾਲੇ ਬਿਨਾਂ ਸਟੇਜ ਤੋਂ ਭਰਦੀਆਂ ਡੁੱਲ੍ਹਦੀਆਂ ਗਲਾਸੀਆਂ ਨਾਲ ਚੱਲੀ ਜਾਣਾ ਸੀ ਕਿ ਉਨ੍ਹਾਂ ਦੀ ਸੁਤਾ ਟੁੱਟ ਗਈ ਜਦੋਂ ਇਕ ਨੇ ਮੈਨੂੰ ਪਛਾਣ ਲਿਆ-ਲੈ ਬਈ ਭੌਰਾ ਵੀ ਆ ਗਿਐ...ਪਾਓ ਇਕ ਨਿੱਕਾ ਜਿਹਾ ਇਹਦੇ ਲਈ ਵੀ। ਅਸਲ ਵਿਚ ਸੱਚ ਹੈ ਕਿ ਰੇਡੀਓ ਦੀ ਦੁਨੀਆਂ ਨੂੰ ਪਿਆਰ ਕਰਨ ਵਾਲੇ ਪੰਜਾਬੀ ਜਾਣ ਗਏ ਨੇ ਕਿ ਗੱਲ ਭਾਵੇਂ ਚੰਨ ਪ੍ਰਦੇਸੀ ਸ਼ਿਕਾਗੋ ਤੋਂ ਕਰੇ, ਪਟਿਆਲੇ ਤੋਂ ਜਾਂ ਲਾਹੌਰੋਂ, ਖੀਰ ਵਾਂਗ 'ਮੈਂ ਖਾਣੀ ਮੈਂ ਖਾਣੀ ਆ' ਜ਼ਰੂਰ ਕਰਵਾ ਗਏ ਨੇ। ਰੇਡੀਓ ਦੀ ਜੇ ਖਾਸ ਪ੍ਰਾਪਤੀ ਦਾ ਜ਼ਿਕਰ ਮੈਂ ਕਰਨਾ ਹੋਵੇ ਤਾਂ ਇਹ ਕਹਾਂਗਾ ਕਿ ਗੱਲ ਇਕੱਲੇ ਪੰਜਾਬ ਦੇ ਹਾਲਾਤ ਦੀ ਹੀ ਨਹੀਂ, ਸਗੋਂ ਵਿਸ਼ਵ ਦਰਪਣ ਵਿਚੋਂ ਜਿਹੜਾ ਚਿਹਰਾ ਚੇਤੰਨ ਸਰੋਤੇ ਨੂੰ ਇਹ ਰੇਡੀਓ ਵਿਖਾ ਰਿਹੈ, ਉਹ ਅਤਿ ਸੁੰਦਰ ਹੈ। ਰੇਡੀਓ ਹੋਸਟਾਂ ਵਿਚ ਪਰਮਿੰਦਰ ਟਿਵਾਣੇ ਦੀ ਸ਼ਖਸੀਅਤ ਉਸਾਰੀ ਤੇ ਨਿਖਾਰ ਚੰਨ ਪ੍ਰਦੇਸੀ ਦਾ ਹੀ ਹੈ।


ਵੱਡੀ ਗਿਣਤੀ ਵਿਚ ਆਏ ਪੰਜਾਬੀਆਂ ਦਾ ਅੱਠ ਕੁ ਵਜੇ ਸ਼ੁਰੂ ਹੋਇਆ ਸੰਗੀਤਕ ਮਨੋਰੰਜਨ ਅੱਧੀ ਰਾਤ ਨੂੰ ਜਾ ਕੇ ਮੁੱਕਿਆ। ਕਈਆਂ ਨੇ ਇਹ ਅਨੰਦ ਸ਼ੂਗਰ ਹੁੰਦਿਆਂ ਵੀ ਕੋਕ ਦੀ ਬੋਤਲ ਨਾਲ ਕੀਤਾ, ਕਿਉਂਕਿ ਉਹ ਸਮਝ ਗਏ ਕਿ ਬਾਕੀਆਂ ਨੂੰ ਕਿਹੜਾ ਪਤਾ ਹੈ ਕਿ ਇਹਦੇ ਵਿਚ ਕੁਝ ਹੋਰ ਈ ਐ। ਨਿੰਮਾ ਡੱਲੇਵਾਲਾ ਨੇ ਪੰਜਾਬੀਆਂ ਨੂੰ ਪਿਛੋਕੜ ਭੁੱਲਣ ਦੇ ਤਾਅਨੇ ਨਾਲ ਚੰਗਾ ਸੁਆਦ ਦਿੱਤਾ। ਤਾਜ਼ਾ ਇੰਡੀਆ ਤੋਂ ਲਿਆਂਦਾ ਚਾਦਰਾ-ਕੁੜਤਾ ਉਹਦੇ ਗੀਤ ਨਾਲੋਂ ਵੀ ਵੱਧ ਚਮਕਿਆ। ਦੀਪ ਢਿੱਲੋਂ ਤੇ ਜਸਮੀਨ ਜੱਸੀ...ਸੱਚੀਂ ਚੋਣਵੇਂ ਫੁੱਲਾਂ ਦੇ ਗੁਲਦਸਤੇ ਵਰਗੀ ਜੋੜੀ 'ਨਜ਼ਰਾਂ', 'ਕਾਰ ਮਰੂਤੀ' ਤੇ 'ਤੇਰੀ ਬੇਬੇ ਲਿਬੜੀ ਤਿਬੜੀ ਵੇ ਮੈਨੂੰ ਗਲ ਨਾਲ ਲਾਉਂਦੀ ਆ' ਨਾਲ ਸੱਚੀਂ ਧੰਨ ਧੰਨ ਹੀ ਨਹੀਂ ਕਰਵਾਈ ਸਗੋਂ ਇੱਦਾਂ ਲੱਗੀ ਗਿਆ ਕਿ ਨਾਂ ਤਾਂ ਰੇਡੀਓ ਦਾ 'ਚੰਨ ਪ੍ਰਦੇਸੀ' ਆ, ਪਰ ਇਕ ਚੰਨ ਦੇ ਦੋ ਟੁਕੜੇ ਸਟੇਜ 'ਤੇ ਨੱਚੀ ਗਾਈ ਜਾ ਰਹੇ ਸਨ। ਜੱਸੀ ਸੋਹਲ ਛੋਟਾ ਕੱਦ, ਹਲਕਾ ਸਰੀਰ, ਪੋਚਵੀਂ ਪੱਗ, ਸਾਹ ਤਾਂ ਭਾਵੇਂ ਉਹਦਾ ਕਈ ਵਾਰ ਨੱਚਦੇ ਦਾ ਰਲਦਾ ਨਹੀਂ ਸੀ ਪਰ ਹਫਿਆ ਨਹੀਂ, ਪੂਰਾ ਰੰਗ ਬੰਨ੍ਹ ਗਿਆ, 'ਜਾਈਂ ਕੱਟ ਕੇ ਦੁਪਹਿਰਾ ਜਿੰਦੇ ਮੇਰੀਏ, ਨੀ ਆਜੀਂ ਕੋਈ ਬਹਾਨਾ ਮਾਰ ਕੇ, ਵਾਧਾ ਘਾਟਾ ਨਹੀਂਓ ਦੇਖਦੇ ਪੁੱਤ ਜੱਟਾਂ ਦੇ ਪਿਆਰ ਜਦੋਂ ਕਰਦੇ, ਦੋ ਸ਼ੌਕ ਮਿੱਤਰਾਂ ਦੇ...ਪਾਉਣਾ ਭੰਗੜਾ ਤੇ ਖੇਡਣੀ ਕਬੱਡੀ, ਤੇ ਅੱਜ ਬੰਬੀਹਾ ਬੋਲੂ, ਹੋਈਆਂ 'ਕੱਠੀਆਂ ਮੇਲਣਾ...ਤੱਕ ਕਰੀਬ ਇਕ ਘੰਟਾ ਮਿਆਰੀ ਤੇ ਪਿਆਰੀ ਗਾਇਕੀ ਨਾਲ ਹੇਠਲੀ ਉਪਰ ਕਰੀ ਰੱਖੀ।

ਮਾਣ-ਸਨਮਾਨ ਹੋਇਆ, ਦਰਸ਼ਨ ਬਸਰਾਓ ਤੇ ਸਰਵਣ ਟਿਵਾਣਾ ਸੰਖੇਪ ਵਾਲੇ ਧੰਨਵਾਦੀ ਸ਼ਬਦ ਬੋਲ ਕੇ ਪ੍ਰਬੰਧਕੀ ਕਾਰਜਾਂ ਵਿਚ ਰੁੱਝ ਗਏ ਤੇ ਫਿਰ ਜਸਵਿੰਦਰ ਬਰਾੜ ਨੇ ਰੰਗ ਬੰਨ੍ਹਿਆ। ਪੰਜਾਬੀ ਗਾਇਕੀ ਨੂੰ ਪਿਆਰ ਕਰਨ ਵਾਲਿਆਂ ਨੂੰ ਪਤਾ ਹੈ ਕਿ ਬਰਾੜ ਦਾ ਕੋਈ ਜਵਾਬ ਨਹੀਂ ਤੇ ਕਈ ਥਾਂ ਉਹ ਮਰਦ ਗਾਇਕਾ ਜਾਪਣ ਲੱਗਦੀ ਹੈ। ਲੁੱਟੀ ਗਈ ਨਣਾਨੇ, ਜੱਟ ਚੜ੍ਹਦੇ ਮਿਰਜ਼ੇ ਖਾਨ ਨੂੰ, ਗੱਲ ਸੁਣ ਨੀ ਹੀਰ ਸਲੇਟੜੀਏ, ਮੈਂ ਤਾਂ ਤੈਨੂੰ ਯਾਦ ਕਰਾਂ ਗੀਤ ਖੂਬ ਰਹੇ। ਫਿਰ 'ਜਿਉਂਦੇ ਰਹਿਣ' ਗੀਤ ਨਾਲ ਸਿਖਰ ਛੋਹੀ। ਆਖਰ ਵਿਚ ਬੋਲੀਆਂ ਨੇ ਚੰਨ ਪ੍ਰਦੇਸੀ ਰੇਡੀਓ ਦਾ ਵਰ੍ਹੇਗੰਢ ਦਾ ਜਸ਼ਨ ਡੋਲੀ ਲਾਹੁਣ ਵੇਲੇ ਪੈਂਦੇ ਧੂਤਕੜੇ ਵਾਂਗ ਸਿਰਜ ਦਿੱਤਾ। ਮੰਚ ਸੰਚਾਲਨ ਰਾਣਾ ਸਿੱਧੂ ਨੇ ਕੀਤਾ ਤੇ ਕੈਨੇਡਾ ਵਸਦੇ ਨਾਮੀ ਗੀਤਕਾਰ ਜੀਤ ਕੈਦੋਂ ਵਾਲੇ ਦਾ ਵੀ ਸਨਮਾਨ ਵਰਗਾ ਜ਼ਿਕਰ ਹੁੰਦਾ ਰਿਹਾ।

'ਚੰਨ ਪ੍ਰਦੇਸੀ' ਦੀ ਇਸ ਸੰਗੀਤਕ ਰਾਤ ਵਿਚ ਮੁੱਖ ਮਹਿਮਾਨ ਅਮਰਜੀਤ ਢੀਂਡਸਾ ਤੇ ਵਿਸ਼ੇਸ਼ ਮਹਿਮਾਨ ਜਿੰਮੀ ਬਰਾੜ ਬਣੇ। ਸਿਨਸਿਨੈਟੀ ਤੋਂ ਸੁਰਜੀਤ ਸਿੰਘ ਮਾਵੀ, ਅਮਰੀਕ ਟਿਵਾਣਾ, ਮੁਖਤਿਆਰ ਸੇਖੋਂ ਸਮੇਤ ਪੰਜਾਹ ਤੋਂ ਵੱਧ ਹਸਤੀਆਂ ਪੁੱਜੀਆਂ। ਮਿਸ਼ੀਗਨ ਤੋਂ ਲਾਲੀ ਧਾਲੀਵਾਲ, ਨਰਿੰਦਰ ਮੁੱਦਰ, ਬੌਬ ਖਹਿਰਾ, ਹਰਪਾਲ ਸਿੰਘ ਪੰਮਾ, ਸੁਖਵੀਰ ਸਿੰਘ, ਪਲਵਿੰਦਰ ਬਾਠ, ਅਵਤਾਰ ਨਿੱਝਰ ਅਤੇ ਰਾਜਿੰਦਰ ਸਿਆਨ ਆਪਣੀ ਬੀਵੀ ਸੁੱਖ ਸਮੇਤ ਪਹੁੰਚੇ। ਸਾਊਥ ਬੈਂਡ ਤੋਂ ਪਾਲ ਖਲੀਲ, ਫੋਰਟਵਿਨ ਤੋਂ ਰੇਸ਼ਮ ਸਿੰਘ, ਕੇਵਲ ਸਿੰਘ, ਰਾਣਾ ਸੇਖੋਂ, ਇੰਡੀਆਨਾ ਤੋਂ ਪੰਜਾਬੀ ਅਮੈਰਿਕਨ ਯੂਥ ਕਲੱਬ, ਦਰਸ਼ਨ ਦਰੜ, ਪ੍ਰਿਥਪਾਲ ਘੋਤੜਾ, ਨਰਿੰਦਰ ਸਿੰਘ ਸੋਢੀ, ਕੁਲਦੀਪ ਬਾਠ, ਸੁਖਮੰਦਰ, ਗਾਇਲ ਕਲੱਬ ਇੰਡੀਅਨਐਪੋਲਿਸ ਦੇ ਮੈਂਬਰ, ਮਿੱਤਰਾਂ ਦੇ ਢਾਬੇ ਤੋਂ ਤੀਰਥ ਅਟਵਾਲ, ਐਚ.ਕੇ. ਟਰਾਂਸਪੋਰਟ, ਏ-ਵਨ ਡਰਾਇਵਿੰਗ ਸਕੂਲ, ਸ਼ਿਕਾਗੋ ਤੋਂ ਗੁਰਮੁੱਖ ਭੁੱਲਰ, ਦਲਜੀਤ ਸਿੰਘ, ਗੁਰਬਚਨ ਸਿੰਘ ਮਾਨ ਪਹੁੰਚੇ। ਜਿੰਮੀ ਬਰਾੜ ਨੇ ਢੀਂਡਸਾ ਨੂੰ ਸਨਮਾਨ ਵੀ ਦਿੱਤਾ ਤੇ ਬਾਕੀ ਸਪਾਂਸਰਾਂ ਦਾ ਸਨਮਾਨ ਵੀ ਕਰਵਾਇਆ।

ਰੇਡੀਓ 'ਚੰਨ ਪ੍ਰਦੇਸੀ' ਦੀ ਟੀਮ ਪਰਮਿੰਦਰ ਟਿਵਾਣਾ, ਸੁਖਚੈਨ ਸਿੱਧੂ, ਚਰਨਜੀਤ ਰੁਪਾਣਾ, ਸ਼ਿਵਇੰਦਰ ਸਿੰਘ, ਹੈਪੀ ਭਗਤਾ, ਕਿਰਨਜੀਤ ਕੌਰ, ਅਮਨਦੀਪ ਬੇਦੀ, ਗੋਲਡੀ ਖਹਿਰਾ, ਸੰਦੀਪ ਕੌਰ (ਪਟਿਆਲੇ ਤੋਂ), ਲਾਹੌਰ ਤੋਂ ਇਜ਼ਹਾਰ ਆਲਮ, ਲਾਹੌਰੀ, ਹਾਰਿਸ਼ ਦਾ ਜ਼ਿਕਰ ਕੀਤਾ ਜਾਂਦਾ ਰਿਹਾ।

ਖਾਣਾ ਸੁਖਦੇਵ ਸਮਰਾ ਨੇ ਦਿੱਲੀ ਪੈਲੇਸ ਵਿਚ ਉਨੇ ਸੁਆਦ ਨਾਲ ਖੁਆਇਆ ਜਿੰਨਾ ਸੁਆਦ ਵਰ੍ਹੇਗੰਢ ਦੇ ਧੂਮ-ਧੜੱਕੇ ਦਾ ਸੀ। ਉਥੇ ਓਹਲੇ ਜਿਹੇ ਨੂੰ ਹੋ ਕੇ ਦਰਸ਼ਨ ਬਸਰਾਓ ਨੇ ਸਰਵਣ ਟਿਵਾਣੇ ਨੂੰ ਘੁੱਟ ਕੇ ਜੱਫੀ ਪਾ ਕੇ ਕਿਹਾ, "ਬਣ ਗਈ ਨਾ ਗੱਲ, ਗੱਡ 'ਤੇ ਝੰਡੇ" ਤੇ ਗਲਾਸੀ ਫਿਰ ਖੜਕ ਪਈ।




ਅਸ਼ੋਕ ਭੌਰਾ


ਸਰਵਣ ਸਿੰਘ ਟਿਵਾਣਾ


ਰਾਣਾ ਸਿੱਧੂ


ਜਿੰਮੀ ਬਰਾੜ ਤੇ ਅਮਰਜੀਤ ਢੀਂਡਸਾ ਗਾਇਕ ਜੱਸੀ ਸੋਹਲ ਦਾ ਸਨਮਾਨ ਕਰਦੇ ਹੋਏ




**ਤਸਵੀਰਾਂ: ਸਿਆਨ ਵੀਡੀਓ ਮਿਸ਼ੀਗਨ**
**ਫੋਨ: 734-261-0936**







# H K TRANSPORT INC

*Division of HK Incorporated*

1401 West Ray St, Indianapolis, IN 46221

Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

## ਸੰਪਰਕ ਕਰੋ: ਫੋਨ 317-408-3211

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# Dhillon Truck Stop

## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

## ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

PRE-MED COURSES AT MANIPAL UNIVERSITY, INDIA

MD PROGRAM AT AMERICAN UNIVERSITY OF ANTIGUA

American University of Antigua (AUA) College of Medicine, a division of Manipal Global Education Services, is proud to announce an articulation agreement with Manipal University!



Manipal University is offering a 3-year BSc in Biosciences at Manipal University in Manipal, India. Through this agreement with AUA College of Medicine, students who satisfactorily complete the first two years of the Manipal BSc degree will be automatically accepted into AUA's MD program.

**Send in your application for the August 2015 class today!**

*For more information, please visit:*

**www.ManipalBSCtoMD.org**

manipalglobal

AMERICAN UNIVERSITY of ANTIGUA




ਕਲਾ ਪਰਿਕਰਮਾ

ਜਗਜੀਤ ਸਿੰਘ ਸੇਖੋਂ

ਬੰਗਲਾ ਲੇਖਕਾ ਤਸਲੀਮਾ ਨਸਰੀਨ ਨੇ ਫਿਲਹਾਲ ਅਮਰੀਕਾ ਵਿਚ ਡੇਰਾ ਲਾ ਲਿਆ ਹੈ। ਇਸਲਾਮਿਕ ਕੱਟੜਪੰਥੀਆਂ ਵਲੋਂ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿਤੀਆਂ ਜਾ ਰਹੀਆਂ ਸਨ। ਇਨ੍ਹਾਂ ਕੱਟੜਪੰਥੀਆਂ ਦਾ ਸਬੰਧ ਅਲ-ਕਾਇਦਾ ਦੇ ਜਹਾਦੀਆਂ ਨਾਲ ਦੱਸਿਆ ਜਾ ਰਿਹਾ ਹੈ ਜਿਨ੍ਹਾਂ ਨੇ ਪਿਛੇ ਕੁਝ ਸਮੇਂ ਦੌਰਾਨ ਬੰਗਲਾਦੇਸ਼ ਦੀ ਪੰਜ ਨਾਸਤਿਕ ਬਲੌਗਰਾਂ ਨੂੰ ਮਾਰ ਮੁਕਾਇਆ ਸੀ। ਇਨ੍ਹਾਂ ਵਿਚ ਅਵੀਜੀਤ ਰਾਏ, ਵਸ਼ੀਕ-ਉਰ-ਰਹਿਮਾਨ, ਅਨੰਤ ਬਿਜੋਇ ਦਾਸ ਅਤੇ ਅਹਿਮਦ ਰਾਜੀਬ ਹੈਦਰ ਸ਼ਾਮਲ ਹਨ। ਇਹ ਸਾਰੇ ਬਲੌਗਰ ਧਰਮ ਦੀ ਕੱਟੜਤਾ ਖਿਲਾਫ ਆਵਾਜ਼ ਬੁਲੰਦ ਕਰ ਰਹੇ ਸਨ।

ਨਿਊ ਯਾਰਕ ਸਥਿਤ ਸੈਂਟਰ ਫ਼ਾਰ ਇਨਕੁਆਰੀ (ਸੀ.ਓ.ਆਈ.) ਦੇ ਨੁਮਾਇੰਦਿਆਂ, ਜਿਨ੍ਹਾਂ ਅਮਰੀਕਾ 'ਚ ਤਸਲੀਮਾ ਦੀ ਇਮਦਾਦ ਕੀਤੀ ਹੈ, ਦਾ ਕਹਿਣਾ ਹੈ ਕਿ ਭਾਰਤ ਵਿਚ ਹੁਣ ਤਸਲੀਮਾ ਨੂੰ ਮਾਰਨ ਦੀਆਂ ਧਮਕੀਆਂ ਤੇਜ਼ ਹੋ ਗਈਆਂ ਸਨ, ਇਸੇ ਲਈ ਉਨ੍ਹਾਂ ਆਪਣਾ ਟਿਕਾਣਾ ਆਰਜ਼ੀ ਤੌਰ 'ਤੇ ਬਦਲਣ ਦਾ ਫੈਸਲਾ ਕੀਤਾ ਹੈ। ਤਸਲੀਮਾ ਮੁਤਾਬਕ, ਉਹਨੇ ਪੱਕੇ ਤੌਰ 'ਤੇ ਭਾਰਤ ਨਹੀਂ ਛੱਡਿਆ ਹੈ। ਯਾਦ ਰਹੇ, ਨਾਵਲ 'ਲੱਜਾ' ਛਪਣ ਤੋਂ ਬਾਅਦ ਕੱਟੜਪੰਥੀਆਂ ਨੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹ ਨਾਵਲ ਇਕ ਹਿੰਦੂ ਪਰਿਵਾਰ ਦੀਆਂ ਦੁਸ਼ਵਾਰੀਆਂ ਬਾਰੇ ਹੈ ਜਿਹੜਾ ਦੰਗਿਆਂ ਦੀ ਮਾਰ ਹੇਠ ਆ ਜਾਂਦਾ ਹੈ। ਤਸਲੀਮਾ ਨੇ ਇਸ ਨਾਵਲ ਵਿਚ ਬੰਗਲਾਦੇਸ਼ ਵਿਚ ਘੱਟ-ਗਿਣਤੀ ਹਿੰਦੂਆਂ ਉਤੇ ਹੋ ਰਹੇ ਜ਼ੁਲਮਾਂ ਦੀ ਬਾਤ ਬਹੁਤ ਮਾਰਮਿਕ ਢੰਗ ਨਾਲ ਸੁਣਾਈ ਹੈ। ਯਾਦ ਰਹੇ, ਬੰਗਲਾਦੇਸ਼ ਭਾਵੇਂ ਧਰਮ ਨਿਰਪੱਖ ਦੇਸ਼ ਅਖਵਾਉਂਦਾ ਹੈ, ਪਰ ਉਥੇ 90 ਫ਼ੀਸਦੀ ਮੁਸਲਮਾਨ ਹਨ ਅਤੇ ਅੱਜ ਕੱਲ੍ਹ ਕੱਟੜਪੰਥੀ ਮੁਸਲਮਾਨ ਜਥੇਬੰਦੀਆਂ ਦਾ ਬਹੁਤ ਜ਼ੋਰ ਹੈ।

ਪੇਸ਼ੇ ਵਜੋਂ ਡਾਕਟਰ 52 ਸਾਲਾ ਤਸਲੀਮ ਨਸਰੀਨ ਨੂੰ 'ਲੱਜਾ' ਬਾਰੇ ਵਿਵਾਦ ਵਧਣ ਕਾਰਨ 1994 ਵਿਚ ਜਲਾਵਤਨ ਹੋਣਾ ਪੈ ਗਿਆ ਸੀ ਅਤੇ ਉਹ 2004 ਤੋਂ ਭਾਰਤ ਵਿਚ ਵੀਜ਼ੇ ਉਤੇ ਰਹਿ ਰਹੀ ਹੈ। ਉਂਜ ਉਸ ਨੇ ਸਵੀਡਨ ਦੀ ਨਾਗਰਿਕਤਾ ਹਾਸਲ ਕੀਤੀ ਹੋਈ ਹੈ। ਉਹ ਚਾਹੁੰਦੀ ਹੈ ਕਿ ਉਹ ਭਾਰਤ, ਖਾਸ ਕਰ ਕੇ ਕੋਲਕਾਤਾ ਵਿਚ ਪੱਕੇ ਤੌਰ 'ਤੇ ਰਹੇ, ਪਰ 2007 'ਚ ਕੋਲਕਾਤਾ ਵਿਚ ਉਸ ਖਿਲਾਫ਼ ਜ਼ੋਰਦਾਰ ਮੁਜ਼ਾਹਰੇ ਹੋਣ ਕਾਰਨ ਉਸ ਨੂੰ ਲੁਕਣਾ ਪੈ ਗਿਆ ਸੀ।

ਤਸਲੀਮਾ ਨਸਰੀਨ ਭਾਵੇਂ ਪਹਿਲਾਂ ਵੀ ਅਮਰੀਕਾ ਦਾ ਗੇੜਾ ਮਾਰ ਚੁੱਕੀ ਹੈ ਪਰ ਇਸ ਵਾਰ ਉਸ ਦੇ ਆਉਣ ਦਾ ਕਾਰਨ ਭਾਰਤ ਸਰਕਾਰ ਵਲੋਂ ਹੁੰਗਾਰਾ ਨਾ ਭਰਨਾ ਹੈ। ਅਮਰੀਕਾ ਅੱਪੜਨ ਤੋਂ ਪਹਿਲਾਂ ਉਸ ਨੇ ਭਾਰਤ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਣ ਦੀ ਬੇਨਤੀ ਕੀਤੀ ਸੀ, ਪਰ ਉਨ੍ਹਾਂ ਵਲੋਂ ਕੋਈ ਜਵਾਬ ਹੀ ਨਹੀਂ ਦਿੱਤਾ ਗਿਆ। ਆਖਰ ਜਵਾਬ ਉਡੀਕਦੀ ਤਸਲੀਮਾ ਅੱਕ ਕੇ ਅਮਰੀਕਾ ਆ ਗਈ। ਯਾਦ ਰਹੇ, ਜਦੋਂ 'ਲੱਜਾ' ਬਾਰੇ ਵਿਵਾਦ ਸ਼ੁਰੂ ਹੋਇਆ ਸੀ ਤਾਂ ਇਸ ਨਾਵਲ ਦੇ ਹਿੰਦੂ ਪਿਛੋਕੜ ਕਰ ਕੇ ਭਾਰਤੀ ਜਨਤਾ ਪਾਰਟੀ ਨੇ ਪੁੱਜ ਕੇ ਉਸ ਦੀ ਮਦਦ ਕੀਤੀ ਸੀ। ਉਂਜ ਇਹ ਗੱਲ ਵੱਖਰੀ ਹੈ ਕਿ ਹੋਰ ਕਲਾਕਾਰਾਂ ਨੂੰ ਕੱਟੜ ਹਿੰਦੂ ਜਥੇਬੰਦੀਆਂ ਵਲੋਂ ਮਿਲਦੀਆਂ ਧਮਕੀਆਂ ਬਾਰੇ ਭਾਰਤੀ ਜਨਤਾ ਪਾਰਟੀ ਸਦਾ ਖਾਮੋਸ਼ ਹੀ ਨਹੀਂ ਰਹਿੰਦੀ, ਸਗੋਂ ਇਸ ਦੇ ਕਾਰਕੁਨ ਅਜਿਹੇ ਕਲਾਕਾਰਾਂ ਖਿਲਾਫ਼ ਰੋਸ ਮੁਜ਼ਾਹਰੇ ਵੀ ਕਰਦੇ ਰਹੇ ਹਨ। ਸ਼ਿਵ ਸੈਨਾ ਅਤੇ ਇਸ ਦੀਆਂ ਜੋਟੀਦਾਰ ਹੋਰ ਕੱਟੜ ਹਿੰਦੂ ਜਥੇਬੰਦੀਆਂ ਦੇ ਲਾਗਤਾਰ ਵਿਰੋਧ ਕਾਰਨ ਮਕਬੂਲ ਫਿਦਾ ਹੁਸੈਨ ਵਰਗੇ ਸੰਸਾਰ ਪ੍ਰਸਿੱਧ ਚਿੱਤਰਕਾਰ ਨੂੰ ਜਲਾਵਤਨ ਹੋਣਾ ਪਿਆ ਸੀ ਅਤੇ ਜਲਾਵਤਨੀ ਹੀ ਉਸ ਦੀ ਮੌਤ ਹੋ ਗਈ ਸੀ।

ਗੌਰਤਲਬ ਹੈ ਕਿ ਤਸਲੀਮਾ ਨਸਰੀਨ ਵਲੋਂ ਆਪਣੀਆਂ ਰਚਨਾਵਾਂ ਵਿਚ ਔਰਤਾਂ ਦੇ ਹੱਕ ਵਿਚ ਡਟ ਕੇ ਗੱਲ ਕਰਨ ਅਤੇ ਧਰਮ ਦੀ ਕੱਟੜਤਾ ਖਿਲਾਫ਼ ਲਿਖਣ ਕਾਰਨ ਇਸਲਾਮੀ ਕੱਟੜਪੰਥੀ ਉਸ ਦੀ ਜਾਨ ਦਾ ਦੁਸ਼ਮਣ ਬਣੇ ਹੋਏ ਹਨ। ਉਂਜ ਉਹ ਧਮਕੀਆਂ ਦੇ ਬਾਵਜੂਦ ਲਗਾਤਾਰ ਲਿਖ ਰਹੀ ਹੈ। ਉਸ ਦੀ ਕਵਿਤਾ ਦੀ ਪਹਿਲੀ ਕਿਤਾਬ 20 ਵਰ੍ਹਿਆਂ ਦੀ ਉਮਰ ਵਿਚ 1982 ਨੂੰ ਛਪੀ ਸੀ। 'ਲੱਜਾ' ਨਾਵਲ 1993 ਵਿਚ ਛਪਿਆ ਸੀ।


ਅਵੀਜੀਤ ਰਾਏ


ਅਹਿਮਦ ਰਾਜੀਬ ਹੈਦਰ


ਵਸ਼ੀਕ-ਉਰ-ਰਹਿਮਾਨ





ਤਸਲੀਮਾ ਨਸਰੀਨ ਦੇ ਨਾਵਲ 'ਲੱਜਾ' ਦਾ ਬੰਗਲਾ ਟਾਈਟਲ (ਐਨ ਖੱਬੇ)। ਇਹ ਨਾਵਲ ਛਪਣ ਤੋਂ ਬਾਅਦ ਕੱਟੜਪੰਥੀ ਉਸ ਦੇ ਮਗਰ ਪੈ ਗਏ ਸਨ। ਹੈਦਰਾਬਾਦ (ਭਾਰਤ) ਵਿਚ ਕੱਟੜਪੰਥੀਆਂ ਵੱਲੋਂ ਸਟੇਜ ਉਤੇ ਬੋਲੇ ਧਾਵੇ ਦਾ ਮੰਜ਼ਰ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਜੂਨ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-173



**ਹੋਰ ਬੁਰਾ ਏ ਵਖਤ ਗਹਾਂ ਨੂੰ ਕਹਿੰਦਾ ਸੀ ਕੱਲ੍ਹ ਭਾਪਾ।**
**ਆ ਜੋ ਲੁੱਟੀਏ ਮੌਜ ਬਹਾਰਾਂ, ਪੈਣਾ ਫੇਰ ਸਿਆਪਾ।**
**ਵਿਖਰ ਜਾਣੀ ਏ ਬੱਬੂ, ਸ਼ੈਰੀ ਅਤੇ ਬੰਟੀ ਦੀ ਢਾਣੀ,**
**ਸਤਲੁਜ ਵਰਗਾ ਲੱਭਣਾ ਨਈਂ, ਕਦੇ ਫੇਰ ਆੜ ਦਾ ਪਾਣੀ।**

## ਕੈਪਸ਼ਨ ਮੁਕਾਬਲਾ-171



ਜਿਨ੍ਹਾਂ ਦੀ ਕਦੇ ਟੌਅਰ ਸੀ ਹੁੰਦੀ,
ਨਾਲ ਸਮੇਂ ਦੇ ਖੁਰ ਗਏ ਨੇ।
ਹਵੇਲੀਆਂ ਦੇ ਵੀ ਬਣ ਗਏ ਖੋਲ਼ੇ,
ਉਪਰੋਂ ਕਿੰਗਰੇ ਭੁਰ ਗਏ ਨੇ।
ਸਮਾਂ ਬੜਾ ਬਲਵਾਨ ਹੈ ਮਿੱਤਰੋ,
ਤਰ੍ਹਾਂ ਤਰ੍ਹਾਂ ਦੇ ਰੰਗ ਦਿਖਾਵੇ।
ਜੀਵਨ ਚਲਦਾ ਜਾਏ ਨਿਰੰਤਰ
ਕੋਈ ਇਹਨੂੰ ਰੋਕ ਨਾ ਪਾਵੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਬੈਠੇ ਅਸੀਂ ਭੀ ਲੁਕੋਈ,
ਕੱਲ੍ਹ ਕੀ ਸੀ ਇਥੇ।
ਜੇ ਤੂੰ ਜਾਣ ਲਵੇਂ ਇਹ,
ਅੱਜ ਖੋਲ੍ਹੇ ਹਨ ਜਿੱਥੇ।
ਕਦੇ ਅਸੀਂ ਭੀ ਸੀ
ਜ਼ਿੰਦਗੀ ਦੀਆਂ ਮੌਜਾਂ ਮਾਣੀਆਂ।
ਝੰਬੇ ਸਮੇਂ ਨੇ ਐਸੇ ਕਿ
ਕੱਖੋਂ ਹੌਲੇ ਹੋਏ ਹਾਣੀਆ।
ਕਦੇ ਸਮੇਂ ਦੀ ਪਈ ਮਾਰ
ਕਦੇ ਬੰਦੇ ਲਿਆ ਵੈਰ।
ਨਹੀਂ 'ਹੋਂਦ ਚਿੱਲੜ' ਭੀ
ਕਦੇ ਹੋਣਾ ਸੀ ਗੈਰ।
'ਮਹਿੰਜਦੜੋ ਤੇ ਸੰਘੋਲ' ਵਾਂਗੂੰ
ਪਈ ਨਹੀਂ ਸਾਨੂੰ ਮਾਰ।
ਪਰ ਆਪਣੇ ਹੀ ਛੱਡ ਗਏ ਨੇ
ਜਿਨ੍ਹਾਂ ਕੀਤਾ ਸੀ ਤਿਆਰ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

---

ਕਿਧਰ ਗਏ ਮੁਲਖ ਦੇ ਵਾਲੀ
ਸਾਰਾ ਦੇਸ਼ ਹੀ ਕਰ ਗਏ ਖਾਲੀ।
ਚਲਦੇ ਹੰਸ ਮੋਰ ਦੀ ਚਾਲੀ
ਪੱਕੇ ਮਹਿਲ ਉਸਾਰ ਗਏ।
ਚੰਦਰਮੁਖੀ ਘਰ ਨਾਰ ਜਿਨ੍ਹਾਂ ਦੇ
ਨੌਂ ਨੌਂ ਲੱਖੇ ਹਾਰ ਤਿਨਾਂ ਦੇ,
ਉੜਕ ਰਾਜੇ ਸਣੇ ਰਾਣੀਆਂ
ਹਾਰ ਸ਼ਿੰਗਾਰ ਵਿਸਾਰ ਗਏ।
ਲਸ਼ਕਰ ਫੌਜਾਂ ਮਾਲ ਖਜ਼ਾਨੇ
ਤੋਪ ਜੰਬੂਰੇ ਨੌਬਤਖਾਨੇ
ਚੰਦ ਚਿਰਾਗ ਜਿਨ੍ਹਾਂ ਦੇ ਰੌਸ਼ਨ
ਵਸਤੀ ਛੱਡ ਉਜਾੜ ਗਏ।

*-ਰਾਮ ਕੁਮਾਰ ਐਸ਼ ਜਾਜਾ*

## ਕੈਪਸ਼ਨ ਮੁਕਾਬਲਾ-170

ਚੀਨ ਵਾਂਗੂੰ ਕੋਈ ਰੋਕ ਨਾ ਇਥੇ
ਸਭ ਲੋਕਤੰਤਰ ਦੇ ਜਾਏ।
ਕਬਾੜ 'ਚੋਂ ਪੁਰਾਣੀ ਮੋਪਡ ਲੈ ਕੇ
ਚਾਰ ਖੁਰਜੀਆਂ ਵਿਚ ਬਿਠਾਏ।
ਪੰਜਵੇਂ ਨੂੰ ਚੁੱਕ ਗੋਦੀ ਵਿਚ
ਮੇਲੇ ਦਾ ਮੂਡ ਬਣਾਇਆ।
ਕਿੱਕ ਮਾਰ ਕੇ ਮੋਪਡ ਨੂੰ ਫਿਰ
ਟੌਪ ਗੇਅਰ ਵਿਚ ਪਾਇਆ।
ਵੋਟਾਂ ਦਾ ਭੀ ਰਾਜ ਹੈ ਜਿੱਥੇ
ਫੈਮਿਲੀ ਪਲੈਨਿੰਗ ਨੂੰ ਠਿੱਬੀ ਲਾਈ।
ਦੁਨੀਆਂ ਪਹੁੰਚੀ 'ਮੰਗਲ' ਤਾਈਂ
ਅਸੀਂ ਗੱਡੀ ਬੈਕ ਗੇਅਰ 'ਚ ਪਾਈ।

*-ਸੇਵਾ ਸਿੰਘ ਨੂਰਪੁਰੀ*

# ਪੰਜਾਬ ਦੀ ਹਰਿਆਲੀ ਨੂੰ ਨਿਗਲ ਗਏ ਵਿਕਾਸ ਪ੍ਰਾਜੈਕਟ

**ਬਠਿੰਡਾ:** ਪੰਜਾਬ ਦੇ ਵਿਕਾਸ ਪ੍ਰੋਜੈਕਟਾਂ ਨੇ ਸੂਬੇ ਦੇ ਤਕਰੀਬਨ 1.63 ਲੱਖ ਏਕੜ ਰਕਬੇ ਵਿਚੋਂ ਹਰਿਆਲੀ ਦਾ ਸਫਾਇਆ ਕਰ ਦਿੱਤਾ ਹੈ। ਖਾਸ ਕਰਕੇ ਸੜਕੀ ਪ੍ਰੋਜੈਕਟਾਂ ਨੇ ਕਰੋੜਾਂ ਦਰਖਤਾਂ ਦੀ ਬਲੀ ਲੈ ਲਈ ਹੈ। ਸੂਬੇ ਵਿਚ ਇਸ ਵੇਲੇ ਜੰਗਲਾਤ ਹੇਠ 6.71 ਫੀਸਦੀ ਰਕਬਾ ਹੈ। ਜੰਗਲਾਤ ਮਹਿਕਮੇ ਦੇ ਪਲਾਂਟੇਸ਼ਨ ਦੇ ਅੰਕੜੇ ਤਾਂ ਪੰਜਾਬ ਨੂੰ ਚੁਫੇਰਿਓਂ ਹਰਾ ਭਰਾ ਦਿਖਾ ਰਹੇ ਹਨ ਪਰ ਹਕੀਕਤ ਕੁਝ ਹੋਰ ਹੈ। ਕੇਂਦਰੀ ਜੰਗਲਾਤ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਫਾਰੈਸਟ ਕਨਜ਼ਰਵੇਸ਼ਨ ਐਕਟ 1980 ਤਹਿਤ 25 ਅਕਤੂਬਰ 1980 ਤੋਂ ਹੁਣ ਤੱਕ ਪੰਜਾਬ ਵਿਚ ਵਿਕਾਸ ਪ੍ਰੋਜੈਕਟਾਂ ਲਈ 1.63 ਲੱਖ ਏਕੜ ਰਕਬੇ ਵਿਚੋਂ ਜੰਗਲ ਦਾ ਖਾਤਮਾ ਹੋ ਚੁੱਕਾ ਹੈ। ਸਾਢੇ ਤਿੰਨ ਦਹਾਕਿਆਂ ਵਿਚ ਪੰਜਾਬ ਵਿਚ 3382 ਵਿਕਾਸ ਪ੍ਰੋਜੈਕਟਾਂ ਵਾਸਤੇ 1.63 ਲੱਖ ਏਕੜ ਜੰਗਲ ਨੂੰ ਗੈਰ ਜੰਗਲਾਤੀ ਕੰਮਾਂ ਵਾਸਤੇ ਵਰਤਿਆ ਗਿਆ ਹੈ। ਮਤਲਬ ਕਿ ਇਸ ਰਕਬੇ ਵਿਚੋਂ ਜੰਗਲ ਦੀ ਕਟਾਈ ਹੋ ਚੁੱਕੀ ਹੈ। ਲੰਘੇ ਤਿੰਨ ਸਾਲਾਂ ਦੌਰਾਨ (ਜਨਵਰੀ 2012 ਤੋਂ ਦਸੰਬਰ 2014) ਤੱਕ ਪੰਜਾਬ ਦੇ 12,523 ਏਕੜ ਰਕਬੇ ਵਿਚੋਂ ਹਰਿਆਲੀ ਦਾ ਖਾਤਮਾ ਹੋਇਆ ਹੈ। ਤਿੰਨ ਸਾਲਾਂ ਵਿਚ 716 ਵਿਕਾਸ ਪ੍ਰੋਜੈਕਟਾਂ ਵਾਸਤੇ ਦਰਖਤਾਂ ਦੀ ਕਟਾਈ ਕੀਤੀ ਹੈ।

ਰਿਪੋਰਟ ਅਨੁਸਾਰ ਪੰਜਾਬ ਵਿਚ ਵਾਤਾਵਰਨ ਸਮੱਸਿਆ ਵਧ ਰਹੀ ਹੈ। ਸੂਬੇ ਵਿਚ ਧਰਤੀ ਹੇਠਲੇ ਪਾਣੀ ਦੇ ਘਟ ਰਹੇ ਪੱਧਰ ਕਾਰਨ 110 ਬਲਾਕ ਸੰਕਟਗ੍ਰਸਤ ਜ਼ੋਨ ਐਲਾਨੇ ਜਾ ਚੁੱਕੇ ਹਨ। 23 ਬਲਾਕ ਹੀ ਸੁਰੱਖਿਅਤ ਜ਼ੋਨ ਵਿਚ ਮੰਨੇ ਜਾ ਰਹੇ ਹਨ। ਪਾਣੀ ਹੇਠਾਂ ਜਾਣ ਦੇ ਮਾਮਲੇ ਕਾਰਨ ਕੌਮੀ ਗ੍ਰੀਨ ਟ੍ਰਿਬਿਊਨਲ ਵੱਲੋਂ ਟਿਊਬਵੈੱਲ ਕੁਨੈਕਸ਼ਨਾਂ ਉੱਤੇ ਰੋਕ ਲਗਾ ਰੱਖੀ ਹੈ। ਪਾਣੀ ਦਾ ਮਿਆਰ ਵੀ ਲਗਾਤਾਰ ਨੀਵਾਂ ਹੁੰਦਾ ਜਾ ਰਿਹਾ ਹੈ। ਨਹਿਰੀ ਪਾਣੀ ਦੇ ਮਾਮਲੇ ਵਿਚ ਰਾਜਸਥਾਨ ਦੀ ਜਨਤਕ ਸਟੇਜ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਕਿਉਂਕਿ ਲੁਧਿਆਣਾ ਦੀ ਇਲੈਕਟਰੋਪਲੇਟਿੰਗ ਤੇ ਜਲੰਧਰ ਦੇ ਚਮੜਾ ਉਦਯੋਗ ਦਾ ਪਾਣੀ ਸਤਲੁਜ ਵਿਚ ਪੈਣ ਕਾਰਨ ਰਾਜਸਥਾਨ ਦੇ ਲੋਕਾਂ ਨੂੰ ਹੋ ਰਹੇ ਨੁਕਸਾਨ ਦਾ ਮੁੱਦਾ ਉਥੋਂ ਦੀ ਮੁੱਖ ਮੰਤਰੀ ਨੇ ਉਠਾਇਆ ਸੀ। ਪੰਜਾਬ ਰਾਜ ਵਿਗਿਆਨ ਤੇ ਤਕਨਾਲੋਜੀ ਪ੍ਰੀਸ਼ਦ ਵੱਲੋਂ ਵਾਤਾਵਰਨ ਦੀ ਦਸ਼ਾ-2014 ਰਿਪੋਰਟ ਅਨੁਸਾਰ ਸੂਬੇ ਵਿਚ 6.7 ਫੀਸਦੀ ਰਕਬਾ ਜੰਗਲ ਅਧੀਨ ਹੈ। ਮਿਸ਼ਨ ਗ੍ਰੀਨ ਪੰਜਾਬ ਦੇ ਤਹਿਤ ਇਸ ਨੂੰ ਵਧਾ ਕੇ 15 ਫੀਸਦੀ ਤੱਕ ਕਰਨ ਦਾ ਟੀਚਾ ਰੱਖਿਆ ਗਿਆ ਸੀ। ਵਣ ਵਿਭਾਗ ਦੇ ਪ੍ਰਮੁੱਖ ਵਣਪਾਲ ਡਾ. ਕੁਲਦੀਪ ਕੁਮਾਰ ਦਾ ਕਹਿਣਾ ਹੈ ਕਿ ਵਿਭਾਗ ਵੱਲੋਂ ਮਿਸ਼ਨ ਜਾਰੀ ਹੈ ਤੇ ਜਲਦ ਹੀ ਸਰਕਾਰ ਨੂੰ ਪ੍ਰਗਤੀ ਰਿਪੋਰਟ ਪੇਸ਼ ਕੀਤੀ ਜਾਵੇਗੀ। ਪ੍ਰਦੂਸ਼ਣ ਕੰਟਰੋਲ ਬੋਰਡ ਮੁਤਾਬਕ ਪੰਜਾਬ ਅੰਦਰ ਹਵਾ ਪ੍ਰਦੂਸ਼ਣ ਵਿਚ 70 ਫੀਸਦੀ ਹਿੱਸਾ ਵਾਹਨਾਂ ਦਾ ਹੈ। ਡੀਜ਼ਲ ਵਾਹਨਾਂ ਦਾ ਵਧ ਜਾਣਾ ਇਸ ਦਾ ਮੁੱਖ ਕਾਰਨ ਹੈ। ਇਸ ਤੋਂ ਇਲਾਵਾ ਹਰ ਸਾਲ ਝੋਨੇ ਦਾ 20 ਲੱਖ ਟਨ ਤੇ ਕਣਕ ਦਾ 17 ਲੱਖ ਟਨ ਕਚਰਾ ਸਾੜਨਾ ਵੀ ਹਵਾ ਪ੍ਰਦੂਸ਼ਣ ਦਾ ਵੱਡਾ ਕਾਰਨ ਹੈ। ਇਸ ਦਾ ਫਿਲਹਾਲ ਕੋਈ ਠੋਸ ਹੱਲ ਨਹੀਂ ਲੱਭਿਆ ਜਾ ਸਕਿਆ ਹੈ। ਥਰਮਲ ਪਲਾਂਟ ਤੇ ਕਈ ਤਰ੍ਹਾਂ ਦੇ ਉਦਯੋਗ ਵੀ ਇਸ ਵਿਚ ਭੂਮਿਕਾ ਨਿਭਾਉਂਦੇ ਹਨ।



## ਹਰਸਿਮਰਤ ਦਾ ਨੰਨ੍ਹੀ ਛਾਂ ਵਾਲਾ 'ਪ੍ਰਸ਼ਾਦ' ਵੀ ਮੁੱਕਿਆ

**ਚੰਡੀਗੜ੍ਹ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਨੰਨ੍ਹੀ ਛਾਂ ਪ੍ਰੋਜੈਕਟ ਤਹਿਤ ਪੌਦਿਆਂ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ ਤੇ ਪੰਜਾਬ ਦੇ ਕਈ ਸ਼ਹਿਰਾਂ ਵਿਚ ਨੰਨ੍ਹੀ ਛਾਂ ਨਰਸਰੀਆਂ ਚਾਲੂ ਕੀਤੀਆਂ ਸਨ ਜੋ ਹੁਣ ਬੰਦ ਹੋ ਗਈਆਂ ਹਨ। ਤਲਵੰਡੀ ਸਾਬੋ ਵਿਚ ਬਣੀ ਨੰਨ੍ਹੀ ਛਾਂ ਨਰਸਰੀ ਵੀ ਹੁਣ ਬੰਦ ਹੋ ਗਈ ਹੈ।

## ਮਿਸ਼ਨ ਗ੍ਰੀਨ ਪੰਜਾਬ ਨੂੰ ਲੱਗੀਆਂ ਬਰੇਕ

ਵਾਤਾਵਰਨ ਤੇ ਸਿਹਤ ਨਾਲ ਸਬੰਧਤ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਪੰਜਾਬ ਵੱਲੋਂ ਸ਼ੁਰੂ ਕੀਤੇ ਮਿਸ਼ਨ ਗ੍ਰੀਨ ਪੰਜਾਬ ਨੂੰ ਵੀ ਬਰੇਕ ਲੱਗ ਗਈ ਹੈ। ਤਿੰਨ ਸਾਲਾਂ ਤੋਂ ਕੋਈ ਪੈਸਾ ਜਾਰੀ ਨਾ ਹੋਣ ਕਰਕੇ ਅੱਠ ਸਾਲਾਂ ਵਿਚ 40 ਕਰੋੜ ਪੌਦਾ ਲਾਉਣ ਦੇ ਐਲਾਨ ਧਰੇ ਰਹਿ ਗਏ ਹਨ। ਇਸ ਤੋਂ ਇਲਾਵਾ ਨਹਿਰੀ ਪਾਣੀ ਨੂੰ ਸੁੱਧ ਕਰਨ ਦਾ ਪ੍ਰੋਗਰਾਮ ਵੀ ਸਿਰੇ ਨਾ ਚੜ੍ਹਨ ਕਰਕੇ ਪੰਜਾਬ ਨੂੰ ਕਈ ਜਨਤਕ ਮੰਚਾਂ ਉਤੇ ਵੀ ਬਦਨਾਮੀ ਦਾ ਸਾਹਮਣਾ ਕਰਨਾ ਪਿਆ ਹੈ। ਵਾਤਾਵਰਨ ਸੰਕਟ ਨੂੰ ਹੱਲ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੂਨ 2012 ਵਿਚ ਮਿਸ਼ਨ ਗ੍ਰੀਨ ਪੰਜਾਬ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਪੰਜਾਬ ਦੀਆਂ ਪੁੱਡਾ, ਗਲਾਡਾ, ਪੀ.ਆਈ.ਡੀ.ਬੀ. ਸਮੇਤ ਹੋਰ ਸੰਸਥਾਵਾਂ ਤੋਂ ਪੈਸਾ ਲੈ ਕੇ ਹਰ ਸਾਲ ਤਕਰੀਬਨ 2500 ਕਰੋੜ ਰੁਪਏ ਖਰਚ ਕੇ ਅੱਠ ਸਾਲਾਂ ਦੌਰਾਨ 40 ਕਰੋੜ ਪੌਦਾ ਲਾਉਣ ਦਾ ਟੀਚਾ ਰੱਖਿਆ ਗਿਆ ਸੀ। ਪਰ ਪਹਿਲੇ ਸਾਲ 22 ਕਰੋੜ ਰੁਪਏ ਮਿਲਣ ਤੋਂ ਬਾਅਦ ਤਿੰਨ ਸਾਲਾਂ ਤੋਂ ਕਿਸੇ ਵੀ ਸੰਸਥਾ ਨੂੰ ਇਕ ਪੈਸਾ ਵੀ ਨਹੀਂ ਦਿੱਤਾ।

# ਸਰਕਾਰੀ ਮੁਲਾਜ਼ਮਾਂ ਨੂੰ ਜਾਰੀ ਹੋਣਗੇ ਬਿਨਾਂ ਐਨ.ਓ.ਸੀ. ਪਾਸਪੋਰਟ

**ਚੰਡੀਗੜ੍ਹ:** ਦੇਸ਼ ਭਰ ਵਿਚ ਸਰਕਾਰੀ ਮੁਲਾਜ਼ਮ ਹੁਣ ਆਪਣੇ ਵਿਭਾਗ ਤੋਂ ਐਨ.ਓ.ਸੀ. (ਗੈਰ-ਇਤਰਾਜ਼ੀ ਸਰਟੀਫਿਕੇਟ) ਲੈਣ ਤੋਂ ਬਿਨਾਂ ਹੀ ਪਾਸਪੋਰਟ ਹਾਸਲ ਕਰ ਸਕਣਗੇ। ਸਰਕਾਰੀ ਮੁਲਾਜ਼ਮਾਂ ਨੂੰ 'ਅਗਾਊਂ ਸੂਚਨਾ ਪੱਤਰ' (ਪ੍ਰੀਅਰ ਇੰਟੀਮੇਸ਼ਨ ਲੈਟਰ) ਦੇ ਆਧਾਰ ਉਤੇ ਹੀ ਨਵਾਂ ਪਾਸਪੋਰਟ ਜਾਰੀ ਹੋ ਜਾਇਆ ਕਰੇਗਾ। ਕੇਂਦਰੀ ਬਾਹਰੀ ਮਾਮਲੇ ਮੰਤਰਾਲੇ ਵੱਲੋਂ ਜਾਰੀ ਪੱਤਰ ਅਨੁਸਾਰ ਇਸ ਵੇਲੇ ਸਰਕਾਰੀ ਮੁਲਾਜ਼ਮਾਂ ਨੇ ਜੇਕਰ ਨਵਾਂ ਪਾਸਪੋਰਟ ਹਾਸਲ ਕਰਨਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਆਪਣੇ ਵਿਭਾਗ, ਜਿਸ ਵਿਚ ਉਹ ਸੇਵਾਵਾਂ ਦੇ ਰਹੇ ਹੁੰਦੇ ਹਨ, ਤੋਂ ਐਨ.ਓ.ਸੀ./ਪਛਾਣ ਸਰਟੀਫਿਕੇਟ ਹਾਸਲ ਕਰਕੇ ਪਾਸਪੋਰਟ ਅਥਾਰਿਟੀ ਨੂੰ ਦਿੱਤੀ ਜਾਣੀ ਵਾਲੀ ਪਾਸਪੋਰਟ ਦਰਖ਼ਾਸਤ ਨਾਲ ਜਮ੍ਹਾਂ ਕਰਾਉਣਾ ਪੈਂਦਾ ਹੈ। ਮੰਤਰਾਲੇ ਵੱਲੋਂ ਜਾਰੀ ਮੀਮੋ ਅਨੁਸਾਰ ਸਰਕਾਰੀ ਮੁਲਾਜ਼ਮ ਆਪਣੇ ਵਿਭਾਗ ਨੂੰ ਅਗਾਊਂ ਸੂਚਨਾ ਪੱਤਰ ਦੇਵੇਗਾ, ਜਿਸ ਵਿਚ ਉਹ ਆਪਣੇ ਵਿਭਾਗ ਨੂੰ ਦੱਸੇਗਾ ਕਿ ਉਹ ਪਾਸਪੋਰਟ ਲਈ ਦਰਖ਼ਾਸਤ ਦੇ ਰਿਹਾ ਹੈ। ਇਸ ਸੂਚਨਾ ਪੱਤਰ ਦੀ ਕਾਪੀ ਉਹ ਪਾਸਪੋਰਟ ਅਥਾਰਿਟੀ ਨੂੰ ਦੇਣ ਵਾਲੀ ਦਰਖ਼ਾਸਤ ਨਾਲ ਲਾਵੇਗਾ। ਪਾਸਪੋਰਟ ਅਥਾਰਿਟੀ ਵੇਰੀਫਿਕੇਸ਼ਨ ਲਈ ਇਹ ਸੂਚਨਾ ਪੱਤਰ ਮੁਲਾਜ਼ਮ ਦੇ ਵਿਭਾਗ ਨੂੰ ਭੇਜੇਗਾ। ਵਿਭਾਗ ਵੱਲੋਂ ਹਾਂ ਪੱਖੀ ਵੇਰੀਫਿਕੇਸ਼ਨ ਹੋ ਜਾਣ ਉਤੇ ਪਾਸਪੋਰਟ ਅਥਾਰਿਟੀ (ਪ੍ਰੀ-ਪੁਲਿਸ ਵੇਰੀਫਿਕੇਸ਼ਨ) ਮਗਰੋਂ ਮੁਲਾਜ਼ਮ ਨੂੰ ਪਾਸਪੋਰਟ ਜਾਰੀ ਕਰ ਦੇਵੇਗੀ।




# ਲੰਬੀ ਹੁੰਦੀ ਜਾ ਰਹੀ ਹੈ ਹਰਿਆਣਾ ਲਈ ਵੱਖਰੀ ਕਮੇਟੀ ਦੀ ਲੜਾਈ

**ਚੰਡੀਗੜ੍ਹ:** ਹਰਿਆਣਾ ਦੇ ਇਤਿਹਾਸਕ ਸਿੱਖ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਪਿਛਲੀ ਭੁਪਿੰਦਰ ਸਿੰਘ ਹੁੱਡਾ ਸਰਕਾਰ ਵੱਲੋਂ ਨਾਮਜ਼ਦ 41 ਮੈਂਬਰੀ ਕਮੇਟੀ ਦੀ ਕਾਨੂੰਨੀ ਹੋਂਦ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਵਾਲੀ ਪਟੀਸ਼ਨ ਬਾਰੇ ਸੁਣਵਾਈ ਦੀ ਅਗਲੀ ਤਰੀਕ ਤਿੰਨ ਜੁਲਾਈ ਉਤੇ ਪਾ ਦਿੱਤੀ ਗਈ ਹੈ। ਇਸ ਪਟੀਸ਼ਨ ਦੀ ਸੁਣਵਾਈ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐਚ. ਐਲ. ਦੱਤੂ ਦੀ ਅਗਵਾਈ ਵਾਲਾ ਤਿੰਨ ਮੈਂਬਰੀ ਬੈਂਚ ਕਰ ਰਿਹਾ ਹੈ। ਇਹ ਪਟੀਸ਼ਨ ਐਸ.ਜੀ.ਪੀ.ਸੀ. ਅੰਮ੍ਰਿਤਸਰ ਦੇ ਕੁਰੂਕਸ਼ੇਤਰ ਦੇ ਮੈਂਬਰ ਹਰਭਜਨ ਸਿੰਘ ਨੇ ਦਾਇਰ ਕੀਤੀ ਹੈ। ਉਕਤ ਨਾਮਜ਼ਦ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਚਾਕੂ ਨੇ ਦੱਸਿਆ ਕਿ ਇਹ ਕਾਨੂੰਨੀ ਲੜਾਈ ਲੰਬੀ ਹੁੰਦੀ ਜਾ ਰਹੀ ਹੈ, ਜਿਸ ਲਈ ਹਰਿਆਣਾ ਦੇ ਸਿੱਖ ਵੀ ਪੂਰੀ ਤਰ੍ਹਾਂ ਤਿਆਰ ਹਨ।

ਵਰਨਣਯੋਗ ਹੈ ਕਿ ਸੁਪਰੀਮ ਕੋਰਟ ਨੇ ਸਟੇਅ ਆਰਡਰ ਜਾਰੀ ਕੀਤਾ ਹੋਇਆ ਹੈ ਤੇ ਨਾਮਜ਼ਦ ਕਮੇਟੀ ਨੇ ਜ਼ਿਲ੍ਹਾ ਕੁਰੂਕਸ਼ੇਤਰ ਦੇ ਇਕ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਦਫ਼ਤਰ ਖੋਲ੍ਹ ਰੱਖਿਆ ਹੈ, ਜਿਥੇ ਬੈਠ ਕੇ ਉਹ ਸਾਰਾ ਕੰਮ ਕਾਰ ਚਲਾ ਰਹੀ ਹੈ।

# ਪੰਜਾਬ ਵਿਚ ਬਾਸਮਤੀ ਕਾਰੋਬਾਰ ਨੂੰ ਢਾਹ ਲਾ ਰਹੀ ਹੈ ਈਰਾਨ ਦੀ ਨੀਤੀ

**ਸੰਗਰੂਰ:** ਈਰਾਨ ਸਰਕਾਰ ਵੱਲੋਂ ਖੁੱਲ੍ਹੀ ਮਾਰਕੀਟ ਵਿਚ ਬਾਸਮਤੀ ਦਾ ਰਾਹ ਬੰਦ ਕਰਨ ਨਾਲ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਵਪਾਰੀਆਂ ਦਾ ਹੋਇਆ ਹੈ। 40 ਪ੍ਰਤੀਸ਼ਤ ਤੱਕ ਈਰਾਨ ਬਾਸਮਤੀ ਦਾ ਖਪਤਕਾਰ ਹੈ ਜਦਕਿ ਖਾੜੀ ਨਾਲ ਸਬੰਧਤ ਹੋਰ ਦੇਸ਼ ਇਰਾਕ, ਕਤਰ, ਮਸਟਕ, ਡੁੱਬਈ ਤੇ ਸਾਊਦੀ ਅਰਬ ਵਿਚ ਵੀ ਬਾਸਮਤੀ ਦੀ ਮੰਗ ਹੈ ਪਰ ਈਰਾਨ ਨੇ ਬਾਸਮਤੀ ਉਤੇ ਰੋਕ ਲਾ ਕੇ ਮੰਡੀ ਨੂੰ ਪ੍ਰਭਾਵਿਤ ਕਰ ਕੇ ਰੱਖ ਦਿੱਤਾ। ਰੋਕ ਇਸ ਆਧਾਰ ਉਤੇ ਲਾਈ ਗਈ ਹੈ ਕਿ ਸਾਡੇ ਸਟੋਰ ਵਿਚ ਪਹਿਲਾਂ ਹੀ ਬਾਸਮਤੀ ਦਾ ਭੰਡਾਰ ਹੈ ਪਰ ਪੰਜਾਬ ਦੇ ਵਪਾਰੀਆਂ ਦਾ ਕਹਿਣਾ ਹੈ ਕਿ ਅਸਲੀਅਤ ਤਾਂ ਇਹ ਹੈ ਕਿ ਈਰਾਨ ਨੇ ਚਾਰ ਮਿੱਲਰਾਂ ਨੂੰ ਬਾਸਮਤੀ ਦਾ ਏਕਾਧਿਕਾਰ ਦੇ ਕੇ ਖੁੱਲ੍ਹੀ ਮਾਰਕੀਟ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ।

ਅੰਤਰਰਾਸ਼ਟਰੀ ਬਾਜ਼ਾਰ ਵਿਚ ਬਾਸਮਤੀ ਦੇ ਆਏ ਮੰਦੇ ਨੂੰ ਲੈ ਕੇ ਪੰਜਾਬ ਰਾਈਸ ਮਿੱਲਜ਼ ਬਾਸਮਤੀ ਐਸੋਸੀਏਸ਼ਨ ਦੀ ਇਕੱਤਰਤਾ ਵਿਚ ਵੱਡੀ ਗਿਣਤੀ ਵਿਚ ਵਪਾਰੀਆਂ ਨੇ ਇਹ ਚਿੰਤਾ ਪ੍ਰਗਟਾਈ ਕਿ ਜੇਕਰ ਕੇਂਦਰ ਸਰਕਾਰ ਇਸ ਮਸਲੇ ਪ੍ਰਤੀ ਗੰਭੀਰ ਨਾ ਹੋਈ ਤਾਂ ਉਨ੍ਹਾਂ ਦਾ ਵਪਾਰ ਤਾਂ ਤਬਾਹ ਹੋਵੇਗਾ ਹੀ ਉਸ ਦੇ ਨਾਲ ਕਿਰਸਾਨੀ ਦੀ ਹਾਲਤ ਵੀ ਵੱਡੇ ਪੱਧਰ ਉਤੇ ਡਗਮਗਾ ਜਾਵੇਗੀ। ਵਪਾਰੀਆਂ ਦਾ ਕਹਿਣਾ ਹੈ ਕਿ ਅਕਤੂਬਰ ਮਹੀਨੇ ਬਾਸਮਤੀ 3000 ਰੁਪਏ ਦੇ ਹਿਸਾਬ ਨਾਲ ਖ਼ਰੀਦ ਕੀਤੀ ਸੀ ਤੇ ਹਾਲਾਤ ਅੱਜ ਇਹ ਹਨ ਕਿ ਉਹ ਅੰਤਰਰਾਸ਼ਟਰੀ ਮੰਡੀ ਦੇ ਮੰਦੇ ਕਾਰਨ 1000 ਰੁਪਏ ਪ੍ਰਤੀ ਕੁਇੰਟਲ ਦਾ ਨੁਕਸਾਨ ਝੱਲ ਰਹੇ ਹਨ।



# ਸ੍ਰੀ ਅਨੰਦਪੁਰ ਸਾਹਿਬ 'ਚ ਵਿਰਾਸਤੀ ਥਾਂਵਾਂ ਕਰ ਕੇ ਵਧ ਫੁੱਲ ਰਿਹੈ ਕਾਰੋਬਾਰ

**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ ਸਰਕਾਰ ਵੱਲੋਂ 25 ਨਵੰਬਰ 2012 ਵਿਚ ਵਿਰਾਸਤ-ਏ-ਖਾਲਸਾ ਲੋਕ ਅਰਪਣ ਕਰਨ ਪਿੱਛੋਂ ਇਥੇ ਪੁੱਜਣ ਵਾਲੇ ਸੈਲਾਨੀਆਂ ਤੇ ਸ਼ਰਧਾਲੂਆਂ ਦੀ ਗਿਣਤੀ ਵਿਚ ਚੋਖੇ ਵਾਧੇ ਨੇ ਇਸ ਖੇਤਰ ਦੇ ਵਪਾਰ ਤੇ ਕਾਰੋਬਾਰ ਨੂੰ ਕਾਫੀ ਪ੍ਰਫੁਲਿਤ ਕਰ ਦਿੱਤਾ ਹੈ। 60 ਲੱਖ ਤੋਂ ਵਧੇਰੇ ਸੰਗਤਾਂ ਇਸ ਦੇ ਦਰਸ਼ਨ ਕਰ ਚੁੱਕੀਆਂ ਹਨ। ਸੰਭਾਵਨਾ ਇਹ ਵੀ ਹੈ ਕਿ ਇਹ ਵਿਰਾਸਤ ਘੱਟ ਸਮੇਂ ਵਿਚ ਸਭ ਤੋਂ ਵੱਧ ਲੋਕਾਂ ਵੱਲੋਂ ਵੇਖੀ ਜਾਣ ਵਾਲੀ ਸੂਚੀ ਵਿਚ ਸ਼ਾਮਲ ਹੋ ਜਾਵੇ। ਇਕ ਅਨੁਮਾਨ ਅਨੁਸਾਰ ਤਕਰੀਬਨ ਛੇ ਤੋਂ ਸੱਤ ਹਜ਼ਾਰ ਲੋਕ ਰੋਜ਼ਾਨਾ ਇਸ ਵਿਰਾਸਤ ਦੇ ਦਰਸ਼ਨ ਕਰਨ ਲਈ ਇਥੇ ਪੁੱਜਦੇ ਹਨ। ਇਸ ਤੋਂ ਇਲਾਵਾ ਇਥੇ ਉਤਰੀ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਸ੍ਰੀ ਨੈਣਾ ਦੇਵੀ ਤੇ ਪੰਜ ਦਹਾਕੇ ਪਹਿਲਾਂ ਉਸਾਰੇ ਗਏ ਭਾਖੜਾ ਡੈਮ ਨੂੰ ਵੇਖਣ ਲਈ ਦੁਨੀਆ ਭਰ ਦੇ ਸੈਲਾਨੀਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਹੋਰ ਗੁਰੁਧਾਮਾਂ ਦੇ ਦਰਸ਼ਨਾਂ ਲਈ ਇਥੇ ਪੁੱਜਣ ਵਾਲੀਆਂ ਸੰਗਤਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ ਹੈ। ਭਾਖੜਾ ਡੈਮ ਦੇ ਸਹਾਇਕ ਲੋਕ ਸੰਪਰਕ ਅਫਸਰ ਸਤਨਾਮ ਸਿੰਘ ਮੁਤਾਬਕ ਹੋਲੇ-ਮੁਹੱਲੇ ਦੇ ਤਿਉਹਾਰ, ਮਾਤਾ ਦੇ ਨਰਾਤਿਆਂ ਮੌਕੇ ਹਰ ਮਹੀਨੇ ਤਕਰੀਬਨ 40 ਹਜ਼ਾਰ ਸੈਲਾਨੀ ਭਾਖੜਾ ਡੈਮ ਵੇਖਣ ਆਉਂਦੇ ਹਨ। ਆਮ ਦਿਨਾਂ ਵਿਚ ਇਹ ਗਿਣਤੀ 30 ਤੋਂ 35 ਹਜ਼ਾਰ ਸੈਲਾਨੀ ਪ੍ਰਤੀ ਮਹੀਨਾ ਰਹੀ ਜਾਂਦੀ ਹੈ। ਸ੍ਰੀ ਨੈਣਾ ਦੇਵੀ ਮੰਦਿਰ ਦੇ ਨੁਮਾਇੰਦੇ ਸੁਨੀਲ ਚੰਦੇਲ ਮੁਤਾਬਕ ਹਰ ਸਾਲ ਇਥੇ 20 ਤੋਂ 25 ਲੱਖ ਤੋਂ ਵੱਧ ਸ਼ਰਧਾਲੂ ਪੁੱਜਦੇ ਹਨ।

ਵਧੇਰੇ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਕੀਰਤਪੁਰ ਸਾਹਿਬ ਦੇ ਰਸਤੇ ਹੀ ਜਾਂਦੇ ਹਨ। ਰੇਲਵੇ ਸਟੇਸ਼ਨ ਸ੍ਰੀ ਅਨੰਦਪੁਰ ਸਾਹਿਬ ਦੇ ਸੁਪਰਡੈਂਟ ਦਲਜੀਤ ਸਿੰਘ, ਨੰਗਲ ਰੇਲਵੇ ਸਟੇਸ਼ਨ ਦੇ ਸਹਾਇਕ ਸਟੇਸ਼ਨ ਸੁਪਰਡੈਂਟ ਨੇ ਵੀ ਯਾਤਰੀਆਂ ਦੀ ਗਿਣਤੀ ਵਿਚ ਹੋਏ ਵਾਧੇ ਦੀ ਪੁਸ਼ਟੀ ਕੀਤੀ। ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਨੇ ਇਕ ਪ੍ਰਸਿੱਧ ਕੰਪਨੀ ਕਰਿੰਡ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੇ ਕੀਤੇ ਸਰਵੇਖਣ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਚ ਪਿਛਲੇ ਦਿਨੀਂ ਸੈਰ ਸਪਾਟਾ ਵਧਣ ਨਾਲ ਵਪਾਰ ਕਾਰੋਬਾਰ ਵੀ ਪ੍ਰਫੁਲਿਤ ਹੋਇਆ।



## ਸਥਾਪਨਾ ਸਮਾਗਮਾਂ ਦੀ ਤਿਆਰੀ ਨੇ ਫੜਿਆ ਜ਼ੋਰ

**ਸ੍ਰੀ ਆਨੰਦਪੁਰ ਸਾਹਿਬ:** ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਸਮਾਗਮਾਂ ਦੇ ਪ੍ਰਬੰਧਾਂ ਦੀਆਂ ਤਿਆਰੀਆਂ ਵਿਚ ਤੇਜ਼ੀ ਆ ਗਈ ਹੈ। 19 ਜੂਨ ਨੂੰ ਸਮਾਗਮ ਦੇ ਮੁੱਖ ਸਥਾਨ ਐਸ.ਜੀ.ਪੀ.ਸੀ. ਮੈਦਾਨ ਵਿਚ ਲੱਗ ਰਹੇ ਪੰਡਾਲ ਦੀ ਦਿੱਖ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਂਗ ਬਣਾਉਣ ਲਈ ਦਿੱਲੀ ਤੇ ਮੁੰਬਈ ਦੇ ਆਰਕੀਟੈਕਟ ਵੱਲੋਂ ਡਿਜ਼ਾਈਨ ਕੀਤੇ ਪੰਡਾਲ ਤੇ ਉਸ ਦੇ ਬਾਹਰੀ ਦਰਵਾਜ਼ੇ ਨੂੰ ਸਜਾਇਆ ਜਾ ਰਿਹਾ ਹੈ। ਤਕਰੀਬਨ 500 ਫੁੱਟ ਲੰਬੇ ਤੇ 250 ਫੁੱਟ ਚੌੜੇ ਸਫੈਦ ਰੰਗ ਦੇ ਪੰਡਾਲ ਉਪਰ ਗੁੰਬਦ ਵੀ ਬਣਾਏ ਜਾ ਰਹੇ ਹਨ। ਇਨ੍ਹਾਂ ਪੰਡਾਲਾਂ ਨੂੰ ਜਰਮਨੀ ਤੋਂ ਵਿਸ਼ੇਸ਼ ਤੌਰ ਉਤੇ ਲਿਆਂਦੀਆਂ ਗਈਆਂ ਸੀਟਾਂ ਨਾਲ ਤਿਆਰ ਕੀਤਾ ਜਾ ਰਿਹਾ ਹੈ। ਇਹ ਸੀਟਾਂ ਵਾਟਰ ਪਰੂਫ ਹਨ ਤੇ ਇਨ੍ਹਾਂ ਉਤੇ ਅੱਗ ਦਾ ਵੀ ਕੋਈ ਅਸਰ ਨਹੀਂ ਹੁੰਦਾ। ਅਤਿ ਦੀ ਗਰਮੀ ਵਿਚ ਤਪਸ਼ ਘੱਟ ਕਰਨ ਵਾਲੀਆਂ ਇਹ ਸੀਟਾਂ ਸੰਗਤ ਲਈ ਬਹੁਤ ਅਰਾਮਦਾਇਕ ਸਿੱਧ ਹੋਣਗੀਆਂ। ਇਸ ਪੰਡਾਲ ਨਾਲ ਲੱਗਦਾ ਇਕ ਹੋਰ ਵੱਖਰੇ ਪੰਡਾਲ ਦਾ ਅਕਾਰ 100/150 ਫੁੱਟ ਰੱਖਿਆ ਗਿਆ ਹੈ, ਜਿਥੇ ਕਿਲਾ ਮੁਬਾਰਕ ਪਟਿਆਲਾ ਤੋਂ ਗੁਰੂ ਸਾਹਿਬ ਦੇ ਵਸਤਰ ਤੇ ਸ਼ਸਤਰ ਲੈ ਕੇ ਪੰਜਾਬ ਭਰ ਦੀ ਸੰਗਤ ਨੂੰ ਦਰਸ਼ਨ ਦੀਦਾਰ ਕਰਵਾਉਣ ਵਾਲੀ ਬੱਸ 18 ਜੂਨ ਨੂੰ ਲਿਆਂਦੀ ਜਾ ਰਹੀ ਹੈ। 125 ਹੁਨਰਮੰਦ ਕਾਰੀਗਰਾਂ ਵੱਲੋਂ ਤਿਆਰ ਕੀਤੇ ਜਾ ਰਹੇ ਇਨ੍ਹਾਂ ਪੰਡਾਲਾਂ ਨੂੰ ਸਫੈਦ ਰੰਗ ਵਿਚ ਹੀ ਤਿਆਰ ਕੀਤਾ ਜਾ ਰਿਹਾ ਹੈ। ਇਨ੍ਹਾਂ ਪੰਡਾਲਾਂ ਵਿਚ ਵੱਖ-ਵੱਖ ਸਮੇਂ ਦੇ ਇਤਿਹਾਸ ਨੂੰ ਦਰਸਾਇਆ ਜਾਵੇਗਾ।

# ਮੋਦੀ ਦੀਆਂ ਸ਼ਹਿਨਸ਼ਾਹੀਆਂ ਤੇ ਜਮਹੂਰੀਅਤ

***ਕਸੀਦਾਕਾਰ ਨਰਿੰਦਰ ਮੋਦੀ ਦੇ ਬਤੌਰ ਪ੍ਰਧਾਨ ਮੰਤਰੀ ਇਕ ਸਾਲ ਮੁਕੰਮਲ ਹੋਣ 'ਤੇ ਇਕ-ਦੂਜੇ ਤੋਂ ਵਧ-ਚੜ੍ਹ ਕੇ ਕਸੀਦਾਗੋਈ ਲਈ ਦੌੜ ਲਾ ਰਹੇ ਹਨ। ਮੋਦੀ ਦੇ ਕਾਰਜ ਕਾਲ ਦੇ ਅੰਤਰ-ਵਿਰੋਧਾਂ ਉੱਤੇ ਪਰਦਾ ਪਾਉਣ ਲਈ ਹਰ ਸੰਭਵ ਪ੍ਰਭਾਵੀ ਕਸੀਦਾਕਾਰ ਲੱਭਿਆ ਗਿਆ ਹੈ। ਮੁਲਕ ਦੀ ਬਹੁਤ ਸਾਰੀ ਤਾਕਤ ਇਨ੍ਹਾਂ ਫ਼ਰਜ਼ੀ ਸ਼ੁਭ ਕਾਮਨਾਵਾਂ ਉਤੇ ਲਾ ਦਿੱਤੀ ਗਈ ਹੈ। ਫਿਰ ਵੀ ਕੋਈ ਵੀ ਸ਼ਖ਼ਸ, ਪ੍ਰਧਾਨ ਮੰਤਰੀ ਨੂੰ ਇਹ ਦੱਸਣ ਲਈ ਤਿਆਰ ਨਹੀਂ ਕਿ ਮੋਦੀ ਵਾਲਾ ਮਹਾਤਮ ਤਾਂ ਚਿਰਾਂ ਦਾ ਖ਼ਤਮ ਹੋ ਚੁੱਕਾ ਹੈ।***

ਵਰਤਾਰਾ ਬੜਾ ਪੁਰਾਣਾ ਹੈ। ਦੋ ਸਦੀਆਂ ਪਹਿਲਾਂ ਐਡਮੰਡ ਬਰਕ ਨੇ ਵਾਰੈੱਨ ਹੇਸਟਿੰਗਜ਼ ਦੇ ਕੇਸ ਵਿਚ ਪਹਿਲੀ ਵਾਰ ਬੜੀ ਬੇਕਿਰਕੀ ਨਾਲ ਇਸ ਬਾਰੇ ਚੀਰ-ਫਾੜ ਕੀਤੀ ਸੀ। ਬਰਕ ਨੇ ਨਾ ਸਿਰਫ ਹੇਸਟਿੰਗਜ਼ ਉੱਤੇ ਆਪਣੇ ਦਫ਼ਤਰ ਦੀ ਦੁਰਵਰਤੋਂ ਦਾ ਦੋਸ਼ ਲਾਇਆ ਸੀ, ਸਗੋਂ 'ਹਜ਼ਾਰਾਂ ਕਸੀਦਾਕਾਰਾਂ' ਭਾੜੇ ਉਤੇ ਲੈਣ ਦੇ ਦੋਸ਼ ਵੀ ਲਾਏ ਸਨ ਜਿਹੜੇ ਈਸਟ ਇੰਡੀਆ ਕੰਪਨੀ ਦੇ ਸਰਬਰਾਹ (ਹੇਸਟਿੰਗਜ਼) ਵੱਲੋਂ ਭਾਰਤ ਵਿਚ ਢਾਹੇ ਜਾ ਰਹੇ ਜ਼ੁਲਮਾਂ ਤੇ ਅੱਤਿਆਚਾਰਾਂ ਨੂੰ ਜਾਇਜ਼ ਤੇ ਸਹੀ ਸਾਬਤ ਕਰਨ। ਦੋ ਸਦੀਆਂ ਬਾਅਦ ਅਸੀਂ ਦੇਖ ਰਹੇ ਹਾਂ ਕਿ ਹਜ਼ਾਰਾਂ ਤੋਂ ਵੀ ਕਿਤੇ ਵੱਧ, ਆਪਣੇ ਆਪ ਭਾੜੇ 'ਤੇ ਚੜ੍ਹੇ ਕਸੀਦਾਕਾਰ ਨਰੇਂਦਰ ਮੋਦੀ ਦੇ ਬਤੌਰ ਪ੍ਰਧਾਨ ਮੰਤਰੀ ਇਕ ਸਾਲ ਮੁਕੰਮਲ ਹੋਣ 'ਤੇ ਇੱਕ-ਦੂਜੇ ਤੋਂ ਵਧ-ਚੜ੍ਹ ਕੇ ਕਸੀਦਾਗੋਈ ਲਈ ਦੌੜ ਲਾ ਰਹੇ ਹਨ। ਮੋਦੀ ਦੇ ਕਾਰਜ ਕਾਲ ਦੇ ਅੰਤਰ-ਵਿਰੋਧਾਂ ਉਤੇ ਪਰਦਾ ਪਾਉਣ ਲਈ ਹਰ ਸੰਭਵ ਪ੍ਰਭਾਵੀ ਕਸੀਦਾਕਾਰ ਲੱਭਿਆ ਗਿਆ ਹੈ। ਮੁਲਕ ਦੀ ਬਹੁਤ ਸਾਰੀ ਤਾਕਤ ਇਨ੍ਹਾਂ ਫ਼ਰਜ਼ੀ ਸ਼ੁਭ ਕਾਮਨਾਵਾਂ ਉਤੇ ਲਾ ਦਿੱਤੀ

**ਹਰੀਸ਼ ਖਰੇ**

ਗਈ ਹੈ। ਫਿਰ ਵੀ ਕੋਈ ਵੀ ਸ਼ਖ਼ਸ, ਪ੍ਰਧਾਨ ਮੰਤਰੀ ਨੂੰ ਇਹ ਦੱਸਣ ਲਈ ਤਿਆਰ ਨਹੀਂ ਕਿ ਮੋਦੀ ਵਾਲਾ ਮਹਾਤਮ ਤਾਂ ਚਿਰਾਂ ਦਾ ਖ਼ਤਮ ਹੋ ਚੁੱਕਾ ਹੈ।

2014 ਦੀ ਜਿੱਤ ਇਕ ਖਾਸ ਵਕਤ ਵਿਚ ਅਤੇ ਤੌਖ਼ਲਿਆਂ ਤੇ ਗੁੱਸੇ ਨਾਲ ਭਰੇ ਭਾਵੁਕ ਦੌਰ ਵਿਚ ਹੋਈ ਸੀ। ਦਰਅਸਲ, ਹਰ ਜਮਹੂਰੀ ਫ਼ਰਮਾਨ ਇਸ ਦੇ ਖ਼ਾਸ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ ਅਤੇ ਜਿੱਤ ਆਪਣੇ ਆਪ ਹੀ ਪ੍ਰਸੰਗ ਨੂੰ ਬਦਲ ਦਿੰਦੀ ਹੈ। ਇਹ ਜੇਤੂ ਧਿਰ ਨੂੰ ਚੁਣਾਵੀ ਲੜਾਈ ਦੌਰਾਨ ਸਾਹਮਣੇ ਆਈ ਕੁੜਿੱਤਣ ਨੂੰ ਪਿੱਛੇ ਛੱਡ ਕੇ ਅਗਲਾ ਕਦਮ ਉਠਾਉਣ ਦੀ ਜ਼ਿੰਮੇਵਾਰੀ ਨਿਭਾਉਣ ਦਾ ਫ਼ਰਜ਼ ਯਾਦ ਕਰਵਾਉਂਦੀ ਹੈ ਤਾਂ ਕਿ ਸੰਵਿਧਾਨ ਦੇ ਘੇਰੇ ਵਿਚ ਰਹਿੰਦਿਆਂ ਅਤੇ ਸਿਆਸੀ ਨਫ਼ਾਸਤ ਦਾ ਇਜ਼ਹਾਰ ਕਰਦਿਆਂ ਗੱਲ ਅਗਾਂਹ ਤੁਰੇ। ਮੋਦੀ ਨੇ ਇਹ ਪੜਾਅ ਅਜੇ ਪਾਰ ਨਹੀਂ ਕੀਤਾ ਹੈ। ਉਹ ਇਸ ਪੜਾਅ ਨੂੰ ਪਾਰ ਕਰਨ ਤੋਂ ਆਰੀ ਹੀ ਜਾਪਦੇ ਹਨ, ਉਹ ਅਤੀਤ ਵਾਲੀ ਕੁੜਿੱਤਣ ਤਿਆਗਣ ਲਈ ਤਿਆਰ ਹੀ ਨਹੀਂ ਹਨ। ਇਸ ਦੀ ਥਾਂ ਸਗੋਂ ਉਹ ਰੋਜ਼ ਸਵੇਰੇ ਤਿੱਖੇ ਕੀਤੇ ਖੰਜਰ ਨਾਲ ਨਵਾਂ ਸ਼ਿਕਾਰ ਝਟਕਾਉਣ ਲਈ ਤਤਪਰ ਦਿਸਦੇ ਹਨ ਅਤੇ ਬੜੀ ਤਸੱਲੀ ਤੇ ਖੁਸ਼ੀ ਨਾਲ ਇਸ ਨੂੰ ਵਰਤਦੇ ਵੀ ਹਨ।

ਮੋਦੀ ਦੀ ਮੌਲੂਮ ਵਿਚਲਾ ਰੋਗ, ਪ੍ਰਧਾਨ ਮੰਤਰੀ ਦਾ ਆਪਣਾ ਹੀ ਸਿਆਸੀ ਕਿਰਦਾਰ ਹੈ। ਇਹ ਉਹੀ ਸਿਆਸੀ ਕਿਰਦਾਰ ਹੈ ਜਿਹੜਾ ਆਹਿਸਤਾ ਆਹਿਸਤਾ ਅਤੇ ਪੂਰੀ ਜ਼ਿਦ ਨਾਲ ਟਕਰਾਅ ਵਾਲੇ ਮਾਹੌਲ ਵਿਚ ਵਿਗਸਿਆ ਤੇ ਇਸ ਦੀ ਸ਼ੁਰੂਆਤ ਗੁਜਰਾਤ ਵਿਚ 2002 ਦੌਰਾਨ ਮੁਸਲਿਮ-ਵਿਰੋਧੀ ਕਤਲੇਆਮ ਨਾਲ ਹੋਈ ਸੀ। ਪੂਰਾ ਇਕ ਦਹਾਕਾ ਇਸ ਹਿੰਸਾ ਨਾਲ ਜੁੜੀਆਂ ਯਾਦਾਂ ਤੇ ਇਸ ਦੇ ਮਕਸਦ ਨੇ ਉਨ੍ਹਾਂ ਦੇ ਸਿਆਸੀ ਕਿਰਦਾਰ ਨਾਲ ਸਪਸ਼ਟ ਡਰ ਵੀ ਜੋੜ ਦਿੱਤਾ। ਉਹ ਪਹਿਲਾਂ ਅਟਲ ਬਿਹਾਰੀ ਵਾਜਪਾਈ ਨਾਲ ਵਿਵਾਦ ਵਿਚ ਆਏ ਅਤੇ ਫਿਰ ਬੜੀ ਬੇਕਿਰਕੀ ਨਾਲ ਆਪਣੇ ਮੁਰਸ਼ਦ ਤੇ ਸਰਪ੍ਰਸਤ ਲਾਲ ਕ੍ਰਿਸ਼ਨ ਅਡਵਾਨੀ ਸਾਹਵੇਂ ਖਲੋ ਕੇ ਤਲਵਾਰ ਸੂਤ ਲਈ ਅਤੇ ਉਨ੍ਹਾਂ ਨੂੰ ਖਦੇੜ ਦਿੱਤਾ। ਫਿਰ ਆਪਣੀ ਹੀ ਪਾਰਟੀ ਦੀਆਂ ਦਸ਼ੀਤਾਂ ਲੁਆਉਣ ਤੋਂ ਬਾਅਦ ਉਨ੍ਹਾਂ ਨੇ ਕਾਂਗਰਸ, ਉਸ ਦੀ ਲੀਡਰਸ਼ਿਪ ਤੇ ਸਰਕਾਰ ਖਿਲਾਫ਼ ਜੰਗ ਛੇੜੀ। ਇਹ ਜੰਗ ਅੰਨ੍ਹੇਵਾਹ ਲੜੀ ਗਈ, ਪਰ ਇਸ ਨਾਲ ਉਨ੍ਹਾਂ ਨੂੰ ਤਕੜੀ ਚੁਣਾਵੀ ਜਿੱਤ ਹਾਸਲ ਹੋਈ। ਉਨ੍ਹਾਂ ਦੇ ਇਸ ਬੇਲਗਾਮ ਮਾਰਖੁੰਡੇਪਣ ਦੀ 2014 ਵਿਚ ਪੂਰੀ ਚੜ੍ਹ ਮੱਚੀ; ਹੁਣ ਸਾਲ ਬਾਅਦ ਉਨ੍ਹਾਂ ਦਾ ਇਹੀ ਨਿਆਰਾਪਣ ਗ਼ੈਰ-ਆਕਰਸ਼ਕ ਹੋ ਗਿਆ ਹੈ।

ਜਿਵੇਂ ਸਾਡੇ ਸਮਿਆਂ ਦੇ ਮਹਾਨ ਸਿਆਸੀ ਸਿਧਾਂਤਕਾਰ ਅੰਤੋਨੀਓ ਗ੍ਰਾਮਸ਼ੀ ਦਾ ਕਹਿਣਾ ਹੈ, ਹਰ ਸੱਤਾ ਧਿਰ 'ਬੌਧਿਕ ਤੇ ਨੈਤਿਕ ਲੀਡਰਸ਼ਿਪ' ਦੀ ਪਾਲਣਾ ਦੀ ਪਾਬੰਦ ਹੁੰਦੀ ਹੈ। ਸੱਤਾ ਧਿਰ, ਖ਼ਾਸ ਕਰ ਕੇ ਜਮਹੂਰੀ ਨਿਜ਼ਾਮ ਵਿਚ, ਸੰਕੋਚਵਾਨ ਨਾਗਰਿਕਾਂ ਤੋਂ ਵਾਰ ਵਾਰ ਸਹਿਮਤੀ ਅਤੇ ਆਗਿਆ ਹਾਸਲ ਕਰਨ ਲਈ ਪਾਬੰਦ ਹੁੰਦੀ ਹੈ। ਅੱਜ ਦੇ ਸ਼ਾਸਕਾਂ ਨੇ ਕੌਮੀ ਸਵਾਲ ਅਤੇ ਸੰਵਾਦ ਦੀ ਦਿਸ਼ਾ 'ਤੇ ਸਹਿਮਤੀ ਕੰਟਰੋਲ ਕਰਨ ਦੀ ਅਹਿਮੀਅਤ ਦਾ ਭੇਤ ਪਾ ਲਿਆ ਹੈ। ਜਿਹੜੇ ਨਿਜ਼ਾਮ ਇਹ ਸਭ ਕਾਰਗਰ ਢੰਗ ਨਾਲ ਨੇਪਰੇ ਚਾੜ੍ਹਦੇ ਹਨ, ਉਹ ਖ਼ੁਸ਼ਹਾਲੀ ਦਾ ਰਾਹ ਖੋਲ੍ਹ ਲੈਂਦੇ ਹਨ। ਜਿਹੜੇ ਅਜਿਹਾ ਕਰਨ ਵਿਚ ਨਾਕਾਮਯਾਬ ਰਹਿੰਦੇ ਹਨ, ਉਨ੍ਹਾਂ ਨੂੰ ਫਿਰ ਖਾਮਿਆਜ਼ਾ ਭੁਗਤਣਾ ਪੈਂਦਾ ਹੈ। ਮੋਦੀ ਸਰਕਾਰ ਪਿਛਲੀ ਸਰਕਾਰ ਵਾਲੀਆਂ ਗ਼ਲਤੀਆਂ ਨਾ ਦੁਹਰਾਉਣ ਲਈ ਕੁਝ ਜ਼ਿਆਦਾ ਹੀ ਦ੍ਰਿੜ੍ਹ ਜਾਪਦੀ ਹੈ। ਲਿਹਾਜ਼ਾ, ਪ੍ਰਧਾਨ ਮੰਤਰੀ ਖੁਦ ਸਭ ਤੋਂ ਵੱਡਾ ਧੂਤੂ ਵਜਾਉਣਾ ਆਪਣੀ ਸ਼ਾਨ ਮੰਨ ਰਹੇ ਹਨ।

ਕਿਸੇ ਵੀ ਕੌਮੀ ਕਾਰਜਪਾਲਿਕਾ ਨੂੰ ਸ਼ੋਰੀਲੇ



ਨਾਅਰਿਆਂ ਤੇ ਭਾਸ਼ਣਾਂ ਨੂੰ ਕਾਰਗਰ ਸ਼ਾਸਨ ਦੀ ਸਮਰੱਥਾ ਨਾਲ ਰਲ-ਗੱਡ ਕਰਨ ਦੀ ਗ਼ਲਤੀ ਨਹੀਂ ਕਰਨੀ ਚਾਹੀਦੀ। ਮੋਦੀ ਕਿਉਂਕਿ ਇਹ ਫ਼ਰਕ ਕਰਨ ਤੋਂ ਵੀ ਇਨਕਾਰੀ ਹਨ, ਇਸ ਲਈ ਉਹ ਅਤੇ ਉਨ੍ਹਾਂ ਦੀ ਸਰਕਾਰ, ਸ਼ਾਸਨ ਦੇ ਸਾਧਨਾਂ ਤੇ ਤਰੀਕਾਕਾਰੀ ਨੂੰ ਸੁਰਜੀਤ ਕਰਨ ਅਤੇ ਉਸ ਵਿਚ ਨਵੀਂ ਰੂਹ ਫੂਕਣ ਤੋਂ ਅਸਫਲ ਰਹੇ ਹਨ। ਇਸ ਪ੍ਰਚਾਰ ਨਾਲ ਕੋਈ ਫ਼ਰਕ ਨਹੀਂ ਪੈਣਾ ਕਿ ਉਹ ਗੁਜਰਾਤ ਵਿਚਲੇ ਆਪਣੇ ਕਿਆਮ ਦੌਰਾਨ ਕੰਮ ਕਰਨ ਦੀ ਪਈ ਆਦਤ ਤੋਂ ਮਜਬੂਰ ਹਨ। ਉਨ੍ਹਾਂ ਦਾ ਇਹ ਵਿਸ਼ਵਾਸ ਜਾਪਦਾ ਹੈ ਕਿ ਉਹ ਉਸੇ ਸ਼ਰਧਾ, ਤਾਬੇਦਾਰੀ ਤੇ ਫਰਮਾਬਰਦਾਰੀ ਨਾਲ ਜੁਟੇ ਹੋਏ ਹਨ ਜਿਹੜੀ ਗਾਂਧੀਨਗਰ ਵਿਚ ਸੀ; ਪਰ ਨਵੀਂ ਦਿੱਲੀ ਤਾਂ ਗੁਜਰਾਤ ਨਹੀਂ ਹੈ। ਦ੍ਰਿਸ਼ ਬਦਲ ਗਿਆ ਹੈ; ਪਰ ਇਹ ਸ਼ਖ਼ਸ ਨਹੀਂ ਬਦਲਿਆ। ਇਸ ਦਾ ਦੋਸ਼ ਸ਼ਾਇਦ ਉਨ੍ਹਾਂ ਦੇ ਤਜਰਬੇਕਾਰ ਤੇ ਸੀਨੀਅਰ ਮੰਤਰੀ ਸਾਥੀਆਂ ਅਤੇ ਸਾਡੇ ਆਪੂੰ ਬਣੇ ਬੁੱਧੀਜੀਵੀਆਂ ਉੱਤੇ ਹੈ ਜਿਨ੍ਹਾਂ ਨੂੰ ਮੋਦੀ ਨੂੰ ਇਹ ਦੱਸਣਾ ਚਾਹੀਦਾ ਸੀ ਕਿ ਜਮਹੂਰੀਅਤ ਵਿਚ ਪ੍ਰਧਾਨ ਮੰਤਰੀ ਚੁਣੇ ਜਾਂਦੇ ਹਨ, ਸ਼ਹਿਨਸ਼ਾਹ ਨਹੀਂ।

ਸੰਵਿਧਾਨ ਮੁਤਾਬਿਕ ਚੁਣਾਵੀ ਜਿੱਤ, ਕਿਸੇ ਲੀਡਰ ਅਤੇ ਉਸ ਦੀ ਪਾਰਟੀ ਨੂੰ ਭਾਰਤੀ ਹਕੂਮਤ ਚਲਾਉਣ ਦੀ ਤਾਕਤ ਦਿੰਦੀ ਹੈ; ਉਹ ਵੀ ਸੰਵਿਧਾਨਕ ਘੇਰੇ ਦੇ ਅੰਦਰ ਅੰਦਰ। ਸੰਸਦੀ ਬਹੁਮਤ ਭਾਵੇਂ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਕੋਈ ਵੀ ਲੀਡਰ ਵਾਜਬੀਅਤ ਅਤੇ ਜ਼ਬਤ ਦੇ ਢਾਂਚੇ ਤੋਂ ਉਪਰ ਹੋਣ ਬਾਰੇ ਸੋਚ ਵੀ ਨਹੀਂ ਸਕਦਾ। ਕੋਈ ਵੀ ਪ੍ਰਧਾਨ ਮੰਤਰੀ ਸਿਆਸੀ ਸੰਸਥਾਵਾਂ ਅਤੇ ਇਨ੍ਹਾਂ ਵੱਲੋਂ ਸਥਾਪਤ ਕਾਰਜ-ਵਿਧੀਆਂ ਤੋਂ ਉਪਰ ਨਹੀਂ ਹੁੰਦਾ। ਮੋਦੀ ਨੂੰ ਵੀ ਇਹ ਸਮਝਣਾ ਪਵੇਗਾ ਕਿ ਘੱਟੋ-ਘੱਟ 1977 ਤੋਂ ਲੈ ਕੇ ਹੁਣ ਤੱਕ ਭਾਰਤ ਦਾ ਸਿਆਸੀ ਲੋਕਾਚਾਰ ਅਤੇ ਰਵਾਇਤਾਂ, ਪਰਮ-ਪ੍ਰਧਾਨਗੀ ਵਾਲੀ ਦਿੱਖ ਤੇ ਦਿਖਾਵੇ ਤੋਂ ਪਾਸੇ ਹੀ ਰਹੀਆਂ ਹਨ।

ਮੋਦੀ ਦੇ ਮਾਮਲੇ ਵਿਚ ਐਨ ਇਹੀ ਅੜਿੱਕਾ ਹੈ। ਉਨ੍ਹਾਂ ਦੀ ਸਿਆਸੀ ਸ਼ਖ਼ਸੀਅਤ ਨੇ ਜਿਹੜਾ ਮੋਰਚਾ ਬੰਨ੍ਹਿਆ ਹੈ, ਉਸ ਤੋਂ ਹੁਣ ਉਹ ਦੁਖੀ ਮਹਿਸੂਸ ਕਰ ਰਹੇ ਹਨ ਕਿ ਉਨ੍ਹਾਂ ਨੂੰ ਜਵਾਬਦੇਹੀ ਦੇ ਜਮਹੂਰੀ ਨੇਮਾਂ ਵਿਚੋਂ ਲੰਘਣਾ ਪੈਣਾ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਨੇ ਇਕੱਲਿਆਂ ਹੀ ਮੁਲਕ ਨੂੰ ਕਿਤੇ ਤਬਾਹੀ ਤੋਂ ਬਚਾਅ ਲਿਆ ਹੈ। ਮੰਦੇਭਾਗੀਂ ਆਪੂੰ ਬਣੇ ਕਸੀਦਾਕਾਰਾਂ ਦੇ ਨਾਲ ਨਾਲ ਉਨ੍ਹਾਂ ਦੇ ਸੀਨੀਅਰ ਸਾਥੀਆਂ ਨੇ ਵੀ ਆਤਮ-ਵਡਿਆਈ ਦਾ ਖ਼ਬਤ ਪਾਲ ਲਿਆ ਹੈ। ਹੁਣ ਇਸ ਦੀ ਤਾਂ ਕੋਈ ਸੀਮਾ ਨਹੀਂ ਹੈ ਕਿ ਕੋਈ ਪ੍ਰਧਾਨ ਮੰਤਰੀ ਇਹ ਦਾਅਵਾ ਕਰੇ, ਉਹ ਵੀ ਪਰਦੇਸਾਂ ਵਿਚ ਜਾ ਕੇ, ਕਿ ਉਸ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਭਾਰਤੀ ਲੋਕ ਭਾਰਤ ਵਿਚ ਜਨਮ ਲੈਣ ਤੋਂ ਵੀ ਸ਼ਰਮਿੰਦਾ ਮਹਿਸੂਸ ਕਰਦੇ ਸਨ। ਇਹ ਉਨ੍ਹਾਂ ਦੇ ਸਵੈ-ਖ਼ਬਤ ਦੀ ਇਕ ਮਿਸਾਲ ਹੈ। ਇਹ ਕੋਈ ਜ਼ੁਬਾਨ ਫਿਸਲਣ ਦਾ ਮਾਮਲਾ ਨਹੀਂ ਹੈ। ਕਿਸੇ ਸਿਆਸੀ ਲੀਡਰ ਵੱਲੋਂ ਆਪਣੇ ਸਿਆਸੀ ਵਿਰੋਧੀਆਂ ਨੂੰ ਨਿਕੰਮਾ ਸਾਬਤ ਕਰਨਾ ਹੋਰ ਗੱਲ ਹੈ, ਪਰ ਇਹ ਤਾਂ ਬਿਲਕੁਲ ਹੀ ਉਲਟ ਦਾਅ ਹੈ। ਉਨ੍ਹਾਂ ਨੇ ਤਾਂ ਪ੍ਰਧਾਨ ਮੰਤਰੀ ਰਹਿ ਚੁੱਕੇ ਆਪਣੀ ਹੀ ਪਾਰਟੀ ਦੇ ਚੋਟੀ ਦੇ ਆਗੂ ਅਟਲ ਬਿਹਾਰੀ ਵਾਜਪਾਈ ਨੂੰ ਵੀ ਛੁਟਿਆਇਆ ਹੈ। ਮਹਿਜ਼ ਦਸ ਸਾਲ ਪਹਿਲਾਂ ਸੁਸ਼ਮਾ ਸਵਰਾਜ, ਅਰੁਣ ਜੇਤਲੀ ਤੇ ਵੈਂਕਈਆ ਨਾਇਡੂ ਵਰਗੇ ਮੰਤਰੀ ਸਾਥੀ, ਜਿਹੜੇ ਐਨ.ਡੀ.ਏ. ਸਰਕਾਰ ਦਾ ਹਿੱਸਾ ਸਨ, ਇਸ ਹੇਠੀ 'ਤੇ ਰੋਸ-ਰਹਿਤ ਖਾਮੋਸ਼ੀ ਧਾਰਨ ਕਰ ਗਏ। ਇਹ ਡੂੰਘੀ ਬੇਚੈਨੀ ਦੀਆਂ ਹੀ ਅਲਾਮਤਾਂ ਹਨ।

ਮੋਦੀ ਆਪਣੇ ਦਫਤਰ ਦੀ ਸੰਜੀਦਗੀ ਤੇ ਮਰਿਆਦਾ ਬਰਕਰਾਰ ਰੱਖਣ ਦੀ ਥਾਂ ਸਿਆਸੀ ਟਕਰਾਅ ਲਈ ਦ੍ਰਿੜ੍ਹ ਜਾਪਦੇ ਹਨ। ਇਹ ਸਭ ਲੜਨ ਦੀ ਅੱਚਵੀ, ਹਰ ਇੱਕ ਨੂੰ ਖਦੇੜਨ ਅਤੇ ਇੱਟ ਦਾ ਜਵਾਬ ਇੱਟ ਨਾਲ ਦੇਣ ਦੇ ਝੱਸ ਵਰਗਾ ਹੀ ਹੈ। ਦੂਜੇ ਪਾਸੇ ਮੁੱਖ ਵਿਰੋਧੀ ਪਾਰਟੀ, ਕਾਂਗਰਸ ਚੋਣਾਂ ਵੇਲੇ ਲੱਗੇ ਫੱਟਾਂ ਤੇ ਪੱਛਾਂ ਦਾ ਇਲਾਜ ਕਰ ਚੁੱਕੀ ਹੈ ਅਤੇ ਇਸੇ ਲਈ ਪ੍ਰਧਾਨ ਮੰਤਰੀ ਨਾਲ ਨਿੱਤ ਦਿਨ ਸਿੰਗ ਫਸਾਈ ਰੱਖਣ ਵਿਚ ਖੁਸ਼ ਹੈ। ਪ੍ਰਧਾਨ ਮੰਤਰੀ ਦੇ ਇਸ ਮਾਰਖੁੰਡੇਪਣ ਨੇ ਸਰਕਾਰ ਦੇ ਕੰਮ-ਕਾਰ ਦੇ ਢੰਗ ਅਤੇ ਸ਼ੈਲੀ ਉੱਤੇ ਮਾੜਾ ਅਸਰ ਪਾਇਆ ਹੈ।

ਨਤੀਜੇ ਵਜੋਂ ਮੁਲਕ ਕਸੂਤਾ ਫਸਿਆ ਪਿਆ ਹੈ। ਭਾਰਤੀ ਸਟੇਟ ਨੂੰ ਕਾਰਜਸ਼ੀਲ, ਕਾਰਗਰ, ਪ੍ਰਚੰਡ ਤੇ ਅਰਥਭਰਪੂਰ ਕਾਰਜਪਾਲਿਕਾ ਦੀ ਜ਼ਰੂਰਤ ਹੈ, ਪਰ ਪ੍ਰਧਾਨ ਮੰਤਰੀ ਦੀ ਸਿਆਸੀ ਸ਼ਖ਼ਸੀਅਤ ਤੇ ਉਨ੍ਹਾਂ ਦਾ ਚੋਣਵਾਂ ਸਟਾਈਲ, ਸੰਜੀਦਾ ਸ਼ਾਸਨ ਦੇ ਕਾਰਜ ਨੂੰ ਭਟਕਾ ਰਿਹਾ ਹੈ। ਪਿਛਲੇ ਇਕ ਸਾਲ ਦੀ ਤਸਵੀਰ, ਜਿਵੇਂ ਵਾਲਟਰ ਬੈਗਹੌਟ ਦਾ ਕਹਿਣਾ ਹੈ - 'ਮੰਤਰ ਵੀ ਦਾਗਦਾਰ' ਵਾਲੀ ਹੋ ਗਈ ਹੈ।

ਰਾਜ ਪ੍ਰਬੰਧ ਔਖੇ ਦਿਨਾਂ ਵੱਲ ਸਰਕ ਰਿਹਾ ਹੈ, ਐਮਰਜੈਂਸੀ ਤੋਂ ਪਹਿਲਾਂ ਵਾਲੇ ਟਕਰਾਅ ਵਾਲੇ ਯੁੱਗ ਦੀ ਯਾਦ ਤਾਜ਼ਾ ਹੋ ਰਹੀ ਹੈ। ਅਜਿਹੇ ਆਲਮ ਵਿਚ ਮੋਦੀ ਨੂੰ ਵਾਜਪਾਈ ਵਾਲੇ ਸੰਜਮ ਤੇ ਸੰਤੁਲਨ ਦੇ ਗੁਣਾਂ ਬਾਰੇ ਦੱਸਣਾ ਭਾਜਪਾ ਦੇ ਸੀਨੀਅਰ ਲੀਡਰਾਂ ਦੀ ਜ਼ਿੰਮੇਵਾਰੀ ਬਣਦੀ ਹੈ। ਅਸ਼ਿਸ਼ਟਤਾ ਅਤੇ ਬੜਬੋਲਾਪਣ ਸਿਆਸੀ ਸਿਆਣਪ ਲਈ ਸਹੀ ਨਹੀਂ। ਕੋਈ ਵੀ ਪ੍ਰਧਾਨ ਮੰਤਰੀ ਸਿਆਸੀ ਜ਼ਬਤ, ਤਰਕਸੰਗਤੀ ਅਤੇ ਸਰਬ ਸਹਿਮਤੀ ਦੀਆਂ ਰਵਾਇਤਾਂ ਨੂੰ ਨਜ਼ਰਅੰਦਾਜ਼ ਕਰਨ ਦੀ ਜ਼ਹਿਮਤ ਨਹੀਂ ਉਠਾ ਸਕਦਾ। ਧੁਰ ਤੱਕ ਵੰਡੇ ਗਏ ਸਮਾਜ ਉੱਤੇ ਵੰਡਪਾਊ ਲੀਡਰ, ਵੰਡਪਾਊ ਢੰਗ-ਤਰੀਕਿਆਂ ਨਾਲ ਰਾਜ ਨਹੀਂ ਚਲਾ ਸਕਦਾ।

# ਚੀਨ, ਪਾਕਿਸਤਾਨ ਤੇ ਬਲੋਚਿਸਤਾਨ

ਨੀਮ ਫ਼ੌਜੀ ਬਲਾਂ ਦੀ ਵਰਦੀ ਵਾਲੇ ਛੇ ਬੰਦੂਕਧਾਰੀ ਬਲੋਚਿਸਤਾਨ ਵਿਚ ਬੱਸ ਵਿਚ ਸਵਾਰ ਹੋਏ। ਇਹ ਬੱਸ ਕੋਇਟਾ ਤੋਂ ਕਰਾਚੀ ਜਾ ਰਹੀ ਸੀ। ਇਨ੍ਹਾਂ ਬੰਦੂਕਧਾਰੀਆਂ ਨੇ ਮੁਸਾਫ਼ਰਾਂ ਦੇ ਸ਼ਨਾਖ਼ਤੀ ਪੱਤਰ ਚੈੱਕ ਕਰਨੇ ਸ਼ੁਰੂ ਕਰ ਦਿੱਤੇ। ਜਿਹੜੇ ਬਲੋਚਿਸਤਾਨ ਦੇ ਬਾਸ਼ਿੰਦੇ ਸਨ, ਉਨ੍ਹਾਂ ਨੂੰ ਬੱਸ ਵਿਚ ਬੈਠੇ ਰਹਿਣ ਲਈ ਕਿਹਾ, ਬਾਕੀ ਨੂੰ ਬੱਸ ਵਿਚੋਂ ਲਾਹ ਲਿਆ ਅਤੇ ਗੋਲੀਆਂ ਨਾਲ ਭੁੰਨ ਦਿੱਤਾ। ਮਾਰੇ ਗਏ ਸਾਰੇ ਵਿਅਕਤੀ ਪਖਤੂਨ ਸਨ ਅਤੇ ਇਨ੍ਹਾਂ ਦੀ ਗਿਣਤੀ 22 ਸੀ। ਇਹ ਹਮਲਾ ਬਲੋਚਿਸਤਾਨੀ ਰਾਜਧਾਨੀ ਕੋਇਟਾ ਤੋਂ 48 ਕਿਲੋਮੀਟਰ ਦੂਰ ਦੱਖਣ ਵਿਚ ਕੀਤਾ ਗਿਆ। ਹਮਲੇ ਦੀ ਜ਼ਿੰਮੇਵਾਰੀ ਯੂਨਾਈਟਿਡ ਬਲੋਚ ਆਰਮੀ ਨੇ ਲਈ ਜੋ ਸਭ ਤੋਂ ਤਾਕਤਵਰ ਵੱਖਵਾਦੀ

**ਮੋਈਦ ਯੂਸੁਫ਼**

ਜਮਾਤ ਬਲੋਚਿਸਤਾਨ ਨੈਸ਼ਨਲ ਆਰਮੀ ਦਾ ਕਮਜ਼ੋਰ ਬਦਲ ਮੰਨੀ ਜਾਂਦੀ ਹੈ। 29 ਮਈ ਨੂੰ ਵਾਪਰਿਆ ਇਹ ਕਾਂਡ ਪਾਕਿਸਤਾਨ ਦੇ ਸੂਬਾ ਬਲੋਚਿਸਤਾਨ ਵਿਚ ਚੱਲ ਰਹੀ ਵੱਖਵਾਦੀ ਲਹਿਰ ਦਾ ਹੀ ਹਿੱਸਾ ਸੀ।

ਸੂਬੇ ਵਿਚ ਵਿਦਰੋਹ ਦਹਾਕਾ ਪਹਿਲਾਂ ਸ਼ੁਰੂ ਹੋਇਆ ਸੀ। ਇਸ ਨੂੰ ਪਾਕਿਸਤਾਨ ਦੀ ਸਥਾਪਨਾ ਤੋਂ ਲੈ ਕੇ ਹੁਣ ਤਕ ਪਾਕਿਸਤਾਨ ਵਿਚ ਉੱਠੇ ਪੰਜ ਜ਼ਬਰਦਸਤ ਵਿਦਰੋਹਾਂ ਵਿਚੋਂ ਸਭ ਤੋਂ ਵੱਧ ਘਾਤਕ ਤੇ ਖ਼ੂਨੀ ਮੰਨਿਆ ਜਾ ਰਿਹਾ ਹੈ। ਇਸ ਵਿਦਰੋਹ ਵਿਚ ਢਾਈ ਹਜ਼ਾਰ ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ। ਖੇਤਰਫਲ ਦੇ ਲਿਹਾਜ਼ ਨਾਲ ਬਲੋਚਿਸਤਾਨ, ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ, ਪਰ ਇਸ ਦੀ ਵਸੋਂ ਹੋਰ ਸੂਬਿਆਂ ਨਾਲੋਂ ਕਿਤੇ ਘੱਟ ਹੈ। ਇਹ ਇਲਾਕਾ ਹੀ ਅਜਿਹਾ ਹੈ ਜਿੱਥੇ ਰਹਿਣਾ ਮੁਸ਼ਕਿਲ ਹੈ। ਚਟਾਨੀ ਧਰਤੀ ਤੇ ਪਾਣੀ ਦੀ ਕਮੀ। ਉਂਜ ਤਾਂ ਬਲੋਚ ਵਿਦਰੋਹ ਪਾਕਿਸਤਾਨ ਦੀ ਸਥਾਪਨਾ ਜਿੰਨਾ ਹੀ ਪੁਰਾਣਾ ਹੈ, ਪਰ ਦਹਾਕਾ ਪਹਿਲਾਂ ਤਕ ਇਹ ਵਿਸਫੋਟਕ ਕਿਸਮ ਦਾ ਨਹੀਂ ਸੀ। ਹੁਣ ਇਸ ਨੂੰ ਪਾਕਿਸਤਾਨੀ ਫ਼ੌਜ ਅਤੇ ਸਰਕਾਰ ਲਈ ਸਭ ਤੋਂ ਵੱਡੀ ਸਿਰਦਰਦੀ ਮੰਨਿਆ ਜਾ ਰਿਹਾ ਹੈ।

ਸਿਰਦਰਦੀ ਦੀ ਇਕ ਵਜ੍ਹਾ ਇਹ ਹੈ ਕਿ ਚੀਨ ਵੱਲੋਂ ਵਿਕਸਿਤ ਕੀਤੀ ਗਈ ਗਵਾਦਰ ਬੰਦਰਗਾਹ ਨੂੰ ਚੀਨ ਦੇ ਪੱਛਮੀ ਸਿਨਜ਼ਿਆਂਗ ਖ਼ਿੱਤੇ ਦੇ ਵਪਾਰਕ ਧੁਰੇ ਕਾਸ਼ਗੜ੍ਹ ਨਾਲ ਜੋੜਨ ਲਈ ਤਜਵੀਜ਼ਸ਼ੁਦਾ ਸ਼ਾਹਰਾਹ ਇਸ ਸੂਬੇ ਵਿਚੋਂ ਲੰਘਣਾ ਹੈ। ਗਵਾਦਰ-ਕਾਸ਼ਗੜ੍ਹ ਰੂਟ ਨੂੰ ਚੀਨ, ਦੁਨੀਆਂ ਦਾ ਸਭ ਤੋਂ ਅਹਿਮ ਵਪਾਰਕ ਰੂਟ ਮੰਨਦਾ ਹੈ। ਚੀਨ ਸਰਕਾਰ ਮਹਿਸੂਸ ਕਰਦੀ ਹੈ ਕਿ ਇਹ ਸ਼ਾਹਰਾਹ ਉਸਰ ਜਾਣ ਨਾਲ ਜਿੱਥੇ ਪਾਕਿਸਤਾਨ ਨੂੰ ਆਰਥਿਕ ਤੇ ਸਮਾਜਕ ਲਾਭ ਹੋਵੇਗਾ, ਉੱਥੇ ਚੀਨ ਦਾ ਵੱਧ ਭਲਾ ਹੋਵੇਗਾ। ਉਸ ਦੀ ਸਨਅਤੀ ਪੈਦਾਵਾਰ ਨੂੰ ਯੂਰਪ, ਅਫਰੀਕਾ ਤੇ ਦੱਖਣੀ ਅਮਰੀਕਾ ਤਕ ਪਹੁੰਚਾਉਣ ਲਈ ਆਸਾਨ ਰੂਟ ਮਿਲ ਜਾਵੇਗਾ ਅਤੇ ਚੀਨੀ ਕਾਰੋਬਾਰ ਤੇਜ਼ੀ ਨਾਲ ਵਧਣ-ਫੁਲਣ ਲੱਗੇਗਾ। ਇਹੀ ਕਾਰਨ ਹੈ ਕਿ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਪਰੈਲ ਮਹੀਨੇ ਆਪਣੀ ਚੀਨ ਫੇਰੀ ਦੌਰਾਨ ਐਲਾਨ ਕੀਤਾ ਸੀ ਕਿ ਚੀਨ ਸਰਕਾਰ ਇਸ ਰੂਟ 'ਤੇ ਪੈਂਦੀਆਂ ਪੁਰਾਣੀਆਂ ਸੜਕਾਂ ਦੇ ਨਵੀਨੀਕਰਨ ਅਤੇ ਸਮੁੱਚੇ ਰੂਟ ਨੂੰ ਅਪਗ੍ਰੇਡ ਕਰਨ ਲਈ ਸਾਲ 2030 ਤਕ 46 ਅਰਬ ਡਾਲਰ ਖਰਚ ਕਰੇਗੀ। ਇਹ ਰਕਮ ਚੀਨ ਵੱਲੋਂ ਪਾਕਿਸਤਾਨ ਵਿਚ ਹੁਣ ਤਕ ਕੀਤੇ ਨਿਵੇਸ਼ ਤੋਂ ਦੁੱਗਣੀ ਬਣਦੀ ਹੈ। ਨਵੇਂ ਪ੍ਰੋਜੈਕਟ ਨੂੰ ਚੀਨ-ਪਾਕਿ ਆਰਥਿਕ ਲਾਂਘੇ ਦਾ ਨਾਮ ਦਿੱਤਾ ਗਿਆ ਹੈ। ਹੁਣ ਤਕ ਦੀ ਵਿਉਂਤਬੰਦੀ ਅਨੁਸਾਰ ਚੀਨ ਖਾੜੀ ਫਾਰਸ ਤੋਂ ਖ਼ਰੀਦੀ ਗੈਸ ਨੂੰ ਇਸ ਰੂਟ ਦੇ ਨਾਲ ਨਾਲ ਸਥਾਪਿਤ ਕੀਤੀ ਜਾਣ ਵਾਲੀ ਪਾਈਪਲਾਈਨ ਰਾਹੀਂ ਸ਼ਿਨਚਿਆਂਗ ਸੂਬੇ ਤਕ ਪਹੁੰਚਾਏਗਾ। ਇਸ ਰੂਟ ਦੇ ਨਾਲ ਨਾਲ ਬਿਜਲੀਘਰ ਤੇ ਹੋਰ ਪ੍ਰੋਜੈਕਟ ਵੀ ਚਾਲੂ ਕੀਤੇ ਜਾਣਗੇ।

ਚੀਨ ਨੇ ਹੁਣ ਤਕ ਕਦੇ ਵੀ ਪਾਕਿਸਤਾਨ ਵਿਚ ਕਿਸੇ ਵੀ ਪ੍ਰੋਜੈਕਟ 'ਤੇ ਉਨਾ ਨਿਵੇਸ਼ ਨਹੀਂ ਕੀਤਾ, ਜਿੰਨਾ ਗਵਾਦਰ-ਕਾਸ਼ਗੜ੍ਹ ਰੋਡ 'ਤੇ ਕੀਤਾ ਜਾ ਰਿਹਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਚੀਨ ਵੱਲੋਂ ਰਕਮ ਕਿਤੇ ਵੱਧ ਐਲਾਨੀ ਜਾਂਦੀ ਹੈ ਅਤੇ ਖਰਚ ਕਾਫ਼ੀ ਘੱਟ ਕੀਤੀ ਜਾਂਦੀ ਹੈ, ਪਰ ਉਹ ਗਵਾਦਰ-ਕਾਸ਼ਗੜ੍ਹ ਪ੍ਰੋਜੈਕਟ ਸਿਰੇ ਚਾੜ੍ਹਨ ਲਈ ਉਤਾਵਲਾ ਹੈ। ਪਾਕਿਸਤਾਨ ਨੂੰ ਵੀ ਵੱਡਾ ਨਿਵੇਸ਼ ਤੇ ਨੌਕਰੀਆਂ ਨਜ਼ਰ ਆਉਂਦੀਆਂ ਹਨ। ਉਸ ਦੇ ਅਧਿਕਾਰੀ ਵੀ ਹਰ ਮੁਸ਼ਕਿਲ ਨੂੰ ਆਸਾਨ

***2013 ਵਿਚ ਸਰਕਾਰ ਦੇ ਮੁਖੀ ਦਾ ਅਹੁਦਾ ਸੰਭਾਲਣ ਮਗਰੋਂ ਵਜ਼ੀਰੇ ਆਜ਼ਮ ਨਵਾਜ਼ ਸ਼ਰੀਫ਼ ਬਲੋਚ ਨਰਮਦਲੀਆਂ ਨੂੰ ਉਤਸ਼ਾਹਿਤ ਕਰਦੇ ਆ ਰਹੇ ਹਨ। ਨਵਾਜ਼ ਦੀ ਮਦਦ ਨਾਲ ਉਨ੍ਹਾਂ ਨੇ ਪਿਛਲੇ ਸਾਲ ਸੂਬੇ ਵਿਚ ਸਾਂਝੀ ਸਰਕਾਰ ਬਣਾਈ ਅਤੇ ਬਾਗ਼ੀਆਂ ਨਾਲ ਗੱਲਬਾਤ ਵੀ ਸ਼ੁਰੂ ਕੀਤੀ। ਇਸ ਸਭ ਦੇ ਬਾਵਜੂਦ ਉਹ ਆਪਣੇ ਸੁਰੱਖਿਆ ਬਲਾਂ ਨੂੰ ਗ਼ੈਰ-ਕਾਨੂੰਨੀ ਕੰਮ ਕਰਨ ਤੋਂ ਰੋਕਣ ਵਿਚ ਨਾਕਾਮ ਰਹੇ ਹਨ।***

ਬਣਾਉਣ ਲਈ ਦ੍ਰਿੜ੍ਹ ਹਨ। ਹਾਲ ਹੀ ਵਿਚ ਕਰਾਕੁਰਮ ਹਾਈਵੇਅ ਉੱਤੇ 23 ਕਿਲੋਮੀਟਰ ਲੰਬੀ ਇਕ ਸੁਰੰਗ ਮੁਕੰਮਲ ਕੀਤੀ ਗਈ। ਇਹ ਆਪਣੇ ਆਪ ਵਿਚ ਪ੍ਰਾਪਤੀ ਹੈ, ਪਰ ਚੀਨੀ ਅਧਿਕਾਰੀਆਂ ਨੂੰ ਵੀ ਇਹ ਪਤਾ ਹੈ ਕਿ ਬਲੋਚ ਇਲਾਕੇ ਵਿਚ ਕੰਮ ਇੰਨਾ ਆਸਾਨ ਨਹੀਂ ਹੋਵੇਗਾ।

ਬਲੋਚਿਸਤਾਨ ਵਿਚਲਾ ਵਿਦਰੋਹ ਤੇ ਗੜਬੜੀ ਇਹ ਸ਼ੰਕੇ ਪੈਦਾ ਕਰਨ ਲੱਗੀ ਕਿ ਚੀਨੀ ਮਨਸੂਬਾ ਪੂਰਾ ਵੀ ਹੋ ਸਕੇਗਾ ਜਾਂ ਨਹੀਂ। ਪਾਕਿਸਤਾਨ ਹਕੂਮਤ ਇਹ ਦਾਅਵੇ ਕਰਦੀ ਆਈ ਹੈ ਕਿ ਬਲੋਚਿਸਤਾਨ ਵਿਚ ਸਥਿਤੀ ਕਾਬੂ ਹੇਠ ਹੈ ਅਤੇ ਹਾਲਾਤ ਨੂੰ ਛੇਤੀ ਹੀ ਸਾਜ਼ਗਾਰ ਬਣਾ ਲਿਆ ਜਾਵੇਗਾ, ਪਰ ਹੁਣ ਤਕ ਦਾ ਘਟਨਾਕ੍ਰਮ ਕੋਈ ਹੋਰ ਤਸਵੀਰ ਪੇਸ਼ ਕਰਦਾ ਹੈ। ਇਸ ਸਾਲ ਜਨਵਰੀ ਮਹੀਨੇ ਬਲੋਚ ਨੈਸ਼ਨਲ ਆਰਮੀ ਨੇ ਕੌਮੀ ਬਿਜਲੀ ਗਰਿੱਡ ਉੱਤੇ ਧਾਵਾ ਬੋਲ ਕੇ ਪਾਕਿਸਤਾਨ ਦੇ 80 ਫ਼ੀਸਦੀ ਹਿੱਸੇ ਵਿਚੋਂ ਬਿਜਲੀ ਉਡਾ ਦਿੱਤੀ ਸੀ। ਬਿਜਲੀ ਸਪਲਾਈ ਨੂੰ ਬਹਾਲ ਹੁੰਦਿਆਂ 18 ਘੰਟੇ ਲੱਗ ਗਏ ਸਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹੀਆਂ ਘਟਨਾਵਾਂ ਭਾਵੇਂ ਗ਼ੈਰ-ਮਾਮੂਲੀ ਨਹੀਂ, ਫਿਰ ਵੀ ਇਨ੍ਹਾਂ ਨੂੰ ਜ਼ਿਆਦਾ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ। ਉਂਝ ਵੀ, ਪਾਕਿਸਤਾਨ ਸਰਕਾਰ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਵਾਅਦਾ ਕੀਤਾ ਹੈ ਕਿ ਕਾਸ਼ਗੜ੍ਹ-ਗਵਾਦਰ ਸੜਕ ਪ੍ਰਾਜੈਕਟ ਉੱਤੇ ਕੰਮ ਕਰਨ ਵਾਲੀ ਚੀਨੀ ਲੇਬਰ ਦੀ ਹਿਫ਼ਾਜ਼ਤ ਲਈ 10 ਹਜ਼ਾਰ ਨੀਮ ਫ਼ੌਜੀਆਂ ਦੀ ਫੋਰਸ ਖੜ੍ਹੀ ਕੀਤੀ ਜਾਵੇਗੀ।

ਅਜਿਹੇ ਵਾਅਦਿਆਂ ਦੇ ਬਾਵਜੂਦ ਚੀਨ ਦੀਆਂ ਚਿੰਤਾਵਾਂ ਦੂਰ ਨਹੀਂ ਹੋ ਰਹੀਆਂ। ਪਿਛਲੇ ਕੁਝ ਮਹੀਨਿਆਂ ਦੌਰਾਨ ਪਾਕਿਸਤਾਨ ਵਿਚ ਚੀਨੀ ਵਰਕਰਾਂ, ਖ਼ਾਸ ਕਰ ਕੇ ਇੰਜੀਨੀਅਰਾਂ ਨੂੰ ਅਗਵਾ ਕਰਨ ਜਾਂ ਉਨ੍ਹਾਂ ਦੀਆਂ ਹੱਤਿਆਵਾਂ ਕਰਨ ਵਰਗੀਆਂ ਘਟਨਾਵਾਂ ਜਾਰੀ ਹਨ। ਬਲੋਚਿਸਤਾਨ ਵਿਚ ਭਾਵੇਂ ਚੀਨੀ ਵਰਕਰ ਘੱਟ ਹਨ, ਫਿਰ ਵੀ ਉਥੇ ਇਨ੍ਹਾਂ ਨੂੰ ਅਗਵਾ ਕਰਨ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਮਾਰਚ ਮਹੀਨੇ ਬਲੋਚ ਵੱਖਵਾਦੀਆਂ ਨੇ ਇਕ ਖਣਨ ਪ੍ਰੋਜੈਕਟ 'ਤੇ ਕੰਮ ਕਰ ਰਹੀ ਚੀਨੀ ਕੰਪਨੀ ਲਈ ਬਾਲਣ ਵਜੋਂ ਤੇਲ ਲਿਜਾ ਰਹੇ ਟੈਂਕਰਾਂ ਉੱਪਰ ਹਮਲਾ ਕਰ ਕੇ ਉਨ੍ਹਾਂ ਨੂੰ ਸਾੜ ਦਿੱਤਾ ਸੀ। ਗਵਾਦਰ ਬੰਦਰਗਾਹ ਜੋ ਪ੍ਰਬੰਧਨ ਲਈ ਹਾਲ ਹੀ ਵਿਚ ਚੀਨੀ ਕੰਪਨੀ ਨੂੰ ਸੌਂਪੀ ਗਈ ਹੈ, ਨੂੰ ਉਚੇਚੇ ਤੌਰ 'ਤੇ ਵੱਖਵਾਦੀ ਹਮਲਿਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਫ਼ੌਜੀ ਜਰਨੈਲ ਸਮੁੱਚੇ ਸੂਬੇ ਵਿਚ ਵਿਦਰੋਹ ਦੇ ਪਾਸਾਰ ਲਈ ਭਾਰਤ ਨੂੰ ਵੀ ਦੋਸ਼ੀ ਦੱਸਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਭਾਰਤੀ ਖ਼ੁਫ਼ੀਆ ਏਜੰਸੀ 'ਰਾਅ' (ਰਿਸਰਚ ਐਂਡ ਐਨੇਲੇਸਿਸ ਵਿੰਗ) ਬਲੋਚਿਸਤਾਨ ਵਿਚ ਖਾੜਕੂਵਾਦ ਨੂੰ ਹਵਾ ਦੇ ਰਹੀ ਹੈ। ਉਹ ਇਸ ਪ੍ਰਸੰਗ ਵਿਚ ਅਫ਼ਗਾਨਿਸਤਾਨ ਦੇ ਸੂਬਾ ਕੰਧਾਰ ਤੇ ਜਲਾਲਾਬਾਦ (ਸੂਬਾ ਨੰਗਾਹਾਰ) ਵਿਚਲੇ ਭਾਰਤੀ ਕੌਂਸੁਲੇਟਸ ਨੂੰ ਬਲੋਚ ਦਹਿਸ਼ਤਗਰਦਾਂ ਲਈ ਪਨਾਹਗਾਹਾਂ ਦੱਸਦੇ ਹਨ। ਭਾਰਤ ਅਜਿਹੇ ਦੋਸ਼ ਰੱਦ ਕਰਦਾ ਆਇਆ ਹੈ।

2013 ਵਿਚ ਸਰਕਾਰ ਦੇ ਮੁਖੀ ਦਾ ਅਹੁਦਾ ਸੰਭਾਲਣ ਮਗਰੋਂ ਵਜ਼ੀਰੇ ਆਜ਼ਮ ਨਵਾਜ਼ ਸ਼ਰੀਫ਼ ਬਲੋਚ ਨਰਮਦਲੀਆਂ ਨੂੰ ਉਤਸ਼ਾਹਿਤ ਕਰਦੇ ਆ ਰਹੇ ਹਨ। ਨਵਾਜ਼ ਦੀ ਮਦਦ ਨਾਲ ਉਨ੍ਹਾਂ ਨੇ ਪਿਛਲੇ ਸਾਲ ਸੂਬੇ ਵਿਚ ਸਾਂਝੀ ਸਰਕਾਰ ਬਣਾਈ ਅਤੇ ਬਾਗ਼ੀਆਂ ਨਾਲ ਗੱਲਬਾਤ ਵੀ ਸ਼ੁਰੂ ਕੀਤੀ। ਇਸ ਸਭ ਦੇ ਬਾਵਜੂਦ ਉਹ ਆਪਣੇ ਸੁਰੱਖਿਆ ਬਲਾਂ ਨੂੰ ਗ਼ੈਰ-ਕਾਨੂੰਨੀ ਕੰਮ ਕਰਨ ਤੋਂ ਰੋਕਣ ਵਿਚ ਨਾਕਾਮ ਰਹੇ ਹਨ।

# ਜਾਦੂਗਰ ਵੀ ਕਹਿੰਦੇ ਨੇ ਇੱਦਾਂ ਹੋ ਤਾਂ ਨਹੀਂ ਸਕਦਾ ਪਰ...

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

*ਜਿਹੜੇ ਸੈਰ ਕਰਨ ਵੇਲੇ ਵੀ ਗੱਲਾਂ ਕਰੀ ਜਾਂਦੇ ਨੇ, ਉਨ੍ਹਾਂ ਦੇ ਢਿੱਡ ਦਾ ਅਫਾਰਾ ਤਾਂ ਘਟ ਜਾਂਦੈ, ਪਰ ਵਜ਼ਨ ਨਹੀਂ ਘਟਦਾ। ਇਨ੍ਹਾਂ ਦੀ ਹਾਲਤ ਉਸ ਮੁਟਿਆਰ ਵਰਗੀ ਹੁੰਦੀ ਹੈ ਜਿਸ ਨੇ ਪ੍ਰੇਮ ਵਿਆਹ ਤਾਂ ਸਮਾਜ ਦੀ ਹਿੱਕ ਉਤੇ ਚੜ੍ਹ ਕੇ ਕਰਵਾਇਆ ਹੁੰਦਾ ਹੈ, ਪਰ ਵਿਆਹ ਪਿਛੋਂ ਪਿਆਰ ਨੂੰ ਲਕਵਾ ਮਾਰ ਜਾਂਦਾ ਹੈ। ਅੱਜ ਕੱਲ੍ਹ ਲਗਦਾ ਨਹੀਂ ਕਿ ਮੁਹੱਬਤ ਕੈਦ ਹੋ ਗਈ ਹੈ ਅਤੇ ਕਾਮ 'ਤੇ ਲੱਗੀਆਂ ਪਾਬੰਦੀਆਂ ਹਟਾਉਣ ਦੇ ਮੁਜ਼ਾਹਰੇ ਸੜਕਾਂ, ਬਾਜ਼ਾਰਾਂ ਵਿਚ ਹੋ ਰਹੇ ਹਨ। ਦਿੱਲੀ ਬੱਸਾਂ ਵਿਚ ਵਿਲਕ ਕੇ ਹਟੀ ਹੀ ਤਾਂ ਹੈ। ਹੁਣ ਹਰ ਮਾਂ-ਬਾਪ ਦੀ ਇੱਛਾ ਤੇ ਅਰਦਾਸ ਇਹੋ ਹੈ ਕਿ ਧੀ ਜਦੋਂ ਮੁਕਲਾਵੇ ਤੋਂ ਪਰਤੇ ਤਾਂ ਚਿਹਰੇ 'ਤੇ ਖੁਸ਼ੀਆਂ ਦੇ ਗੁਲਾਬ ਟਹਿਕਦੇ ਦਿਸਣ। ਵਿਆਹ ਮਗਰੋਂ ਮੁੱਕਦਾ ਹੈ, ਰਿਸ਼ਤੇਦਾਰਾਂ ਨੇ ਹਾਲੇ ਵਿਦਿਆ ਹੋਣਾ ਹੁੰਦਾ ਹੈ; ਧੀ ਦੀਆਂ ਉਦਾਸੀਆਂ ਦਾ ਧੂੰਆਂ ਫਿਕਰਾਂ ਦੀ ਚਿਮਨੀ ਵਿਚੋਂ ਨਿਕਲਣ ਵੀ ਲੱਗ ਪੈਂਦਾ ਹੈ। ਬਹੁਤ ਸਾਰੇ ਲੋਕ ਹਿੱਕ ਠੋਕ ਕੇ ਆਖਣਗੇ, "ਤੇਰੇ ਨਾਲ ਚਟਾਨ ਵਾਂਗ ਖੜ੍ਹੇ ਹਾਂ, ਘਬਰਾ ਨਾ।" ਇਹ ਲੋਕ ਸਿਆਣੇ ਨਹੀਂ, ਉਹ ਨਹੀਂ ਜਾਣਦੇ ਕਿ ਵਕਤ ਨੇ ਬਦਲ ਜਾਣਾ ਹੁੰਦਾ ਹੈ। ਦਿਨ ਅਤੇ ਰਾਤ ਬਣੇ ਹੀ ਇਸ ਕਰ ਕੇ ਹਨ। ਇਕ ਗੀਤ ਦੀਆਂ ਸਤਰਾਂ ਹਨ, 'ਇਹ ਧਰਤੀ ਘੁੰਮਦੀ ਹੈ, ਕਿਹੜਾ ਇਕ ਜਗ੍ਹਾ 'ਤੇ ਖੜ੍ਹਦਾ, ਇਥੇ ਰੱਬ ਬਦਲ ਜਾਂਦੈ, ਚੰਗਾ ਰਹਿ ਜੇ ਜਿੰਨਾ ਚਿਰ ਪਰਦਾ।' ਜ਼ਿੰਦਗੀ ਢਕੀ ਰਹਿਣ ਦਾ ਨਾਂ ਹੀ ਬਾਪੂ ਆਸਾ ਰਾਮ ਸੀ, ਹੁਣ ਲੋਕ ਉਹਨੂੰ ਰਾਮ ਆਸਰਾ ਕਹਿਣ ਤੋਂ ਵੀ ਨੱਕ ਵੱਟ ਰਹੇ ਹਨ। ਜਾਦੂਗਰ ਤਾਂ ਖਾਲੀ ਰੁਮਾਲ ਵਿਚੋਂ ਆਂਡਾ ਕੱਢ ਹੀ ਦਿੰਦਾ ਹੈ, ਸਿਆਸੀ ਲੋਕ ਭਰਿਆ ਖਜ਼ਾਨਾ ਖਾਲੀ ਕਰ ਕੇ ਚੰਗੇ ਬਣ ਰਹੇ ਨੇ; ਸੋਚੋ ਤਾਂ ਸਹੀ, ਵੱਡਾ ਕੌਣ ਹੈ? ਲੱਗਦਾ ਨਹੀਂ, ਤਮਾਸ਼ਾ ਵੇਖਣ ਲਈ ਭੀੜ ਜੁੜ ਗਈ ਹੈ, ਡੁਗ-ਡੁਗੀ ਵੱਜਣ ਲੱਗ ਪਈ ਹੈ ਤੇ ਜਿੱਦਣ ਬੰਸਰੀ ਵੱਜ ਪਈ, ਲੋਕਾਂ ਨੇ ਵੋਟਾਂ ਵਾਲੇ ਡੱਬਿਆਂ ਜਾਂ ਮਸ਼ੀਨਾਂ ਨੂੰ ਲੱਤਾਂ ਮਾਰ ਕੇ ਚੋਣ ਨਿਸ਼ਾਨ ਕੁੱਟਣੇ ਨੇ, ਪਰ ਹਾਲੇ ਪਤਾ ਨਹੀਂ ਕਿਉਂਕਿ ਜਾਦੂ ਦਾ ਸ਼ਿਕਾਰ ਜੇ ਮੇਰੇ ਵਾਂਗ ਹੋਰ ਲੋਕ ਹੋ ਗਏ ਹਨ, ਤਾਂ ਬੰਗਾਲ ਨੇ ਕਾਲੇ ਜਾਦੂ ਦਾ ਦਾਅਵਾ ਵਾਪਸ ਲੈ ਲੈਣਾ ਹੈ। ਚਲੋ! ਖਰਬੂਜੇ ਉਤੇ ਉਕਰੀਆਂ ਕਤਲੀਆਂ ਇਹੀ ਦੱਸਦੀਆਂ ਕਿ ਬੰਦਿਆ...ਖਾਣ ਦਾ ਤਰੀਕਾ ਆਹ ਹੁੰਦੈ।*

ਕਈ ਗੱਲਾਂ ਤਾਂ ਨਿੱਕੀਆਂ ਨਿੱਕੀਆਂ ਸਨ, ਪਰ ਧਰਮ ਨੇ ਵੱਡੀਆਂ ਵੱਡੀਆਂ ਮੁਸੀਬਤਾਂ ਤੇ ਸਮੱਸਿਆਵਾਂ ਬਣਾ ਦਿੱਤੀਆਂ। ਮਨੁੱਖ ਹੱਥੋਂ ਮਨੁੱਖ ਦੀਆਂ ਝਟਕਾਈਆਂ ਜਾਂਦੀਆਂ ਗਰਦਨਾਂ ਵਾਲੀ ਵਾਰਦਾਤ ਵੇਖ ਕੇ ਬੱਕਰਾ ਖੁਸ਼ ਹੋਈ ਜਾਂਦਾ ਹੈ; ਹੁਣ ਪਤਾ ਲੱਗਾ...ਮੇਰੇ 'ਤੇ ਕੀ ਬੀਤਦੀ ਸੀ? ਧਰਮੀ ਬੰਦਿਆਂ ਹੱਥੋਂ ਇਰਾਕ ਤੇ ਸੀਰੀਆ ਵਿਚ ਪਾਪ ਹੁੰਦਾ ਵੇਖ ਕੇ ਰੱਬ ਦੀਆਂ ਚੀਕਾਂ ਨਹੀਂ, ਲੇਰਾਂ ਨਿਕਲਦੀਆਂ ਹੀ ਹੋਣਗੀਆਂ। ਅਸਲ ਵਿਚ ਮਨੁੱਖ ਚੁਸਤ ਤਾਂ ਹੋਣਾ ਹੀ ਚਾਹੀਦਾ ਸੀ; ਚਲਾਕ ਹੋ ਜਾਂਦਾ ਫਿਰ ਵੀ ਠੀਕ ਸੀ, ਪਰ ਸ਼ੈਤਾਨ ਹੀ ਬਣ ਗਿਆ ਹੈ। ਵਿਗਿਆਨ ਦੀ ਤਰੱਕੀ ਨਾਲ ਹੀ ਪਤਾ ਲੱਗਾ ਹੈ ਕਿ ਜਾਦੂ 'ਕਲਾ ਕਲੰਦਰ' ਹੀ ਹੁੰਦਾ ਹੈ, ਉਹ ਭਾਵੇਂ ਬੰਗਾਲ ਦਾ ਹੀ ਕਿਉਂ ਨਾ ਹੋਵੇ। ਬੰਦੇ ਦਾ ਸੱਪ ਬਣਾ ਦੇਣਾ, ਰੁਮਾਲ ਦਾ ਕਬੂਤਰ, ਧੜ ਦੇ ਦੋ ਹਿੱਸੇ ਕਰ ਦੇਣਾ, ਇਕ ਸਕਿੰਟ ਵਿਚ ਪੰਜ ਹਜ਼ਾਰ ਫੋਟੋ ਖਿੱਚਣ ਵਾਲੇ ਕੈਮਰੇ ਵਾਂਗ ਹੀ ਸੀ ਜਿਸ ਨੂੰ ਮਨੁੱਖੀ ਅੱਖ ਫੜ ਹੀ ਨਹੀਂ ਸੀ ਸਕਦੀ; ਤੇ ਜਾਦੂ ਵੀ ਅਤਿ ਗਤੀਸ਼ੀਲ ਪ੍ਰਕਿਰਿਆ ਦਾ ਹੀ ਕਮਾਲ ਹੈ। ਮੁਕੰਮਲ ਅਨਪੜ੍ਹ ਯੁੱਗ 'ਚ ਇਸ ਨੂੰ ਨਜ਼ਰ ਬੰਨ੍ਹ ਲੈਣਾ ਕਹਿੰਦੇ ਸੀ, ਫਿਰ ਇਸ ਨੂੰ ਹੱਥ ਦੀ ਸਫ਼ਾਈ ਕਿਹਾ ਜਾਣ ਲੱਗਾ, ਤੇ ਫਿਰ ਹੌਲੀ ਹੌਲੀ ਇਹ ਸਫ਼ਾਈ ਇੰਨੀ ਵਿਕਸਤ ਹੋਈ ਕਿ ਲੋਕੀਂ ਇਸੇ ਨਾਲ ਹੀ ਬਹੁਤਾ ਲੁੱਟੇ ਜਾ ਰਹੇ ਹਨ।

ਮੇਰਾ ਵਿਗਿਆਨ ਨਾਲ ਨੇੜਲਾ ਅਤੇ ਡੂੰਘਾ ਵਾਸਤਾ ਹੈ। ਵਿਗਿਆਨ ਨੇ ਹੀ ਨਜ਼ਰ ਬੰਨ੍ਹਣ ਨੂੰ ਹਿਪਨੋਟਿਜ਼ਮ ਦਾ ਨਾਂ ਦਿੱਤਾ ਹੈ, ਪਰ ਇਸ ਯੁੱਗ ਵਿਚ ਵੀ ਕਈ ਵਾਰ ਸੁਚੇਤ ਮਨ ਉਖੜ ਜਾਂਦਾ ਹੈ। ਇਸੇ ਲਈ ਇਸ ਜਾਦੂ ਦੀ ਕਹਾਣੀ ਨੂੰ ਤਨ, ਮਨ ਤੇ ਅੱਖਾਂ ਸਾਹਮਣੇ ਹੰਢਾਏ ਹੋਣ ਕਰ ਕੇ ਤੁਹਾਡੇ ਅੱਗੇ ਇਉਂ ਹੀ ਪੇਸ਼ ਕਰਨ ਦਾ ਯਤਨ ਕਰ ਰਿਹਾ ਹਾਂ, ਜਿਵੇਂ ਕਿਸੇ ਨੇ ਚਮਚੇ 'ਤੇ ਪੰਦਰਾਂ ਕਿੱਲੋ ਦਾ ਹਦਵਾਣਾ ਟਿਕਾ ਕੇ ਪਰੋਸ ਦਿੱਤਾ ਹੋਵੇ...

ਬੜੀ ਦੇਰ ਪਹਿਲਾਂ ਜਲੰਧਰ ਦੇ ਬੱਸ ਅੱਡੇ ਦੇ ਬਾਹਰ ਪੁਰਾਣੇ ਪਾਸਪੋਰਟ ਦਫ਼ਤਰ ਅੱਗੇ ਇਕ ਜਾਦੂਗਰ ਨੇ ਬੰਸਰੀ 'ਤੇ ਡੁਗ-ਡੁਗੀ ਵਜਾ ਕੇ ਮਜਮਾ ਲਾਇਆ ਹੋਇਆ ਸੀ। ਲੀਰਾਂ ਦੇ ਸੱਪ ਨਾਲ ਪੜ੍ਹਿਆ ਲਿਖਿਆ, ਸੂਟਡ-ਬੂਟਡ ਮੁੰਡਾ ਜਾਦੂਗਰ ਸਾਹਮਣੇ ਬੈਠਾ ਤਾਂ ਮਸ਼ਕਰੀ ਲਹਿਜ਼ੇ ਵਿਚ ਸੀ, ਪਰ ਚੰਦ ਕੁ ਮਿੰਟਾਂ ਵਿਚ ਧਾਹਾਂ ਮਾਰਨ ਲੱਗ ਪਿਆ। ਉਹਦੇ ਬਹਿੰਦੇ ਸਾਰ ਜਾਦੂਗਰ ਨੇ ਕਹਿ ਵੀ ਦਿੱਤਾ ਸੀ ਕਿ ਤੇਰੀ ਸ਼ੁਕੀਨੀ, ਆਕੜ ਤੇ ਫੂਕ ਕੱਢਣ ਨੂੰ ਦੋ ਮਿੰਟ ਨਹੀਂ ਲੱਗਣੇ।

ਉਹਦੇ ਦੁਆਲੇ ਬੰਸਰੀ ਤੇ ਡੁਗ-ਡੁਗੀ ਵਜਾ ਕੇ ਦੋ ਕੁ ਗੇੜੇ ਦਿੱਤੇ, ਤੇ ਨਾਲ ਹੀ ਕਹਿ ਦਿੱਤਾ, "ਚੱਲ ਕਾਲੀ ਕਲਕੱਤੇ ਵਾਲੀ...ਤੇਰਾ ਵਾਰ ਨਾ ਜਾਏ ਖਾਲੀ।" ਜਾਦੂਗਰ ਪੰਦਰਾਂ-ਸੋਲਾਂ ਸਾਲਾਂ ਦੇ ਇਸ ਮੁੰਡੇ ਨੂੰ ਆਖਣ ਲੱਗਾ, "ਓਏ ਮੁੰਡਿਆ, ਤੂੰ ਮਰਦ ਐਂ ਕਿ ਖੁਸਰਾ?"

ਉਹ ਝੱਟ ਬੋਲਿਆ, "ਦੀਂਹਦਾ ਨਹੀਂ?"

"ਦੀਂਹਦਾ ਹੁੰਦਾ ਤਾਂ ਪੁੱਛਦਾ ਕਾਹਨੂੰ? ਤੂੰ ਖੁਸਰਾ ਐਂ, ਸਾਰੇ ਲੋਕਾਂ 'ਚ ਹੁਣੇ ਤੇਰਾ ਭੇਤ ਖੋਲ੍ਹ ਦਿਆਂਗੇ, ਤੇ ਆਥਣ ਨੂੰ ਜ਼ੋਰਾਵਰ ਲੈ ਜਾਣਗੇ।"

ਸੀ ਤਾਂ ਉਹ ਮੁੰਡਾ ਹੀ, ਪਰ ਪਤਾ ਨਹੀਂ ਕੀ ਜਾਦੂ ਚੱਲਿਆ, ਲੱਗ ਪਿਆ ਦੁਹਾਈਆਂ ਦੇਣ...ਚੁੱਕ ਲਏ ਪੱਥਰ। ਆਖੇ...ਤੂੰ ਬਣਾਇਆ ਹੁਣ। ਨਾਲੇ ਰੋਵੇ, ਨਾਲੇ ਗਾਲ੍ਹਾਂ ਕੱਢੇ। ਜਾਦੂਗਰ ਬੋਲਿਆ, "ਬੰਦਾ ਬਣ ਕੇ ਮੂੰਹ ਬੰਦ ਕਰ ਲੈ, ਨਹੀਂ ਤਾਂ ਖੁਸਰਾ ਈ ਤੋਰੂੰ ਘਰ ਨੂੰ।"

ਤੇ 15-20 ਮਿੰਟ ਉਹਨੂੰ ਤੜਫਾ ਕੇ ਫਿਰ ਉਹਦੇ ਦੁਆਲੇ ਸਾਜ਼ ਵਜਾਏ ਤਾਂ ਮੁੰਡੇ ਦਾ ਮੁੜ ਕੇ ਮਰਦ ਬਣਿਆ ਹੋਣ ਕਰ ਕੇ ਹਾਸਾ ਵੀ ਨਿਕਲ ਗਿਆ ਤੇ ਭੀੜ ਵਿਚੋਂ ਆਪ ਵੀ ਨਿਕਲ ਗਿਆ।

ਇਹ ਭੇਤ ਮੈਨੂੰ ਹਾਲੇ ਤੱਕ ਵਿਗਿਆਨ ਵਿਚੋਂ ਕਿਤੋਂ ਨਹੀਂ ਲੱਭਾ।

ਅਗਲਾ ਜਾਦੂ ਇਹ ਸੀ ਕਿ ਪੜ੍ਹੇ ਲਿਖੇ ਲੋਕਾਂ ਨੇ ਵੀ ਮੱਲੋ-ਮੱਲੀ ਜੇਬਾਂ ਵਿਚੋਂ ਨੋਟ ਕੱਢ ਲਏ। ਜਾਦੂਗਰ ਨੇ ਲਲਕਾਰ ਕੇ, ਤੇ ਬੜੇ ਭਰੋਸੇ ਨਾਲ ਭੀੜ ਨੂੰ ਕਿਹਾ, "ਕੋਈ ਹੈ ਤੁਹਾਡੇ ਵਿਚੋਂ ਜਿਹੜਾ ਪਾਣੀ ਨਾਲ ਅੱਗ ਲਾ ਸਕਦੈ?" ਜਦੋਂ ਸਾਰਿਆਂ ਨੇ ਨਾਂਹ ਵਿਚ ਸਿਰ ਹਿਲਾਇਆ ਤਾਂ ਉਹਨੇ ਵਿਚਾਲੇ ਰੱਖੀਆਂ ਹੱਡੀਆਂ ਉਤੇ ਪਾਣੀ ਦੀ ਗੜਵੀ ਵਿਚੋਂ ਛਿੱਟਾ ਮਾਰ ਕੇ ਅੱਗ ਲਾ ਦਿੱਤੀ।

ਡੇਢ ਕੁ ਘੰਟੇ ਦੀ ਖੇਡ ਵਿਚ ਉਹ ਰੱਜਵੀਂ ਦਿਹਾੜੀ ਪਾ ਕੇ ਝੋਲੀ ਚੁੱਕ ਤੁਰ ਗਿਆ।

ਉਦੋਂ ਮੈਂ ਹਾਲੇ ਦਸਵੀਂ ਪਾਸ ਕਰ ਕੇ ਹਟਿਆ ਸਾਂ ਅਤੇ ਅੱਗ ਲਾਉਣ ਦਾ ਭੇਤ ਹੁਣ ਜਾਣ ਗਿਆ ਹਾਂ। ਉਹਨੇ ਹੱਡੀਆਂ ਨੂੰ ਕੈਮੀਕਲ ਲਾਇਆ ਹੋਇਆ ਸੀ ਜੋ ਪਾਣੀ ਨਾਲ ਮਿਲ ਕੇ ਅੱਗ ਪੈਦਾ ਕਰਦਾ ਹੈ। ਇਥੋਂ ਹੀ ਜਾਦੂ ਵਿਚ ਮੇਰੀ ਦਿਲਚਸਪੀ ਬਣ ਗਈ ਅਤੇ ਇਹ ਭੇਤ ਜਾਣਨ ਦੀ ਉਤਸੁਕਤਾ ਵੀ ਰਹੀ। ਧੀਮੀ ਗਤੀ ਨਾਲ ਮੈਂ ਹੁਣ ਵੀ ਕਈਆਂ ਨੂੰ ਹਿਪਨੋਟਾਈਜ਼ ਕਰ ਸਕਦਾ ਹਾਂ, ਪਰ ਦੇਰ ਬਾਅਦ ਇਕ ਜਾਦੂਗਰ ਨੇ ਮੈਨੂੰ ਹੀ ਦਿਨ-ਦੀਵੀ ਆਪਣੇ ਜਾਦੂ ਦੀ ਲਪੇਟ ਵਿਚ ਲੈ ਕੇ ਪੂਰੇ ਦਾ ਪੂਰਾ ਅਗਿਆਨੀ ਬਣਾ ਦਿੱਤਾ।

ਰਾਜਸਥਾਨੀਏ ਜਾਦੂਗਰ ਸਮਰਾਟ ਸ਼ੰਕਰ ਦੇ ਨਾਂ ਤੋਂ ਜਾਦੂ ਨੂੰ ਮੁਹੱਬਤ ਕਰਨ ਵਾਲੇ ਲੋਕ ਬਹੁਤ ਚੰਗੀ ਤਰ੍ਹਾਂ ਵਾਕਿਫ਼ ਹਨ। ਨਵੇਂ ਜਾਦੂਗਰ ਉਸ ਨੂੰ ਗੁਰੂ ਵਾਂਗ ਪੂਜਦੇ ਹਨ। ਉਹ ਤਾਂ ਹੁਣ ਦੁਨੀਆਂ 'ਤੇ ਨਹੀਂ, ਪਰ ਉਸ ਦਾ ਪੁੱਤ ਬਾਪੂ ਦੇ ਪੌਂਚੇ 'ਚ ਪੈਰ ਫਸਾ ਕੇ ਜ਼ਰੂਰ ਚੱਲ ਰਿਹਾ ਹੈ।

ਗੱਲ 1994-95 ਦੀ ਹੋਵੇਗੀ। ਨਵਾਂ ਸ਼ਹਿਰ ਦੇ ਸਤਲੁਜ ਸਿਨਮੇ ਵਿਚ ਇਕ ਮਹੀਨੇ ਦੇ ਕਰੀਬ ਉਹਦਾ ਸ਼ੋਅ ਚੱਲਿਆ। ਉਹਦੇ ਸ਼ੋਅ ਦੀ ਖਾਸ ਆਈਟਮ ਸੀ, ਕੁੜੀ ਨੂੰ ਪੰਡਾਲ ਵਿਚੋਂ ਸੱਦਣਾ ਤੇ ਫਿਰ ਹਵਾ ਵਿਚ ਉਡਾਉਣਾ। ਮੈਂ ਆਪਣੇ ਪਰਿਵਾਰ ਨਾਲ ਗਿਆ ਅਤੇ ਦਿੱਲੀ ਤੋਂ ਆਈ ਬੀ.ਐਸ ਸੀ. ਕਰ ਰਹੀ ਆਪਣੀ ਭਾਣਜੀ ਨੂੰ ਇਹ ਕਹਿ ਕੇ ਨਾਲ ਲੈ ਗਿਆ ਕਿ ਜਦੋਂ ਹੀ ਸਮਰਾਟ ਸ਼ੰਕਰ ਇਸ ਜਾਦੂ ਲਈ ਆਵਾਜ਼ ਮਾਰੇ, ਤੂੰ ਉਠ ਕੇ ਭੱਜ ਜਾਈਂ ਅਤੇ ਬਾਅਦ ਵਿਚ ਦੱਸੀਂ ਕਿ ਹੋਇਆ ਕੀ ਸੀ।

ਉਹੀ ਗੱਲ ਹੋਈ, ਜਦੋਂ ਹਵਾ ਵਿਚ ਉਡਾਉਣ ਲਈ ਉਸ ਨੇ ਦਰਸ਼ਕਾਂ ਵਿਚੋਂ ਆਵਾਜ਼ ਮਾਰੀ ਤਾਂ ਮੇਰੀ ਭਾਣਜੀ ਅੱਖ ਝਪਕਦਿਆਂ ਮੰਚ ਉਤੇ। ਜਾਦੂਗਰ ਨੇ ਉਹਦੀਆਂ ਅੱਖਾਂ ਅੱਗੇ ਦੋ ਕੁ ਵਾਰ ਹੱਥ ਘੁਮਾਇਆ ਤਾਂ ਦੋ ਜਣਿਆਂ ਨੇ ਕੁੜੀ ਨੂੰ ਚੁੱਕ ਕੇ ਸਟੈਂਡ 'ਤੇ ਲਿਟਾ ਦਿੱਤਾ। ਉਹਦੀਆਂ ਅੱਖਾਂ ਬੰਦ ਕਰਾ ਦਿੱਤੀਆਂ। ਫਿਰ ਦੁਆਲੇ ਕਾਲਾ ਕੱਪੜਾ ਘੁਮਾਇਆ ਅਤੇ ਕੱਢ ਦਿੱਤਾ ਹੇਠੋਂ ਸਟੈਂਡ। ਕੁੜੀ ਦੇ ਸਰੀਰ ਦੁਆਲੇ ਲੋਹੇ ਦਾ ਰਿੰਗ ਵੀ ਘੁਮਾ ਦਿੱਤਾ ਤੇ ਆਪਣੇ ਹੱਥ ਦੇ ਇਸ਼ਾਰੇ ਨਾਲ ਕੁੜੀ ਦੇ ਸਰੀਰ ਨੂੰ ਉਪਰ ਥੱਲੇ ਵੀ ਕੀਤਾ। ਵੱਜ ਗਈਆਂ ਤਾਲੀਆਂ, ਗੂੰਜ ਪਿਆ ਸਿਨੇਮਾ ਹਾਲ। ਕੁੜੀ ਫਿਰ ਸਟੈਂਡ 'ਤੇ ਲਿਟਾਈ, ਅੱਖਾਂ ਅੱਗੇ ਹੱਥ ਘੁੰਮਾਇਆ ਤੇ ਆ ਗਈ ਸਾਡੇ ਵਿਚ। ਘਰ ਆ ਕੇ ਮੈਂ ਪੁੱਛਿਆ ਤਾਂ ਉਹ ਕਹਿੰਦੀ, "ਮੈਨੂੰ ਤਾਂ ਉਦੋਂ ਤੱਕ ਹੀ ਪਤਾ ਸੀ ਜਦੋਂ ਉਪਰ ਗਈ, ਜਾਦੂਗਰ ਦੇ ਅੱਖਾਂ ਮੂਹਰੇ ਹੱਥ ਘੁਮਾਉਣ ਤੋਂ ਬਾਅਦ ਉਦੋਂ ਹੀ ਪਤਾ ਲੱਗਾ, ਜਦੋਂ ਦੋ ਜਣਿਆਂ ਨੇ ਮੈਨੂੰ ਫੜ ਕੇ ਖੜ੍ਹਾ ਕੀਤਾ, ਤੇ ਉਹਨੇ ਦੁਬਾਰਾ ਅੱਖਾਂ ਅੱਗੇ ਸੱਜਾ ਹੱਥ ਘੁਮਾਇਆ।"

ਇਹ ਭੇਤ ਜਾਣਨ ਲਈ ਮੇਰੇ ਅੰਦਰ ਹਲਚਲ ਮੱਚ ਗਈ। ਨਵਾਂ ਸ਼ਹਿਰ ਤਾਂ ਮੈਂ ਮਿਲ ਨਾ ਸਕਿਆ, ਪਰ ਅਗਲੇ ਸ਼ੋਅ ਫਗਵਾੜੇ ਦੇ 'ਇਲੀਟ' ਸਿਨਮੇ ਵਿਚ ਸਨ। ਠਹਿਰਿਆ ਉਹ ਪੰਜਾਬ ਟੂਰਿਜ਼ਮ ਦੇ ਰੈਸਟੋਰੈਂਟ 'ਬਲਿਊ ਬੈਲ' ਵਿਚ ਸੀ ਜਿਥੇ ਕਾਲਜ ਪੜ੍ਹਨ ਵੇਲੇ ਚਾਹ ਨਾਲ ਪਨੀਰ ਦੇ ਪਕੌੜੇ ਬੜੇ ਖਾਧੇ ਸਨ। 'ਅਜੀਤ' ਦਾ ਹਵਾਲਾ ਦੇ ਕੇ ਫਿਰ ਜਾਦੂਗਰ ਸਮਰਾਟ ਨੂੰ ਮਿਲਣ ਦਾ ਸਮਾਂ ਮਿਲ ਹੀ ਗਿਆ।

ਦੋ ਨੰਬਰ ਕਮਰੇ 'ਚ ਜਦੋਂ ਮੈਂ ਉਹਨੂੰ ਮਿਲਣ ਗਿਆ ਤਾਂ ਉਹ ਭੱਜ ਕੇ ਮਿਲਣ ਲਈ ਆਇਆ, ਘੁੱਟ ਕੇ ਜੱਫ਼ੀ ਪਾਈ ਤੇ ਮੇਰੇ ਮੂੰਹ 'ਤੇ ਹੱਥ ਫੇਰ ਕੇ ਕਹਿੰਦਾ, "ਦਾੜ੍ਹੀ ਕਿਤਨੀ ਅੱਛੀ ਲਗਤੀ ਹੈ, ਥੋੜ੍ਹੀ ਛੋਟੀ ਰੱਖੋ ਨਾ।" ਟੇਬਲ ਦੁਆਲੇ ਰੱਖੀਆਂ ਦੋ ਕੁਰਸੀਆਂ 'ਤੇ ਅਸੀਂ ਆਹਮੋ-ਸਾਹਮਣੇ ਬੈਠ ਗਏ। ਰਸਮੀ ਗੱਲਾਂ ਦੌਰਾਨ ਉਹਨੇ ਕਿਹਾ, "ਕਿਤਨੀ ਦੇਰ ਸੇ ਆਪ ਜਰਨਲਿਜ਼ਮ ਸੇ ਜੁੜੇ ਹੂਏ ਹੋ?"

"ਕਰੀਬ ਪੰਦਰਾਂ-ਸੋਲਾਂ ਸਾਲਾਂ ਤੋਂ।" ਜਵਾਬ ਮੈਂ ਪੰਜਾਬੀ ਵਿਚ ਹੀ ਦਿੱਤਾ।

ਟੇਬਲ ਉਤੇ ਪਏ ਕੱਚ ਦੇ ਖਾਲੀ ਗਲਾਸ ਹੇਠੋਂ ਉਸ ਨੇ ਪੁਰਾਣੀ ਪਈ ਅੰਗਰੇਜ਼ੀ ਟ੍ਰਿਬਿਊਨ ਅਖਬਾਰ ਕੱਢੀ, ਉਹਦੀ ਇਕ ਤਹਿ ਹੋਰ ਲਾਈ ਤੇ ਉਪਰਲਾ ਸਿਰਾ ਗਲਾਸ ਵੱਲ ਟੇਢਾ ਕਰ ਕੇ ਨੱਕੋ-ਨੱਕ ਭਰ ਦਿੱਤਾ ਤੇ ਕਹਿਣ ਲੱਗਾ, "ਆਪ ਪੀਜੀਏ ਨਾ...ਕੋਕਾ ਕੋਲਾ ਹੈ।"

ਮੈਂ ਹਾਲਾਂਕਿ ਤੈਅ ਕਰ ਕੇ ਗਿਆ ਸਾਂ ਕਿ ਉਹ ਮੈਨੂੰ ਹਿਪਨੋਟਾਈਜ਼ ਨਹੀਂ ਕਰ ਸਕੇਗਾ, ਪਰ ਮੈਨੂੰ ਕਈ ਕੁਝ ਅਜੀਬ ਜਿਹਾ ਵਾਪਰਦਾ ਲੱਗ ਰਿਹਾ ਸੀ।

ਮੈਂ ਅੱਧਾ ਗਲਾਸ ਪੀਤਾ ਤੇ ਮੇਰੇ ਚਿਹਰੇ 'ਤੇ ਹੈਰਾਨੀ ਦੀ ਝਲਕ ਵੇਖ ਤਾੜੀ ਵਜਾ ਕੇ ਇਕ ਹੱਥ ਦੀ ਤਲੀ ਮੇਰੇ ਅੱਗੇ ਕਰ ਕੇ ਕਹਿਣ ਲੱਗਾ, "ਲੋ ਬਦਾਮ ਖਾਓ।"

"ਹੈਂ!"

"ਅਸਲੀ ਹੈਂ।"

ਖਾ ਲਏ ਹੱਸ ਕੇ, ਫਿਰ ਕਿੰਨਾ ਚਿਰ ਜਾਦੂ ਬਾਰੇ, ਉਹਦੇ ਪਿਛੋਕੜ ਬਾਰੇ, ਕਿਥੇ-ਕਿਥੇ ਸ਼ੋਅ ਕੀਤੇ, ਲੰਮੀਆਂ ਗੱਲਾਂ ਹੁੰਦੀਆਂ ਰਹੀਆਂ।

ਅਖਬਾਰ ਵਿਚੋਂ ਕੋਕ ਪਿਲਾਉਣ ਦਾ ਭੇਤ ਤਾਂ ਹੁਣ ਮੈਂ ਵੀ ਜਾਣਦਾ ਹਾਂ, ਪਰ ਕਾਂ ਦੇ ਕਬੂਤਰ, ਜਾਂ ਗੁੰਗੇ ਅੱਗੇ ਕਥਾ ਕਰਦੇ ਜਿਹੜੇ ਮੈਂ ਵੇਖੇ, ਉਹ ਤੁਹਾਨੂੰ ਵੀ ਸ਼ਸ਼ੋਪੰਜ ਵਿਚ ਜ਼ਰੂਰ ਪਾਉਣਗੇ।

ਗੱਲਾਂ ਕਰਦਿਆਂ ਉਹ ਮੇਰੀ ਕੁਰਸੀ ਦੇ ਹੇਠਾਂ ਵੱਲ ਨਜ਼ਰਾਂ ਘੁਮਾਉਂਦਿਆਂ ਕਹਿਣ ਲੱਗਾ, "ਯੇਹ ਆਪ ਕਾ ਤੋ ਕੁਛ ਨਹੀਂ ਗਿਰਾ?"

ਮੇਰੇ ਹੱਥ ਵਿਚ ਫੜੀ 'ਅਜੀਤ' ਅਖਬਾਰ ਦਾ ਫਿਲਮੀ ਅੰਕ ਹੇਠਾਂ ਡਿੱਗ ਪਿਆ ਸੀ। ਮੈਂ ਬੈਠੇ ਬੈਠੇ ਨੇ ਹੇਠੋਂ ਅਖਬਾਰ ਚੁੱਕੀ ਤਾਂ ਅੱਗੇ ਚਾਹ ਨਾਲ ਭਰੇ ਦੋ ਕੱਪ ਤੇ ਬਿਸਕੁਟ ਟਰੇਅ ਵਿਚ ਰੱਖੇ ਅੱਗੇ ਪਏ ਸਨ।

ਮੈਂ ਉਲਝ ਰਿਹਾ ਸਾਂ ਕਿ ਅੰਦਰ ਤਾਂ ਕੋਈ ਆਇਆ ਹੀ ਨਹੀਂ, ਦਰਵਾਜ਼ਾ ਬੰਦ ਹੈ, ਇਹ ਕਿਵੇਂ ਹੋ ਗਿਆ? ਉਹ ਮੇਰੇ ਪੁੱਛਣ ਉਤੇ ਕਹਿਣ ਲੱਗਾ, "ਆਪ ਨੇ ਦੇਖਾ ਨਹੀਂ, ਅਭੀ ਜਬ ਤੁਮ ਅਪਨੀ ਕੁਰਸੀ ਕੇ ਨੀਚੇ ਸੇ ਪੇਪਰ ਉਠਾ ਰਹੇ ਥੇ, ਤਭੀ ਵੇਟਰ ਛੋੜ ਕਰ ਗਯਾ ਹੈ।"

ਮਨ ਨਹੀਂ ਸੀ ਮੰਨਦਾ ਕਿ ਕੋਈ ਬਿਨਾਂ ਦਰਵਾਜ਼ਾ ਖੋਲ੍ਹਿਆਂ ਅੰਦਰ ਆਇਆ ਹੋਵੇ, ਹੋਰ ਕੋਈ ਅੰਦਰ ਹੈ ਵੀ ਨਹੀਂ ਸੀ!

"ਚੀਨੀ ਹੈ ਹੀ ਨਹੀਂ?"

ਉਹਨੇ ਮੇਰੀ ਜੇਬ ਵਿਚੋਂ ਖੰਡ ਦੀ ਪੁੜੀ ਕੱਢ ਕੇ ਕਿਹਾ, "ਵੇਟਰ ਨੇ ਯਹਾਂ ਡਾਲ ਦੀ ਥੀ।"

"ਯਹ ਕੈਸੇ ਹੋ ਰਹਾ ਹੈ?" ਮੈਂ ਹਿੰਦੀ ਬੋਲਣ ਲੱਗ ਪਿਆ ਸਾਂ।

"ਜਨਾਬ! ਸਾਧਾਰਨ ਆਦਮੀ ਕੇ ਸਾਮਨੇ ਨਹੀਂ, ਆਪ ਜਾਦੂਗਰ ਸਮਰਾਟ ਸ਼ੰਕਰ ਕੇ ਸਾਮਨੇ ਹੋ। ਐਸਾ ਤੋ ਹੋਗਾ ਹੀ।"

ਹੱਥ ਦੀ ਸਫ਼ਾਈ ਫੜਨ ਲਈ ਮੈਂ ਕਾਫ਼ੀ ਚੁਕੰਨਾ ਹੋ ਰਿਹਾ ਸਾਂ। ਉਹਨੇ ਆਪਣਾ ਕੱਪ ਮੇਰੇ ਅੱਗੇ ਕਰਦਿਆਂ ਕਿਹਾ, "ਆਪ ਚਾਏ ਪੀ ਰਹੇ ਹੋ, ਮੈਂ ਤੋ ਦੂਧ ਪੀਤਾ ਹੂੰ।"

ਇਹ ਮੈਨੂੰ ਪੂਰਾ ਯਕੀਨ ਸੀ ਕਿ ਪਹਿਲਾਂ ਤਾਂ ਦੋਵਾਂ ਕੱਪਾਂ ਵਿਚ ਚਾਹ ਸੀ।

ਬਿਸਕੁਟ ਵੀ ਖਾ ਲਏ, ਤੇ ਜਦੋਂ ਕੱਪ ਖਾਲੀ ਕਰ ਕੇ ਮੈਂ ਟੇਬਲ 'ਤੇ ਰੱਖਿਆ ਤਾਂ ਜਾਦੂਗਰ ਦਾ ਅਗਲਾ ਸਵਾਲ ਸੀ, "ਕਿਤਨੇ ਪੈਸੇ ਹੈਂ ਆਪ ਕੇ ਪਾਸ?"

ਮੈਨੂੰ ਪਤਾ ਸੀ ਕਿ ਆਇਆ ਤਾਂ ਪੱਤਰਕਾਰ ਬਣ ਕੇ ਮੁਲਾਕਾਤ ਕਰਨ ਸਾਂ, ਪਰ ਝੁਰਲੂ ਜਿਹਾ ਬਣਦਾ ਜਾ ਰਿਹਾ ਸਾਂ, ਕਿਹਾ, "ਚਾਰ-ਪਾਂਚ ਸੌ ਹੋਗਾ।"

"ਦਿਖਾਨਾ ਜ਼ਰਾ?"

ਪੈਂਟ ਦੀ ਪਿਛਲੀ ਜੇਬ ਨੂੰ ਹੱਥ ਲਾਇਆ ਤਾਂ ਖਾਲੀ। ਉਹ ਹੱਸ ਪਿਆ ਖੁੱਲ੍ਹ ਕੇ, "ਬੱਸ ਮੇਂ ਆਏ ਹੋਂਗੇ ਨਾ ਬੰਗਾ ਸੇ, ਕਾਟੀ ਗਈ। ਘਬਰਾਈਏ ਮਤ, ਕਿਰਾਇਆ ਮੈਂ ਦੇ ਦੂੰਗਾ।"

ਮੈਨੂੰ ਪਤਾ ਸੀ ਕਿ ਮੈਂ ਉਹਦੇ ਕਮਰੇ ਦੇ ਬਾਹਰ ਪਹਿਲਾਂ ਪਿਛਲੀ ਜੇਬ ਵਿਚੋਂ ਕੰਘੀ ਕੱਢ ਕੇ ਸਿਰ ਵਾਹਿਆ ਸੀ, ਉਦੋਂ ਤਾਂ ਬਟੂਆ ਸੀ। ਸ਼ਾਇਦ ਡਿੱਗ ਵੀ ਪਿਆ ਹੋਵੇ। ਪੈਸੇ ਊਂ ਹਜ਼ਾਰ ਕੁ ਤੋਂ ਵੱਧ ਸਨ।

ਨੁਕਸਾਨ ਹੋਣ ਕਰ ਕੇ ਮੇਰੇ ਗੱਲਬਾਤ ਕਰਨ ਵਿਚ ਕੁਦਰਤੀ ਫਿੱਕਾਪਣ ਆ ਗਿਆ ਸੀ।

ਮੱਥੇ ਦੀਆਂ ਤਾਂ ਚਲੋ ਨਾ ਵੀ ਪੜ੍ਹਨੀਆਂ ਆਉਂਦੀਆਂ ਹੋਣਗੀਆਂ ਉਸ ਨੂੰ, ਪਰ ਚਿਹਰੇ ਦੀਆਂ ਜਾਦੂਗਰ ਨੇ ਜ਼ਰੂਰ ਪੜ੍ਹ ਲਈਆਂ ਲੱਗਦੀਆਂ ਸਨ। ਉਹ ਹੱਸ ਪਿਆ, ਕਹਿਣ ਲੱਗਾ, "ਪੱਤਰਕਾਰ ਸਾਹਿਬ, ਵੋਹ ਸਾਮਨੇ ਹਮਾਰਾ ਬੈਡ ਹੈ, ਉਸ ਕੇ ਤਕੀਏ ਕੇ ਨੀਚੇ ਪੜੇ ਹੈਂ ਆਪ ਕੇ 1309 ਰੁਪਏ, ਔਰ ਯੇਹ ਲੋ ਆਪਕਾ ਪਰਸ।"

ਬਟੂਆ ਕਦੋਂ ਨਿਕਲ ਗਿਆ, ਪੈਸੇ ਕਦੋਂ ਗਿਣੇ ਗਏ, ਸਿਰਹਾਣੇ ਥੱਲੇ ਕਿਵੇਂ ਚਲੇ ਗਏ, ਬਟੂਆ ਉਹਦੀ ਜੇਬ ਵਿਚ ਕਿਵੇਂ ਗਿਆ? ਮੇਰੇ ਲਈ ਇਹ ਮਸਲਾ ਉਵੇਂ ਸੀ ਜਿਵੇਂ ਸੁਨਿਆਰ ਨੂੰ ਸੋਨਾ ਕੋਈ ਨਕਲੀ ਵੇਚ ਰਿਹਾ ਹੋਵੇ।

"ਆਪ ਅਭੀ ਪੱਤਰਕਾਰ ਨਹੀਂ ਬਨੇ, ਅਪਨਾ ਸਾਮਾਨ ਖੋਏ ਬੈਠੇ ਹੋ। ਅਰੇ ਭਾਈ, ਮੀਡੀਆ ਕਾ ਕਾਮ ਤੋ ਬੜਾ ਜ਼ਿੰਮੇਵਾਰੀ ਕਾ ਹੋਤਾ ਹੈ।" ਉਹਨੇ ਵਿਅੰਗ ਵਿਚ ਉਵੇਂ ਕਿਹਾ ਜਿਵੇਂ ਢਿੱਡ ਦੁਖਦੇ ਬੰਦੇ ਦੀ ਵੱਖੀ ਵਿਚ ਵਾਰ ਵਾਰ ਕੋਈ ਘਸੁੰਨ ਮਾਰ ਰਿਹਾ ਹੋਵੇ। ਚਲੋ ਹੱਥ ਦੀ ਸਫ਼ਾਈ ਤਾਂ ਮੰਨ ਲੈਂਦੇ ਆਂ, ਪਰ ਦਿਨੇ ਹਨ੍ਹੇਰ ਪੈ ਰਿਹਾ ਸੀ, ਹੈਰਾਨੀ ਇਹ ਸੀ।

ਮੈਂ ਪੁੱਛਿਆ, "ਕੁਛ ਬਤਾ ਤੋ ਦੋ, ਯੇਹ ਕੈਸੇ ਹੋ ਗਯਾ ਹੈ?"

"ਜਿਸ ਦਿਨ ਭਾਈ ਯੇਹ ਬਤਾਨੇ ਲਗ ਪੜੇ, ਫਿਰ ਤੋ ਚਲ ਗਯਾ ਸਮਰਾਟ ਕਾ ਜਾਦੂ! ਕੱਲ੍ਹ ਡੀ.ਸੀ. ਸਾਹਬ ਕਾ ਸ਼ੋਅ ਨੇ ਤਲਾਕ ਕਰਵਾ ਦੀਆ, ਤੋ ਉਸ ਕੀ ਬੀਵੀ ਵੀ ਪੂਛਤੀ ਥੀ, ਅਰੇ ਯੇਹ ਕੈਸੇ ਹੋ ਗਯਾ? ਅਸ਼ੋਕ, ਜਾਦੂਗਰ ਤੋ ਜਾਦੂਗਰ ਕੋ ਕੁਛ ਨਹੀਂ ਬਤਾਏਗਾ, ਆਪ ਕੋ ਕਹਾਂ?"

ਅਖਬਾਰ ਵਿਚ ਲਿਖਣ ਲਈ ਮੁਲਾਕਾਤ ਲਗਭਗ ਮੁਕੰਮਲ ਸੀ। ਮੈਂ ਜਾਣ ਲਈ ਕਿਹਾ ਤਾਂ ਉਹ ਬੋਲਿਆ, "ਅਰੇ ਭਾਈ, ਐਸੇ ਥੋੜ੍ਹਾ ਨਾ...ਬਾਹਰ ਛੋੜ ਕੇ ਆਏਂਗੇ।"

ਰਿਸੈਪਸ਼ਨ ਵਾਲੇ ਕਾਊਂਟਰ 'ਤੇ ਅਸੀਂ ਕੁਝ ਪਲ ਲਈ ਰੁਕੇ ਤਾਂ ਉਹਨੇ ਟੇਢਾ ਜਿਹਾ ਸਵਾਲ ਹੋਰ ਕਰ ਦਿੱਤਾ, "ਆਪ ਕੀ ਬੀਵੀ ਕਾ ਨਾਮ ਕਸ਼ਮੀਰ ਕੌਰ ਹੈ?"

ਨਾ ਉਹਦਾ ਕਿਤੇ ਜ਼ਿਕਰ ਹੋਇਆ, ਨਾ ਉਹ ਪਹਿਲਾਂ ਕਿਤੇ ਮਿਲਿਆ...ਨਾਂ ਦਾ ਉਹਨੂੰ ਕਿਵੇਂ ਪਤਾ ਲੱਗ ਗਿਆ ਤੇ ਲਗਦੇ ਹੱਥ ਹੀ ਉਹਨੇ ਆਪਣੀ ਕਮੀਜ਼ ਦੀ ਜੇਬ ਵਿਚੋਂ ਪਾਸਪੋਰਟ ਸਾਈਜ਼ ਫੋਟੋ ਕੱਢ ਕੇ ਮੇਰੇ ਵੱਲ ਕਰਦਿਆਂ ਕਿਹਾ, "ਯਹੀ ਹੈ ਨਾ ਕਸ਼ਮੀਰ? ਅਰੇ ਭਾਈ ਬੀਵੀ ਕੀ ਫੋਟੋ ਤੋ ਐਸੇ ਨਾ ਫੈਂਕ ਦੀਆ ਕਰੋ।"

ਮੈਂ ਚੁੱਪ ਸਾਂ, ਤੇ ਨਾਲ ਹੀ ਉਹਨੇ ਕਾਊਂਟਰ ਤੋਂ ਕੰਘੀ ਚੁੱਕ ਕੇ ਫੜਾ ਦਿੱਤੀ, "ਯੇਹ ਭੀ ਆਪਕੀ ਹੀ ਹੈ ਨਾ?" ਮੈਂ ਪੈਂਟ ਦੀ ਪਿਛਲੀ ਜੇਬ ਦੇਖੀ, ਕੰਘੀ ਹੈ ਹੀ ਨਹੀਂ ਸੀ।

ਹੱਸਦਿਆਂ ਜਦੋਂ ਬਾਹਰ ਨਿਕਲਣ ਲੱਗੇ ਤਾਂ ਉਹਨੇ ਮੇਰਾ ਹੱਥ ਘੁੱਟ ਕੇ ਕਿਹਾ, "ਯੇਹ ਲੋ ਚਾਏ ਪਾਨੀ ਪੀ ਲੇਨਾ।" ਪੰਜ ਸੌ ਦਾ ਨੋਟ ਉਹਨੇ ਮੈਨੂੰ ਫੜਾਇਆ, ਨਾਂਹ ਨਾਂਹ ਕਰਦਿਆਂ ਮੈਂ ਜੇਬ ਵਿਚ ਤਾਂ ਪਾ ਲਿਆ, ਪਰ ਨਾਲ ਹੀ ਉਹਨੇ ਮੈਨੂੰ ਇਕ ਹੋਰ ਪੰਜ ਸੌ ਦਾ ਨੋਟ ਫੜਾ ਕੇ ਕਿਹਾ, "ਅਸ਼ੋਕ ਭਾਈ, ਯੇਹ ਪਾਂਚ ਸੌ ਕਾ ਰਖ ਲੋ, ਪਹਿਲੇ ਵਾਲੇ ਨਕਲੀ ਹੈਂ।" ਜਦੋਂ ਮੈਂ ਜੇਬ 'ਚੋਂ ਕੱਢਣ ਲੱਗਾ, ਤਾਂ 5 ਸੌ ਦੇ ਨੋਟ ਦੀ ਥਾਂ ਸੌ-ਸੌ ਦੇ 5 ਨੋਟ ਸਨ।

ਚਲੋ ਮੇਰੀ ਬੀਵੀ ਦਾ ਫੋਟੋ ਤਾਂ ਬਟੂਏ ਵਿਚ ਸੀ, ਉਹਦੇ ਪਿੱਛੇ ਨਾਂ ਵੀ ਲਿਖਿਆ ਹੋਇਆ ਸੀ ਉਹਦਾ, ਪਰ ਬਾਕੀ ਸਭ ਕੀ ਸੀ? ਅਸਲ ਵਿਚ ਲੱਗ ਮੈਨੂੰ ਫਿਰ ਵੀ ਰਿਹਾ ਸੀ ਕਿ ਉਹਦੇ ਕੋਲ ਹੱਥ ਦੀ ਸਫਾਈ ਫਿਰ ਵੀ ਸਿਆਸਤਦਾਨਾਂ ਨਾਲੋਂ ਕਿਤੇ ਘੱਟ ਹੋਵੇਗੀ, ਕਿਉਂਕਿ ਜਾਦੂਗਰ ਨੇ ਤਾਂ ਸਿਰਫ਼ ਇਕ ਦਿਨ ਜਾਦੂ ਵਿਖਾਉਣਾ ਹੁੰਦਾ ਹੈ। ਕਈ ਹੋਰ ਜਾਦੂਗਰਾਂ ਨੂੰ ਪੁੱਛਿਆ; ਕਹਿੰਦੇ, "ਇੱਦਾਂ ਹੁੰਦਾ ਤਾਂ ਨਹੀਂ...ਚਲੋ।"

ਚਲੋ ਜੇ ਅੱਜ ਕੱਲ੍ਹ ਚੋਰੀ ਤੇ ਮਰਨ ਦੇ ਡਰ ਕਾਰਨ ਸੰਤਾਂ ਨੇ ਗੰਨਮੈਨ ਰੱਖ ਲਏ ਹਨ ਤਾਂ ਇਹ ਘਟਨਾ ਇੰਨੀ ਫਿਕਰ ਵਾਲੀ ਨਹੀਂ।

## ਗੱਲ ਬਣੀ ਕਿ ਨਹੀਂ


-ਐਸ. ਅਸ਼ੋਕ ਭੌਰਾ

### *ਮਨ ਮੰਨਦਾ ਤਾਂ ਹੋਊ!*

ਜੇ ਵਹਿਮੀ ਬੰਦਾ ਹੋ ਜਾਵੇ ਡਾਕਟਰ, ਕੀ ਕਰੂ ਇਲਾਜ ਕੋਈ।
ਫਿਰ ਸੁਆਹ ਨਿਕਲਣੇ ਰਾਗ ਵਿਚੋਂ, ਜੇ ਟੁੱਟਿਆ ਹੋਵੇ ਸਾਜ਼ ਕੋਈ।
ਹੁਣ ਬੜਾ ਧਰਮ ਦਾ ਰੌਲਾ ਹੈ, ਕੋਈ ਧਰਮੀ ਤਾਂ ਵੀ ਦਿਸਦਾ ਨਹੀਂ।
ਤਾਂ ਹੀ ਰੋਜ਼ ਡਰਾਉਂਦਾ ਚਿੜੀਆਂ ਨੂੰ, ਫਿਰੇ ਹਲਕਿਆ ਹੋਇਆ ਬਾਜ਼ ਕੋਈ।
ਧਰਤੀ ਤਪਦੀ ਅੱਗ ਵਾਂਗੂ ਤੇ ਵਹਿਣ ਸੁੱਕੇ ਦਰਿਆਵਾਂ ਦੇ,
ਫਿਰ ਛੱਲਾਂ ਦੇ ਉਠਣ ਦੀ, ਕਿੰਝ ਸੁਣ ਲਊ ਭਲਾ ਅਵਾਜ਼ ਕੋਈ।
ਜੇ ਬੇਈਮਾਨੀ ਦਾ ਰੌਲਾ ਹੈ ਤੇ ਪਰਜ਼ਾ ਖੁਸ਼ ਨਹੀਂ ਰਾਜੇ ਤੋਂ,
ਤਾਂ ਲਾਹ ਕੇ ਛੇਤੀ ਲੈ ਜਾਏਗਾ, ਦੁਖਿਆ ਫਿਰ ਸਿਰ ਤੋਂ ਤਾਜ ਕੋਈ।
ਕੋਇਲਾਂ ਨੂੰ ਕਊਏ ਦਬਕ ਰਹੇ, ਹੁਣ ਬੂਥੇ ਰੱਖੋ ਬੰਦ ਜ਼ਰਾ,
ਇਹ ਕਾਲੇ ਰੰਗ ਦਾ ਹੈ ਰੱਖਿਆ, ਦੋਹਾਂ ਵਿਚ ਰੱਬ ਨੇ ਰਾਜ਼ ਕੋਈ।
ਇਹ ਬੇਸੁਰੀਆਂ ਹੀ ਹੇਕਾਂ ਦੇ ਨਾਲ ਬਣੇ ਗਵੱਈਏ ਦੱਸਦੇ ਨੇ,
ਸਾਡੇ ਬਾਪੂ ਹੀ ਬਸ ਕਰ ਗਏ ਨੇ, ਅਸੀਂ ਕੀਤਾ ਨਹੀਂ ਰਿਆਜ਼ ਕੋਈ।
ਹੁਣ ਲੱਗੀਆਂ ਦੇ ਮੁੱਲ ਤਾਰਨ ਦਾ, 'ਭੌਰੇ' ਹੀਲਾ ਦੱਸੋ ਕੀ ਕਰੀਏ,
ਜਿੱਥੇ ਕਰਜ਼ਾ ਚੱਕਿਆ ਹੋਰਾਂ ਨੇ, ਤੇ ਦਿੰਦਾ ਪਿਆ ਵਿਆਜ ਕੋਈ।

# ਸ਼ਹੀਦੀ-ਸ੍ਰੋਤ ਤੇ ਸ਼ਹੀਦੀ-ਪ੍ਰਸੰਗ ਦੀ ਧਰੋਹਰ:ਗੁਰੂ ਅਰਜਨ ਦੇਵ

ਗੁਰੂ ਅਰਜਨ ਦੇਵ ਜੀ (1563-1606) ਨੂੰ ਸ਼ਹੀਦੀ-ਸ੍ਰੋਤ ਅਤੇ ਸ਼ਹੀਦੀ-ਪ੍ਰਸੰਗ ਦੀ ਧਰੋਹਰ ਵਜੋਂ ਵਿਚਾਰਨ ਲੱਗਿਆਂ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਸਿੱਖ ਧਰਮ-ਚਿੰਤਨ ਵਿਚ ਕਿਸੇ ਕਿਸਮ ਦੇ ਕੇਂਦਰੀਕਰਣ ਨੂੰ ਇਸ ਹੱਦ ਤੱਕ ਨਕਾਰਿਆ ਹੋਇਆ ਹੈ ਕਿ ਅਧਿਆਤਮਕ-ਕੇਂਦਰੀਅਤਾ ਦੀ ਵੀ ਸ਼ਲਾਘਾ ਨਹੀਂ ਕੀਤੀ ਗਈ। ਇਸ ਨਾਲ ਵਿਅਕਤੀ-ਕੇਂਦਰੀਅਤਾ ਨਾਲ ਪੈਦਾ ਹੋਣ ਵਾਲੀਆਂ ਦੁਸ਼ਵਾਰੀਆਂ ਦਾ ਰਾਹ ਰੋਕ ਕੇ, ਸੰਗਤੀ-ਰਾਹ ਸਥਾਪਤ ਕਰ ਦਿੱਤਾ ਗਿਆ ਹੈ। ਪ੍ਰਾਪਤ ਸਿੱਖ-ਸਾਹਿਤ ਦੀ ਪ੍ਰਧਾਨ ਸੁਰ ਇਤਿਹਾਸਮੁਖੀ ਰਹੀ ਹੈ ਅਤੇ ਇਸੇ ਦੇ ਆਧਾਰ 'ਤੇ ਪੱਛਮੀ ਵਿਦਵਾਨਾਂ ਅਤੇ ਉਨ੍ਹਾਂ ਤੋਂ ਪ੍ਰਭਾਵਿਤ ਵਿਦਵਾਨਾਂ ਨੇ ਬਾਣੀ ਤੱਕ ਪਹੁੰਚਣ ਦੀ ਲੋੜ ਹੀ ਨਹੀਂ ਸਮਝੀ। ਇਸ ਨਾਲ ਸਿੱਖ-ਅਕਾਦਮਿਕਤਾ ਵਾਸਤੇ ਸਥਾਪਤ ਸਹਿਜ-ਸਥਾਪਨ ਦੀ ਵਿਧੀ ਨੂੰ ਅਕਾਦਮਿਕਤਾ ਦਾ ਹਿੱਸਾ ਹੋਣ ਦਾ ਮੌਕਾ ਹੀ ਨਹੀਂ ਮਿਲਿਆ। ਇਸ ਦ੍ਰਿਸ਼ਟੀ ਤੋਂ ਤਾਂ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਇਤਿਹਾਸ-ਕੇਂਦਰਤ ਪ੍ਰਸੰਗ ਸਾਹਮਣੇ ਲਿਆਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਹੁੰਦੀਆਂ ਰਹੀਆਂ ਹਨ ਅਤੇ ਇਨ੍ਹਾਂ ਨਾਲ ਗੁਰੂ ਦਾ ਦੇਹ-ਪ੍ਰਸੰਗ ਹੀ ਸਾਹਮਣੇ ਆਉਂਦਾ ਰਿਹਾ ਹੈ। ਗੁਰੂ ਦੇ ਦੇਹ-ਪ੍ਰਸੰਗ ਵਿਚ ਗੁਰੂ ਦਾ ਵਿਦੇਹ-ਪ੍ਰਸੰਗ ਉਸ



ਬਲਕਾਰ ਸਿੰਘ (ਪ੍ਰੋਫੈਸਰ)

ਤਰ੍ਹਾਂ ਸ਼ਾਮਲ ਨਹੀਂ ਰਹਿੰਦਾ ਜਿਵੇਂ ਵਿਦੇਹ-ਪ੍ਰਸੰਗ ਵਿਚ ਦੇਹ-ਪ੍ਰਸੰਗ ਸ਼ਾਮਲ ਰਹਿੰਦਾ ਹੈ। ਗੁਰੂ ਦੇ ਦੇਹ ਅਤੇ ਵਿਦੇਹ ਪ੍ਰਸੰਗ ਨੂੰ ਸਿੱਖ-ਮਾਨਸਿਕਤਾ ਵਿਚ ਸ਼ਬਦ-ਗੁਰੂ ਵਜੋਂ ਉਤਾਰ ਕੇ ਲੋੜੀਂਦੇ ਮਾਨਸਿਕ-ਪਰਿਵਰਤਨ ਦੇ ਯਤਨ, ਦਸ ਗੁਰੂ ਸਾਹਿਬਾਨ ਦੀ ਅਗਵਾਈ ਵਿਚ (1469-1708 ਤੱਕ) ਹੁੰਦੇ ਰਹੇ ਸਨ। ਇਸ ਨਾਲ ਸ਼ਬਦ-ਗੁਰੂ ਦਾ ਪ੍ਰਸੰਗ, ਸਿੱਖ-ਸਿਮਰਤੀ ਵਿਚ ਲੋਕ-ਸਮਝ ਤੱਕ ਇਸ ਤਰ੍ਹਾਂ ਪਹੁੰਚਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਦੀਆਂ ਸਾਰੀਆਂ ਪਰਤਾਂ ਸ਼ਾਮਲ ਹਨ ਅਤੇ ਇਹ ਭਾਵਨਾ ਸਿੱਖ-ਅਰਦਾਸ ਦਾ ਹਿੱਸਾ ਹੋ ਗਈ ਹੈ,

ਸਭ ਸਿੱਖਨ ਕੋ ਹੁਕਮ ਹੈ  
ਗੁਰੂ ਮਾਨਿਓ ਗ੍ਰੰਥ॥  
ਗੁਰੂ ਗ੍ਰੰਥ ਜੀ ਮਾਨਿਓ  
ਪ੍ਰਗਟ ਗੁਰਾਂ ਕੀ ਦੇਹ॥  
ਜੋ ਪ੍ਰਭੁ ਕੋ ਮਿਲਬੋ ਚਹੈ  
ਖੋਜਿ ਸ਼ਬਦ ਮਹਿ ਲੇਹ॥

ਇਹ ਸਥਾਪਤ ਸਿੱਖ-ਸੱਚਾਈ ਹੈ ਕਿ ਜੋਤਿ ਅਤੇ ਜੁਗਤਿ ਦਾ ਸਮੁੱਚ, ਗੁਰੂ ਹੈ ਅਤੇ ਇਸ ਦਾ ਸਿੱਖ-ਪ੍ਰਸੰਗ, ਗ੍ਰੰਥ ਅਤੇ ਪੰਥ ਦੇ ਰੂਪ ਵਿਚ ਪ੍ਰਾਪਤ ਹੈ। ਗ੍ਰੰਥ-ਸਿਰਜਤ ਮਾਨਸਿਕਤਾ ਦਾ ਸਿੱਖ-ਪ੍ਰਸੰਗ ਅਤੇ ਪੰਥ-ਸਿਰਜਤ ਮਾਨਸਿਕਤਾ ਦਾ ਸਿੱਖ-ਪ੍ਰਸੰਗ, ਸਿੱਖ-ਧਰਮ ਦੇ ਸਮੁੱਚ ਵਜੋਂ ਸਾਹਮਣੇ ਆਉਂਦਾ ਰਿਹਾ ਹੈ। ਜਿਵੇਂ ਗੁਰੂ-ਸਿਰਜਤ ਸਿੱਖ-ਪ੍ਰਸੰਗ ਵਿਚ ਅਧਿਆਤਮ (ਸੁਰਤਿ-ਮੰਡਲ) ਨੂੰ ਕੇਂਦਰੀਅਤਾ ਪ੍ਰਾਪਤ ਰਹਿੰਦੀ ਹੈ, ਉਵੇਂ ਹੀ ਪੰਥ-ਸਿਰਜਤ ਸਿੱਖ-ਪ੍ਰਸੰਗ ਵਿਚ ਧਾਰਮਿਕਤਾ (ਰਹਿਤ ਮੰਡਲ) ਅਤੇ ਇਤਿਹਾਸਕਤਾ (ਸਰੀਰ-ਮੰਡਲ) ਨੂੰ ਕੇਂਦਰੀਅਤਾ ਪ੍ਰਾਪਤ ਰਹਿੰਦੀ ਹੈ। ਇਸ ਨਾਲ ਸਿੱਖ ਦੀ ਸਰੀਰ ਤੋਂ ਸੁਰਤਿ ਤੱਕ ਦੀ ਯਾਤਰਾ ਦਾ ਖਾਕਾ ਸਾਹਮਣੇ ਆ ਜਾਂਦਾ ਹੈ। ਗੁਰੂ ਦਾ ਦੇਹ-ਪ੍ਰਸੰਗ, ਸੁਰਤਿ ਅਤੇ ਸਰੀਰ ਦਾ ਮੁਜੱਸਮਾ ਰਹਿੰਦਾ ਹੈ ਅਤੇ ਗੁਰੂ ਸਾਹਿਬਾਨ ਨਾਲ ਵਾਪਰੀਆਂ ਘਟਨਾਵਾਂ ਨੂੰ ਦੇਹੀ-ਪ੍ਰਸੰਗ ਵਿਚ ਸਮਝਣਾ ਨਿਰਸੰਦੇਹ ਸੌਖਾ ਮੰਨਿਆ ਜਾਂਦਾ ਰਿਹਾ ਹੈ। ਇਹ ਇਤਿਹਾਸ-ਕੇਂਦਰਤ ਪਹੁੰਚ ਹੈ। ਪਰ ਇਸ ਨੂੰ ਸੁਰਤਿ-ਪ੍ਰਸੰਗ ਨਾਲੋਂ ਤੋੜ ਕੇ ਵੇਖਣ ਨਾਲ ਬਹੁਤ ਸਾਰੀਆਂ ਮੁਸ਼ਕਲਾਂ ਪੈਦਾ ਹੁੰਦੀਆਂ ਰਹੀਆਂ ਹਨ। ਸਿੱਖੀ, ਸਿਧਾਂਤ ਰੂਪ ਵਿਚ ਸੁਰਤਿ ਦੀ ਯਾਤਰਾ ਹੈ ਅਤੇ ਇਸ ਦਾ ਇਤਿਹਾਸਕ-ਪ੍ਰਗਟਾਵਾ ਇਸੇ ਦੀ ਨਿਰੰਤਰਤਾ ਵਿਚ ਹੋਣ ਕਰਕੇ ਨਾ ਨਵਾਂ ਹੈ ਅਤੇ ਨਾ ਹੀ ਵੱਖਰਾ ਹੈ। ਕਾਰਣ ਇਹ ਹੈ ਕਿ ਬਾਣੀ ਦਾ ਅਮਲ, ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਵਿਚ ਅਚਾਨਕ ਵਾਪਰਿਆ ਅਮਲ ਨਹੀਂ ਹੈ। ਇਸ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ "ਚੜ੍ਹਿਆ ਸੋਧਣ ਧਰਤਿ ਲੋਕਾਈ" ਦੀ ਆਲਮੀ-ਮੁਹਿੰਮ ਦੇ ਰਾਹ ਦੀਆਂ ਰੁਕਾਵਟਾਂ ਸਮਝਣੀਆਂ ਚਾਹੀਦੀਆਂ ਹਨ। ਇਸੇ ਰਾਹ 'ਤੇ ਤੁਰਦਿਆਂ ਸਮਕਾਲੀ ਪ੍ਰਸੰਗ ਵਿਚ ਅਕਾਲ ਦੇ ਦੀਵਾਨਿਆਂ ਅਰਥਾਤ ਫਕੀਰੀ-ਮਾਨਸਿਕਤਾ ਨੂੰ 'ਭੂਤਨੇ' ਅਤੇ 'ਬੇਤਾਲੇ' ਅਖਵਾਉਣਾ ਪੈਂਦਾ ਰਿਹਾ ਹੈ। ਇਸੇ ਨੂੰ ਦੇਹੀ-ਸਰੋਕਾਰਾਂ ਅਤੇ ਸੁਰਤਿ-ਸਰੋਕਾਰਾਂ ਦਾ ਟਕਰਾਉ ਕਿਹਾ ਜਾ ਸਕਦਾ ਹੈ। ਪੰਚਮ ਪਾਤਸ਼ਾਰ ਦੀ ਸ਼ਹੀਦੀ ਨੂੰ ਇਸੇ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਭਾਰਤੀ ਪ੍ਰਸੰਗ ਵਿਚ ਸ਼ਹੀਦੀ ਦੇ ਸਿੱਖ-ਸੰਕਲਪ ਨੂੰ ਬਲੀਦਾਨ ਦੇ ਧਾਰਮਿਕ-ਪ੍ਰਸੰਗ ਨਾਲੋਂ ਨਿਖੇੜ ਕੇ ਸਮਝੇ ਜਾਣ ਦੀ ਲੋੜ ਹੈ। ਇਸ ਤਰ੍ਹਾਂ ਸਪਸ਼ਟ ਹੋ ਜਾਵੇਗਾ ਕਿ ਸ਼ਹੀਦੀ-ਸੰਕਲਪ ਦੀ ਨੀਂਹ ਤਾਂ ਗੁਰੂ ਨਾਨਕ ਦੇਵ ਜੀ ਦੇ ਨਿਸ਼ੰਗ-ਨਾਬਰੀ ਵਾਲੇ ਸਰੋਕਾਰਾਂ ਨਾਲ ਰੱਖੀ ਗਈ ਸੀ ਅਤੇ ਸਾਹਮਣੇ ਵੀ ਆਉਣ ਲੱਗ ਪਈ ਸੀ। ਇਸ ਦੇ ਅਮਲ ਵਿਚ ਸ਼ਹੀਦੀ-ਪ੍ਰਗਟਾਵੇ ਦੇ ਮੋਢੀ, ਗੁਰੂ ਅਰਜਨ ਦੇਵ ਹੋ ਗਏ ਸਨ। ਸ਼ਹੀਦੀਆਂ ਦੇ ਸਿੱਖ-ਪ੍ਰਸੰਗ ਨੇ ਸ਼ਾਨਾਂਮੱਤਾ ਇਤਿਹਾਸ ਸਿਰਜਿਆ ਹੈ ਅਤੇ ਇਸ ਨੂੰ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਵਿਚ ਇਸ ਤਰ੍ਹਾਂ ਦਰਜ ਕੀਤਾ ਗਿਆ ਹੈ,

ਮਾਰਤ ਇਨ ਕੋ ਹਮ ਥਕ ਗਏ,  
ਏ ਨਿਤ ਬਢਤ ਜਾਤ ਹੈਂ ਨਏ।  
ਮਰਨ ਮਾਰਨੋਂ ਜ਼ਰਾ ਨ ਡਰ ਹੈਂ,  
ਮੌਤ ਚਰਾਗ਼ ਪਤੰਗ ਪਰ ਹੈਂ।  
ਚਾਹਤ ਨਿਸ ਦਿਨ ਲੈਨ ਸ਼ਹੀਦੀ,  
ਟਰਤ ਨ ਰਣ ਤੈ ਹਵੈਕਰ ਗੀਦੀ।  
ਸਾਥ ਹਜ਼ਾਰਨ ਬੀਸਕ ਲੜ ਹੈਂ,  
ਟਾਰੇ ਟਰਤ ਨ ਮਾਰੇ ਮਰ ਹੈਂ।  
(ਗੁਰਮਤਿ ਸੁਧਾਕਰ, ਪੰਨਾ 499)

ਆਪਣੇ ਸੱਚ ਲਈ ਸ਼ਹੀਦ ਹੋ ਸਕਣ ਦੀ ਇਹ ਤੱਤਪਰਤਾ, ਸ਼ਹੀਦੀ ਦੇ ਸਿੱਖ-ਸੰਕਲਪ ਦਾ ਖੇੜਾ ਹੈ ਅਤੇ ਇਸ ਵਿਚ ਕੌਮਾਂ ਦੀ ਮਰਜ਼ੀ ਦਾ ਬੋਲਬਾਲਾ ਸ਼ਾਮਲ ਰਹਿੰਦਾ ਹੈ। ਇਸ ਦੀ ਸਿਧਾਂਤਕ ਧਰਾਤਲ, ਸਿੱਖੀ ਦੀ ਮੁਢਲੀ ਸ਼ਰਤ ਵਾਂਗ ਬਾਣੀ ਵਿਚ ਇਸ ਤਰ੍ਹਾਂ ਪ੍ਰਾਪਤ ਹੈ,

ਸਲੋਕ ਮ. 5  
ਪਹਿਲਾਂ ਮਰਣੁ ਕਬੂਲਿ  
ਜੀਵਣ ਕੀ ਛਡਿ ਆਸਿ॥  
ਹੋਹੁ ਸਭਨਾ ਕੀ ਰੇਣੁਕਾ  
ਤਉ ਆਉ ਹਮਾਰੈ ਪਾਸਿ॥ (ਪੰਨਾ 1102)

ਸਿੱਖੀ ਵਿਚ ਭਾਣਾ, ਸ਼ਹੀਦੀ ਅਤੇ ਫਤਿਹ, ਇਕ ਦੂਜੇ ਦੇ ਪੂਰਕ ਹਨ। ਭਾਣਾ, ਸਿਰ ਪਈ ਅੱਗੇ ਗੋਡੇ ਟੇਕਣਾ ਨਹੀਂ ਹੈ, ਸਥਿਤੀ ਨਾਲ ਸਮਝੌਤਾ ਵੀ ਨਹੀਂ ਹੈ ਅਤੇ ਅਸਮਰਥਾ 'ਤੇ ਪਰਦਾ ਪਾਉਣਾ ਵੀ ਨਹੀਂ ਹੈ ਕਿਉਂਕਿ ਭਾਣੇ ਦਾ ਸਿੱਖ-ਪ੍ਰਸੰਗ ਸੱਚ ਨੂੰ ਹੰਢਾਉਣ ਦੀ ਯੋਗਤਾ ਹੈ, ਵਿਰਾਸਤੀ-ਸੰਭਾਲ ਦੀ ਸਮਰਥਾ ਅਤੇ ਅਕਾਲ ਪੁਰਖ ਦੀ ਰਜ਼ਾ ਨਾਲ ਨਿਭ ਜਾਣ ਪ੍ਰਤੀ ਵਚਨਬੱਧਤਾ ਹੈ। ਇਸ ਪ੍ਰਸੰਗ ਵਿਚ ਸ਼ਹੀਦੀ, ਗੁਰਮਤਿ-ਚੇਤਨਾ ਦਾ ਅਮਲ ਹੈ ਅਤੇ ਸਿੱਖ-ਚਾਅ ਦੀ ਵਚਨਬੱਧਤਾ ਹੈ ਅਤੇ ਫਤਿਹ ਇਸ ਦਾ ਫਲ ਹੈ। ਪੰਚਮ ਪਾਤਸ਼ਾਹ ਦੀ ਸ਼ਹੀਦੀ ਨੂੰ ਇਸੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ।

ਸਿੱਖ-ਧਰਮ ਦੀ ਵਿਲੱਖਣਤਾ ਇਹ ਹੈ ਕਿ ਸਿਧਾਂਤ ਅਤੇ ਅਮਲ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਰੱਖਿਆ ਗਿਆ ਹੈ। ਇਸ ਦੇ ਬਾਵਜੂਦ ਸਿੱਖ, ਸਿੱਖ ਰਹਿੰਦਾ ਹੈ ਕਿਉਂਕਿ ਸਿੱਖ, ਗੁਰੂ ਨਹੀਂ ਹੋ ਸਕਦਾ ਅਤੇ ਗੁਰੂ, ਗੁਰੂ ਰਹਿੰਦਾ ਹੈ ਕਿਉਂਕਿ ਗੁਰੂ, ਸ੍ਰੋਤ ਵੀ ਹੈ ਅਤੇ ਧਰੋਹਰ ਵੀ ਹੈ। ਇਸ ਕਰਕੇ ਗੁਰੂ ਦੇ ਸਿੱਖ ਰਾਹੀਂ ਗੁਰੂ ਨੂੰ ਵੇਖਣ ਅਤੇ ਸਮਝਣ ਵਾਲੇ ਲੇਖਕਾਂ ਵਲੋਂ ਸਾਹਮਣੇ ਲਿਆਂਦਾ ਗਿਆ ਸਿੱਖ-ਧਰਮ ਦਾ ਇਤਿਹਾਸਕ-ਪ੍ਰਸੰਗ, ਗੁਰੂ ਰਾਹੀਂ ਸਿੱਖ ਨੂੰ ਵੇਖਣ ਵਾਲੇ ਬਾਣੀ-ਪ੍ਰਸੰਗ ਨਾਲ ਮੇਲ ਨਹੀਂ ਖਾਂਦਾ। ਇਸ ਦਾ ਆਧਾਰ "ਜੈਸਾ ਸੇਵੈ ਤੈਸਾ ਹੋਇ" ਹੈ। ਢਾਡੀ ਸੋਹਨ ਸਿੰਘ ਸੀਤਲ ਨੇ ਇਤਿਹਾਸਕ ਪ੍ਰਸੰਗ ਵਿਚ ਪੰਚਮ ਪਾਤਸ਼ਾਹ ਦੇ ਸਮਕਾਲ ਬਾਰੇ ਲਿਖਿਆ ਹੈ, "ਹੁਣ ਸਿੱਖ ਵੱਖ-ਵੱਖ ਫਿਰਨ ਵਾਲੇ ਫਕੀਰ ਨਹੀਂ ਸਨ, ਸਗੋਂ ਜਥੇਬੰਦੀ ਦੀ ਲੜੀ ਵਿਚ ਪਰੋਏ ਹੋਏ ਇਕ ਫਿਰਕਾ ਬਣ ਗਏ ਸਨ (ਸੀਤਲ ਹੰਝੂ, ਪੰਨਾ 25)। ਢਾਡੀ ਦੀ ਲੋੜ 'ਫਿਰਕਾ' ਨਾਲ ਪੂਰੀ ਹੋ ਸਕਦੀ ਹੈ, ਪਰ ਅਕਾਦਮੀਸ਼ਨ ਵਾਸਤੇ ਫਿਰਕਾ, ਕੌਮੀਅਤ ਨਹੀਂ ਹੋ ਸਕਦਾ? ਇਸ ਨਾਲ ਪੈਦਾ ਹੋ ਗਈ ਸੀ ਸਮਕਾਲੀ-ਈਰਖਾ ਅਤੇ ਸਮਕਾਲੀ-ਦੁਸ਼ਮਣੀ, ਜਿਸ ਨਾਲ ਨਿਭਣ ਵਾਸਤੇ "ਸਗਲ ਸੰਗਿ ਹਮ ਕਉ ਬਨਿ ਆਈ" ਦਾ ਗੁਰਮਤਿ-ਪੈਂਤੜਾ ਵੰਗਾਰਿਆ ਗਿਆ ਸੀ। ਇਸ ਵੰਗਾਰ ਨਾਲ ਜੁੜੀਆਂ ਹੋਈਆਂ ਸਨ ਤਿੰਨ ਧਿਰਾਂ- ਗੁਰੁ ਘਰ, ਗੁਰੂ-ਦੋਖੀ ਅਤੇ ਮੁਗ਼ਲ-ਸਰਕਾਰ। ਮੁਗ਼ਲ-ਸਰਕਾਰ ਇਹ ਲੜਾਈ, ਗੁਰੂ-ਦੋਖੀਆਂ ਰਾਹੀਂ ਲੜਨਾ ਚਾਹੁੰਦੀ ਸੀ ਅਤੇ ਗੁਰੂ-ਦੋਖੀ ਇਸ ਵਾਸਤੇ ਤਿਆਰ ਵੀ ਸਨ। ਇਹੋ ਜਿਹੀ ਸਿਆਸਤ ਨਾਲ ਜੁੜੇ ਹੋਏ ਸਰਕਾਰੀ ਇਰਾਦਿਆਂ ਦਾ ਪ੍ਰਗਟਾਵਾ "ਤੋਜ਼ਕਿ-ਜਹਾਂਗੀਰੀ" ਵਿਚ ਸਪਸ਼ਟ ਕਰ ਦਿੱਤਾ ਗਿਆ ਸੀ। ਪਰ ਪੰਚਮ ਪਾਤਸ਼ਾਹ ਨੇ ਸਰਕਾਰ ਨਾਲ ਗਲ ਪਈ ਅਸਿੱਧੀ ਲੜਾਈ ਲੜਨ ਦੀ ਥਾਂ ਸਵੈ-ਇੱਛਤ ਸਿੱਧੀ-ਲੜਾਈ ਲੜਨ ਦਾ ਫੈਸਲਾ ਕਰ ਲਿਆ ਸੀ। ਇਸੇ ਤਰ੍ਹਾਂ ਦੀ ਨਿਰੰਤਰ ਲੜਾਈ ਵੱਲ ਉਪਰ ਰਤਨ ਸਿੰਘ ਭੰਗੂ ਦੇ ਹਵਾਲੇ ਨਾਲ ਇਸ਼ਾਰਾ ਕੀਤਾ ਹੈ।



ਗੁਰੂ ਸਾਹਿਬਾਨ ਦਾ ਪੰਜਾਬ, ਅੱਜ ਵਾਲੇ ਪੰਜਾਬ ਨਾਲੋਂ ਬਹੁਤ ਵੱਡਾ ਸੀ। ਇਸ ਵਿਚ ਪਾਕਿਸਤਾਨ ਵਿਚਲਾ ਪੰਜਾਬ, ਹਰਿਆਣਾ ਵਿਚਲਾ ਪੰਜਾਬ ਅਤੇ ਹਿਮਾਚਲ ਵਿਚਲਾ ਪੰਜਾਬ ਸ਼ਾਮਲ ਸਨ। ਇਸ ਖਿੱਤੇ ਵਿਚ ਜਿੰਨੇ ਧਾਰਮਿਕ ਰੰਗ ਵੱਸਦੇ ਸਨ, ਉਨ੍ਹਾਂ ਨੂੰ ਇਕ ਰੰਗ ਵਿਚ ਰੰਗਣ ਦੀ ਜੋ ਧਾਰਮਿਕ ਵਿਧੀ ਗੁਰੂ ਸਾਹਿਬਾਨ ਨੇ ਪੇਸ਼ ਕੀਤੀ ਸੀ, ਉਹ ਵਖਰੇਵਿਆਂ ਦਾ ਸਹਿਜ-ਸਥਾਪਨ ਕਰਨ ਦੇ ਸਮਰਥ ਸਿੱਖ ਵਿਧੀ ਸੀ ਅਤੇ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਕਿਸੇ ਇਕ ਰੰਗ ਦੇ ਪ੍ਰਤੀਨਿਧ ਨਹੀਂ ਸਨ ਸਗੋਂ ਸਾਰੇ ਰੰਗਾਂ ਦੇ ਮੁਜੱਸਮੇ ਸਨ। ਜੇ ਬਾਣੀ ਨੂੰ ਧਿਆਨ ਵਿਚ ਰੱਖ ਕੇ ਵਿਚਾਰ ਕਰੀਏ ਤਾਂ ਮਾਨਵਤਾ ਨੂੰ ਜੋੜਨ ਵਾਲੀ ਇਸ ਗੁਰੂ ਮਤਿ ਜਾਂ ਸਿੱਖ ਭਾਵਨਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਆਪਣੇ ਧਰਮ ਵਿਚ ਪਰਪੱਕ ਰਹਿ ਕੇ ਵੀ 'ਸਰਬਤ ਦੇ ਭਲੇ' ਬਾਰੇ ਸੋਚਿਆ ਤੇ ਵਿਚਾਰਿਆ ਵੀ ਜਾ ਸਕਦਾ ਹੈ ਅਤੇ ਜੀਵਿਆ ਵੀ ਜਾ ਸਕਦਾ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਆਮ ਲੋਕਾਂ ਦੀ ਬੋਲੀ ਵਿਚ ਬਾਣੀ ਦੀ ਰਚਨਾ ਕੀਤੀ ਤਾਂਕਿ ਧਰਮ ਨੂੰ ਧੰਦਾ ਬਣਾ ਸਕਣ ਦੀਆਂ ਸੰਭਾਵਨਾਵਾਂ ਘਟ ਕਰਕੇ ਧਰਮ ਦੇ ਨਾਂ 'ਤੇ ਹੋ ਰਹੇ ਸ਼ੋਸ਼ਣ ਤੋਂ ਆਮ ਲੋਕਾਂ ਨੂੰ ਮੁਕਤੀ ਮਿਲ ਸਕੇ। ਇਸ ਪਿਛੋਕੜ ਵਿਚ ਗੁਰੂ ਅਰਜਨ ਦੇਵ ਵਲੋਂ ਨਿਭਾਈ ਗਈ ਭੂਮਿਕਾ ਹੋਰ ਵੀ ਅਹਿਮ ਹੋ ਜਾਂਦੀ ਹੈ ਕਿਉਂਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸਿੱਖ ਧਰਮ ਦਾ ਆਧਾਰ ਗ੍ਰੰਥ ਤਿਆਰ ਕਰ ਰਹੇ ਸਨ। ਕਿਸੇ ਵੀ ਸਿਆਸੀ ਸੱਤਾ ਨੂੰ ਕਿਸੇ ਵੀ ਕਿਸਮ ਦੇ ਨਾਬਰੀ ਸਰੋਕਾਰਾਂ ਨਾਲ ਨਿਭਣ ਦਾ ਸਲੀਕਾ ਨਹੀਂ ਹੁੰਦਾ ਅਤੇ ਲੋੜ ਵੀ ਨਹੀਂ ਹੁੰਦੀ। ਗੁਰੂ ਨਾਨਕ ਦੇਵ ਨੂੰ ਬਾਬਰ ਵਲੋਂ ਸੈਦਪੁਰ ਦੀ ਜੇਲ੍ਹ ਵਿਚ ਬੰਦ ਕਰਨਾ ਅਤੇ ਚੱਕੀ ਪਿਸਵਾਉਣਾ ਨਾਬਰੀ-ਸੁਰ ਨੂੰ ਮਿੱਧਣਾ ਹੀ ਤਾਂ ਸੀ। ਇਸਲਾਮੀ ਕੇਂਦਰ ਮੱਕੇ ਵਿਖੇ ਅਤੇ ਹਿੰਦੂ ਕੇਂਦਰ ਹਰਿਦਵਾਰ ਵਿਖੇ ਬੁਲੰਦ ਕੀਤੀ ਗਈ ਗੁਰੂ ਨਾਨਕ ਦੇਵ ਦੀ ਨਾਬਰੀ-ਸੁਰ, ਮੌਤ ਦੀ ਅੱਖ ਵਿਚ ਅੱਖ ਪਾ ਕੇ ਤੁਰਨ ਦਾ ਸਾਹਸ ਹੀ ਤਾਂ ਸੀ। ਇਸ ਸਾਹਸ ਦੀ ਸਿਧਾਂਤਕ ਧਰਾਤਲ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ। ਭਗਤ ਕਬੀਰ ਹੱਡਬੀਤੀ ਵਰਗੇ ਹਵਾਲੇ ਨਾਲ ਕਹਿੰਦੇ ਹਨ ਕਿ ਸੱਤਾ ਅਤੇ ਸੱਤਾ ਦੇ ਅਹਿਲਕਾਰ ਰੂਹਾਨੀਅਤ ਦੇ ਰਹੱਸ ਤੋਂ ਮਹਿਰੂਮ ਹੁੰਦੇ ਹਨ ਤੇ ਮਾਇਆ 'ਚ ਅੰਨਿਆਂ ਵਾਂਗ, ਅਗਿਆਨ 'ਚ ਬੋਲਿਆਂ ਵਾਂਗ ਤੇ ਹੰਕਾਰੀ-ਸਮਰਥਾ 'ਚ ਗੂੰਗਿਆਂ ਵਾਂਗ ਵਿਚਰਦੇ ਨਜ਼ਰ ਆਉਂਦੇ ਹਨ,

ਕਿਆ ਅਪਰਾਧੁ ਸੰਤ ਹੈ ਕੀਨਾ॥  
ਬਾਂਧਿ ਪੋਟ ਕੁੰਚਰ ਕਉ ਦੀਨਾ॥  
ਕੁੰਚਰ ਪੋਟ ਲੈ ਲੈ ਨਮਸਕਾਰੈ॥  
ਬੂਝੀ ਨਹੀ ਕਾਜੀ ਅੰਧਿਆਰੈ॥3॥  
ਤੀਨਿ ਬਾਰ ਪਤੀਆ ਭਰਿ ਲੀਨਾ॥  
ਮਨ ਕਠੋਰੁ ਅਜਹੂ ਨ ਪਤੀਨਾ॥  
ਕਹਿ ਕਬੀਰ ਹਮਰਾ ਗੋਬਿੰਦੁ॥  
ਚਉਥੈ ਪਦ ਮਹਿ ਜਨ ਕੀ ਜਿੰਦੁ॥4॥  
(ਪੰਨਾ 871)

ਇਸ ਦਾ ਸਿਧਾਂਤਕ ਧਰਾਤਲ ਗੁਰੂ ਨਾਨਕ ਦੇਵ ਨੇ 'ਆਸਾ ਦੀ ਵਾਰ' ਵਿਚ "ਰਾਜੇ ਸ਼ੀਂਹ ਮੁਕਦਮ ਕੁਤੇ..." ਦੇ ਹਵਾਲੇ ਨਾਲ ਸਥਾਪਤ ਕੀਤਾ ਹੈ। ਰੂਹਾਨੀਅਤ ਦੇ ਇਸ ਗੁਹਜ ਨੂੰ ਪੰਚਮ ਪਾਤਸ਼ਾਹ ਨੇ ਸ਼ਹੀਦੀ ਰਾਹੀਂ ਪ੍ਰਗਟ ਕੀਤਾ ਸੀ। ਰੂਹਾਨੀਅਤ ਦਾ ਹਿੱਸਾ ਹੈ, ਕਰਤੱਵ ਦੀ ਨੈਤਿਕਤਾ ਅਤੇ ਇਸ ਦੀ ਪਾਲਨਾ ਦੇ ਵਰਤਾਰੇ ਨੂੰ 'ਪ੍ਰੇਮ ਦੀ ਖੇਡ' ਕਿਹਾ ਗਿਆ ਹੈ। ਇਸ ਦੀ ਸਿਧਾਂਤਕ ਧਰਾਤਲ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਪ੍ਰਾਪਤ ਹੈ,

ਸਲੋਕ ਵਾਰਾਂ ਤੇ ਵਧੀਕ, ਮ. 1  
ਜਉ ਤਉ ਪ੍ਰੇਮ ਖੇਲਣ ਕਾ ਚਾਉ॥  
ਸਿਰੁ ਧਰਿ ਤਲੀ ਗਲੀ ਮੇਰੀ ਆਉ॥  
ਇਤੁ ਮਾਰਗਿ ਪੈਰੁ ਧਰੀਜੈ॥  
ਸਿਰੁ ਦੀਜੈ ਕਾਣਿ ਨ ਕੀਜੈ॥20॥  
(ਪੰਨਾ 1412)

ਸ਼ਹੀਦੀ, ਰੂਹਾਨੀ-ਅਮਲ ਦੇ ਸਿੱਖ ਪ੍ਰਸੰਗ ਵਿਚ ਸਵੈ-ਇੱਛਤ ਰੂਹਾਨੀਅਤ ਹੈ। ਸ਼ਹੀਦੀ ਦਾ ਇਹ ਮੰਡਲ, ਸੁਰਤਿ ਦਾ ਮੰਡਲ ਹੈ ਅਤੇ ਇਸ ਵਿਚੋਂ ਦੇਹੀ-ਦਖਲ ਮਨਫੀ ਰਹਿੰਦਾ ਹੈ। ਇਸ ਦਾ ਅਹਿਸਾਸ ਜੀਵਨ-ਮੁਕਤ ਦਾ ਅਹਿਸਾਸ ਹੈ ਅਤੇ ਇਸ ਦਾ ਜਜ਼ਬਾ, "ਜੀਵਨ ਮਰਨਾ ਜਾਣੈ" ਦਾ ਜਜ਼ਬਾ ਹੈ। ਇਸੇ ਨੂੰ ਸਰੀਰ ਤੋਂ ਸੁਰਤਿ ਤੱਕ ਦੀ ਯਾਤਰਾ ਕਿਹਾ ਜਾ ਰਿਹਾ ਹੈ ਅਤੇ ਇਹੀ ਜੀਵਨ-ਮੁਕਤੀ ਹੈ।

ਗੁਰੂ ਅਰਜਨ ਦੇਵ ਭਾਵੇਂ ਸਿੱਖ-ਧਰਮ ਦੇ ਪੰਜਵੇਂ ਗੁਰੂ ਸਨ ਪਰ ਉਨ੍ਹਾਂ ਨੇ ਜੋ ਕੁਝ ਵੀ ਕੀਤਾ, ਉਹ ਗੁਰੂ ਨਾਨਕ ਦੇਵ ਦੇ ਚਿੰਤਨ ਅਤੇ ਅਮਲ ਦੀ ਨਿਰੰਤਰਤਾ ਵਿਚ ਹੀ ਕੀਤਾ ਸੀ। ਇਸ ਕਰਕੇ ਗੁਰੂ ਅਰਜਨ ਦੇਵ ਦੀ ਵਿਚਾਰਧਾਰਾ ਓਹੀ ਸੀ, ਜੋ ਗੁਰੂ ਨਾਨਕ ਦੇਵ ਦੀ ਸੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂਆਂ ਦੀ ਵਿਚਾਰਧਾਰਾ ਵੀ ਇਸੇ ਦੀ ਨਿਰੰਤਰਤਾ ਸੀ। ਇਸ ਭਾਵਨਾ ਦੀ ਪੁਸ਼ਟੀ ਗੁਰੁ ਜੋਤਿ ਅਤੇ ਸਿੱਖ ਜੁਗਤਿ ਦੇ ਹਵਾਲੇ ਨਾਲ ਬਾਣੀ ਵਿਚੋਂ ਵੀ ਹੋ ਜਾਂਦੀ ਹੈ,

ਜੋਤਿ ਓਹਾ ਜੁਗਤਿ ਸਾਇ  
ਸਹਿ ਕਾਇਆ ਫੇਰਿ ਪਲਟੀਐ॥  
(ਪੰਨਾ 966)

ਗੁਰੂ ਅਰਜਨ ਦੇਵ ਜੀ ਸੰਸਾਰ ਵਿਚ 43 ਸਾਲ ਇਕ ਮਹੀਨਾ ਅਤੇ 15 ਦਿਨ ਵਿਚਰੇ। ਇਸ ਵਿਚੋਂ ਉਨ੍ਹਾਂ ਨੇ 24 ਸਾਲ 9 ਮਹੀਨੇ ਗੁਰੂ-ਰੂਪ ਵਿਚ ਅਗਵਾਈ ਕੀਤੀ ਸੀ। ਇਸ ਥੋੜ੍ਹੇ ਜਿਹੇ ਸਮੇਂ ਵਿਚ ਉਨ੍ਹਾਂ ਨੇ ਸਿੱਖ ਧਰਮ ਦੇ ਸੰਸਥਾਤਮਕ ਪੱਖ ਨੂੰ ਮਜਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਸਿੱਖਾਂ ਵਿਚ ਦਸਵੰਧ ਕੱਢਣ ਦੀ ਵਿਧੀ ਨਾਲ ਸਿੱਖਾਂ ਨੂੰ ਇਕ ਪਾਸੇ ਸਿੱਖ ਸੰਸਥਾ ਨਾਲ ਜੋੜਿਆ ਗਿਆ, ਦੂਜੇ ਪਾਸੇ ਆਰਥਿਕ ਲੋੜਾਂ ਦਾ ਸੰਗਤੀ ਪ੍ਰਬੰਧ ਸਾਹਮਣੇ ਲਿਆਂਦਾ ਗਿਆ। ਗੁਰੂ ਰਾਮਦਾਸ ਨੇ ਚੱਕ ਰਾਮਦਾਸ (ਮੌਜੂਦਾ ਅੰਮ੍ਰਿਤਸਰ) ਦੀ ਮੋਹੜੀ ਤਾਂ ਗੱਡ ਦਿਤੀ ਸੀ, ਪਰ ਇਥੇ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਨੇ ਹੀ ਰੱਖੀ ਸੀ। ਉਨ੍ਹਾਂ ਦਾ ਵਿਆਹ 16 ਸਾਲ ਦੀ ਉਮਰ ਵਿਚ ਹੋ ਗਿਆ ਸੀ। ਉਹ 27 ਵਰ੍ਹਿਆਂ ਦੇ ਸਨ ਜਦੋਂ ਉਨ੍ਹਾਂ ਨੇ ਮੌਜੂਦਾ ਤਰਨਤਾਰਨ ਸਾਹਿਬ ਵਸਾਇਆ ਸੀ ਅਤੇ 31 ਵਰ੍ਹਿਆਂ ਦੀ ਉਮਰ ਵਿਚ ਗੁਰੂ ਨਾਨਕ ਦੇਵ ਦੀ ਯਾਦ ਵਿਚ ਕਰਤਾਰਪੁਰ (ਨੇੜੇ ਜਲੰਧਰ) ਵਸਾਇਆ। ਇਹ ਕੋਈ ਸ਼ਹਿਰੀਕਰਨ ਵਲ ਪੁਟਿਆ ਗਿਆ ਕਦਮ ਨਹੀਂ ਸੀ, ਸਗੋਂ ਅਜਿਹੇ ਕੇਂਦਰਾਂ ਦੀ ਸਥਾਪਤੀ ਦੀ ਅਜਿਹੀ ਵਿਚਾਰਧਾਰਾ ਸੀ, ਜਿਥੋਂ ਸਿੱਖੀ ਦੇ ਗੁਰਮਤਿ ਸੰਦੇਸ਼ ਦੀ ਆਵਾਜ਼ ਬੁਲੰਦ ਕਰਨ ਦੇ ਨਾਲ ਨਾਲ ਅਜਿਹੇ ਸੰਗਤੀ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਸੀ, ਜੋ ਭਰਪੂਰ ਜੀਵਨ ਜਿਉਂ ਸਕਣ ਲਈ ਆਪਣੇ ਸਮਕਾਲ ਦਾ ਰੋਲ ਮਾਡਲ ਬਣ ਸਕਦੀ ਸੀ। ਅਜਿਹਾ ਹੀ ਹੋਇਆ। ਅਜਿਹੇ ਕੇਂਦਰਾਂ ਦੀ ਸਥਾਪਨਾ ਨਾਲ ਜਨਮ ਤੋਂ ਜਾਤ-ਪਾਤ ਦੇ ਵਿਤਕਰਿਆਂ ਦਾ ਖਾਤਮਾ ਹੋਇਆ ਅਤੇ ਵਹਿਮਾਂ-ਭਰਮਾਂ ਵਾਲੇ ਧਾਰਮਿਕ ਕਰਮਕਾਂਡ ਦੀ ਥਾਂ, ਨਰੋਈਆਂ ਕਦਰਾਂ-ਕੀਮਤਾਂ ਵਾਲੇ ਧਰਮ ਦੀ ਸਥਪਨਾ ਹੋਈ ਸੀ। ਧਾਰਮਿਕ ਉਤਮਤਾ ਵਾਲੀ ਹਉਮੈ ਨੂੰ ਇਹ ਵਰਤਾਰਾ ਰੜਕਣ ਲੱਗ ਪਿਆ ਸੀ ਅਤੇ ਇਸੇ ਦੀ ਕੀਮਤ ਗੁਰੂ ਅਰਜਨ ਦੇਵ ਨੂੰ ਸ਼ਹੀਦੀ ਨਾਲ ਤਾਰਨੀ ਪਈ।

ਕਿਸੇ ਵੀ ਧਰਮ ਦੀ ਸੁਤੰਤਰ ਸਥਾਪਨਾ ਧਰਮ ਗ੍ਰੰਥ ਬਿਨਾਂ ਸੰਭਵ ਨਹੀਂ। ਧਰਮ ਗ੍ਰੰਥ ਦੀ ਅਹਿਮੀਅਤ ਤਾਂ ਗੁਰੂ ਨਾਨਕ ਦੇਵ ਨੇ ਜੋਗੀਆਂ ਨੂੰ ਇਕ ਪ੍ਰਸ਼ਨ ਦਾ ਉਤਰ ਦਿੰਦਿਆਂ ਇਹ ਕਹਿ ਕੇ ਪ੍ਰਗਟ ਕਰ ਦਿੱਤੀ ਸੀ ਕਿ "ਸ਼ਬਦ ਗੁਰੂ ਸੁਰਤਿ ਧੁਨਿ ਚੇਲਾ" ਪਰ ਇਸ ਦਾ ਉਹ ਰੂਪ, ਜਿਸ ਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ "ਗੁਰੂ ਮਾਨਿਉ ਗ੍ਰੰਥ" ਦਾ ਦਰਜਾ ਦੇ ਕੇ ਵਿਅਕਤੀ ਗੁਰੂ ਦੀ ਥਾਂ ਸ਼ਬਦ ਗੁਰੂ ਵਜੋਂ ਪ੍ਰਗਟ ਕਰ ਦਿਤਾ ਸੀ, ਉਸ ਦੀ ਸੰਪਾਦਨੀ ਨੀਂਹ ਵੀ ਗੁਰੂ ਅਰਜਨ ਦੇਵ ਨੇ ਹੀ ਰੱਖੀ ਸੀ। ਉਹ ਉਸ ਵੇਲੇ 41 ਵਰ੍ਹਿਆਂ ਦੇ ਸਨ। ਭਾਈ ਗੁਰਦਾਸ ਰਾਹੀਂ ਸਾਰੀ ਬਾਣੀ ਨੂੰ ਰਾਗਾਂ ਵਿਚ ਫਿਰ ਤੋਂ ਲਿਖਿਆ ਗਿਆ। ਪਹਿਲੀ ਵਾਰ ਬਾਣੀ ਨੂੰ ਵਿਆਕਰਨਕ ਨਿਯਮਾਂ ਅਨੁਸਾਰ ਲਿਖਿਆ ਗਿਆ (ਵਿਸਥਾਰ ਲਈ ਵੇਖੋ ਪ੍ਰੋ. ਸਾਹਿਬ ਸਿੰਘ ਦੀ ਲਿਖੀ 'ਗੁਰਬਾਣੀ ਵਿਆਕਰਣ')। ਸ਼ਖਸੀ ਗੁਰੂ ਦੀ ਭਾਰਤੀ ਪਰੰਪਰਾ ਨੂੰ ਬਦਲ ਦੇਣਾ ਏਨਾ ਸੌਖਾ ਨਹੀਂ ਸੀ, ਜਿੰਨਾ ਅੱਜ ਲੱਗਦਾ ਹੈ। ਸੰਗਤਾਂ ਵੀ ਗੁਰੂ ਸਾਹਿਬ ਨਾਲ ਜੁੜੀਆਂ ਹੋਈਆਂ ਸਨ। ਇਸ ਭਾਵਨਾ ਨੂੰ ਤੋੜਨ ਵਾਸਤੇ ਗੁਰੂ ਅਰਜਨ ਦੇਵ ਨੇ 1604 ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਉਸ ਦਾ ਪਹਿਲਾ ਗ੍ਰੰਥੀ ਬਾਬਾ ਬੁੱਢਾ ਨੂੰ ਥਾਪਿਆ ਸੀ। ਜਿਥੇ ਗੁਰੂ ਗ੍ਰੰਥ ਸਾਹਿਬ ਦਾ ਰਾਤ ਨੂੰ ਸੁਖਾਸਨ ਕੀਤਾ ਜਾਂਦਾ ਸੀ, ਉਥੇ ਗੁਰੂ ਅਰਜਨ ਦੇਵ ਭੁੰਜੇ ਸੌਂਦੇ ਸਨ। ਇਸ ਨਾਲ ਇਹ ਸੰਦੇਸ਼ ਸਾਹਮਣੇ ਆ ਜਾਂਦਾ ਹੈ ਕਿ ਆਚਰਣ ਦੀ ਉਸਾਰੀ ਲਈ ਰੋਲ-ਮਾਡਲ ਦੀ ਸਦਾ ਹੀ ਲੋੜ ਪੈਂਦੀ ਹੈ। ਜਿਹੜੀਆਂ ਕੌਮਾਂ ਆਪਣੇ ਸਮੇਂ ਦਾ ਆਪ ਰੋਲ-ਮਾਡਲ ਪੈਦਾ ਨਹੀਂ ਕਰ ਸਕਦੀਆਂ, ਉਹ ਪਛੜ ਜਾਂਦੀਆਂ ਹਨ। ਇਸ ਹਾਲਤ ਵਿਚ ਰੋਲ-ਮਾਡਲ ਹੋ ਜਾਣ ਦਾ ਭਰਮ ਪੈਦਾ ਕਰ ਸਕਣ ਵਾਲੇ ਚਾਲਾਕ ਲੋਕ, ਲੋਕਾਂ ਨੂੰ ਨੈਤਿਕਤਾ ਦੇ ਮਾਰਗ 'ਤੇ ਤੋਰਨ ਦੀ ਥਾਂ ਭਰਮ ਮੂਲਕ ਕਰਮਾਂ ਅਤੇ ਕਲਪਿਤ ਬੰਧਨਾਂ ਦਾ ਸ਼ਿਕਾਰ ਬਣਾ ਕੇ ਧਰਮ ਦੀਆਂ ਦੁਕਾਨਾਂ ਚਲਾ ਲੈਂਦੇ ਹਨ। ਗੁਰੂ ਸਾਹਿਬਾਨ ਨੇ ਭਰਪੂਰ ਜੀਵਨ ਜਿਊਂਦਿਆਂ ਵਰਤਮਾਨ ਨੂੰ ਸੁਆਰਨ ਅਤੇ ਮਾਨਵ ਭਲਾਈ ਕਰਨ ਵਾਲੇ ਧਰਮ ਦੀ ਸਥਾਪਨਾ ਕੀਤੀ ਸੀ। ਇਸ ਅਤਿ ਲੋੜੀਂਦੇ ਸੰਦੇਸ਼ ਨੂੰ ਤਾਜ਼ਾ ਰੱਖਣ ਲਈ ਵਿਰਾਸਤੀ ਊਰਜਾ ਨਾਲ ਜੁੜੇ ਹੋਏ ਕਾਰਜ ਸਹਾਈ ਸਾਬਤ ਹੋ ਸਕਦੇ ਹਨ। ਅਕਾਦਮਿਕ-ਸੰਸਥਾਵਾਂ ਨੂੰ ਵਾਰਸਾਂ ਵਾਲੀ ਭੂਮਿਕਾ ਨਿਭਾਉਣ ਦੀ ਸਦਾ ਲੋੜ ਰਹਿੰਦੀ ਹੈ ਕਿਉਂਕਿ ਇਹੋ ਜਿਹੇ ਮੌਕਿਆਂ ਦਾ ਸਹੀ ਲਾਹਾ, ਇਸੇ ਢੰਗ ਨਾਲ ਹੀ ਲਿਆ ਜਾ ਸਕਦਾ ਹੈ। ਇਸ ਪ੍ਰਸੰਗ ਵਿਚ ਪੰਚਮ ਪਾਤਸ਼ਾਹ ਦੀ ਸ਼ਹੀਦੀ ਨੂੰ ਸ਼ਹੀਦੀ ਰੋਲ ਮਾਡਲ ਵਜੋਂ ਸਮਝੇ-ਸਮਝਾਏ ਜਾਣ ਦੀ ਲੋੜ ਹੈ।

ਸਿੱਖ ਧਰਮ ਦੇ ਅਰੰਭ ਨੂੰ ਕਿਸੇ ਹੋਰ ਧਰਮ ਦੀ ਨਿਰੰਤਰਤਾ ਵਿਚ ਜਾਂ ਹੋਰ ਧਰਮਾਂ ਦੇ ਮਿਲਗੋਭੇ ਵਜੋਂ ਵੇਖਣ ਨਾਲ ਸਿੱਖ ਧਰਮ ਦੀਆਂ ਸੁਤੰਤਰ ਸਥਾਪਨਾਵਾਂ ਨੂੰ ਸਾਹਮਣੇ ਲਿਆਉਣਾ ਮੁਸ਼ਕਲ ਹੁੰਦਾ ਰਿਹਾ ਹੈ। ਮਿਸਾਲ ਵਜੋਂ ਕਿਸੇ ਹੋਰ ਦੀ ਕੁਰਬਾਨੀ ਦੇ ਕੇ ਆਪਣਾ ਭਲਾ ਚਾਹੁਣ ਵਾਲਿਆਂ ਨੂੰ ਤਾਂ ਸ਼ਹੀਦੀ ਵਰਗੇ ਬੁਲੰਦ ਜਜ਼ਬੇ ਦੇ ਪਿਤਰ ਤਾਂ ਨਹੀਂ ਮੰਨਿਆ ਜਾ ਸਕਦਾ। ਇਸਲਾਮ ਵਿਚ ਸ਼ਹੀਦੀ ਦੇ ਸੰਕਲਪ ਨੂੰ ਜਿਵੇਂ ਇਸਲਾਮੀ ਹੱਦਬੰਦੀਆਂ ਵਿਚ ਬੰਨ੍ਹਿਆ ਗਿਆ ਹੈ, ਉਸ ਤੋਂ ਪ੍ਰਭਾਵਿਤ ਹੋਣ ਦੀ ਪ੍ਰੌੜ੍ਹਤਾ ਸ਼ਹੀਦੀ ਦੇ ਸਿੱਖ ਪ੍ਰਸੰਗ ਨਾਲ ਨਹੀਂ ਹੋ ਸਕਦੀ। ਇਸ ਨਾਲ ਜੇ ਇਹ ਪ੍ਰਭਾਵ ਪੈਂਦਾ ਹੋਵੇ ਕਿ ਤਾਜ਼ਾ ਸਥਾਪਨਾਵਾਂ ਨੂੰ ਵੀ ਧਰਾਤਲ ਚਾਹੀਦੀ ਹੈ ਤਾਂ ਲੋੜੀਂਦੀ ਧਰਾਤਲ ਗੁਰਬਾਣੀ ਦੇ ਰੂਪ ਵਿਚ ਪ੍ਰਾਪਤ ਹੈ। ਇਹ ਠੀਕ ਹੈ ਕਿ ਜਿਸ ਤਰ੍ਹਾਂ ਸ਼ਹੀਦੀ ਦੀਆਂ ਸੰਕਲਪੀ ਅਤੇ ਇਤਿਹਾਸਕ ਪਰਤਾਂ ਸਾਹਮਣੇ ਆਈਆਂ ਹਨ, ਉਸ ਤਰ੍ਹਾਂ ਦੀਆਂ ਸਿਧਾਂਤਕੀਆਂ ਵੱਲ ਗੁਰੂ ਗ੍ਰੰਥ ਸਾਹਿਬ

(ਬਾਕੀ ਅਗਲੇ ਸਫੇ 'ਤੇ)

ਗੁਰਮਤਿ

# ਗੁਰਸਿੱਖੀ ਜੀਵਨ ਸਹਿਜ, ਸਰਲ ਤੇ ਸੁਹੇਲਾ

ਸਮਝਿਆ ਜਾਂਦਾ ਹੈ ਕਿ ਗੁਰਸਿੱਖੀ ਜੀਵਨ ਬੜਾ ਔਖਾ ਹੈ, ਖੰਡੇ ਦੀ ਧਾਰ ਉਤੇ ਚੱਲਣ ਸਮਾਨ ਹੈ, ਦੁਰਗਮ ਪਹਾੜ ਉਤੇ ਚੜ੍ਹਨ ਵਾਂਗ ਹੈ, ਜਾਂ ਸੂਈ ਦੇ ਨੱਕੇ ਵਿਚੋਂ ਲੰਘਣ ਵਾਂਗ ਹੈ, ਪਰ ਪਹਿਲਾ ਸਵਾਲ ਤਾਂ ਇਹੀ ਹੈ ਕਿ ਗੁਰਸਿੱਖੀ ਹੈ ਕੀ? ਗੁਰਸਿੱਖ ਉਹ ਹੈ ਜੋ ਗੁਰੂ ਦਾ ਸਿੱਖ ਅਰਥਾਤ ਸ਼ਿਸ਼, ਭਾਵ ਵਿਦਿਆਰਥੀ ਹੋਵੇ। ਅਸੀਂ ਗੁਰਸਿੱਖ ਸ਼ਬਦ ਉਸ ਲਈ ਵਰਤਦੇ ਹਾਂ ਜੋ ਗੁਰੂ ਗ੍ਰੰਥ ਸਾਹਿਬ ਦਾ ਸਿੱਖ/ਵਿਦਿਆਰਥੀ ਹੋਵੇ, ਜੋ ਜੀਵਨ ਦੀ ਸੇਧ ਗੁਰੂ ਗ੍ਰੰਥ ਸਾਹਿਬ ਤੋਂ ਲੈਂਦਾ ਹੈ, ਜਿਸ ਦਾ ਗੁਰੂ

ਕਿਰਪਾਲ ਕੌਰ
ਫੋਨ: 815-356-9535

ਦੇਹਧਾਰੀ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਹੈ। ਸਾਡੇ ਜੀਵਨ ਦੀ ਕੋਈ ਵੀ ਔਕੜ ਜਾਂ ਉਲਝਣ ਹੋਵੇ, ਹਰ ਗੱਲ ਦਾ ਉਤਰ ਗੁਰੂ ਗ੍ਰੰਥ ਸਾਹਿਬ ਵਿਚ ਹੈ।

ਸਾਡੀ ਇਕ ਅਧਿਆਪਕਾ ਜਵਾਨੀ ਵਿਚ ਹੀ ਵਿਧਵਾ ਹੋ ਗਈ। ਘਰ ਵਾਲਿਆਂ ਜ਼ੋਰ ਪਾਇਆ ਕਿ ਆਪਣੇ ਦਿਓਰ ਉਤੇ ਚਾਦਰ ਪਾ ਲਵੇ। ਉਸ ਨੇ ਸਾਫ ਨਾਂਹ ਕਰ ਦਿੱਤੀ। ਪੇਕੇ ਘਰ ਆ ਗਈ। ਪੰਜਵੀਂ ਪੜ੍ਹੀ ਹੋਈ ਸੀ, ਅੱਗੇ ਪੜ੍ਹਨ ਲੱਗ ਪਈ। ਇਕ ਦਿਨ ਪਾਠ ਕਰਦਿਆਂ ਤੁਕ ਪੜ੍ਹੀ,

ਸਤੀਆ ਏਹਿ ਨ ਆਖੀਅਨਿ
ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ
ਜਿ ਬਿਰਹੇ ਚੋਟ ਮਰੰਨਿ॥੧॥

ਉਨ੍ਹਾਂ ਨੂੰ ਲੱਗਾ, ਜੀਵਨ ਨੂੰ ਸੇਧ ਮਿਲ ਗਈ ਹੈ। ਕੁਝ ਸਹਾਰਨ ਲਈ ਸੰਘਰਸ਼ ਕਰਨਾ ਪੈਂਦਾ ਹੈ। ਉਨ੍ਹਾਂ ਅਠਵੀਂ ਕਰ ਕੇ ਜੇ.ਬੀ.ਟੀ. ਕਰ ਲਈ ਤੇ ਟੀਚਰ ਬਣ ਗਈ। ਮਨ ਬਾਣੀ ਨਾਲ ਜੋੜ ਲਿਆ। ਫਿਰ ਸਹੁਰੇ ਕਹਿਣ, ਅਸੀਂ ਆਪਣੇ ਕੋਲ ਰੱਖਣਾ, ਪੇਕੇ ਕਹਿਣ ਸਾਡੇ ਕੋਲ ਰਹੇਗੀ। ਉਨ੍ਹਾਂ ਬਿਰਹਾ ਦੀ ਚੋਟ ਸੀਨੇ ਅੰਦਰ ਰੱਖ ਕੇ ਕਰਮ ਕੀਤਾ ਅਤੇ ਗੁਰੂ ਦੇ ਹੋਰ ਨੇੜੇ ਹੋ ਗਏ। ਦੇਖਣਾ ਇਹ ਹੈ ਕਿ ਔਖਾ ਪੈਂਡਾ, ਚੱਲਣ ਵਾਲੇ ਨੂੰ ਕਿੰਨਾ ਕੁ ਔਖਾ ਲੱਗਦਾ ਹੈ। ਗੁਰੂ ਦਾ ਭਾਣਾ ਮੰਨਣ ਵਾਲਾ ਇਹ ਸਭ ਜਾਣਦਾ ਹੈ, "ਗੁਰਸਿਖੀ ਦੀ ਰਾਹ ਏਹੁ ਗੁਰਮੁਖਿ ਚਾਲ ਚਲੈ ਸੋ ਦੇਖੈ॥"

ਗੁਰੂ ਉਤੇ ਭਰੋਸਾ ਕਰਨ ਵਾਲੇ ਨੂੰ ਕੋਈ ਪੰਧ ਔਖਾ ਨਹੀਂ ਲੱਗਦਾ। ਉਸ ਦੇ ਭਰੋਸੇ ਤੁਰਦਿਆਂ ਸਭ ਰਾਹ ਤੇ ਸਭ ਥਾਨ ਸਹਿਜੇ ਹੀ ਪਾਰ ਹੋ ਜਾਂਦੇ ਹਨ। ਸਹਿਜ ਤੋਂ ਸਰਲਤਾ ਤੇ ਸਰਲਤਾ ਤੋਂ ਸੁਹੇਲ ਪੈਦਾ ਹੁੰਦਾ ਹੈ।

ਗੁਰੂ (ਗੁਰਬਾਣੀ) ਦੇ ਚਰਨੀਂ ਲੱਗ ਜਦ ਅਸੀਂ ਗੁਰਸਿੱਖ ਅਖਵਾਉਣ ਦੇ ਯੋਗ ਹੋ ਜਾਂਦੇ ਹਾਂ, ਆਪਣੀ ਜੀਵਨ ਡੋਰ ਉਸ ਨੂੰ ਸੌਂਪ ਕੇ ਬੇਫਿਕਰ ਹੋ ਜਾਂਦੇ ਹਾਂ। ਸਭ ਕੁਝ ਸਹਿਜ ਭਾ ਹੁੰਦਾ ਜਾਪਦਾ ਹੈ। ਫਿਰ ਤਾਂ ਮਨ ਅੰਦਰ ਵਿਚਾਰ ਹੀ ਇਕ ਹੈ- ਜਿਸ ਨੋ ਤੂ ਰਖਵਾਲਾ ਮਾਰੇ ਤਿਸ ਕਉਣੁ॥ ਤੇ ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥ ਜਿਵੇਂ ਜਿਵੇਂ ਗੁਰਬਾਣੀ ਉਤੇ ਭਰੋਸਾ ਵਧਦਾ ਹੈ, ਸਿੱਖ ਗੁਰਬਾਣੀ ਨੂੰ ਆਪਣੇ ਸਾਹਾਂ ਨਾਲ ਜੋੜਦਾ ਜਾਂਦਾ ਹੈ। ਉਠਦਾ-ਬੈਠਦਾ ਨਾਮ ਸਿਮਰਦਾ ਰਹਿੰਦਾ ਹੈ। ਉਸ ਨੂੰ ਭਰੋਸਾ ਹੈ ਕਿ ਗੁਰੂ ਮੇਰੇ ਅੰਗ-ਸੰਗ ਹੈ। ਮੈਂ ਆਪਣੇ ਪਿਆਰੇ ਨੂੰ ਭਾਲਣ ਕਿਤੇ ਪਹਾੜਾਂ ਦੀਆਂ ਚੋਟੀਆਂ ਜਾਂ ਗੁਫਾਵਾਂ ਅੰਦਰ ਨਹੀਂ ਜਾਣਾ। ਮੇਰੇ ਘਰ ਹੈ, "ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥"

ਗੁਰਸਿੱਖ ਦਾ ਇਸ਼ਟ, ਸਰਬ ਸ਼ਕਤੀਮਾਨ ਪਰਮਾਤਮਾ ਉਸ ਦੇ ਅੰਦਰ ਹੀ ਹੈ। ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ॥ ਇਸ ਲਈ ਗੁਰਸਿੱਖ ਨੂੰ ਪਿੰਡੇ ਉਤੇ ਰਾਖ ਮਲਣ ਦੀ ਵੀ ਲੋੜ ਨਹੀਂ। ਘਰ ਤਿਆਗ ਕੇ ਭੁੱਖੇ ਰਹਿ ਕੇ ਸਰੀਰ ਨੂੰ ਕਸ਼ਟ ਦੇ ਕੇ ਰੱਬ ਨਹੀਂ ਲੱਭਦਾ। ਗੁਰਸਿੱਖ ਦਾ ਘਰ ਹੀ ਉਸ ਦਾ ਤਪੋਬਨ ਹੈ। ਮਾਤਾ ਪਿਤਾ ਤੇ ਬਜ਼ੁਰਗਾਂ ਦੀ ਸੇਵਾ ਉਸ ਦਾ ਤੀਰਥ ਦਰਸ਼ਨ ਤੇ ਤੀਰਥ ਇਸ਼ਨਾਨ ਹੈ। ਗੁਰਬਾਣੀ ਵਿਚ ਨਾਮ ਨੂੰ ਤੀਰਥ ਦੱਸਿਆ ਹੈ। ਗੁਰੂ ਨੂੰ ਸਿਮਰਦਿਆਂ ਹੀ ਹਰ ਕੰਮ ਕਰਨਾ ਹੈ। ਗੁਰੂ ਸਿੱਖ ਗ੍ਰਿਹਿਸਥੀ ਹੈ ਤੇ ਉਸ ਨੂੰ ਕਮਾਈ ਦੀ ਲੋੜ ਹੈ। ਉਸ ਨਾਲ ਪਰਿਵਾਰ ਦਾ ਤੇ ਆਪਣਾ ਪਾਲਣ ਕਰਨਾ ਹੈ। ਕੁਝ ਬਚਾ ਕੇ ਕਿਸੇ ਲੋੜਵੰਦ ਦੀ ਲੋੜ ਪੂਰਤੀ ਕਰਨੀ ਹੈ,

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਕਿਰਤ-ਕਮਾਈ ਵੰਡਣੀ ਵਰਤਾਉਣੀ ਵੀ ਹੈ, ਪਰ ਪਹਿਲਾਂ ਘਰ ਸੰਭਾਲਣਾ ਹੈ। ਨਾਮ ਵੀ ਜਪਣਾ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ ਦੀ ਬਾਣੀ ਵਿਚ ਇਕ ਭਗਤ ਦੂਜੇ ਨੂੰ ਸਮਝਾਉਂਦਾ ਹੈ,

ਨਾਮਾ ਕਹੇ ਤਲੋਚਨਾ
ਮਨ ਮੇ ਰਾਮ ਸਮਾਲਿ
ਹਾਥਿ ਪਾਓ ਕਰ ਕੰਮ ਸਭ
ਚੀਤ ਨਿਰੰਜਨ ਨਾਲ॥

ਗੁਰੂ ਅਰਜਨ ਦੇਵ ਦਾ ਸਲੋਕ ਅਸੀਂ ਰਹਿਰਾਸ ਸਾਹਿਬ ਦਾ ਪਾਠ ਕਰਦਿਆਂ ਰੋਜ਼ ਉਚਾਰਦੇ ਹਾਂ, "ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥" ਅਰਥਾਤ ਕੰਮ ਤੇ ਸੇਵਾ ਕਰਦੇ ਹੋਏ ਮਨ ਅੰਦਰ ਨਾਮ ਜਪਣਾ ਹੈ। ਇਹ ਸੱਚੀ ਭਗਤੀ ਤੇ ਸੱਚੀ ਕਿਰਤ ਦੀ ਜੁਗਤੀ ਹੈ। ਗੁਰਸਿੱਖੀ ਵਿਚ ਗ੍ਰਿਹਸਥ ਜੀਵਨ ਨੂੰ ਉਚੇ ਸੁੱਚੇ ਢੰਗ ਨਾਲ ਜਿਉਣ ਦੀ ਜੁਗਤੀ ਜੋ ਨੌਂਵੇਂ ਪਾਤਸ਼ਾਹ ਨੇ ਆਪਣੇ ਗੁਰੂ ਬੇਟੇ ਨੂੰ ਦਿੱਤੀ ਸੀ, ਉਹ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਦੱਸੀ ਹੈ,

ਸੁੱਧ ਜਬ ਤੇ ਹਮ ਧਰੀ
ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਨ ਤੋਹਿ
ਪ੍ਰਾਨ ਜਬ ਲਗੁ ਘਟ ਥਾਰੇ।
ਨਿਜ ਨਾਰੀ ਕੇ ਸੰਗ ਨੇਹ
ਤੁਮ ਨਿਤ ਬਢੈਯਹੁ
ਪਰ ਨਾਰੀ ਕੀ ਸੇਜ
ਭੂਲਿ ਸੁਪਨੇ ਹੂੰ ਨ ਜੈਯਹੁ।

ਇਹ ਉਪਦੇਸ਼ ਸਿੱਖ ਦੇ ਚਰਿੱਤਰਵਾਨ ਬਣਨ ਤੇ ਸੁਖੀ ਜੀਵਨ ਜਿਉਣ ਲਈ ਹਨ ਜਿਸ ਦੀ ਪਾਲਣਾ ਸਹਿਜ ਰੂਪ ਵਿਚ ਕਰਦਿਆਂ ਆਦਰਸ਼ ਪਰਿਵਾਰ ਤੇ ਸੁਖੀ ਸਮਾਜ ਦੀ ਸਿਰਜਣਾ ਹੁੰਦੀ ਹੈ।

ਗੁਰਸਿੱਖ ਜੀਵਨ ਵਿਚ ਇਸਤਰੀ ਤੇ ਪੁਰਸ਼ ਬਰਾਬਰ ਹਨ। ਜਿਸ ਸਮੇਂ ਗੁਰੂ ਨਾਨਕ ਦੇਵ ਲੋਕਾਂ ਦਾ ਉਧਾਰ ਕਰ ਰਹੇ ਸਨ, ਉਸ ਸਮੇਂ ਭਾਰਤੀ ਸਮਾਜ ਦੇ ਹਾਲਾਤ ਬਹੁਤ ਖਰਾਬ ਸਨ। ਸਮਾਜਕ, ਆਰਥਿਕ, ਰਾਜਨੀਤਿਕ ਤੇ ਧਾਰਮਿਕ ਪੱਖ ਤੋਂ ਬੁਰਾ ਹਾਲ ਸੀ। ਬਾਹਰੀ ਹਮਲਿਆਂ ਕਾਰਨ ਲੋਕ ਡਰੇ ਹੋਏ ਸਨ। ਇਸਤਰੀ ਨੂੰ ਘਰੋਂ ਬਾਹਰ ਭੇਜਣਾ ਖਤਰੇ ਵਾਲੀ ਗੱਲ ਸੀ। ਉਸ ਨੂੰ ਪਰਦਾ ਕਰਨਾ ਪੈਂਦਾ। ਉਸ ਨੂੰ ਪੈਰ ਦੀ ਜੁੱਤੀ ਦਾ ਦਰਜਾ ਦਿੱਤਾ ਗਿਆ। ਗੁਰੂ ਨਾਨਕ ਦੇਵ ਨੇ ਇਸਤਰੀ ਨੂੰ ਮਾਣ ਸਨਮਾਨ ਦੇ ਕੇ ਸਮਝਾਇਆ ਕਿ ਇਹ ਜਗ ਜਣਨੀ ਹੈ, ਰਾਜੇ ਮਹਾਰਾਜੇ ਤੇ ਵੀਰ ਯੋਧੇ ਇਸ ਦੀ ਕੁੱਖ ਵਿਚ ਪਲਦੇ ਹਨ।

ਵਿਦੇਸ਼ੀ ਹਮਲਾਵਰ ਧਨ ਲੁਟ ਕੇ ਲਿਜਾ ਰਹੇ ਸਨ। ਬਾਕੀ ਧਨ ਰਾਜਿਆਂ ਮਹਾਰਾਜਿਆਂ ਦੀਆਂ ਤਿਜੋਰੀਆਂ ਵਿਚ ਸੀ। ਆਮ ਜਨਤਾ ਬਹੁਤ ਗਰੀਬ ਸੀ। ਰਾਜੇ ਆਪਸ ਵਿਚ ਲੜਦੇ ਤੇ ਬੇਗਾਨਿਆਂ ਦੇ ਹੱਥਾਂ ਵਿਚ ਵਿਕਦੇ ਸਨ। ਆਮ ਜਨਤਾ ਦੀ ਫਿਕਰ ਕਿਸੇ ਨੂੰ ਨਹੀਂ ਸੀ। ਬੁੱਧ ਜੈਨ ਦਾ ਵੀ ਪਤਨ ਹੋ ਗਿਆ। ਹਿੰਦੂ ਧਰਮ ਵਿਚ ਕੁਰੀਤੀਆਂ ਆ ਗਈਆਂ ਸਨ। ਉਹ ਕਰਮ-ਕਾਂਡ ਵਿਚ ਲੋਕਾਂ ਨੂੰ ਉਲਝਾ ਕੇ ਲੁੱਟਣ ਦੇ ਢੰਗ ਕੱਢਦੇ ਸਨ।

ਗੁਰੂ ਨਾਨਕ ਦੇਵ ਨੇ ਆਪਣੇ ਸਿੱਖਾਂ ਨੂੰ ਇਕ ਗੁਰੂ ਦੇ ਲੜ ਲਾਇਆ। ਪੂਰੇ ਸੰਸਾਰ ਨੂੰ ਚਲਾਉਣ ਵਾਲੀ ਇਕ ਸ਼ਕਤੀ ਹੈ। ਇਸ ਨੂੰ ਜਿਸ ਨਾਮ ਨਾਲ ਚਾਹੋ, ਯਾਦ ਕਰੋ। ਕਿਸੇ ਨੂੰ ਦੁੱਖ ਨਾ ਦਿਓ, ਦੁਖੀ ਦੀ ਸੇਵਾ ਕਰੋ ਤੇ ਲੋੜਵੰਦ ਦੀ ਮਦਦ ਕਰੋ, ਇਹੀ ਭਗਤੀ ਹੈ। ਸਬਰ ਤੇ ਸੰਤੋਖ ਕਿਸੇ ਵੀ ਪਰਿਵਾਰ ਜਾਂ ਸਮਾਜ ਦੇ ਸੁੱਖ ਦੀ ਕੁੰਜੀ ਹਨ। ਮਿਹਨਤ ਕਰ ਕੇ ਜੋ ਕਮਾਉਂਦੇ ਹੋ, ਉਸ ਵਿਚ ਹੀ ਸਬਰ ਕਰਨਾ ਹੈ ਤੇ ਕਿਸੇ ਦੂਜੇ ਦੀ ਕਮਾਈ ਉਤੇ ਧਿਆਨ ਨਹੀਂ ਰੱਖਣਾ। ਆਪਣੀ ਕਮਾਈ 'ਤੇ ਸੰਤੋਖ ਹੋਵੇਗਾ, ਤਾਂ ਫਿਰ ਵੈਰ, ਵਿਰੋਧ ਤੇ ਈਰਖਾ ਨਹੀਂ ਉਪਜੇਗੀ। ਜਦ ਸਬਰ ਤੇ ਸੰਤੋਖ ਦੀ ਗੰਢ ਮਨ ਵਿਚ ਬੱਝ ਲਈ ਤਾਂ ਸਮਝੋ ਗੁਰੂ ਦੇ ਭਾਣੇ ਵਿਚ ਜੀਣਾ ਆ ਗਿਆ। ਫਿਰ 'ਤੇਰਾ ਕੀਆ ਮੀਠਾ ਲਾਗੈ' ਮਨ ਆਪੇ ਉਚਾਰਨ ਲੱਗ ਜਾਵੇਗਾ। ਜਦ ਗੁਰੂ ਦੀ ਰਜ਼ਾ ਵਿਚ ਖੁਸ਼ ਰਹਿਣਾ ਆ ਗਿਆ, ਫਿਰ ਸੁੱਖ-ਦੁੱਖ ਦਾ ਭੇਤ ਹੀ ਮੁੱਕ ਜਾਂਦਾ ਹੈ। ਸੁੱਖ-ਦੁੱਖ ਦੋਵੇਂ ਉਸੇ ਦੀ ਦਾਤ ਹਨ। ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥

ਗੁਰਬਾਣੀ ਦੇ ਦੱਸੇ ਰਾਹ ਉਤੇ ਚੱਲਦਾ ਸਿੱਖ ਆਪਣੇ ਘਰ ਤੇ ਪਰਿਵਾਰ ਨੂੰ ਸੁੱਖ ਸਾਗਰ ਬਣਾ ਲੈਂਦਾ ਹੈ। ਗੁਰਬਾਣੀ ਵਿਚ ਸਿੱਖ ਸ਼ਬਦ ਇਸਤਰੀ ਤੇ ਪੁਰਸ਼, ਦੋਹਾਂ ਲਈ ਹੈ। ਗੁਰਬਾਣੀ ਵਿਚ ਇਸਤਰੀ ਨੂੰ ਇਮਾਨ, ਪੁੱਤਰ ਨੂੰ ਨਿਸ਼ਾਨ ਤੇ ਦੌਲਤ ਨੂੰ ਗੁਜਰਾਨ ਕਿਹਾ ਹੈ। ਇਸੇ ਲਈ ਸਿੱਖ ਗ੍ਰਿਹਿਸਥੀ ਹੈ। ਗ੍ਰਿਹਸਥ ਚਲਾਉਣ ਲਈ ਮਿਹਨਤ ਕਰਨੀ ਹੈ। ਧਰਮ ਪੈਂਡੇ ਉਤੇ ਚੱਲਣ ਲਈ ਸਿੱਖੀ ਵਿਚ ਹੁਕਮ ਹੈ ਕਿ ਪਰਿਵਾਰ ਨੇ ਰਲ ਕੇ ਚੱਲਣਾ ਹੈ। ਰਾਹ ਜਾਂਦਿਆਂ ਜਿਸ ਤਰ੍ਹਾਂ ਦੀ ਸੇਵਾ ਦੀ ਲੋੜ ਹੋਵੇ, ਉਹ ਕਰਨੀ ਹੈ। ਸਿੱਖ ਤਾਂ ਆਪ ਪ੍ਰਸ਼ਾਦ ਛਕਣ ਤੋਂ ਪਹਿਲਾਂ ਬੂਹੇ ਤੋਂ ਬਾਹਰ ਦੇਖਦਾ ਹੈ ਕਿ ਕੋਈ ਲੋੜਵੰਦ ਭੁੱਖਾ ਤਾਂ ਨਹੀਂ। ਜੋ ਗੁਰੂ ਨੇ ਦਿੱਤਾ, ਉਸ ਲਈ ਉਸ ਦਾ ਸ਼ੁਕਰਾਨਾ ਸਵਾਸ ਸਵਾਸ ਕਰਨਾ ਹੈ।

ਮਿਹਨਤ ਦਾ ਫਲ ਜੋ ਗੁਰੂ ਨੇ ਦਿੱਤਾ, ਉਸ ਦੀ ਕਿਰਪਾ ਹੈ। ਜੇ ਇਹ ਵੀ ਨਾ ਮਿਲਦਾ? ਜੋ ਹੈ, ਜੇ ਉਹ ਵੀ ਲੈ ਲਵੇ, ਤਾਂ ਕੀ ਕਰ ਸਕਦੇ ਹਾਂ ਅਸੀਂ? ਇਸ ਲਈ ਸਿੱਖ ਦਾ ਧਰਮ ਕਿਰਤ ਕਰਨੀ ਤੇ ਨਾਮ ਜਪਣਾ ਹੈ। ਗੁਰੂ ਦੇ ਭਾਣੇ ਵਿਚ ਰਹਿੰਦਾ ਸਿੱਖ ਸਹਿਜੇ ਸਹਿਜੇ ਆਪਣੇ ਅੰਤਮ ਪੜਾਅ ਮੁਕਤੀ ਦਵਾਰੇ ਪਹੁੰਚ ਜਾਂਦਾ ਹੈ ਜਿਥੇ ਉਸ ਨੂੰ ਸਭ ਆਪਣੇ ਸੁਹੇਲੇ ਮਿਲਦੇ ਹਨ। ਪੰਜਵੇਂ ਪਾਤਸ਼ਾਹ ਦਾ ਫਰਮਾਨ ਹੈ, "ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆਂ ਵਿਚੇ ਹੋਵੈ ਮੁਕਤਿ॥" ਇਸ ਤੋਂ ਸਹਿਜ, ਸਰਲ ਤੇ ਸੁਹੇਲਾ ਹੋਰ ਕਿਹੜਾ ਰਾਹ ਹੋ ਸਕਦਾ ਹੈ। ਲੋੜ ਹੈ ਇਕ ਮਨ, ਇਕ ਚਿਤ ਹੋ ਕੇ ਗੁਰੂ ਦੀ ਚਰਨੀਂ ਲੱਗਣ ਦੀ।

# ...ਗੁਰੂ ਅਰਜਨ ਦੇਵ

*(ਪਿਛਲੇ ਸਫੇ ਦੀ ਬਾਕੀ)*

ਵਿਚਲੇ ਪ੍ਰਾਪਤ ਹਵਾਲੇ ਪ੍ਰਸੰਗਕ-ਸੰਕੇਤ ਤਾਂ ਕਰਦੇ ਹਨ ਪਰ ਕਿਸੇ ਪ੍ਰਾਪਤ ਸਿਧਾਂਤਕੀ ਨੂੰ ਰੀਸ ਕਰਨਯੋਗ ਸਥਾਪਤੀ ਪ੍ਰਵਾਨ ਨਹੀਂ ਕਰਦੇ। ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾ ਹਵਾਲਾ ਭਗਤ ਰਵਿਦਾਸ ਦਾ ਹੈ ਅਤੇ ਉਸ ਵਿਚ ਦਿੱਤੇ ਜਾ ਰਹੇ ਬਲੀਦਾਨ ਦੇ ਅਰਥਾਂ ਵਿਚ ਹੀ ਸ਼ਹੀਦ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਹ ਕੁਰਬਾਨੀ ਪ੍ਰਸੰਗ ਹੈ ਅਤੇ ਇਸ ਵਿਚੋਂ ਸ਼ਹੀਦੀ ਦਾ ਸਿੱਖ-ਉਸਾਰ ਸੰਭਵ ਨਹੀਂ ਹੈ,

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ
ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ
ਲੋਕ ਪਰਸਿਧ ਕਬੀਰਾ॥ (ਪੰਨਾ 1293)

ਦੂਜਾ ਹਵਾਲਾ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਆਇਆ ਹੈ ਅਤੇ ਸ਼ਹੀਦ ਨੂੰ ਵਡੀਆਂ ਰੂਹਾਂ ਵਿਚ ਗਿਣਿਆ ਗਿਆ ਹੈ। ਧਰਮ ਵਾਸਤੇ ਜਿਊਣ ਵਾਲੇ ਰਹਿਬਰਾਂ, ਪੈਗੰਬਰਾਂ, ਹਲੀਮਾਂ ਅਤੇ ਸਿਦਕੀਆਂ ਦੇ ਬਰਾਬਰ ਧਰਮ ਵਾਸਤੇ ਮਰਨ ਵਾਲੇ ਸ਼ਹੀਦਾਂ ਨੂੰ ਮੰਨਿਆ ਗਿਆ ਹੈ। ਸ਼ਹੀਦ, ਇਸ ਤਰ੍ਹਾਂ ਰੱਬੀ ਰਹਿਮਤਾਂ ਦੇ ਹੱਕਦਾਰ ਤਾਂ ਮੰਨੇ ਗਏ ਹਨ, ਪਰ ਇਸ ਨਾਲ ਵੀ ਸ਼ਹੀਦੀ ਦੇ ਸਿੱਖ ਸੰਕਲਪ ਨੂੰ ਨਹੀਂ ਉਸਾਰਿਆ ਜਾ ਸਕਦਾ,

ਪੀਰ ਪੈਕਾਮਰ ਸਾਲਕ ਸਾਦਕ
ਅਉਰ ਸ਼ਹੀਦ॥
ਸੇਖ ਮਸਾਇਕ ਕਾਜੀ ਮੁਲਾ
ਦਰਿ ਦਰਵੇਸ ਰਸੀਦ॥
ਬਰਕਤਿ ਤਿਨ ਕਉ ਅਗਲੀ
ਪੜਦੇ ਰਹਨਿ ਦਰੂਦ॥ (ਪੰਨਾ 53)

ਗੁਰੂ ਅਰਜਨ ਦੇਵ ਦੀ ਸ਼ਹੀਦੀ ਨੂੰ ਦੇਹੀ-ਸਰੋਕਾਰਾਂ ਦੇ ਖਾਤਮੇ ਤੱਕ ਮਹਿਦੂਦ ਕਰਕੇ ਵੇਖਣ ਦੀ ਇਤਿਹਾਸਕਤਾ ਨਾਲ ਸਿੱਖ ਸ਼ਹੀਦੀ ਦੇ ਸੰਕਲਪ ਦੀ ਥਾਂ ਸ਼ਹੀਦ ਕਰਨ ਦਾ ਵਰਤਾਰਾ ਹੀ ਸਾਹਮਣੇ ਆਉਂਦਾ ਰਿਹਾ ਹੈ। ਜਿਸ ਸਰੀਰ ਨੂੰ ਸਿੱਖ ਚਿੰਤਨ ਵਿਚ ਜੋਤਿ ਅਤੇ ਜੁਗਤਿ ਦਾ ਮਾਧਿਅਮ ਮਾਤਰ ਮੰਨਿਆ ਗਿਆ ਹੈ, ਉਸ ਸਰੀਰ ਨਾਲ ਵਾਪਰੀਆਂ ਘਟਨਾਵਾਂ, ਸਿਧਾਂਤਕ ਪ੍ਰਸੰਗ ਨੂੰ ਸਮਝਣ ਵਿਚ ਸਹਾਇਤਾ ਤਾਂ ਕਰ ਸਕਦੀਆਂ ਹਨ, ਸਿਧਾਂਤਕ ਪ੍ਰਸੰਗ ਸਥਾਪਤ ਕਰਨ ਵਿਚ ਮਦਦ ਨਹੀਂ ਕਰ ਸਕਦੀਆਂ। ਇਸੇ ਕਰਕੇ ਅਸੀਂ ਇਹ ਸਥਾਪਤ ਨਹੀਂ ਕਰ ਸਕੇ ਕਿ ਗੁਰੂ ਅਰਜਨ ਦੇਵ ਦੇ ਅੰਤਲੇ ਪਲਾਂ ਦੇ ਜ਼ੁਲਮੀ ਵੇਰਵੇ ਕੀ ਸਨ? ਸੱਤਾ ਨੂੰ ਸਰੀਰ ਤੋਂ ਅੱਗੇ ਕੁਝ ਨਜ਼ਰ ਨਹੀਂ ਆਉਂਦਾ ਸੀ ਅਤੇ ਗੁਰੂ ਸਾਹਿਬ ਵਾਸਤੇ ਸਰੀਰ, ਕੇਵਲ ਮਾਤਰ ਮਾਧਿਅਮ ਸੀ। ਜਿਸ ਜੋਤਿ ਅਤੇ ਜੁਗਤਿ ਦਾ ਸਰੀਰ ਮਾਧਿਅਮ ਸੀ, ਉਹ ਜੋਤਿ ਅਤੇ ਜੁਗਤਿ ਤਾਂ ਗੁਰੂ ਹਰਿਗੋਬਿੰਦ ਸਾਹਿਬ ਵਿਚ ਵਰਤ ਰਹੀ ਸੀ। ਭਾਈ ਗੁਰਦਾਸ ਵਾਸਤੇ ਮੋਢੀ ਤੇ ਸਥਾਪਤ ਗੁਰੂ ਤਾਂ ਗੁਰੂ ਨਾਨਕ ਦੇਵ ਹੀ ਸਨ ਅਤੇ ਬਾਕੀ ਗੁਰੂ "ਗੁਰ ਅੰਗਦੁ ਗੁਰਸਿਖੁ", "ਗੁਰਸਿਖੁ ਹੈ ਗੁਰ ਅਮਰੁ", "ਰਾਮਦਾਸੁ ਗੁਰਸਿਖੁ", "ਗੁਰੁ ਅਰਜਨੁ ਗੁਰਸਿਖੁ" ਅਤੇ "ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ" ਸਨ (ਵਾਰ 20, ਪਉੜੀ ਪਹਿਲੀ)। ਭਾਈ ਸਾਹਿਬ ਨੇ ਪੰਚਮ ਪਾਤਸ਼ਾਹ ਦੀ ਸ਼ਹੀਦੀ ਨੂੰ ਸਮਝਣ ਵਾਸਤੇ ਜੋ ਵਿਧੀ ਦਿੱਤੀ, ਉਹ ਵੇਰਵਿਆਂ 'ਤੇ ਆਧਾਰਤ ਨਹੀਂ ਹੈ। ਇਸ ਦਾ ਜੋਤਿ ਅਤੇ ਜੁਗਤਿ ਪ੍ਰਸੰਗ ਵਿਚ ਜੋਤੀ ਜੋਤਿ ਸਮਾਉਣਾ, ਇਸ ਤਰ੍ਹਾਂ ਪ੍ਰਾਪਤ ਹੈ,

ਰਹਿੰਦੇ ਗੁਰੁ ਦਰਿਆਉ ਵਿਚਿ
ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉਂ
ਜੋਤੀ ਅੰਦਰਿ ਜੋਤਿ ਸਮਾਣੀ।
ਸਬਦੁ ਸੁਰਤਿ ਲਿਵ ਮਿਰਗ
ਜਿਉਂ ਭੀੜ ਪਈ ਚਿਤਿ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉਂ
ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰੁ ਉਪਦੇਸੁ ਨ ਵਿਸਰੈ
ਬਾਬੀਹੇ ਜਿਉਂ ਆਖ ਵਖਾਣੀ।
ਗੁਰਮੁਖਿ ਸੁਖ ਫਲੁ ਪਿਰਮ ਰਸੁ
ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ।
(ਵਾਰ 24, ਪਉੜੀ 23)

ਭਾਈ ਸੰਤੋਖ ਸਿੰਘ ਨੇ ਗੁਰੂ ਅਰਜਨ ਦੇਵ ਨੂੰ ਪ੍ਰਾਪਤ ਅਰਜਨ (ਪਾਂਡਵ ਪੁੱਤਰ), ਅਰਜੰਨ (ਉਜਲ) ਅਤੇ ਅਰਜਿਨ (ਬੇਨਤੀਆਂ) ਨਾਲੋਂ ਨਿਖੇੜ ਕੇ ਦੱਸਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵਾਕ ਅਰਜਨ ਦੇ ਤੀਰਾਂ ਵਰਗੇ ਹਨ, ਜਿਨ੍ਹਾਂ ਦਾ ਸ੍ਰੇਸ਼ਟ ਜੱਸ ਸਾਰੇ ਜਗਤ ਵਿਚ ਪ੍ਰਗਟ ਹੋ ਰਿਹਾ ਹੈ। ਗੁਰੂ ਜੀ ਸੇਵਕਾਂ ਦੀਆਂ ਬੇਨਤੀਆਂ ਨੂੰ ਸੁਣਦੇ ਹਨ। ਅਜਿਹੇ ਸ੍ਰੀ ਗੁਰੂ ਅਰਜਨ ਦੇਵ ਨੂੰ ਕਵੀ ਸੰਤੋਖ ਸਿੰਘ ਦੀ ਨਮਸਕਾਰ ਹੋਵੇ,

ਅਰਜਨ ਸਰ ਸੇ ਵਾਕ ਜਿਨ
ਬਿਦਤ ਸੁਜਸ ਅਰਜੰਨ।
ਅਰਜਿਨ ਦਾਸਨਿ ਕੀ ਸੁਨਤਿ
ਨਮੋ ਗੁਰੂ ਅਰਜੰਨ।
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਤੀਜੀ ਰਾਸ, ਭਾਗ ਪਹਿਲਾ, ਪੰਨਾ 500)

ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਸਿੱਖ ਪ੍ਰਸੰਗ ਸਾਹਮਣੇ ਲਿਆਉਣ ਵਾਸਤੇ ਹਿੰਦੂ ਅਵਤਾਰ, ਇਸਲਾਮੀ ਪੈਗੰਬਰ ਅਤੇ ਸਿੱਖ ਗੁਰੂ ਦਾ ਨਿਖੇੜ ਵੀ ਕੰਮ ਆ ਸਕਦਾ ਹੈ। ਅਵਤਾਰ ਅਤੇ ਪੈਗੰਬਰ ਵਿਚ ਸਰੀਰ ਦਾ ਪਵਿਤਰੀਕਰਨ ਸ਼ਾਮਲ ਹੈ ਅਤੇ ਗੁਰੂ ਵਾਸਤੇ ਸਰੀਰ ਮਹਿਜ ਮਾਧਿਅਮ ਹੈ, ਸ਼ਬਦ ਗੁਰੂ ਵਿਚੋਂ ਸਰੀਰ ਮਨਫੀ ਹੈ। ਅਵਤਾਰ ਅਤੇ ਪੈਗੰਬਰ ਦੇ ਸਰੀਰ ਨੂੰ ਅਵਤਾਰੀਅਤ ਅਤੇ ਪੈਗੰਬਰੀਅਤ ਨਾਲ ਜੋੜ ਕੇ, ਪਵਿੱਤਰ, ਕਰਾਮਾਤੀ ਅਤੇ ਅਬਿਨਸਨਹਾਰ ਮੰਨਿਆ ਜਾਣਾ ਜ਼ਰੂਰੀ ਹੈ। ਪਰ ਗੁਰੂ ਆਪਣੇ ਸਰੀਰ ਨੂੰ ਆਪ ਹੀ ਬਿਨਸਨਹਾਰ ਸਰੀਰ ਵਜੋਂ ਪ੍ਰਗਟ ਕਰਦੇ ਆਏ ਸਨ। ਗੁਰੂ ਨਾਨਕ ਦੇਵ ਦਾ ਜਿਉਂਦੇ ਜੀਅ ਗੁਰੂ ਅੰਗਦ ਦੇਵ ਨੂੰ ਗੁਰਗੱਦੀ ਸੌਂਪ ਕੇ ਮੱਥਾ ਟੇਕਣ ਨਾਲ ਅਰੰਭ ਹੋਈ ਸਿਧਾਂਤਕੀ ਗੁਰੂ ਗੋਬਿੰਦ ਸਿੰਘ ਦੇ ਸ਼ਬਦਾਂ ਵਿਚ "ਠੀਕਰ ਫੋਰਿ ਦਿਲੀਸ ਸਿਰ ਪ੍ਰਭ ਪੁਰ ਕੀਆ ਪਿਆਨ" ਵਜੋਂ ਪ੍ਰਗਟ ਹੁੰਦੀ ਹੈ। ਇਸ ਨਾਲ ਸਿੱਖ ਸਿਧਾਂਤਕੀ ਦੀ ਇਹ ਪਰਤ ਸਾਹਮਣੇ ਆ ਜਾਂਦੀ ਹੈ ਕਿ ਸਰੀਰ ਦੇ ਅਵਤਾਰੀ ਅਤੇ ਪੈਗੰਬਰੀ ਪ੍ਰਸੰਗ ਦਾ ਭੂਤ ਅਤੇ ਭਵਿੱਖ ਨਾਲ ਜੁੜਿਆ ਇਕ ਸਮਕਾਲ ਤਾਂ ਹੈ ਪਰ ਉਸ ਦਾ ਕੋਈ ਸਦੀਵੀ ਵਰਤਮਾਨ ਨਹੀਂ ਹੈ। ਸਮਕਾਲ ਵਿਚ ਵੀ ਅਵਤਾਰ ਅਤੇ ਪੈਗੰਬਰ, ਕਿਸੇ ਸਮਕਾਲ ਰਹਿਤ ਭੂਤ ਦਾ ਪ੍ਰਤੀਨਿਧ ਹੀ ਰਹਿੰਦੇ ਹਨ। ਗੁਰੂ ਨੂੰ ਇਹੋ ਜਿਹਾ ਕੋਈ ਬੰਧਨ ਨਹੀਂ ਹੈ ਕਿਉਂਕਿ ਗੁਰੂ ਆਪਣੇ ਹਰ ਸਮਕਾਲ ਵਿਚ ਸ਼ਬਦ ਗੁਰੂ ਵਜੋਂ ਜੋਤਿ ਅਤੇ ਜੁਗਤਿ ਦਾ ਸਦੀਵੀ ਸ੍ਰੋਤ ਰਹਿੰਦਾ ਹੈ। ਇਸ ਨਾਲ ਜਗਿਆਸੂ ਨੂੰ ਭੂਤ ਦੇ ਭੈਅ ਅਤੇ ਭਵਿੱਖ ਦੇ ਲਾਰੇ ਤੋਂ ਮੁਕਤ ਹੋ ਸਕਣ ਦੀ ਸੰਭਾਵਨਾ ਨੂੰ ਜੀਵਨ-ਮੁਕਤ ਆਖਿਆ ਗਿਆ ਹੈ। ਇਸੇ ਕਰਕੇ ਸਿੱਖ ਧਰਮ ਹਰ ਸਮਕਾਲ ਦਾ ਧਰਮ ਹੋ ਗਿਆ ਹੈ। ਧਰਮ ਦੇ ਸੱਚ ਨੂੰ ਕਿਸੇ ਵੀ ਸਮਕਾਲ ਵਿਚ ਸਥਾਪਤ ਕਰਨ ਵਾਸਤੇ ਜਿਸ ਹੱਦ ਤੱਕ ਜਾਇਆ ਜਾ ਸਕਦਾ ਹੈ, ਉਸੇ ਦੀ ਰੋਸ਼ਨੀ ਵਿਚ ਪੰਚਮ ਪਾਤਸ਼ਾਹ ਦੀ ਸ਼ਹੀਦੀ ਨੂੰ ਵੇਖਿਆ ਜਾਣਾ ਚਾਹੀਦਾ ਹੈ। ਇਹੀ ਗੁਰੂ ਸੁਰਤਿ ਵਿਚ ਜਿਊਣਾ ਹੈ ਅਤੇ ਸ਼ਬਦ ਗੁਰੂ ਦੀ ਅਗਵਾਈ ਵਿਚ ਸਿੱਖ ਸਮਕਾਲ ਨੂੰ ਘੜਿਆ ਜਾਣਾ ਹੈ। ਸਿੱਖ ਅਮਲ ਵਿਚੋਂ ਜਿੰਨੀ ਨਿਜੀ ਹੈਸੀਅਤ ਘਟਦੀ ਜਾਏਗੀ, ਉਨੀ ਹੀ ਸਿੱਖੀ, ਕੇਸਾਂ ਸੁਆਸਾਂ ਸੰਗ ਨਿਭਦੀ ਜਾਏਗੀ। ਸਿੱਖ ਵਚਨਬੱਧਤਾ ਵਿਚ ਗੁਰੂ ਅੰਗ-ਸੰਗ ਰਹਿੰਦਾ ਹੈ। ਇਸ ਦਾ ਸੰਗਤੀ ਪ੍ਰਗਟਾਵਾ ਪੰਥਕਤਾ ਹੈ ਅਤੇ ਕਿਸੇ ਵੀ ਸਮਕਾਲ ਦੀ ਸਾਂਝੀ-ਸਮਝ, ਗੁਰਮਤਾ ਹੈ। ਇਸ ਦਾ ਸ੍ਰੋਤ ਕਿਸੇ ਨ ਕਿਸੇ ਰੂਪ ਵਿਚ ਗੁਰਬਾਣੀ ਹੈ ਅਤੇ ਇਸ ਦੇ ਪ੍ਰਗਟਾਵਿਆਂ ਵਿਚ ਰੋਲ ਮਾਡਲ ਹੋ ਜਾਣ ਦਾ ਇਕ ਪ੍ਰਗਟਾਵਾ ਗੁਰੂ ਅਰਜਨ ਦੇਵ ਦੀ ਸ਼ਹੀਦੀ ਹੈ। ਇਸ ਨਾਲ ਮਾਨਸ ਜਨਮ ਦੀਆਂ ਉਤਮ-ਜੋਨੀ (ਦੁਰਲਭ) ਹੋਣ ਦੀਆਂ ਪਰਤਾਂ ਖੁਲ੍ਹ ਸਕਦੀਆਂ ਹਨ। ਇਸੇ ਉਤਮ ਜੋਨੀ ਦੀ ਇਕ ਬਿਨਸਨਹਾਰ ਪਰਤ "ਕਰਤੂਤ ਪਸੂ ਕੀ" ਵੀ ਹੈ। ਇਸ ਨਾਲ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਮੌਕੇ ਦੀ ਸੰਭਾਲ ਸ਼ਹੀਦੀ ਹੈ ਅਤੇ ਮੌਕੇ ਦਾ ਫਿਸਲ ਜਾਣਾ ਬੁਜ਼ਦਿਲੀ ਹੈ। ਇਸ ਨੂੰ ਇਕ ਸ਼ਾਇਰ ਨੇ "ਲਮਹੋਂ ਨੇ ਖਤਾ ਖਾਈ, ਸਦੀਉਂ ਨੇ ਸਜ਼ਾ ਪਾਈ" ਕਿਹਾ ਹੈ। ਇਸ ਦਾ ਬਾਣੀ ਪ੍ਰਸੰਗ "ਦਾਗੇ ਹੋਇ ਸੁ ਰਣ ਮਹਿ ਜੂਝਹਿ, ਬਿਨ ਦਾਗੇ ਭਗ ਜਾਈ" ਨਾਲ ਸਥਾਪਤ ਕੀਤਾ ਜਾ ਸਕਦਾ ਹੈ। ਸਿਆਸੀ ਸ਼ਹੀਦ ਜਿਵੇਂ ਭਗਤ ਸਿੰਘ, ਸਭਿਆਚਾਰਕ ਸ਼ਹੀਦ ਜਿਵੇਂ ਦੁੱਲਾ ਭੱਟੀ ਅਤੇ ਧਾਰਮਿਕ ਸ਼ਹੀਦ ਜਿਵੇਂ ਵੀਰ ਹਕੀਕਤ ਰਾਏ ਨਾਲੋਂ ਨਿਖੇੜ ਕੇ ਸਿੱਖ ਸ਼ਹੀਦਾਂ ਨੂੰ ਸਾਹਮਣੇ ਲਿਆਉਣ ਦਾ ਅਕਾਦਮਿਕ ਪ੍ਰਸੰਗ ਉਸਾਰੇ ਜਾਣ ਦੀ ਲੋੜ ਹੈ। ਇਸੇ ਨੂੰ ਸ਼ਹੀਦੀ ਸ੍ਰੋਤ ਅਤੇ ਸ਼ਹੀਦੀ ਪ੍ਰਸੰਗ ਦੀ ਧੁਰੋਹਰ ਵਜੋਂ ਸਾਂਝਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

## ਜਿੰਨ੍ਹਾਂ ਦੇ ਪੁੱਤ...

**(ਚੌਰਾਸੀ ਤੇ ਹੋਰ ਸਿੱਖ ਸ਼ਹੀਦਾਂ ਦੇ ਨਾਂ)**

ਧੰਨ ਧੰਨ ਨੇ ਉਨ੍ਹਾਂ ਦੀਆਂ ਮਾਂਵਾਂ,
ਜਿੰਨ੍ਹਾਂ ਦੇ ਪੁੱਤ ਪਾ ਗਏ ਸ਼ਹੀਦੀਆਂ,
ਬਹੁਤ ਉਚੀਆਂ ਉਨ੍ਹਾਂ ਦੀਆਂ ਥਾਂਵਾਂ,
ਜਿੰਨ੍ਹਾਂ ਦੇ ਪੁੱਤ ਪਾ ਗਏ ਸ਼ਹੀਦੀਆਂ।

ਗੁਰੂ ਪੰਜਵੇਂ ਸ਼ਹੀਦੀ ਪਾਈ ਹੱਸ ਕੇ,
ਕਿਵੇਂ ਮੰਨਣਾ ਹੈ ਭਾਣਾ ਗਏ ਦੱਸ ਕੇ,
ਗਲੇ ਮੌਤ ਨੂੰ ਲਗਾਇਆ ਨਾਲ ਚਾਵਾਂ,
ਜਿੰਨ੍ਹਾਂ ਦੇ ਪੁੱਤ ਪਾ ਗਏ ਸ਼ਹੀਦੀਆਂ...।

ਜਾਂਦੇ ਧਰਮ ਨੂੰ ਬਚਾਇਆ ਨੌਵੇਂ ਗੁਰਾਂ ਨੇ,
ਦਿੱਲੀ ਸੀਸ ਕਟਵਾਇਆ ਨੌਵੇਂ ਗੁਰਾਂ ਨੇ,
ਦੀਨ ਦੁੱਖੀਆਂ ਦਾ ਬਣੇ ਸਿਰਨਾਵਾਂ,
ਜਿੰਨ੍ਹਾਂ ਦੇ ਪੁੱਤ ਪਾ ਗਏ ਸ਼ਹੀਦੀਆਂ...।

ਬੰਦ ਬੰਦ ਗਿਆ ਸਰੀਰ ਨਾਲੋਂ ਕੱਟਿਆ,
ਮਨੀ ਸਿੰਘ ਰਿਹਾ ਜ਼ਲਾਦਾਂ ਅੱਗੇ ਡੱਟਿਆ,
ਖਿੜੇ ਮੱਥੇ ਨਾਲ ਝੱਲੀਆਂ ਸਜ਼ਾਵਾਂ,
ਜਿੰਨ੍ਹਾਂ ਦੇ ਪੁੱਤ ਪਾ ਗਏ ਸ਼ਹੀਦੀਆਂ...।

ਆਰਾ ਜਾਂਦਾ ਸੀ ਸਰੀਰ ਤਾਈਂ ਖੋਲ੍ਹਦਾ,
ਮੁੱਖੋਂ ਸਤਿਨਾਮ ਮਤੀ ਦਾਸ ਬੋਲਦਾ,
ਕੰਬ ਗਈਆਂ ਸੀ ਜ਼ਾਲਮ ਦੀਆਂ ਬਾਹਵਾਂ,
ਜਿੰਨ੍ਹਾਂ ਦੇ ਪੁੱਤ ਪਾ ਗਏ ਸ਼ਹੀਦੀਆਂ...।

ਸੰਨ ਚੁਰਾਸੀ ਤੇ ਮਹੀਨਾ ਸੀਗਾ ਜੂਨ ਦਾ,
ਪਿਆ ਭਰਿਆ ਬੇਦੋਸ਼ਿਆਂ ਦੇ ਖੂਨ ਦਾ,
ਗਈਆਂ ਬਦਲ ਸੰਵਿਧਾਨ ਦੀਆਂ ਧਾਰਾਵਾਂ,
ਜਿੰਨ੍ਹਾਂ ਦੇ ਪੁੱਤ ਪਾ ਗਏ ਸ਼ਹੀਦੀਆਂ...।

ਜਿੰਨੇ ਕੀਤਾ ਨੁਕਸਾਨ ਗੁਰੂ ਘਰ ਦਾ,
ਮੌਤ ਕੁੱਤੇ ਦੀ ਹਮੇਸ਼ਾਂ ਰਿਹਾ ਮਰਦਾ,
ਗੁੱਡੀ ਚੜ੍ਹੀ ਦੀਆਂ ਟੁੱਟੀਆਂ ਤਣਾਵਾਂ,
ਜਿੰਨ੍ਹਾਂ ਦੇ ਪੁੱਤ ਪਾ ਗਏ ਸ਼ਹੀਦੀਆਂ।
ਧੰਨ ਧੰਨ ਨੇ ਉਨ੍ਹਾਂ ਦੀਆਂ ਮਾਂਵਾਂ।

**-ਰਮੇਸ਼ ਬੱਗਾ ਚੋਹਲਾ (ਲੁਧਿਆਣਾ)**

### *25 ਮਈ 1984 ਨੂੰ ਸੰਤ ਭਿੰਡਰਾਂਵਾਲਿਆਂ ਨਾਲ ਹੋਈ ਆਖਰੀ ਮੁਲਾਕਾਤ 'ਤੇ ਆਧਾਰਤ*

# ਦਰਬਾਰ ਸਾਹਿਬ ਉਤੇ ਫੌਜੀ ਹਮਲੇ ਤੋਂ ਪਹਿਲਾਂ ਸੰਤ ਭਿੰਡਰਾਂਵਾਲੇ ਵੀ ਸਨਮਾਨਯੋਗ ਸਮਝੌਤਾ ਚਾਹੁੰਦੇ ਸਨ

27 ਮਾਰਚ 1983 ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਪ੍ਰਤੀਨਿਧੀ ਤੇ ਉਨ੍ਹਾਂ ਦੀ ਸਰਕਾਰ ਵਿਚ ਗ੍ਰਹਿ ਮੰਤਰੀ ਪੀ ਵੀ ਨਰਸਿਮਹਾ ਰਾਉ ਦੇ ਨਾਲ ਉਸ ਦੇ ਹੋਰ ਸਹਿਯੋਗੀਆਂ ਵਿਚ ਸੀ ਆਰ ਕ੍ਰਿਸ਼ਨਾ ਸੁਆਮੀ ਰਾਉ ਸਾਹਿਬ, ਪੀ ਸੀ ਅਲੈਗਜ਼ੈਂਡਰ ਅਤੇ ਐਮ ਐਮ ਕੇ ਵਾਲੀ ਅਕਾਲੀ ਆਗੂਆਂ ਨਾਲ ਪੰਜਾਬ ਦਾ ਮਸਲਾ ਨਿਬੇੜਨ ਲਈ ਜਿਹੜੀ ਗੱਲਬਾਤ ਕਰ ਰਹੇ ਸਨ, ਉਸ ਵਿਚ ਅਕਾਲੀ ਦਲ ਵਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ ਅਤੇ ਰਣਧੀਰ ਸਿੰਘ ਚੀਮਾ ਸ਼ਾਮਲ ਸਨ। ਇਹ ਗੱਲਬਾਤ ਚੰਡੀਗੜ੍ਹ ਦੇ ਕਿਸੇ ਨਿਜੀ ਘਰ ਵਿਚ ਹੋਈ ਸੀ।

ਅਜਿਹੀ ਇਕ ਹੋਰ ਮੀਟਿੰਗ ਇਸੇ ਘਰ ਵਿਚ 29 ਮਾਰਚ ਨੂੰ ਫਿਰ ਹੋਈ ਅਤੇ ਇਸ ਮੀਟਿੰਗ

**ਜਗਤਾਰ ਸਿੰਘ**

ਵਿਚ ਕਈ ਨਵੇਂ ਚਿਹਰੇ ਵੀ ਸ਼ਾਮਲ ਸਨ। ਸ਼੍ਰੋਮਣੀ ਅਕਾਲੀ ਦਲ ਵਲੋਂ ਪਹਿਲੇ ਆਗੂਆਂ ਦੇ ਨਾਲ-ਨਾਲ ਇਸ ਮੀਟਿੰਗ ਵਿਚ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹੋਏ। ਸਰਕਾਰ ਵਲੋਂ ਉਸ ਵੇਲੇ ਦੇ ਵਿਸ਼ੇਸ਼ ਗ੍ਰਹਿ ਸਕੱਤਰ ਪ੍ਰੇਮ ਕੁਮਾਰ ਮੀਟਿੰਗ ਵਿਚ ਸ਼ਾਮਲ ਸਨ।


ਪਰ ਕੇਂਦਰ ਅਤੇ ਅਕਾਲੀ ਦਲ ਵਿਚ ਚੱਲ ਰਹੀ ਇਸ ਗੁਪਤ ਗੱਲਬਾਤ ਦਾ ਬਹੁਤ ਹੀ ਅਹਿਮ ਪਹਿਲੂ ਇਨ੍ਹਾਂ ਦੋਹਾਂ ਮੀਟਿੰਗਾਂ ਦੇ ਵਿਚਕਾਰਲੇ ਦਿਨ 28 ਮਾਰਚ 1984 ਨੂੰ ਦਿੱਲੀ ਦੇ ਇਕ ਗੈਸਟ ਹਾਊਸ ਵਿਚ ਹੋਈ ਇੱਕ ਹੋਰ ਮੀਟਿੰਗ ਹੈ ਜੋ ਪ੍ਰਕਾਸ਼ ਸਿੰਘ ਬਾਦਲ ਅਤੇ ਨਰਸਿਮਹਾ ਰਾਉ ਤੇ ਉਸ ਦੇ ਸਾਥੀਆਂ ਵਿਚਕਾਰ ਹੋਈ ਸੀ। ਸਵਾਲ ਇਹ ਹੈ ਕਿ ਜਦੋਂ ਅਕਾਲੀ ਦਲ ਅਤੇ ਕੇਂਦਰ ਸਰਕਾਰ ਵਿਚ ਚੰਡੀਗੜ੍ਹ ਗੱਲਬਾਤ ਚੱਲ ਰਹੀ ਸੀ ਤਾਂ ਉਸ ਵੇਲੇ ਇਕੱਲੇ ਬਾਦਲ ਨੂੰ ਦਿੱਲੀ ਬੁਲਾ ਕੇ ਗੱਲਬਾਤ ਕਰਨ ਦਾ ਕੀ ਮਕਸਦ ਸੀ? ਇਸ ਮੀਟਿੰਗ ਵਿਚ ਕੀ-ਕੀ ਗੱਲਾਂ ਹੋਈਆਂ ਅਤੇ ਕੀ-ਕੀ ਫੈਸਲੇ ਹੋਏ, ਇਸ ਦਾ ਖੁਲਾਸਾ ਜ਼ਰੂਰ ਹੋਣਾ ਚਾਹੀਦਾ ਹੈ ਕਿਉਂਕਿ ਇਸ ਦਾ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਨਾਲ ਕੋਈ ਨਾ ਕੋਈ ਸਬੰਧ ਜ਼ਰੂਰ ਬਣਦਾ ਹੈ।

ਸ. ਬਾਦਲ ਹੁਣ ਤੱਕ ਅਕਾਲੀ ਆਗੂਆਂ ਅਤੇ ਕੇਂਦਰ ਸਰਕਾਰ ਵਿਚ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਹੋਈਆਂ 9 ਗੁਪਤ ਮੀਟਿੰਗਾਂ ਤੋਂ ਇਨਕਾਰ ਹੀ ਕਰਦੇ ਆ ਰਹੇ ਹਨ। ਪਿਛਲੇ ਸਾਲ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਦੇ ਰੋਸ ਵਜੋਂ ਕਾਂਗਰਸ ਪਾਰਟੀ ਅਤੇ ਲੋਕ ਸਭਾ ਤੋਂ ਅਸਤੀਫਾ ਦੇਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੇ ਗੁਪਤ ਮੀਟਿੰਗਾਂ ਦਾ ਇਹ ਮਸਲਾ ਉਠਾਇਆ ਵੀ ਸੀ। ਇਨ੍ਹਾਂ ਮੀਟਿੰਗਾਂ ਦਾ ਹਵਾਲਾ ਕੇਂਦਰ ਸਰਕਾਰ ਵਲੋਂ ਪੰਜਾਬ ਸਬੰਧੀ 10 ਜੁਲਾਈ 1984 ਨੂੰ ਜਾਰੀ ਕੀਤੇ ਗਏ ਵਾਈਟ ਪੇਪਰ ਵਿਚ ਵੀ ਹੈ।

ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਨੈਤਿਕ ਹੌਂਸਲਾ ਵਿਖਾਉਂਦਿਆਂ ਇਨ੍ਹਾਂ ਮੀਟਿੰਗਾਂ ਨੂੰ ਰਿਕਾਰਡ ਉਤੇ ਲਿਆਂਦਾ। ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਗਏ ਫੌਜੀ ਹਮਲੇ ਤੋਂ ਪਹਿਲਾਂ ਇੰਦਰਾ ਗਾਂਧੀ ਦੀ ਕੇਂਦਰ ਸਰਕਾਰ ਅਤੇ ਅਕਾਲੀ ਆਗੂਆਂ ਵਿਚਕਾਰ ਕੁੱਲ 26 ਮੀਟਿੰਗਾਂ ਹੋਈਆਂ ਅਤੇ ਇਹ ਸਿਲਸਿਲਾ 23 ਅਕਤੂਬਰ 1981 ਨੂੰ ਅਕਾਲੀ ਦਲ ਵਲੋਂ ਆਪਣੀਆਂ ਮੰਗਾਂ ਦਾ ਚਾਰਟਰ ਦੇਣ ਨਾਲ ਸ਼ੁਰੂ ਹੋਇਆ ਸੀ ਅਤੇ ਆਖਰੀ ਮੀਟਿੰਗ 26 ਮਈ 1984 ਨੂੰ ਨਵੀਂ ਦਿੱਲੀ ਦੇ ਆਰ ਕੇ ਪੁਰਮ ਇਲਾਕੇ ਵਿਚ ਸਥਿਤ ਇੱਕ ਸਰਕਾਰੀ ਗੈਸਟ ਹਾਊਸ ਵਿਚ ਹੋਈ ਸੀ ਜਿਸ ਵਿਚ ਅਕਾਲੀ ਦਲ ਵਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ ਅਤੇ ਸੁਰਜੀਤ ਸਿੰਘ ਬਰਨਾਲਾ ਸ਼ਾਮਲ ਹੋਏ ਜਦੋਂ ਕਿ ਤਿੰਨ ਕੇਂਦਰੀ ਮੰਤਰੀਆਂ ਨਰਸਿਮਹਾ ਰਾਉ, ਪ੍ਰਣਬ ਮੁਖਰਜੀ (ਹੁਣ ਰਾਸ਼ਟਰਪਤੀ) ਅਤੇ ਸ਼ਿਵ ਸ਼ੰਕਰ ਤੋਂ ਬਿਨਾਂ ਤਿੰਨ ਸਕੱਤਰ ਪੱਧਰ ਦੇ ਅਧਿਕਾਰੀ ਵੀ ਸ਼ਾਮਲ ਸਨ। ਇਸ ਤਰ੍ਹਾਂ ਦੀਆਂ ਕੁੱਲ 9 ਮੀਟਿੰਗਾਂ ਹੋਈਆਂ।

ਕੇਂਦਰ ਸਰਕਾਰ ਅਤੇ ਅਕਾਲੀ ਦਲ ਦੇ ਆਗੂਆਂ ਵਿਚਾਲੇ 26 ਮਈ 1984 ਨੂੰ ਆਖਰੀ ਮੀਟਿੰਗ ਦਾ ਵੇਰਵਾ ਇਸ ਪੱਤਰਕਾਰ ਦੀ ਕਿਤਾਬ 'ਖਾਲਿਸਤਾਨ ਸਟਰਗਲ:ਏ ਨਾਨ ਮੂਵਮੈਂਟ' ਵਿਚ ਉਸੇ ਤਰ੍ਹਾਂ ਦਿੱਤਾ ਹੋਇਆ ਹੈ ਜਿਸ ਤਰ੍ਹਾਂ ਜਥੇਦਾਰ ਟੌਹੜਾ ਨੇ ਖੁਦ ਬਿਆਨ ਕੀਤਾ ਹੈ, "ਅਕਾਲੀ ਲੀਡਰਾਂ ਤੇ ਕੇਂਦਰ ਵਿਚਕਾਰ 26 ਮਈ 1984 ਨੂੰ ਆਖਰੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਅਕਾਲੀ ਦਲ ਵਲੋਂ ਮੇਰੇ ਨਾਲ ਪ੍ਰਕਾਸ਼ ਸਿੰਘ ਬਾਦਲ ਅਤੇ ਸੁਰਜੀਤ ਸਿੰਘ ਬਰਨਾਲਾ ਵੀ ਸਨ। ਕੇਂਦਰ ਸਰਕਾਰ ਵਲੋਂ ਨਰਸਿਮਹਾ ਰਾਉ, ਪ੍ਰਣਬ ਮੁਖਰਜੀ ਅਤੇ ਸ਼ਿਵ ਸ਼ੰਕਰ ਸਨ। ਉਨ੍ਹਾਂ ਨਾਲ ਤਿੰਨ ਸਕੱਤਰ ਪੱਧਰ ਦੇ ਅਧਿਕਾਰੀ ਵੀ ਸਨ। ਸਾਨੂੰ ਚੰਡੀਗੜ੍ਹ ਤੋਂ ਹਵਾਈ ਜਹਾਜ਼ ਰਾਹੀਂ ਦਿੱਲੀ ਦੇ ਆਰ ਕੇ ਪੁਰਮ ਵਿਚਲੇ ਸਰਕਾਰੀ ਗੈਸਟ ਹਾਊਸ ਵਿਚ ਲਿਜਾਇਆ ਗਿਆ। ਮੀਟਿੰਗ ਵਿਚ 8 ਦਿਨਾਂ ਦੇ ਅੰਦਰ ਚੰਡੀਗੜ੍ਹ ਪੰਜਾਬ ਨੂੰ ਦੇ ਦੇਣ, ਪੰਜਾਬੀ ਬੋਲਦੇ ਇਲਾਕਿਆਂ ਸਬੰਧੀ ਫੈਸਲਾ ਕਰਨ ਲਈ ਇੱਕ ਕਮਿਸ਼ਨ ਬਣਾਉਣ, ਦਰਿਆਈ ਪਾਣੀਆਂ ਦਾ ਮਸਲਾ ਸੁਪਰੀਮ ਕੋਰਟ ਦੇ ਹਵਾਲੇ ਕਰਨ ਅਤੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੀ ਇੱਕ ਕਮਿਸ਼ਨ ਨੂੰ ਸੌਂਪਣ ਦੀ ਤਜਵੀਜ਼ ਬਣੀ।"

ਅਕਾਲੀ ਆਗੂਆਂ ਨੇ ਮੀਟਿੰਗ ਵਿਚ ਕਿਹਾ ਕਿ ਦਰਿਆਈ ਪਾਣੀਆਂ ਦਾ ਮਸਲਾ ਰਾਏਪੇਰੀਅਨ ਸਿਧਾਂਤਾਂ ਅਨੁਸਾਰ ਹੱਲ ਕਰਨ ਲਈ ਸੁਪਰੀਮ ਕੋਰਟ ਨੂੰ ਸੌਂਪ ਦਿੱਤਾ ਜਾਵੇ। ਉਨ੍ਹਾਂ ਪੰਜਾਬ ਦੇ ਗੁਆਂਢੀ ਸੂਬਿਆਂ ਹਰਿਆਣੇ ਅਤੇ ਦਿੱਲੀ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ



*ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*

ਦਰਜਾ ਦੇਣ ਅਤੇ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਉਤੇ ਵੀ ਜ਼ੋਰ ਦਿੱਤਾ। ਕੇਂਦਰੀ ਮੰਤਰੀ ਸ਼ਿਵ ਸ਼ੰਕਰ ਚਾਹੁੰਦਾ ਸੀ ਕਿ ਅਕਾਲੀ ਆਗੂ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਸਮਝੌਤੇ ਨੂੰ ਪ੍ਰਵਾਨ ਕਰਨ ਦੀ ਜ਼ਿੰਮੇਵਾਰੀ ਲੈਣ। ਜਥੇਦਾਰ ਟੌਹੜਾ ਨੇ ਖੁਦ ਇਹ ਜ਼ਿੰਮੇਵਾਰੀ ਲਈ। ਅਕਾਲੀ ਆਗੂਆਂ ਦਾ ਇਹ ਵੀ ਸੁਝਾਅ ਸੀ ਕਿ ਜੇ ਕੇਂਦਰ ਨੂੰ ਹਰਿਆਣੇ ਦੀ ਬਹੁਤੀ ਹੀ ਚਿੰਤਾ ਹੈ ਤਾਂ ਇਸ ਸੂਬੇ ਨੂੰ ਉਤਰ ਪ੍ਰਦੇਸ਼ ਵਿਚੋਂ ਕੁਝ ਇਲਾਕਾ ਦੇ ਦਿੱਤਾ ਜਾਵੇ। ਮੀਟਿੰਗ ਕਰੀਬ ਚਾਰ ਘੰਟੇ ਚੱਲੀ। ਇਹ ਪਹਿਲੀ ਮੀਟਿੰਗ ਸੀ ਜਿਸ ਵਿਚ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਨੇ ਅਕਾਲੀ ਆਗੂਆਂ ਦੀਆਂ ਤਜਵੀਜ਼ਾਂ ਅਤੇ ਸੁਝਾਵਾਂ ਉਤੇ ਕੋਈ ਕਿੰਤੂ ਪ੍ਰੰਤੂ ਨਹੀਂ ਕੀਤਾ। ਕੇਂਦਰੀ ਮੰਤਰੀਆਂ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਸਲਾਹ ਕਰਨ ਤੋਂ ਬਾਅਦ ਫਿਰ ਉਨ੍ਹਾਂ ਨੂੰ ਮਿਲਣਗੇ। ਸ਼ਾਮ ਦੇ ਕਰੀਬ ਸਾਢੇ ਚਾਰ ਵਜੇ ਉਹ ਵਾਪਸ ਆਏ ਅਤੇ ਖੜ੍ਹੇ ਖੜ੍ਹੇ ਹੀ ਕਹਿਣ ਲੱਗੇ, "ਵੈਰੀ ਵੈਰੀ ਸੌਰੀ, ਮੈਡਮ ਨਹੀਂ ਮੰਨੇ।" ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਮੀਟਿੰਗ ਵਿਚ ਘੜਿਆ ਫਾਰਮੂਲਾ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਇਸ ਤੋਂ ਤੁਰੰਤ ਬਾਅਦ ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕਰ ਦਿੱਤਾ ਗਿਆ। ਇਸ ਤੋਂ ਕਈ ਸਾਲ ਬਾਅਦ ਜਥੇਦਾਰ ਟੌਹੜਾ ਨੇ ਇਨ੍ਹਾਂ ਮੀਟਿੰਗਾਂ ਦੇ ਵੇਰਵੇ ਕਈ ਥਾਂਵਾਂ ਉਤੇ ਸਾਂਝੇ ਕੀਤੇ।

ਇਨ੍ਹਾਂ ਮੀਟਿੰਗਾਂ ਤੋਂ ਬਾਅਦ ਜਥੇਦਾਰ ਟੌਹੜਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦੱਸ ਦਿੱਤਾ ਕਿ ਕੇਂਦਰ ਸਰਕਾਰ ਮਸਲੇ ਦੇ ਕਿਸੇ ਵੀ ਹੱਲ ਪ੍ਰਤੀ ਗੰਭੀਰ ਨਹੀਂ ਹੈ। ਦੋਹੇਂ ਆਗੂ ਇਸ ਸਿੱਟੇ ਉਤੇ ਪਹੁੰਚੇ ਕਿ ਗੱਲਬਾਤ ਦਾ ਇਹ ਸਾਰਾ ਡਰਾਮਾ ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲਾ ਕਰਨ ਲਈ ਲੋੜੀਂਦੀ ਤਿਆਰੀ ਲਈ ਚਾਹੀਦਾ ਸਮਾਂ ਲੈਣ ਲਈ ਰਚਿਆ ਗਿਆ ਹੈ ਅਤੇ ਪ੍ਰਧਾਨ ਮੰਤਰੀ ਦਾ ਮਨ ਸਾਫ ਨਹੀਂ ਹੈ। ਜਥੇਦਾਰ ਟੌਹੜਾ ਨੇ ਇਹ ਵੀ ਦੱਸਿਆ ਕਿ ਦੇਹਰਾਦੂਨ ਦੇ ਨੇੜੇ ਚਕਾਰਤਾ ਵਿਖੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਕਮਾਂਡੋਆਂ ਨੂੰ ਸਿੱਖਾਂ ਦੇ ਇਸ ਸਭ ਤੋਂ ਮੁਕੱਦਸ ਅਸਥਾਨ ਉਤੇ ਹਮਲਾ ਕਰਨ ਲਈ ਸਿਖਲਾਈ ਦਿੱਤੀ ਗਈ ਸੀ। ਸੰਤ ਲੌਂਗੋਵਾਲ ਨੇ 2 ਜੂਨ ਨੂੰ ਜਥੇਦਾਰ ਟੌਹੜਾ ਨੂੰ ਕਿਹਾ ਕਿ ਉਹ ਇਸ ਗੰਭੀਰ ਸਥਿਤੀ ਉਤੇ ਵਿਚਾਰ ਕਰਨ ਲਈ ਪਾਰਟੀ ਦੀ ਤੁਰੰਤ ਮੀਟਿੰਗ ਸੱਦਣ।

ਗੁਪਤ ਮੀਟਿੰਗਾਂ ਅਜੇ ਚੱਲ ਹੀ ਰਹੀਆਂ ਸਨ ਕਿ ਸੰਤ ਭਿੰਡਰਾਂਵਾਲਿਆਂ ਨੇ ਇਸ ਪੱਤਰਕਾਰ ਨਾਲ 25 ਮਈ 1984 ਨੂੰ ਸ੍ਰੀ ਅਕਾਲ ਤਖ਼ਤ ਵਿਖੇ ਹੋਈ ਇੱਕ ਮੀਟਿੰਗ ਵਿਚ ਕਿਹਾ ਕਿ ਉਹ ਕੇਂਦਰ ਸਰਕਾਰ ਨਾਲ ਕਿਸੇ ਸਨਮਾਨਯੋਗ ਸਮਝੌਤੇ ਦੇ ਵਿਰੁਧ ਨਹੀਂ ਹਨ। ਇਸ ਮੀਟਿੰਗ ਦਾ ਵੇਰਵਾ ਇਸ ਪ੍ਰਕਾਰ ਹੈ:

1984 ਦੇ ਸਾਲ ਦੀ ਉਹ 25 ਮਈ ਦਾ ਦਿਨ ਸੀ। ਗਰਮੀ ਆਪਣੇ ਪੂਰੇ ਜੋਬਨ 'ਤੇ ਸੀ। ਅਜੇ ਭਾਵੇਂ ਸਵੇਰ ਦੇ ਕੋਈ 9 ਹੀ ਵਜੇ ਸਨ, ਫਿਰ ਵੀ ਤਪਸ਼ ਨਾਲ ਬੁਰਾ ਹਾਲ ਸੀ। ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਦੇ ਅੰਦਰ ਤੇ ਬਾਹਰ ਆਮ ਨਾਲੋਂ ਅੱਜ ਵੱਧ ਭੀੜ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਅਮਰੀਕ ਸਿੰਘ ਤਖ਼ਤ ਸਾਹਿਬ ਦੀ ਉਪਰਲੀ ਮੰਜ਼ਿਲ ਉਤੇ ਆਪਣਾ 'ਦਰਬਾਰ' ਲਾ ਕੇ ਲੋਕਾਂ ਦੇ ਝਗੜੇ ਨਿਬੇੜ ਰਹੇ ਸਨ। ਉਹ, ਉਦੋਂ ਤੱਕ, ਸੰਤ ਭਿੰਡਰਾਂਵਾਲਿਆਂ ਦੇ ਕਈ ਕੰਮ ਖੁਦ ਵੀ ਕਰਨ ਲੱਗ ਪਏ ਸਨ, ਖਾਸ ਕਰਕੇ ਖੁੱਲਾ ਦਰਬਾਰ ਲਾ ਕੇ ਲੋਕਾਂ ਦੇ ਝਗੜੇ ਨਿਬੇੜਨ ਦਾ। ਸੰਤ ਪਿਛਲੇ ਕਾਫੀ ਸਮੇਂ ਤੋਂ ਲੰਗਰ ਹਾਲ ਜਾਂ ਅਕਾਲ ਤਖਤ ਸਾਹਿਬ ਦੀ ਛੱਤ ਉਤੇ ਖੁੱਲਾ ਦਰਬਾਰ ਲਾ ਕੇ ਲੋਕਾਂ ਦੇ ਝਗੜੇ ਨਿਬੇੜਿਆ ਕਰਦੇ ਸਨ। ਅਦਾਲਤਾਂ ਦੇ ਲੰਬੇ ਖਲਜਗਣ ਦੀ ਥਾਂ ਲੋਕਾਂ ਨੂੰ ਇਨਸਾਫ ਦੇਣ ਦਾ ਇਹ ਸਸਤਾ ਤੇ ਤੁਰੰਤ ਇਨਸਾਫ ਦੇਣ ਦਾ ਸੌਖਾ ਰਾਹ ਸੀ। ਲੋਕ ਉਨ੍ਹਾਂ ਕੋਲ ਘਰੇਲੂ ਝਗੜਿਆਂ ਦੇ ਨਾਲ ਨਾਲ ਜ਼ਮੀਨਾਂ ਤੱਕ ਦੇ ਝਗੜੇ ਵੀ ਲਿਆਉਣ ਲੱਗ ਪਏ ਸਨ।

ਸੰਤ ਭਿੰਡਰਾਂਵਾਲੇ ਆਪਣੇ ਕਮਰੇ ਨੂੰ ਅੰਦਰੋਂ ਕੁੰਡੀ ਲਾ ਕੇ ਅਰਾਮ ਕਰ ਰਹੇ ਸਨ। ਉਹ ਬਹੁਤ ਸਵੱਖਤੇ ਉਠਣ ਕਰਕੇ ਦਿਨ ਵਿਚ ਨੀਂਦ ਦੀ ਇੱਕ ਅੱਧ ਝਪਕੀ ਲਾ ਲੈਂਦੇ ਸਨ। ਦਮਦਮੀ ਟਕਸਾਲ ਦੇ ਉਨ੍ਹਾਂ ਦੇ ਸਾਥੀ ਨਾਲ ਲਗਦੇ ਕਮਰੇ ਵਿਚ ਆਪਣੇ ਹਥਿਆਰ ਸਾਫ ਕਰ ਰਹੇ ਸਨ। ਸੰਤਾਂ ਦੇ ਬਹੁਤ ਹੀ ਘੱਟ ਤੇ ਮਿੱਠਾ ਬੋਲਣ ਵਾਲੇ ਨਿੱਜੀ ਸਹਾਇਕ ਰਛਪਾਲ ਸਿੰਘ ਨਾਲ ਗੱਲਾਂ ਕਰਦਿਆਂ ਮੈਨੂੰ ਪਤਾ ਲੱਗਿਆ ਕਿ ਅਮਰੀਕ ਸਿੰਘ ਵਲੋਂ ਸੰਤ ਭਿੰਡਰਾਂਵਾਲੇ ਵਾਂਗੂ ਲੋਕਾਂ ਦੇ ਝਗੜੇ ਨਿਬੇੜਨ ਦੇ ਸ਼ੁਰੂ ਕੀਤੇ ਗਏ ਕੰਮ ਨੂੰ ਟਕਸਾਲ ਦੇ ਸੀਨੀਅਰ ਆਗੂਆਂ ਵਿਚੋਂ ਕੁਝ ਪਸੰਦ ਨਹੀਂ ਸਨ ਕਰਦੇ ਅਤੇ ਉਸ ਉਤੇ ਲੋੜੋਂ ਵੱਧ ਇਛਾਵਾਂ ਪਾਲਣ ਦਾ ਦੋਸ਼ ਲਾਉਂਦੇ ਸਨ। ਰਛਪਾਲ ਸਿੰਘ ਨੇ ਇਸ ਸਬੰਧੀ ਮੇਰੇ ਨਾਲ ਗੱਲਬਾਤ ਕਰਦਿਆਂ ਮੈਨੂੰ ਇਹ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਇਸ ਮਾਮਲੇ ਬਾਰੇ ਸੰਤ ਭਿੰਡਰਾਂਵਾਲੇ ਨਾਲ ਗੱਲ ਕਰਾਂ।

ਇੱਕ ਘੰਟੇ ਦੀ ਉਡੀਕ ਤੋਂ ਬਾਅਦ ਮੈਂ ਵਾਪਸ ਆਉਣ ਦਾ ਫੈਸਲਾ ਕਰ ਲਿਆ ਕਿਉਂਕਿ ਅਕਾਲੀ ਦਲ ਵਲੋਂ ਚਲਾਏ ਜਾ ਰਹੇ ਧਰਮ ਯੁੱਧ ਮੋਰਚੇ ਕਾਰਨ ਤੇਜ਼ੀ ਨਾਲ ਕਰਵਟ ਲੈ ਰਹੀਆਂ ਹਾਲਤਾਂ ਸਬੰਧੀ ਚੰਡੀਗੜ੍ਹ ਤੋਂ ਅੰਮ੍ਰਿਤਸਰ ਜਾ ਕੇ ਖ਼ਬਰ ਕਰਨ ਦੀ ਮੇਰੇ ਅਖ਼ਬਾਰ ਵਲੋਂ ਲਾਈ ਆਪਣੀ ਵਿਸ਼ੇਸ਼ ਡਿਊਟੀ ਮੈਂ ਪਹਿਲਾਂ ਹੀ ਖਤਮ ਕਰ ਲਈ ਸੀ। ਪਰ ਰਛਪਾਲ ਸਿੰਘ ਨੇ ਇਹ ਕਹਿ ਕੇ ਮੈਨੂੰ ਕੁਝ ਦੇਰ ਹੋਰ ਉਡੀਕ ਕਰਨ ਲਈ ਮਨਾ ਲਿਆ ਕਿ ਜੇ ਸੰਤਾਂ ਨੂੰ ਪਤਾ ਲੱਗ ਗਿਆ ਕਿ ਤੂੰ ਇਥੇ ਆ ਕੇ ਬਿਨਾਂ ਮਿਲੇ ਚਲਾ ਗਿਆ ਹੈਂ ਤਾਂ ਸੰਤ ਸਾਡੇ ਨਾਲ ਨਾਰਾਜ਼ ਹੋਣਗੇ। ਕੁਝ ਦੇਰ ਬਾਅਦ ਦਰਵਾਜ਼ਾ ਖੁੱਲਿਆ ਅਤੇ ਸੰਤ ਭਿੰਡਰਾਂਵਾਲੇ ਆਪਣੇ ਕਮਰੇ ਵਿਚੋਂ ਨਿਕਲ ਕੇ ਗੁਸਲਖਾਨੇ ਚਲੇ ਗਏ। ਵਾਪਸੀ ਸਮੇਂ ਉਥੇ ਉਡੀਕ ਕਰ ਰਹੀ ਭੀੜ ਇੱਕਦਮ ਉਨ੍ਹਾਂ ਵੱਲ ਉਲਰ ਪਈ। ਮੈਨੂੰ ਇੱਕ ਖੂੰਜੇ ਵਿਚ ਲੱਗੇ ਖੜੇ ਨੂੰ ਵੇਖਦਿਆਂ ਹੀ ਉਨ੍ਹਾਂ ਮੈਨੂੰ ਹੱਥ ਦਾ ਇਸ਼ਾਰਾ ਕਰਕੇ ਰੁਕਣ ਲਈ ਕਿਹਾ। ਤਕਰੀਬਨ ਅੱਧੇ ਘੰਟੇ ਦੀ ਹੋਰ ਉਡੀਕ ਤੋਂ ਬਾਅਦ ਮੈਂ ਤੇ ਅਮਰੀਕ ਸਿੰਘ ਕਮਰੇ ਵਿਚ ਉਨ੍ਹਾਂ ਦੇ ਨਾਲ ਸਾਂ। ਮੈਂ ਸੰਤਾਂ ਨੂੰ ਕਿਹਾ ਕਿ ਮੈਂ ਕੁਝ ਗੱਲਾਂ ਉਨ੍ਹਾਂ ਨਾਲ ਇਕੱਲਿਆਂ ਕਰਨਾ ਚਾਹੁੰਦਾ ਹਾਂ। ਅਮਰੀਕ ਸਿੰਘ ਉਠ ਕੇ ਚਲਾ ਗਿਆ। ਇੱਕ ਘੰਟਾ ਲੰਬੀ ਗੱਲਬਾਤ ਦੌਰਾਨ ਹੋਰਨਾਂ ਮਸਲਿਆਂ ਦੇ ਨਾਲ ਨਾਲ ਸੰਭਾਵਿਤ ਫੌਜੀ ਹਮਲੇ ਬਾਰੇ ਵੀ ਵਿਚਾਰ ਵਟਾਂਦਰਾ ਹੋਇਆ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤਿੱਖੇ ਟਕਰਾਅ ਵਾਲੀਆਂ ਇਨ੍ਹਾਂ ਹਾਲਤਾਂ ਵਿਚ ਕੇਂਦਰ ਸਰਕਾਰ ਵਲੋਂ ਕੀਤੀ ਜਾ ਸਕਣ ਵਾਲੀ ਕਿਸੇ ਸਿਰੇ ਦੀ ਕਾਰਵਾਈ ਨੂੰ ਟਾਲਣ ਦਾ ਕੋਈ ਰਾਹ ਹਾਲੇ ਵੀ ਬਚਿਆ ਹੈ। ਉਨ੍ਹਾਂ ਬੜਾ ਸਿੱਧਾ ਤੇ ਸਪਸ਼ਟ ਜੁਆਬ ਦਿੱਤਾ, "ਸਰਕਾਰ ਅਕਾਲੀ ਨੇਤਾਵਾਂ ਨਾਲ ਮੋਰਚੇ ਦੀਆਂ ਮੰਗਾਂ ਸਬੰਧੀ ਕੋਈ ਸਨਮਾਨਯੋਗ ਹੱਲ ਕੱਢ ਲਵੇ। ਜੇਲ੍ਹਾਂ ਵਿਚ ਬੰਦ ਸਾਰੇ ਸਿੱਖ ਨੌਜਵਾਨਾਂ, ਸਮੇਤ ਖਾੜਕੂਆਂ ਦੇ, ਨੂੰ ਆਮ ਮੁਆਫੀ ਦੇ ਕੇ ਜੇਲ੍ਹਾਂ ਵਿਚੋਂ ਰਿਹਾ ਕਰ ਦੇਵੇ। ਮੈਂ ਤੁਰੰਤ ਆਪਣੇ ਹੈਡ ਕੁਆਰਟਰ ਚੌਕ ਮਹਿਤਾ ਚਲਾ ਜਾਵਾਂਗਾ।"

ਇੱਕ ਪਲ ਲਈ ਮੈਨੂੰ ਯਕੀਨ ਨਾ ਆਇਆ ਕਿ ਇਹ ਗੱਲ ਸੰਤ ਭਿੰਡਰਾਂਵਾਲੇ ਹੀ ਕਹਿ ਰਹੇ ਹਨ। ਪਰ ਆਪ੍ਰੇਸ਼ਨ ਬਲੂ ਸਟਾਰ ਤੋਂ ਬਾਅਦ ਜਦੋਂ ਮੈਂ ਇਹ ਗੱਲ ਸੀਨੀਅਰ ਕਾਂਗਰਸੀ ਆਗੂ ਆਰ.ਐਲ. ਭਾਟੀਆ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਦਸਿਆ ਕਿ 28 ਮਈ ਨੂੰ ਸੰਤ ਭਿੰਡਰਾਂਵਾਲੇ ਨੇ ਇਹੀ ਤਜਵੀਜ ਦਿੱਲੀ ਤੋਂ ਆਏ ਇੱਕ ਵਿਸ਼ੇਸ਼ ਵਿਚੋਲੇ ਨੂੰ ਵੀ ਦਿੱਤੀ ਸੀ ਅਤੇ ਉਨ੍ਹਾਂ ਦੀ ਇਸ



ਤਜਵੀਜ਼ ਦੀ ਵੀਡੀਓ ਰਿਕਾਰਡਿੰਗ ਕਰ ਕੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਵਿਖਾਈ ਵੀ ਗਈ ਸੀ।

ਸੰਤ ਭਿੰਡਰਾਂਵਾਲਿਆਂ ਨਾਲ ਮੇਰੀ ਇਸ ਆਖਰੀ ਮੁਲਾਕਾਤ ਸਮੇਂ ਬਹੁਤ ਹੀ ਤਲਖੀ ਅਤੇ ਵਿਆਪਕ ਭੈਅ ਦਾ ਮਾਹੌਲ ਬਣਿਆ ਹੋਇਆ ਸੀ ਪਰ ਸੰਤ ਭਿੰਡਰਾਂਵਾਲੇ ਪੂਰੀ ਤਰਾਂ ਸਹਿਜ ਤੇ ਸ਼ਾਂਤਚਿੱਤ ਸਨ। ਚੰਡੀਗੜ੍ਹ ਨੂੰ ਵਾਪਸ ਆਉਂਦਿਆਂ ਮੈਂ ਵੇਖਿਆ ਕਿ ਵੱਡੀ ਗਿਣਤੀ ਵਿਚ ਫੌਜੀ ਗੱਡੀਆਂ ਅੰਮ੍ਰਿਤਸਰ ਵੱਲ ਜਾ ਰਹੀਆਂ ਸਨ। ਦਰਅਸਲ ਆਪ੍ਰੇਸ਼ਨ ਬਲੂ ਸਟਾਰ ਦੀ ਕਾਰਵਾਈ ਅਰੰਭ ਹੋ ਚੁੱਕੀ ਸੀ, ਜਿਹੜਾ ਕਿ ਟਾਲਿਆ ਜਾਣਾ ਚਾਹੀਦਾ ਸੀ।

ਪ੍ਰਕਾਸ਼ ਸਿੰਘ ਬਾਦਲ ਨੂੰ ਲੋਕਾਂ ਨੂੰ ਇਹ ਦਸਣਾ ਚਾਹੀਦਾ ਹੈ ਕਿ ਜਦੋਂ ਕੇਂਦਰ ਸਰਕਾਰ ਦੇ ਪ੍ਰਤੀਨਿਧੀਆਂ ਦੀ ਅਕਾਲੀ ਆਗੂਆਂ ਨਾਲ ਚੰਡੀਗੜ੍ਹ ਗੱਲਬਾਤ ਚੱਲ ਰਹੀ ਸੀ ਤਾਂ ਉਨ੍ਹਾਂ ਨਾਲ ਇਕੱਲਿਆਂ ਦਿੱਲੀ ਵਿਚ ਮੀਟਿੰਗ ਕਰਨ ਦੀ ਕੀ ਲੋੜ ਪੈ ਗਈ ਸੀ। ਇਸ ਮੀਟਿੰਗ ਦਾ ਵੇਰਵਾ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਫੌਜੀ ਹਮਲੇ ਦਾ ਰਹੱਸ ਖੋਲ੍ਹਣ ਵਿਚ ਸਹਾਈ ਹੋ ਸਕਦਾ ਹੈ।




ਦੇਵਿੰਦਰ ਸਤਿਆਰਥੀ-1

# ਸੰਦਲੀ ਗਲੀ ਦਾ ਯਾਤਰੀ

***ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਉਨ੍ਹਾਂ ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤਾ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਗੁਰਬਚਨ ਸਿੰਘ ਭੁੱਲਰ ਹੋਰਾਂ ਦੀ 'ਸਤਿਯੁਗੀ ਬੰਦੇ' ਨਾਂ ਦੀ ਲੇਖ ਲੜੀ ਵਿਚ ਇਕ ਲੇਖ ਪਾਠਕ ਪਹਿਲਾਂ ਪੜ੍ਹ ਚੁਕੇ ਹਨ। ਭੁੱਲਰ ਹੋਰਾਂ ਮਰਹੂਮ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ***



**ਗੁਰਬਚਨ ਸਿੰਘ ਭੁੱਲਰ**
**ਫੋਨ: 01191-11425-02364**
bhullargs@gmail.com

ਪੰਜਾਬੀ ਸਾਹਿਤ ਦੇ ਮਹਾਂਰਿਸ਼ੀ ਦੇਵਿੰਦਰ ਸਤਿਆਰਥੀ ਨੂੰ ਪੂਰੇ ਹੋਇਆਂ ਕੋਈ ਬਾਰਾਂ ਸਾਲ ਬੀਤ ਗਏ ਹਨ। ਉਹ 18 ਫ਼ਰਵਰੀ 2003 ਨੂੰ ਸੰਦਲੀ ਗਲੀ ਦੇ ਯਾਤਰੀ ਬਣ ਗਏ ਸਨ। ਉਸ ਵੇਲੇ ਉਨ੍ਹਾਂ ਦੀ ਉਮਰ 95 ਸਾਲ ਸੀ। ਸਾਹਿਤਕ-ਸਮਾਜਕ ਸਭਾਵਾਂ ਜਾਂ ਸਮਾਗਮਾਂ ਵਿਚ ਉਹ ਉਸ ਤੋਂ ਵੀ ਕਾਫ਼ੀ ਪਹਿਲਾਂ ਮਿਲਣੋਂ ਹਟ ਗਏ ਸਨ। ਲੋਕਮਾਤਾ ਨੇ ਉਨ੍ਹਾਂ ਦਾ ਘਰੋਂ ਨਿਕਲਣਾ ਬੰਦ ਕਰ ਦਿਤਾ ਸੀ। ਇਕ ਵਾਰ ਮੈਂ ਕਿਹਾ, "ਬੇਬੇ, ਸੜਕਾਂ, ਕਾਫ਼ੀ ਹਾਊਸ, ਭਾਪਾ ਜੀ ਦਾ ਨਵਯੁਗ, ਇਹ ਸਭ ਤਾਂ ਸਤਿਆਰਥੀ ਜੀ ਨਾਂ ਦੀ ਮੱਛੀ ਵਾਸਤੇ ਜੀਵਨਦਾਤਾ ਸਰੋਵਰ ਹਨ। ਇਨ੍ਹਾਂ ਬਿਨਾਂ ਇਹ ਜਿਉਂਦੇ ਕਿਵੇਂ ਰਹਿਣਗੇ?"

ਬੇਬੇ ਕੋਰੀ ਨਾਂਹ ਕਰਦਿਆਂ ਕਹਿਣ ਲੱਗੀ, "ਨਾ ਪੁੱਤ, ਹੁਣ ਨਹੀਂ ਮੈਂ ਇਨ੍ਹਾਂ ਨੂੰ ਘਰੋਂ ਬਾਹਰ ਜਾਣ ਦੇਣਾ। ਨਾ ਜਾਣੀਏ, ਕੋਈ ਮੋਟਰ-ਗੱਡੀ, ਕੋਈ ਟਰੱਕ-ਠੇਲ੍ਹਾ ਫੇਟ ਮਾਰ ਜਾਵੇ। ਦਿੱਲੀ ਚੰਦਰੀ ਦਾ ਕੀ ਵਸਾਹ।"

ਸਾਡੀ ਗੱਲਬਾਤ ਸਮੇਂ ਬਾਬੇ ਚੁੱਪ ਬੈਠੇ ਰਹੇ। ਮੈਨੂੰ ਪਤਾ ਸੀ, ਉਹ ਸੰਘਣੀਆਂ ਮੁੱਛਾਂ ਹੇਠ ਮੁਸਕੁਰਾ ਰਹੇ ਹਨ। ਮੈਂ ਕਿਹਾ, "ਮਹਾਰਾਜ, ਬੇਬੇ ਦੀ ਕਚਹਿਰੀ ਵਿਚ ਅਪੀਲ ਕਰ ਦੇਖੋ। ਜੇ ਪ੍ਰਵਾਨ ਹੋ ਜਾਵੇ, ਹਫ਼ਤੇ-ਦੋ ਹਫ਼ਤੀਂ ਬਾਹਰ ਨਿਕਲਣ ਦੀ ਪੈਰੋਲ ਮਿਲ ਜਾਵੇ, ਕੋਈ ਮੇਰੇ ਵਰਗਾ ਘਰੋਂ ਲੈ ਜਾਇਆ ਕਰੇਗਾ ਤੇ ਘਰ ਛੱਡ ਜਾਇਆ ਕਰੇਗਾ।"

"ਨਹੀਂ, ਭੁੱਲਰ ਜੀ, ਇਹ ਅਪੀਲ ਵਾਲੀ ਕਚਹਿਰੀ ਨਹੀਂ," ਉਹ ਹੱਸੇ, "ਲੋਕਮਾਤਾ (ਸਤਿਆਰਥੀ ਜੀ ਇਸੇ ਨਾਂ ਨਾਲ ਆਪਣੀ ਪਤਨੀ ਨੂੰ ਬੁਲਾਉਂਦੇ ਸਨ ਅਤੇ ਫਿਰ ਸਾਹਿਤਕਾਰਾਂ ਨੇ ਵੀ ਆਦਰ-ਮਾਣ ਵਜੋਂ ਇਸੇ ਨਾਂ ਨਾਲ ਬੁਲਾਉਣਾ ਸ਼ੁਰੂ ਕਰ ਦਿੱਤਾ) ਦੀ ਕਚਹਿਰੀ ਤੁਰਕਾਂ ਦੀ ਕਚਹਿਰੀ ਹੈ ਜਿਥੇ ਅਪੀਲ, ਵਕੀਲ, ਦਲੀਲ ਵਾਸਤੇ ਕੋਈ ਗੁੰਜਾਇਸ਼ ਨਹੀਂ!"

"ਲੈ ਦੇਖ ਲੈ ਪੁੱਤ, ਇਨ੍ਹਾਂ ਦੀ ਮੱਤ!" ਬੇਬੇ ਖਿੜਖਿੜਾ ਕੇ ਹੱਸੀ, "ਮੈਨੂੰ ਜਗਰਾਵਾਂ ਦੀ ਖੱਤਰੀਆਂ-ਜਾਈ ਨੂੰ ਤੁਰਕਣੀ ਬਣਾ ਦਿੱਤਾ।"

ਸਾਰੀ ਦੁਨੀਆਂ ਸਤਿਆਰਥੀ ਜੀ ਦੀ ਬਹੁਪਰਤੀ, ਬਹੁਪਸਾਰੀ, ਬਹੁਭਾਸ਼ਾਈ ਤੇ ਬਹੁਵਿਧਾਈ ਵਿਦਵਤਾ ਦਾ ਲੋਹਾ ਮੰਨਦੀ ਰਹੀ ਪਰ ਬੇਬੇ ਨੂੰ ਉਨ੍ਹਾਂ ਦੀ ਮੱਤ ਦਾ ਸ਼ੱਕ ਹੀ ਰਿਹਾ। ਛੇੜੇ ਤੋਂ ਸਤਿਆਰਥੀ ਜੀ ਆਖਦੇ, "ਜਿਸ ਦਿਨ ਲੋਕਮਾਤਾ ਨੂੰ ਮੇਰੀ ਮੱਤ ਦਾ ਵਿਸ਼ਵਾਸ ਹੋ ਗਿਆ, ਉਸ ਦਿਨ ਮੇਰੀ ਮੱਤ ਸੱਚੀਓਂ ਮਾਰੀ ਜਾਣੀ ਹੈ!"

ਬੇਬੇ ਨੂੰ ਅੱਧੀ ਸਦੀ ਤੋਂ ਵੱਧ ਸਮਾਂ ਦਿੱਲੀ ਰਹਿੰਦਿਆਂ ਹੋ ਗਿਆ ਸੀ, ਪਰ ਉਹ ਪੇਕਿਆਂ ਵਾਲੀ ਜਗਰਾਵਾਂ ਅਤੇ ਸਹੁਰਿਆਂ ਵਾਲਾ ਭਦੌੜ ਨਾਲ ਚੁਕੀ ਫਿਰਦੀ ਸੀ। ਦਿੱਲੀ ਨਾਲ ਉਹਨੇ ਕਦੀ ਕੋਈ ਬਹੁਤਾ ਵਾਹ-ਵਾਸਤਾ ਨਹੀਂ ਸੀ ਰਖਿਆ ਅਤੇ ਨੇੜਤਾ ਜਾਂ ਅਪਣੱਤ ਨਹੀਂ ਸੀ ਦਿਖਾਈ, ਦਿੱਲੀ ਦਾ ਵਸਾਹ ਕਰਨਾ ਤਾਂ ਦੂਰ ਦੀ ਗੱਲ ਰਹੀ। ਸਤਿਆਰਥੀ ਜੀ ਨਾਲ ਉਹ ਕਦੀ ਕਿਸੇ ਸਾਹਿਤਕ ਇਕੱਠ ਵਿਚ ਵੀ ਨਹੀਂ ਸੀ ਗਈ। ਦਿੱਲੀ ਉਹਦੇ ਪੇਂਡੂ ਮਲਵਈ ਸੁਭਾਅ ਲਈ ਅੰਤ ਤੱਕ ਬੇਵਿਸਾਹੀ ਚੰਦਰੀ ਹੀ ਰਹੀ।

ਦੂਜੀ ਮੁਸ਼ਕਿਲ ਇਹ ਸੀ ਕਿ ਸਤਿਆਰਥੀ ਜੀ ਨਾਲ ਗੱਲ ਕਰਨ ਲਈ ਤੇ ਉਨ੍ਹਾਂ ਦਾ ਹਾਲ-ਚਾਲ ਪੁੱਛਣ ਲਈ, ਹੁਣ ਕਾਫ਼ੀ ਸਮੇਂ ਤੋਂ ਫ਼ੋਨ ਵੀ ਕਿਸੇ ਕੰਮ ਨਹੀਂ ਸੀ ਆਉਂਦਾ। ਤੁਸੀਂ ਕੁਝ ਕਹਿੰਦੇ, ਉਹ ਕੁਝ ਸੁਣਦੇ। ਤੁਸੀਂ ਕੁਝ ਪੁਛਦੇ ਸੀ, ਉਹ ਕੁਝ ਦਸਦੇ ਸਨ। ਅਜਿਹੇ ਮੌਕੇ ਬੈਂਗਣ ਖਰੀਦ ਕੇ ਲਿਜਾ ਰਹੇ ਬੋਲ਼ੇ ਤੋਂ ਬਾਲ-ਬੱਚੇ ਦੀ ਸੁਖ-ਸਾਂਦ ਪੁੱਛਣ ਵਾਲਾ ਲਤੀਫ਼ਾ ਯਾਦ ਆ ਜਾਂਦਾ ਸੀ।


ਹੁਣ ਉਨ੍ਹਾਂ ਨੂੰ ਘਰ ਜਾ ਕੇ ਹੀ ਮਿਲਿਆ ਜਾ ਸਕਦਾ ਸੀ। ਨਵਯੁਗ ਪਬਲਿਸ਼ਰਜ਼ ਦੀਆਂ 'ਸੰਦਲੀ ਗਲੀ' ਦੇ ਨਾਂ ਹੇਠ ਛਾਪੀਆਂ ਉਨ੍ਹਾਂ ਦੀਆਂ 16 ਚੋਣਵੀਆਂ ਕਹਾਣੀਆਂ ਪੜ੍ਹੀਆਂ ਤਾਂ ਮਿਲਣ-ਤਾਂਘ ਤਿਖੇਰੀ ਹੋ ਗਈ। ਵੈਸੇ ਤਾਂ ਇਹ ਸਾਰੀਆਂ ਹੀ ਕਹਾਣੀਆਂ ਪਹਿਲਾਂ, ਕੋਈ ਕਿੰਨੀ ਵਾਰ ਅਤੇ ਕੋਈ ਕਿੰਨੀ ਵਾਰ, ਪੜ੍ਹੀਆਂ ਹੋਈਆਂ ਸਨ, ਪਰ ਇਨ੍ਹਾਂ ਸਿਰੇ-ਸੱਟ ਕਹਾਣੀਆਂ ਨੂੰ ਇਕਠਿਆਂ ਪੜ੍ਹਨਾ ਆਪਣੇ ਆਪ ਵਿਚ ਇਕ ਵਖਰਾ ਅਨੁਭਵ ਸੀ। ਪੁਸਤਕ ਦੇ ਫਲੈਪ ਉਤੇ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਨੇ ਕੁਝ ਸਤਰਾਂ ਦਿੰਦਿਆਂ ਅੰਤਲਾ ਵਾਕ ਲਿਖਿਆ ਹੋਇਆ ਸੀ: "93 ਵਰ੍ਹੇ ਦਾ ਪੁਰਾਣਾ ਸਾਹਿਤਕਾਰ, ਅੱਜ ਵੀ ਨਵਾਂ-ਨਕੋਰ। 8 ਮਈ 2001 ਉਨ੍ਹਾਂ ਦੇ 93 ਵਰ੍ਹੇ ਪੂਰੇ ਹੋਣ ਦਾ ਦਿਨ। ਤਨ ਕੁਝ ਕੁਝ ਨਿਰਬਲ, ਪਰ ਉਮਰ ਅਨੁਸਾਰ ਚੰਗਾ-ਭਲਾ ਅਤੇ ਮਨ ਪਹਿਲਾਂ ਵਾਲਾ ਹੀ, ਪੂਰੀ ਤਰ੍ਹਾਂ ਚੁਸਤ ਤੇ ਸੁਚੇਤ।"

ਇਕ ਦਿਨ ਮੇਰਾ ਸ਼ਾਗਿਰਦ-ਮਿੱਤਰ ਨਰਿੰਦਰ ਭੁੱਲਰ ਚੰਡੀਗੜ੍ਹੋਂ ਆਇਆ ਅਤੇ ਉਹਦੀਆਂ ਪਹਿਲੀਆਂ ਗੱਲਾਂ ਵਿਚ ਇਹ ਸਵਾਲ ਵੀ ਸ਼ਾਮਲ ਸੀ, "ਸਤਿਆਰਥੀ ਜੀ ਹੁਣ ਕਦੀ ਮਿਲੇ? ਉਨ੍ਹਾਂ ਦਾ ਕੀ ਹਾਲ ਹੈ?"

"ਚਲੀਏ?" ਮੈਂ ਫ਼ੈਸਲੇ ਵਰਗੇ ਜਵਾਬ ਵਿਚ ਸਵਾਲ ਕੀਤਾ।

ਵਿਹੜਾ ਧੋ ਰਹੀ ਕੰਮ-ਵਾਲੀ ਨੇ ਘੰਟੀ ਸੁਣ ਕੇ ਫਾਟਕ ਖੋਲ੍ਹਿਆ ਅਤੇ ਪੁੱਛਣ ਉਤੇ ਖੁੱਲ੍ਹੇ ਬੂਹੇ ਵਾਲੇ ਇਕ ਕਮਰੇ ਵਲ ਇਸ਼ਾਰਾ ਕਰ ਦਿੱਤਾ।

ਸਤਿਆਰਥੀ ਜੀ ਅਤੇ ਬੇਬੇ ਪਲੰਘ ਉਤੇ ਬੈਠੇ ਸਨ ਜਿਸ ਕੋਲ ਦੋ ਕੁਰਸੀਆਂ ਪਈਆਂ ਸਨ। ਮੈਂ ਬਿਨਾਂ ਕੁਝ ਆਖਿਆਂ ਸਤਿਆਰਥੀ ਜੀ ਦੇ ਗੋਡੇ ਘੁਟੇ ਅਤੇ ਬੇਬੇ ਨੂੰ ਪੈਰੀਂ-ਪੈਣਾ ਕੀਤਾ। ਨਰਿੰਦਰ ਨੇ ਵੀ ਦੋਹਾਂ ਨੂੰ ਸਤਿਕਾਰ ਭੇਟਿਆ। ਸਤਿਆਰਥੀ ਜੀ ਗਦਗਦ ਹੋ ਕੇ "ਵਾਹ ਮਾ'ਰਾਜ, ਵਾਹ ਮਾ'ਰਾਜ" ਕਰਨ ਲਗ ਪਏ, ਪਰ ਲਗਦਾ ਸੀ, ਬੇਬੇ ਦਾ ਚੇਤਾ ਇਕਾਗਰ ਨਹੀਂ ਸੀ ਹੋ ਰਿਹਾ। ਮੈਂ ਉਸ ਨੂੰ ਉਲਝਣ 'ਚੋਂ ਕੱਢਣ ਲਈ ਕੁਰਸੀ ਵੱਲ ਅਹੁਲਦਿਆਂ ਕਿਹਾ, "ਮੈਂ ਆਪਣੇ ਪਿੰਡਾਂ ਵਾਲਾ ਭੁੱਲਰ ਹਾਂ, ਬੇਬੇ।" ਉਹ ਮੈਨੂੰ 'ਸਾਡੇ ਪਿੰਡਾਂ ਵਾਲਾ ਭੁੱਲਰ' ਹੀ ਆਖਿਆ ਕਰਦੀ ਸੀ। ਉਨ੍ਹਾਂ ਵੇਲ਼ਿਆਂ ਦੀਆਂ ਵਿੱਥਾਂ ਅਨੁਸਾਰ ਆਖ਼ਰ ਭਦੌੜ ਤੇ ਪਿਥੋ ਦਾ ਫ਼ਰਕ ਵੀ ਕਿੰਨਾ ਕੁ ਸੀ! ਤੜਕੇ ਲੱਸੀ ਪੀ ਕੇ ਪੈਦਲ ਤੁਰਿਆ ਬੰਦਾ ਪਿਛਲੇ ਪਹਿਰ ਦਾ ਤੌੜੀ ਦਾ ਦੁੱਧ ਭਦੌੜ ਪਹੁੰਚ ਕੇ ਪੀ ਸਕਦਾ ਸੀ।



*ਦੇਵਿੰਦਰ ਸਤਿਆਰਥੀ*

"ਅੱਛਾ, ਲੈ...ਆਹੋ, ਮੈਂ ਵੀ ਕਹਾਂ, ਮੁੰਡਾ ਦੇਖਿਆ-ਦੇਖਿਆ ਲਗਦੈ। ਸਾਡਾ ਮੁੰਡਾ ਐਂ ਤਾਂ ਤੂੰ ਕੁਰਸੀ ਉਤੇ ਕਿਉਂ ਬਹਿਨੈਂ, ਐਧਰ ਆ, ਮੇਰੇ ਕੋਲ।" ਉਹਨੇ ਅੱਗੇ ਨੂੰ ਹੋ ਮੈਨੂੰ ਬਾਂਹੋਂ ਫੜ ਕੇ ਪਲੰਘ ਉਤੇ ਖਿੱਚ ਲਿਆ। ਉਹਦੇ ਪਿਆਰ ਨਾਲ ਜੋ ਖੁਸ਼ੀ ਹੋਣੀ ਸੀ, ਉਹ ਤਾਂ ਹੋਈ ਹੀ, ਇਹਤੋਂ ਵਧੀਕ ਖੁਸ਼ੀ ਮੈਨੂੰ ਸੱਠੋਂ ਟੱਪੇ ਨੂੰ ਉਹਦੇ 'ਮੁੰਡਾ' ਕਹਿਣ ਸਦਕਾ ਹੋਈ।

ਕੁਰਸੀ ਉਤੇ ਬੈਠ ਚੁਕੇ ਨਰਿੰਦਰ ਵੱਲ ਹੱਥ ਕਰ ਕੇ ਮੈਂ ਦੱਸਿਆ, "ਬੇਬੇ, ਇਹ ਨਰਿੰਦਰ ਐ, ਚੰਡੀਗੜ੍ਹੋਂ! ਪਹਿਲਾਂ ਬਹੁਤ ਸਾਲ ਇਥੇ ਦਿੱਲੀ ਰਿਹਾ। ਇਹਨੂੰ ਸਤਿਆਰਥੀ ਜੀ ਨੇ ਪੁੱਤ ਬਣਾਇਆ ਹੋਇਐ।"

ਸਤਿਆਰਥੀ ਜੀ ਮੁਸਕੜੀਏ ਹੱਸੇ। ਬੇਬੇ ਨੇ ਉਨ੍ਹਾਂ ਵੱਲ ਵੇਖ ਕੇ ਕਿਹਾ, "ਆਹੋ, ਇਨ੍ਹਾਂ ਦੇ ਪੁੱਤਾਂ ਦੀ ਭਲੀ ਕਹੀ। ਅੱਧੇ ਇਨ੍ਹਾਂ ਨੇ ਪੁੱਤ ਬਣਾ ਲਏ, ਬਾਕੀ ਦੇ ਅੱਧੇ ਇਨ੍ਹਾਂ ਨੂੰ ਆਪੇ ਬਾਪੂ ਕਹਿਣ ਲਗ ਪਏ।"

ਸਤਿਆਰਥੀ ਜੀ ਬੋਲੇ, "ਭੁੱਲਰ ਜੀ, ਆਪਣੇ ਪਿੰਡਾਂ ਦੀ ਬੋਲੀ ਹੈ ਨਾ, 'ਪੌ ਬਾਰਾਂ, ਛੜੇ ਦੇ ਪੁੱਤ ਅਠਾਰਾਂ, ਬਾਪੂ ਕੋਈ ਨਾ ਕਹੇ।' ਭਲੀਏ ਲੋਕੇ, ਖੁਸ਼ ਹੋ, ਬਿਗਾਨੇ ਪੁੱਤ ਮੈਨੂੰ ਬਾਪੂ ਮੰਨਦੇ ਵੀ ਨੇ ਤੇ ਕਹਿੰਦੇ ਵੀ ਨੇ।...ਦੇਖੋ ਜੀ, ਅੱਜ-ਕੱਲ੍ਹ ਤਾਂ ਸਕੇ ਪੁੱਤ ਸਕੇ ਬਾਪੂਆਂ ਨੂੰ ਬਾਪੂ ਨਹੀਂ ਆਖਦੇ। ਮੁੰਡਿਆਂ ਦੀ ਗੱਲ ਤਾਂ ਛਡੋ ਜੀ, ਗੁਰੂਦੇਵ ਟੈਗੋਰ ਮੈਨੂੰ ਕਹਿੰਦੇ, ਸਤਿਆਰਥੀ ਜੀ, ਲੋਕ-ਗੀਤ ਵੀ ਤੁਹਾਡੇ ਪੁੱਤਰ ਨੇ!"

"ਇਨ੍ਹਾਂ ਨੇ ਤੁਹਾਨੂੰ ਵੀ ਤਾਂ ਲੋਕ-ਮਾਤਾ ਦਾ ਨਾਂ ਦੇ ਕੇ ਸਾਰੇ ਲੋਕਾਂ ਦੀ ਮਾਤਾ ਬਣਾ ਦਿੱਤਾ ਹੈ", ਮੈਂ ਸਤਿਆਰਥੀ ਜੀ ਦਾ ਪੱਖ ਪੂਰਦਿਆਂ ਬੇਬੇ ਨੂੰ ਕਿਹਾ।

"ਸਾਰਿਆਂ ਵਿਚ ਤਾਂ ਇਹ ਆਪ ਵੀ ਆ ਗਏ", ਉਹ ਸਤਿਆਰਥੀ ਜੀ ਵੱਲ ਹੱਥ ਕਰ ਕੇ ਹੱਸੀ।

ਮੈਂ ਗੱਲ ਪਲਟ ਕੇ ਉਨ੍ਹਾਂ ਦੇ ਲਿਖਣ ਬਾਰੇ ਪੁੱਛਿਆ। ਬੋਲੇ, "ਹੁਣ ਕੰਮ ਹੁੰਦਾ ਨਹੀਂ। ਨਵਾਂ ਤਾਂ ਕੁਛ ਨਹੀਂ ਲਿਖਿਆ। ਇਕ ਦਿਨ ਭਾਪਾ ਜੀ ਆਏ ਸੀ, ਮੇਰੀਆਂ ਸਭ ਕਿਤਾਬਾਂ ਲੈ ਗਏ। ਪਤਾ ਨਹੀਂ ਉਨ੍ਹਾਂ ਦਾ ਕੀ ਕਰਨਗੇ। ਨਾ ਤਾਂ ਜੀ ਉਨ੍ਹਾਂ ਨੇ ਕੁਛ ਦੱਸਿਆ ਤੇ ਨਾ ਜੀ ਮੈਂ ਹੀ ਕੁਛ ਪੁੱਛਿਆ।"

ਬੇਬੇ ਨੇ ਟਿੱਚਰ ਕੀਤੀ, "ਪਹਿਲਾਂ ਵੀ ਲਿਖਦੇ ਘੱਟ ਸੀ, ਇਕ ਵਾਰ ਲਿਖੇ ਉਤੇ ਮੁੜ-ਮੁੜ ਲੇਵੀ ਨਾਲ ਚੇਪੀਆਂ ਬਹੁਤੀਆਂ ਲਾਉਂਦੇ ਰਹਿੰਦੇ ਸੀ। ਮੇਰੇ ਮੈਦੇ ਦੇ ਵੈਰੀ।"

"ਇਉਂ ਤਾਂ ਨਾ ਕਹੋ, ਬੇਬੇ। ਲਿਖਿਆ ਤਾਂ ਬਹੁਤ ਹੈ ਇਨ੍ਹਾਂ ਨੇ। ਪੰਜਾਬੀ ਵਿਚ ਤਾਂ ਲਿਖਿਆ ਹੀ, ਉਰਦੂ, ਹਿੰਦੀ ਤੇ ਅੰਗਰੇਜ਼ੀ ਵਿਚ ਵੀ ਲਿਖਿਆ। ਕਹਾਣੀਆਂ, ਨਾਵਲ, ਕਵਿਤਾਵਾਂ, ਲੇਖ, ਸਵੈ-ਜੀਵਨੀ। ਅਨੇਕ ਭਾਸ਼ਾਵਾਂ ਦੇ ਹਜ਼ਾਰਾਂ ਲੋਕ-ਗੀਤ ਇਕੱਠੇ ਕੀਤੇ। ਕੋਈ ਗਿਣਤੀ-ਮਿਣਤੀ ਹੈ ਇਨ੍ਹਾਂ ਦੇ ਸਾਹਿਤਕ ਕੰਮ ਦੀ!"

ਬੇਬੇ ਨੇ ਹਉਕਾ ਲਿਆ, "ਪਰ ਜੇ ਚੇਪੀਆਂ ਦਾ ਚੰਦਰਾ ਵੈਲ ਨਾ ਲਗਿਆ ਹੁੰਦਾ, ਭਾਵੇਂ ਗੱਡਿਆਂ ਦੇ ਗੱਡੇ ਕਿਤਾਬਾਂ ਹੋਰ ਲਿਖ ਲੈਂਦੇ।"

ਸਤਿਆਰਥੀ ਜੀ ਨੇ ਗੱਲ ਵਿਚੋਂ ਗੱਲ ਕੱਢੀ, "ਦੇਖੋ ਜੀ, ਆਪਣੇ ਲੋਕਯਾਨ ਵਿਚ ਸਾਹਿਤ ਤੇ ਗੱਡੇ ਦਾ ਕਿੰਨਾ ਗੂੜ੍ਹਾ ਨਾਤਾ ਹੈ!...ਅਖੇ, ਪੜ੍ਹ-ਪੜ੍ਹ ਗੱਡੇ ਲਦੀਏ...ਲੋਕ-ਮਾਤਾ ਆਖਦੀ ਹੈ, ਗੱਡਿਆਂ ਦੇ ਗੱਡੇ ਕਿਤਾਬਾਂ!"

ਨਰਿੰਦਰ ਕਹਿਣ ਲਗਿਆ, "ਹੁਣ ਘਰ ਬੈਠੇ ਹੋ ਤਾਂ ਬੂਟਾਂ ਨੂੰ ਵੀ ਸੁਖ ਦਾ ਸਾਹ ਆਇਆ ਹੋਊ। ਕਦੀ ਤੁਸੀਂ ਲਿਖਿਆ ਸੀ, ਚਾਲੀ ਬੂਟ ਹੰਢਾ ਲਏ ਦਿੱਲੀ ਵਸਦਿਆਂ।"

"ਉਹ ਤਾਂ ਜੀ, ਚਾਲੀ ਵਰ੍ਹੇ ਪਹਿਲਾਂ ਲਿਖਿਆ ਸੀ। ਉਸ ਪਿਛੋਂ ਤਾਂ ਚਾਲੀ ਦੂਣੀ ਅੱਸੀ ਬੂਟ ਘਸ ਗਏ ਹੋਣਗੇ। ਜੀ ਮੈਂ ਬੂਟਾਂ ਨਾਲ ਕਰਦਾ ਵੀ ਭੈੜੀ ਸੀ। ਜੇ ਬੂਟ ਬਿਚਾਰੇ ਬੋਲ ਸਕਦੇ ਹੁੰਦੇ, ਮੈਨੂੰ ਦੁਕਾਨ ਵਿਚ ਵੜਦਾ ਦੇਖ ਕੇ ਡੱਬਿਆਂ ਵਿਚ ਪਏ ਹੀ ਚੀਕਾਂ ਮਾਰ ਉਠਦੇ, ਅਸੀਂ ਏਸ ਬੰਦੇ ਦੇ ਪੈਰੀਂ ਨਹੀਂ ਪੈਣਾ", ਸਤਿਆਰਥੀ ਜੀ ਖੁੱਲ੍ਹ ਕੇ ਹੱਸੇ।

ਬੇਬੇ ਦਾ ਉਹੋ ਪੁਰਾਣਾ ਦੁਖੜਾ, "ਬਥੇਰੇ ਬੂਟ ਘਸਾ ਲਏ। ਕੋਈ ਗਿਣਤੀ ਐ। ਬਥੇਰਾ ਤੁਰ ਲਿਆ ਸਾਰੀ ਉਮਰ। ਕੋਈ ਕੋਹਾਂ ਦਾ ਲੇਖਾ ਐ। ਤੋਰੀ ਦੇ ਕਿਧਰ ਸੀ, ਤੁਰ ਕਿਧਰੇ ਜਾਂਦੇ ਸੀ।"

"ਲਉ ਜੀ, ਇਕੇਰਾਂ ਲੋਕ-ਮਾਤਾ ਭੁੱਲ ਕੇ ਮੈਨੂੰ ਦੁਕਾਨ ਤੋਂ ਸਬਜ਼ੀ ਲਿਆਉਣ ਲਈ ਭੇਜ ਬੈਠੀ", ਸਤਿਆਰਥੀ ਜੀ ਸ਼ਰਾਰਤੀ ਹਾਸੀ ਹੱਸੇ, "ਮੈਂ ਤਿੰਨ ਹਫਤੇ ਨਾ ਮੁੜਿਆ।"

"ਤਿੰਨ ਹਫਤੇ ਨਹੀਂ, ਪੂਰੇ ਤਿੰਨ ਮਹੀਨੇ।...ਹੁਣ ਭੁੱਲਣ ਵੀ ਲੱਗ ਗਏ", ਬੇਬੇ ਨੇ ਹਵਾ ਵਿਚ ਹੱਥ ਮਾਰਿਆ, "ਹੁਣ ਇਨ੍ਹਾਂ ਦਾ ਚੇਤਾ ਪੂਰਾ ਕੰਮ ਨਹੀਂ ਕਰਦਾ।"

"ਲੋਕ-ਮਾਤਾ ਨੇ ਤਾਂ ਜੀ ਮੇਰਾ ਚੇਤਾ ਕਦੇ ਵੀ ਪੂਰਾ ਕੰਮ ਕਰਦਾ ਨਹੀਂ ਮੰਨਿਆ।...ਉਹ ਗੱਲ ਇਉਂ ਹੋਈ ਜੀ", ਸਤਿਆਰਥੀ ਜੀ ਪੁਰਾਣਾ ਕਿੱਸਾ ਨਵੇਂ ਵਾਂਗ ਸੁਆਦ ਲੈ ਕੇ ਸੁਣਾਉਣ ਲਗੇ, "ਕੁਦਰਤ ਦੀ ਖੇਡ ਦੇਖੋ, ਚਿੱਤ ਵਿਚ ਕੀ ਆਈ, ਸਬਜ਼ੀ ਖਰੀਦਣ ਗਿਆ ਮੈਂ ਮਿੱਤਰਾਂ ਨੂੰ ਮਿਲਣ ਪਾਕਿਸਤਾਨ ਪਹੁੰਚ ਗਿਆ। ਲੋਕ-ਮਾਤਾ ਨੇ ਨਹਿਰੂ ਨੂੰ ਚਿੱਠੀ ਲਿਖ ਦਿੱਤੀ, ਮੇਰਾ ਪਤੀ ਲਭੋ। ਉਨ੍ਹਾਂ ਨੇ ਪਾਕਿਸਤਾਨ ਵਿਚ ਭਾਰਤੀ ਦੂਤਾਵਾਸ ਨੂੰ ਹੁਕਮ ਚਾੜ੍ਹਿਆ। ਭਾਰਤੀ ਹਾਈ ਕਮਿਸ਼ਨਰ ਦੀ ਪਤਨੀ ਨੇ ਮੈਨੂੰ ਲੱਭ-ਲਭਾ ਕੇ ਸਮੁੱਚੀ ਇਸਤਰੀ ਜਾਤੀ ਦਾ ਵਾਸਤਾ ਪਾਉਂਦਿਆਂ ਹੱਥ ਜੋੜੇ ਕਿ ਮੈਂ ਘਰ ਪਰਤ ਜਾਵਾਂ।"

ਬੇਟੀ ਚਾਹ ਲਿਆਈ ਤਾਂ ਵਿਹੜੇ ਵਿਚ ਬੈਠ ਕੇ ਪੀਣ ਦੀ ਸਲਾਹ ਬਣੀ। ਮੈਂ ਉਤਾਂਹ ਨਜ਼ਰ ਮਾਰੀ। ਪਹਿਲਾਂ ਦੇਖੀ ਹੋਈ ਇਕ-ਮੰਜ਼ਲੀ ਕੋਠੀ ਹੁਣ ਤਿੰਨ-ਮੰਜ਼ਲੀ ਹੋ ਗਈ ਸੀ। ਬੇਬੇ ਸਮਝ ਗਈ, "ਪੁੱਤ, ਮਗਰੋਂ ਵੀ ਕੁੜੀਆਂ ਦੀ ਹੀ ਚੀਜ਼ ਐ। ਅਸੀਂ ਕਿਹਾ, ਦੋਵੇਂ ਧੀਆਂ ਹੁਣੇ ਹੀ ਇਕ-ਇਕ ਮੰਜ਼ਲ ਪਾ ਲਓ। ਅਸੀਂ ਹੁਣ ਇਕੱਲੇ ਰਹਿਣ ਜੋਗੇ ਨਹੀਂ ਰਹੇ।"

ਸਤਿਆਰਥੀ ਜੀ ਹੇਠਲੇ ਬਾਕੀ ਹਿੱਸੇ ਵਿਚ ਉਨ੍ਹਾਂ ਨਾਲ ਰਹਿੰਦੇ ਕਿਰਾਏਦਾਰ ਬਾਰੇ ਦੱਸਣ ਲਗੇ, "ਧੀਆਂ ਤਾਂ ਜੀ ਦੂਰ ਰਹਿੰਦੀਆਂ ਸੀ। ਸਾਡਾ ਖਿਆਲ ਤਾਂ ਸਦਾ ਤੋਂ ਪੂਰਨ ਸਿੰਘ ਦੇ ਟੱਬਰ ਨੇ ਹੀ ਰੱਖਿਆ। ਦੁਖ ਦੇ-ਸੁਖ ਦੇ ਹਰ ਵੇਲੇ ਹਾਜ਼ਰ। ਤੁਹਾਡੇ ਸਭ ਦੇ ਫ਼ੋਨ ਸੁਣ ਕੇ ਵੀ, ਦਿਨ ਹੋਵੇ, ਰਾਤ ਹੋਵੇ, ਬੁਲਾਉਣ ਭੱਜੇ ਆਉਂਦੇ ਸੀ। ਧੀਆਂ ਨੇੜੇ ਆ ਗਈਆਂ, ਇਹ ਵੀ ਚੰਗਾ ਹੋਇਆ। ਪੂਰਨ ਸਿਉਂ ਕਹਿੰਦੈ, ਜਦੋਂ ਕਹੋਗੇ, ਚਲਿਆ ਜਾਊਂਗਾ। ਮੈਂ ਕਿਹਾ, ਭਾਈ ਪੂਰਨ ਸਿਆਂ, ਜਿੰਨਾ ਚਿਰ ਸਾਡੇ ਸਾਹ ਵਿਚ ਸਾਹ ਨੇ, ਤੈਨੂੰ ਨਹੀਂ ਜਾਣ ਦੇਣਾ।"

# ਸ਼ਗਨ ਦੀ ਰਸਮ

ਸ਼ਗਨ ਦੀ ਰਸਮ ਮੁੱਢ ਕਦੀਮ ਤੋਂ ਤੁਰੀ ਆ ਰਹੀ ਹੈ। ਚੰਗੇ ਹੋਣ ਜਾਂ ਮਾੜੇ, ਤੁਰੇ ਆ ਰਹੇ ਸੰਸਕਾਰ ਇਕ ਝਟਕੇ ਨਾਲ ਖਤਮ ਨਹੀਂ ਹੋ ਸਕਦੇ। ਜਿਨ੍ਹਾਂ ਪੁਰਖਿਆਂ ਨੇ ਇਹ ਰਸਮਾਂ ਚਲਾਈਆਂ, ਉਨ੍ਹਾਂ ਦੇ ਇਰਾਦੇ ਭਲੇ ਸਨ। ਬੱਚੇ ਦੇ

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਜਨਮ ਦੀ ਖੁਸ਼ੀ ਸਮੇਂ, ਵਿਆਹ ਮੌਕੇ ਮੂੰਹ ਦਿਖਾਈ ਸਮੇਂ ਦੀ ਰਸਮ ਦਿਲ ਅੰਦਰਲੀ ਪ੍ਰੀਤ ਦਾ ਬਾਹਰਮੁਖੀ ਪ੍ਰਗਟਾਵਾ ਸੀ। ਇਸ ਨੂੰ ਬੋਝ ਸਮਝ ਕੇ ਨਾ ਦੇਣਾ ਵਾਜਬ ਹੈ, ਨਾ ਲੈਣਾ।

ਜਦੋਂ ਅਸੀਂ ਗੁਰੂ ਮਹਾਰਾਜ ਅੱਗੇ ਮੱਥਾ ਟੇਕਦੇ ਹਾਂ, ਉਦੋਂ ਇਹ ਨਹੀਂ ਦੇਖਿਆ ਜਾਂਦਾ ਕਿ ਕਿੰਨੇ ਦਾ ਨੋਟ ਗੁਰੂ ਚਰਨਾਂ ਵਿਚ ਰੱਖਿਆ ਹੈ। ਮੈਂ ਇਹ ਦੇਖ ਕੇ ਅਕਸਰ ਹੈਰਾਨ ਹੁੰਦਾ ਹਾਂ, ਜਦੋਂ ਜੇਬ ਵਿਚ ਪੈਸੇ ਨਾ ਹੋਣ, ਜਾਂ ਛੋਟਾ ਨੋਟ ਨਾ ਹੋਵੇ, ਉਦੋਂ ਸਿੱਖ ਸ਼ਰਧਾਲੂ ਨਾਲ ਦੇ ਤੋਂ ਮੰਗ ਕੇ ਮੱਥਾ ਟੇਕਦੇ ਹਨ। ਇਸ ਦੀ ਕੀ ਜ਼ਰੂਰਤ ਹੈ? ਮੈਂ ਸਮਝਦਾ ਹਾਂ, ਮੱਥਾ ਸਭ ਤੋਂ ਕੀਮਤੀ ਚੀਜ਼ ਹੈ; ਜਦੋਂ ਮੱਥਾ ਦਰਵਾਜ਼ੇ ਉਪਰ ਟਿਕਾ ਦਿੱਤਾ ਤਾਂ ਸਭ ਕੁਝ ਅਰਪਣ ਹੋ ਗਿਆ। ਹਫੀਜ਼ ਜਲੰਧਰੀ ਦਾ ਸ਼ਿਅਰ ਹੈ,

ਬਸ ਇਕ ਦਾਗਿ ਸਜਦਾ ਮਿਰੀ ਕਾਯਨਾਤ,
ਜਬੀਨੇ ਤਿਰੀਂ ਆਸਤਾਨੇ ਤਿਰੇ।

ਭਾਵ, ਤੇਰੇ ਦਰ ਉਪਰ ਮੱਥਾ ਟੇਕਿਆ ਤਾਂ ਮੱਥੇ ਉਪਰ ਲੱਗੀ ਮਿੱਟੀ ਮੇਰੀ ਕੁਲ ਜਾਇਦਾਦ ਬਣ ਗਈ। ਦਹਿਲੀਜ਼ਾਂ ਵੀ ਤੇਰੀਆਂ, ਮੱਥੇ ਵੀ ਤੇਰੇ ਹਨ, ਮਾਲਕ।

ਕੁਝ ਪੱਛਮੀ ਯਾਤਰੂ ਭਾਰਤੀਆਂ ਦੀ ਸ਼ਗਨ/ਨਜ਼ਰਾਨਾ ਰਸਮ ਤੋਂ ਬੜੇ ਬੇਚੈਨ ਹੁੰਦੇ ਰਹੇ। ਜੇ ਬਾਦਸ਼ਾਹ ਨੂੰ ਮਿਲਣਾ ਹੋਵੇ ਤਾਂ ਡਿਓੜੀਦਾਰ ਨੂੰ ਨਜ਼ਰਾਨਾ ਦਿਉ, ਉਹ ਵਜ਼ੀਰ ਨੂੰ ਮਿਲਾਵੇਗਾ। ਵਜ਼ੀਰ ਨਜ਼ਰਾਨਾ ਲੈ ਕੇ ਮਲਕਾ ਨੂੰ ਮਿਲਾਏਗਾ। ਮਲਕਾ ਨਜ਼ਰਾਨਾ ਵਸੂਲ ਕਰ ਕੇ ਬਾਦਸ਼ਾਹ ਨੂੰ ਮਿਲਾਏਗੀ ਤੇ ਫਿਰ ਬਾਦਸ਼ਾਹ ਨੂੰ ਮਿਲਣ ਵੇਲੇ ਨਜ਼ਰਾਨਾ ਦੇਣਾ ਪਵੇਗਾ। ਇਹ ਯਾਤਰੂ ਲੋਕ ਬੱਚੇ, ਦੁਲਹਨ ਤੋਂ ਲੈ ਕੇ ਬਾਦਸ਼ਾਹ ਤੱਕ ਨੂੰ ਜੋ ਸੁਗਾਤ ਭੇਟ ਕੀਤੀ ਜਾਂਦੀ ਹੈ, ਉਸ ਨੂੰ ਰਿਸ਼ਵਤ ਆਖਦੇ ਹਨ। ਇਹ ਭਾਵਨਾ ਸਹੀ ਵੀ ਹੈ ਕਿਉਂਕਿ ਜੇ ਮੈਂ ਸ਼ਗਨ ਦੇਣ ਦਾ ਇੱਛੁਕ ਨਹੀਂ ਪਰ ਦੇਣਾ ਪੈ ਰਿਹਾ ਹੈ ਤਦ ਇਹ ਸਮਾਜਕ ਬਿਮਾਰੀ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਵਿਤ ਅਫਸਰ ਸ. ਦਲੀਪ ਸਿੰਘ ਉਪਲ ਨੇ ਆਪਣੇ ਬੱਚਿਆਂ ਦੀ ਸ਼ਾਦੀ ਸਮੇਂ ਕਿਸੇ ਤੋਂ ਸ਼ਗਨ ਨਹੀਂ ਲਿਆ। ਮੈਂ ਲਿਫਾਫਾ ਲੈ ਕੇ ਗਿਆ ਸਾਂ ਜੋ ਉਨ੍ਹਾਂ ਨੇ ਹੱਥ ਬੰਨ੍ਹ ਕੇ ਪ੍ਰੇਮ ਸਹਿਤ ਵਾਪਸ ਕਰ ਦਿੱਤਾ। ਮੈਂ ਆਪਣੇ ਬੇਟੇ ਦੇ ਵਿਆਹ ਉਪਰ ਉਨ੍ਹਾਂ ਨੂੰ ਸੱਦਾ ਦਿੱਤਾ। ਉਹ ਸ਼ਗਨ ਦਾ ਲਿਫਾਫਾ ਲੈ ਕੇ ਆਏ। ਮੈਂ ਸ਼ਗਨ ਲੈਣ ਤੋਂ ਇਨਕਾਰ ਕਰ ਦਿੱਤਾ। ਉਹ ਦੇਣ ਲਈ ਬਜ਼ਿੱਦ ਰਹੇ ਤਾਂ ਮੈਂ ਕਿਹਾ, ਉਪਲ ਸਾਹਿਬ, ਤੁਸੀਂ ਮੈਥੋਂ ਸ਼ਗਨ ਨਹੀਂ ਲਿਆ ਸੀ, ਮੈਨੂੰ ਯਾਦ ਹੈ; ਇਸ ਕਰ ਕੇ ਮੈਂ ਤੁਹਾਡਾ ਸ਼ਗਨ ਮਨਜ਼ੂਰ ਨਹੀਂ ਕਰਾਂਗਾ।

ਉਹ ਬੋਲੇ, ਪਰ ਮੈਂ ਤਾਂ ਕਿਸੇ ਤੋਂ ਵੀ ਸ਼ਗਨ ਨਹੀਂ ਸੀ ਲਿਆ, ਤੁਸੀਂ ਹੋਰਾਂ ਤੋਂ ਲੈ ਰਹੇ ਹੋ। ਜੇ ਤੁਸੀਂ ਕਿਸੇ ਤੋਂ ਵੀ ਸ਼ਗਨ ਨਾ ਲੈਂਦੇ, ਮੈਂ ਨਹੀਂ ਦੇਣਾ ਸੀ। ਹੁਣ ਇਹ ਨਹੀਂ ਹੋ ਸਕਦਾ ਕਿ ਤੁਸੀਂ ਬਾਕੀਆਂ ਤੋਂ ਸ਼ਗਨ ਫੜੀ ਜਾਵੋ, ਤੇ ਮੈਨੂੰ ਇਨਕਾਰ ਕਰੋ।

ਵਿਆਹ ਸਮੇਂ ਵਧੀਕ ਤਕਰਾਰ ਤਾਂ ਕਿਸੇ ਵੀ ਗੱਲ ਉਪਰ ਨਹੀਂ ਹੋ ਸਕਦਾ, ਜਾਂ ਨਹੀਂ ਹੋਣਾ ਚਾਹੀਦਾ ਪਰ ਸ. ਦਲੀਪ ਸਿੰਘ ਉਪਲ ਦੇ ਵਾਕ ਵਿਚ ਮਿਲਿੰਦ ਪ੍ਰਸ਼ਨ ਦੇ ਨਾਇਕ ਨਾਗਸੇਨ ਵਰਗੀ ਤਾਕਤ ਸੀ, ਇਸ ਕਾਰਨ ਮੈਂ ਨਿਰੁੱਤਰ ਹੋ ਗਿਆ। ਇਹ ਗੱਲ ਨਾਗਸੇਨ ਨੂੰ ਸੁਣਾਈ ਤਾਂ ਉਸ ਨੇ ਕਿਹਾ, ਮੇਰੇ ਘਰ ਪਰਸੋਂ ਕੰਮ ਵਾਲੀ ਨਹੀਂ ਆਈ। ਮੈਂ ਕਾਰਨ ਪੁੱਛਿਆ ਤਾਂ ਕਹਿਣ ਲੱਗੀ ਕਿ ਮੈਂ ਤਾਂ ਕਿਸੇ ਦੇ ਘਰ ਵੀ ਨਹੀਂ ਗਈ, ਤੁਹਾਡੇ ਨਾਲ ਕਿਹੜਾ ਕੋਈ ਪੱਖਪਾਤ ਕਰਨਾ ਸੀ?

ਮੇਰਾ ਇਕ ਮਿੱਤਰ ਅਧਿਆਪਕ ਬਿਹਾਰ ਤੋਂ ਹੈ। ਉਸ ਦੇ ਘਰ ਮਿਲਣ ਗਿਆ ਤਾਂ ਉਸ ਨੇ ਦੱਸਿਆ ਕਿ ਬਿਹਾਰ ਵਿਚ ਮ੍ਰਿਤਕ ਦਾ ਅਫਸੋਸ ਕਰਨ ਗਏ ਬੰਦੇ ਦੁਖੀ ਪਰਿਵਾਰ ਨੂੰ ਕੁਝ ਰਕਮ ਦਿੰਦੇ ਹਨ। ਦੋਸਤ ਨੇ ਅਫਸੋਸ ਪ੍ਰਗਟ ਕਰਦਿਆਂ ਦੱਸਿਆ ਕਿ ਇਸ ਮਹੀਨੇ ਇੰਨੀਆਂ ਮੌਤਾਂ ਹੋਈਆਂ ਕਿ ਬਜਟ ਵਿਗੜ ਗਿਆ। ਜ਼ਰੂਰੀ ਵਸਤਾਂ ਨਹੀਂ ਖਰੀਦ ਸਕੇ। ਉਸ ਦੀ ਬੀਵੀ ਨੇ ਕਿਹਾ, ਇਸ ਵਿਚ ਦੁਖੀ ਹੋਣ ਵਾਲੀ ਕੋਈ ਗੱਲ ਨਹੀਂ, ਜਦੋਂ ਤੂੰ ਮਰੇਂਗਾ, ਸਾਰੇ ਪੈਸੇ ਵਾਪਸ ਆ ਜਾਣਗੇ।

ਮਾਪਿਆਂ ਨੇ ਆਪੋ ਆਪਣੇ ਘਰਾਂ ਵਿਚ ਸ਼ਗਨ ਲੈਣ-ਦੇਣ ਵਾਸਤੇ ਵਹੀਆਂ ਖਾਤੇ ਖੋਲ੍ਹੇ ਹੋਏ ਹਨ। ਸ਼ਾਹੂਕਾਰਾਂ ਦੇ ਖਾਤੇ ਆਡਿਟ ਹੋ ਜਾਂਦੇ ਹਨ, ਸਾਡੀਆਂ ਵਹੀਆਂ ਕੋਈ ਨਹੀਂ ਫੋਲਦਾ।

#

# ਲੋਰਕਾ ਅਤੇ ਪਾਸ਼ 2

## ਸ਼ਾਇਰਾਂ ਦਾ ਸਿਦਕ ਤੇ ਸ਼ਾਇਰੀ ਦੀ ਬੁਲੰਦੀ



ਪਾਸ਼ ਲੋਰਕਾ

***ਸਪੇਨ ਦੇ ਸ਼ਾਇਰ ਫਰੈਡਰੀਕੋ ਗਾਰਸ਼ੀਆ ਲੋਰਕਾ (5 ਜੂਨ 1898-19 ਅਗਸਤ 1936) ਅਤੇ ਪੰਜਾਬ ਦੇ ਸ਼ਾਇਰ ਪਾਸ਼ (9 ਸਤੰਬਰ 1950-23 ਮਾਰਚ 1988) ਬਾਰੇ ਲਿਖੇ ਇਸ ਲੇਖ ਵਿਚ ਗੁਰਦਿਆਲ ਸਿੰਘ ਬੱਲ ਨੇ ਦੋਹਾਂ ਦੇ ਸਿਆਸੀ ਮਾਹੌਲ ਦੇ ਪਿਛੋਕੜ ਬਾਰੇ ਹੀ ਨਹੀਂ, ਸਗੋਂ ਸਿਆਸੀ ਭਵਿੱਖ ਬਾਰੇ ਵੀ ਸ਼ਬਦਾਂ ਦੀ ਮਰਦੰਗ ਵਜਾਈ ਹੈ। ਮਰਦੰਗ ਦੀਆਂ ਥਾਪਾਂ ਦਾ ਸਿੱਧਾ ਸਬੰਧ ਜੰਗ ਨਾਲ ਜੁੜਦਾ ਹੈ ਅਤੇ ਇਹ ਦੋਵੇਂ ਅਜ਼ੀਮ ਸ਼ਾਇਰ ਘਰੋਗੀ ਜੰਗ ਦੀ ਭੇਟ ਚੜ੍ਹ ਗਏ। ਇਨ੍ਹਾਂ ਸ਼ਾਇਰਾਂ ਤੋਂ ਇਲਾਵਾ ਇਨ੍ਹਾਂ ਨਾਲ ਜੁੜੇ ਹੋਰ ਸਰੋਕਾਰ ਵੀ ਉਨ੍ਹਾਂ ਆਪਣੇ ਇਸ ਲੰਮੇ ਲੇਖ ਵਿਚ ਸਾਂਝੇ ਕੀਤੇ ਹਨ। ਇਸ ਲੇਖ ਦੀ ਦੂਜੀ ਤੇ ਆਖਰੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਪੰਜਾਬੀ ਸ਼ਾਇਰ ਪਾਸ਼ ਦੀਆਂ ਲੋਰਕਾ ਨਾਲ ਇਕ ਨਹੀਂ, ਅਨੇਕ ਸਮਾਨਤਾਵਾਂ ਹਨ। ਲੋਰਕਾ ਨੂੰ ਜ਼ਿੰਦਗੀ ਦੀ ਵੰਨ-ਸਵੰਨਤਾ ਅਤੇ ਸਪੇਨ ਦੇ ਦਿਹਾਤੀ ਧਰਾਤਲ ਨਾਲ ਜੋ ਅਸੀਮ ਮੋਹ ਸੀ ਤਾਂ ਪਾਸ਼ ਇਸ ਗੱਲੋਂ ਲੋਰਕਾ ਤੋਂ ਵੀ ਪਾਰ ਸੀ। ਪਾਸ਼ ਵਿਚ ਸਮਰੱਥਾ ਬਹੁਤ ਜ਼ਿਆਦਾ ਸੀ ਪਰ ਕਈ ਕਾਰਨਾਂ ਕਰ ਕੇ ਉਹ ਆਪਣੀ ਸਮਰੱਥਾ ਤੋਂ ਕਿਤੇ ਘੱਟ ਸਿਰਜਣਾ ਕਰ ਸਕਿਆ। ਆਪਣੇ ਯਾਰ ਸ਼ਮਸ਼ੇਰ ਸੰਧੂ ਨੂੰ ਲਿਖੇ ਖਤ ਵਿਚ ਟਰਾਟਸਕੀ ਦੀ ਸਵੈ-ਜੀਵਨੀ 'ਮਾਈ ਲਾਈਫ' ਦੀ ਲੱਭਤ ਬਾਰੇ ਦੱਸਣ ਤੋਂ ਪਿਛੋਂ ਜਾਂ ਪਹਿਲਾਂ ਉਸੇ ਸਾਲ 21 ਮਈ ਨੂੰ ਲਿਖੇ ਇਕ ਹੋਰ ਖਤ 'ਪਿਆਰੇ ਮੁਸ਼ਤਾਕ ਨੂੰ' ਵਿਚ ਵੀ ਲਿਓਨ ਟਰਾਟਸਕੀ ਦਾ



ਗੁਰਦਿਆਲ ਸਿੰਘ ਬੱਲ
ਫੋਨ: 001-647-982-6091

ਜ਼ਿਕਰ ਕਰਦਾ ਹੈ, ਪਰ ਇਥੇ ਕਹਾਣੀ ਸੰਧੂ ਵਾਲੇ ਖਤ ਨਾਲੋਂ ਵੀ ਵੱਧ ਪੇਤਲੀ ਹੈ। ਵੱਡੀ ਗੱਲ ਇਹ ਵੀ ਹੈ ਕਿ ਇਨ੍ਹਾਂ ਸ਼ੁਰੂਆਤੀ ਦੌਰ ਦੇ ਖਤਾਂ ਤੋਂ ਬਾਅਦ ਉਸ ਦੀਆਂ ਲਿਖਤਾਂ ਵਿਚ ਟਰਾਟਸਕੀ-ਬੁਖਾਰਿਨ-ਸਟਾਲਿਨ ਮਹਾਂ ਵਿਵਾਦਾਂ ਜਾਂ ਰੂਸੀ ਇਨਕਲਾਬ ਦੀ ਆਤਮਾ ਨਾਲ ਵਾਪਰੇ ਦੁਖਾਂਤ ਦਾ ਕਿਧਰੇ ਜ਼ਿਕਰ ਤਕ ਨਹੀਂ ਹੈ। ਕਾਮਰੇਡ ਨਾਲ ਅਗਾਂਹ ਹੋਰ ਕੋਈ 'ਸੰਵਾਦ' ਨਹੀਂ ਹੈ, ਜਦਕਿ ਇਸੇ ਸ਼ਾਇਰਾਨਾ ਸੰਵਾਦ ਨੂੰ ਅੱਗੇ ਵਧਾਉਣ ਦੀ ਲੋੜ ਸੀ। ਸਾਨੂੰ ਪਤਾ ਹੈ ਕਿ 70ਵਿਆਂ ਦੇ ਸ਼ੁਰੂ ਵਿਚ ਅਲੈਗਜ਼ੈਂਡਰ ਸੋਲਜ਼ੇਨਿਤਸਨ ਵਾਲਾ ਮਹਾਂ ਵਿਸਫੋਟ ਹੋ ਚੁੱਕਾ ਸੀ। 'ਲਕੀਰ' ਪਰਚੇ ਨਾਲ ਪਾਸ਼ ਦਾ ਨੇੜ ਸੀ ਤੇ ਡਾ. ਸੁਰਜੀਤ ਹਾਂਸ 'ਇਵਾਨ ਦਾਨੀਸੋਵਿਚ ਦੇ ਜੀਵਨ ਦਾ ਇਕ ਦਿਨ' ਨਾਂ ਹੇਠ ਉਸ ਦਾ ਨਿਵੇਕਲਾ ਤਰਜਮਾ ਕਰ ਕੇ 'ਲਕੀਰ' ਵਿਚ ਛਪਵਾ ਚੁੱਕਾ ਸੀ, ਪਰ ਪਾਸ਼ ਚੁੱਪ ਸੀ।

ਸ਼ਾਇਦ ਸ਼ਮਸ਼ੇਰ ਵਲੋਂ ਲਿਖੇ ਖਤ ਵਿਚ ਉਸ ਨੂੰ ਲਿਓਨ ਟਰਾਟਸਕੀ ਦਾ ਸਿਰੇ ਦੇ ਸਪਾਟ ਅੰਦਾਜ਼ ਵਿਚ ਭੋਗ ਪਾਉਣ ਦੀ ਕੋਈ ਤੱਦੀ ਵੀ ਨਹੀਂ ਸੀ। ਉਸ ਨੂੰ ਕੋਈ ਮਿਹਣਾ ਵੀ ਨਹੀਂ। ਉਹ ਰਾਜਸੀ ਚਿੰਤਕ ਨਹੀਂ ਸੀ, ਸੰਵੇਦਨਸ਼ੀਲ ਸ਼ਾਇਰ ਸੀ। ਉਸ ਨੂੰ ਆਪਣੇ ਸ਼ਾਇਰਾਨਾ ਸਰੋਕਾਰਾਂ ਦੀ ਵਜਾਹਤ ਲਈ ਲੋਰਕਾ ਅਤੇ ਪਾਬਲੋ ਨਰੂਦਾ ਵਰਗੇ ਸ਼ਾਇਰਾਂ ਦੇ ਚਿੰਤਨ ਦੀ ਚਰਚਾ ਤਕ ਮਹਿਦੂਦ ਰਹਿਣਾ ਚਾਹੀਦਾ ਸੀ। ਇਸੇ ਲਈ ਸ਼ਮਸ਼ੇਰ ਵਾਲੇ ਖਤ ਵਿਚ ਟਰਾਟਸਕੀ ਦੀਆਂ ਲਿਖਤਾਂ ਦੇ ਜ਼ਿਕਰ ਤੋਂ ਤੁਰੰਤ ਬਾਅਦ ਜਦੋਂ ਉਹ ਪਾਬਲੋ ਨਰੂਦਾ ਵੱਲ ਆਉਂਦਾ ਹੈ ਤਾਂ ਉਸ ਦੀ ਗਵਾਹੀ ਦਾ ਇਕ ਇਕ ਬੋਲ ਜਜ਼ਬੇ ਦੀ ਸ਼ਿੱਦਤ ਨਾਲ ਉਰਜਿਤ ਹੋ ਜਾਂਦਾ ਹੈ, ਸ਼ਬਦ ਆਪ ਮੁਹਾਰੇ ਹੀ ਖਿੜ ਉਠਦੇ ਹਨ। ਲੋਰਕਾ ਵਾਂਗ ਹੀ ਸਪੇਨੀ ਭਾਸ਼ਾ ਦੇ ਇਸ ਮਹਾਂਕਵੀ ਦੀਆਂ 'ਮਨ ਤਰੰਗ' ਤੇ 'ਵੀਹ ਪਿਆਰ ਕਵਿਤਾਵਾਂ' ਨਾਂ ਦੀਆਂ ਕਿਤਾਬਾਂ ਦੀ ਪੜ੍ਹਤ ਦਾ ਜ਼ਿਕਰ ਉਹ ਇਹ ਆਖ ਕੇ ਜਦੋਂ ਕਰਦਾ ਹੈ, "ਇਨ੍ਹਾਂ ਕਿਤਾਬਾਂ ਨੇ ਮੇਰਾ ਜਿਉਣ ਵਿਚ ਵਿਸ਼ਵਾਸ ਹੋਰ ਪੱਕਾ ਕੀਤਾ ਹੈ। ਇਨ੍ਹਾਂ ਨੇ ਮੈਨੂੰ ਮੌਤ, ਹਨੇਰੇ, ਚੁੱਪ ਅਤੇ ਸੁੰਦਰਤਾ ਦੀਆਂ ਅੰਦਰਲੀਆਂ ਪਰਤਾਂ ਦੇ ਦੀਦਾਰ ਕਰਵਾਏ ਹਨ। ਪਾਬਲੋ ਅਜਿਹਾ ਕਵੀ ਹੈ ਜੋ ਮੈਨੂੰ ਅਨੰਦ ਵੀ ਦਿੰਦਾ ਹੈ, ਪ੍ਰੇਰਨਾ ਵੀ। ਮੈਂ ਤੈਨੂੰ ਕਿਵੇਂ ਦੱਸਾਂ ਕਿ ਉਸ ਨੂੰ ਪਿਆਰ ਕਰਨ ਲੱਗਿਆ ਹਾਂ।" ਅੰਤਰ ਪੂਰਨ ਰੂਪ ਵਿਚ ਸਪਸ਼ਟ ਹੋ ਜਾਂਦਾ ਹੈ। ਜ਼ਾਹਰ ਹੈ ਕਿ ਪਾਸ਼ ਪੂਰੇ ਜਲੌਅ ਅਤੇ ਰੰਗ ਵਿਚ ਹੈ।

ਅਸਲ ਵਿਚ ਪਾਬਲੋ ਦੇ ਕਾਵਿ ਦਾ ਜ਼ਿਕਰ ਕਰਦਿਆਂ ਪਾਸ਼ ਦਾ ਲਹਿਜਾ ਹੀ ਹੋਰ ਹੋ ਜਾਂਦਾ ਹੈ। ਉਸ ਦੀ ਭਾਵਨਾ ਦੀ ਪ੍ਰਮਾਣਕਤਾ 'ਤੇ ਕੋਈ ਸੰਦੇਹ ਰਹਿ ਹੀ ਨਹੀਂ ਜਾਂਦਾ। ਲੋਰਕਾ ਵਾਂਗ ਹੀ ਪਾਬਲੋ ਨਰੂਦਾ ਨਾਲ ਵੀ ਉਸ ਦੀ ਸੰਵੇਦਨਾ ਦੀਆਂ ਇਕ ਨਹੀਂ, ਅਨੇਕ ਸਾਂਝਾਂ ਸਨ ਅਤੇ ਉਹ ਮਰਦੇ ਦਮ ਤਕ ਉਨ੍ਹਾਂ ਦਾ ਜ਼ਿਕਰ ਵੀ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਕਰਦਾ ਰਿਹਾ। ਪਾਸ਼ ਦੀ ਬਹੁਤ ਹੀ ਸੁੰਦਰ ਨਜ਼ਮ ਹੈ 'ਛੰਨੀ ਵੀ ਲੋਕਤੀਓਂ ਛੰਨੀ' ਬੋਲਾਂ ਵਾਲੀ। ਕੇਹਾ ਸਦੀਵੀ ਦਰਦ ਹੈ ਉਸ ਵਿਚ, ਕੇਹੀ ਜਾਦੂਮਈ ਲੈਅ ਹੈ ਉਸ ਦੇ ਬੋਲਾਂ ਵਿਚ। ਅਸਲ ਵਿਚ ਉਸ ਦੀਆਂ ਕਈ ਕਵਿਤਾਵਾਂ ਹਨ ਜਿਨ੍ਹਾਂ ਦੀ ਸ਼ਿੱਦਤ ਅਤੇ ਸੁਹੱਪਣ ਨੂੰ ਨਮੋ ਕਹਿਣ ਲਈ ਸਮਾਰਕ ਬਣਾਏ ਜਾ ਸਕਦੇ ਹਨ। ਮੈਨੂੰ ਯਾਦ ਆ ਰਿਹਾ ਹੈ, ਮੇਰੇ ਸਭ ਤੋਂ ਪਿਆਰੇ ਯਾਰਾਂ ਵਿਚੋਂ ਪ੍ਰੋ. ਬਾਵਾ ਸਿੰਘ ਦਾ ਜ਼ਿੰਦਗੀ ਬਾਰੇ ਨਜ਼ਰੀਆ ਪਾਸ਼ ਵਾਲਾ ਨਹੀਂ ਹੈ, ਉਹ ਸ਼ਾਇਦ ਨਿਰਾਸ਼ਾਵਾਦੀ ਹੈ। ਉਹ ਮੈਨੂੰ ਸਾਲ 1981 ਜਾਂ 82 ਵਿਚ ਮਿਲਿਆ ਅਤੇ ਅਗਲੇ 20 ਕੁ ਵਰ੍ਹਿਆਂ ਦੌਰਾਨ ਯਾਰਾਂ ਦੀਆਂ ਮਹਿਫਿਲਾਂ ਵਿਚ ਮੈਂ ਉਸ ਨੂੰ ਅਨੇਕ ਵਾਰ ਭਾਵੁਕ ਹੋ ਕੇ ਪਾਸ਼ ਦੀ ਜਾਨਦਾਰ ਨਜ਼ਮ 'ਯੁੱਧ ਅਤੇ ਸ਼ਾਂਤੀ' ਉਚਾਰਦਿਆਂ ਸੁਣਿਆ। ਮੇਰਾ ਵਿਸ਼ਵਾਸ ਹੈ ਕਿ ਬਾਵਾ ਸਿੰਘ ਦੀ ਜ਼ਿੰਦਗੀ 'ਚ ਇਹ ਸਭ ਤੋਂ ਅਜ਼ੀਮ ਪਲ ਹੁੰਦੇ ਸਨ ਜਦੋਂ ਉਹ ਪਾਸ਼ ਕਾਵਿ ਪ੍ਰਵਚਨ 'ਚੋਂ ਪ੍ਰਵਾਹਤ ਹੁੰਦਾ ਊਰਜਾ ਨਾਲ ਮਤਿਕ ਕੇ ਜਿਉਣ ਲਈ ਜੂਝਦਾ ਨਜ਼ਰ ਆਉਂਦਾ ਸੀ। ਇਨਸਾਨ ਦੀ ਸੁਹੱਪਣ ਲਈ ਸਦੀਵੀ ਸਿੱਕ ਦਰਸਾਉਣ ਲਈ ਤਾਜ ਮਹੱਲ ਇਕ ਹੀ ਕਾਫੀ ਹੁੰਦਾ ਹੈ ਤੇ ਮੇਰਾ ਵਿਸ਼ਵਾਸ ਹੈ ਕਿ ਉਸ ਦੀ 'ਸਭ ਤੋਂ ਖਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ' ਨਜ਼ਮ ਆਪਣੀ ਹੀ ਕਿਸਮ ਦਾ 'ਤਾਜ ਮਹੱਲ' ਹੈ, ਕਿਸੇ ਅੰਨ੍ਹੇ ਬੋਲੇ ਝੱਖੜ ਜਾਂ ਤੂਫਾਨ ਵਿਚ ਖੜ੍ਹੇ 'ਲਾਈਟ ਹਾਊਸ' ਦੇ ਹਾਰ ਹੈ ਉਹ ਕਵਿਤਾ।

ਇਸ ਲੇਖ ਵਿਚ ਪਾਸ਼ ਦੇ ਮਿੱਤਰ ਲਖਵਿੰਦਰ ਉਗੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਮੈਂ ਪਾਸ਼ ਨੂੰ 1978 ਵਿਚ ਕੇਵਲ ਇਕ ਵਾਰ ਮਿਲਿਆ ਸਾਂ; 'ਨਵਾਂ ਜ਼ਮਾਨਾ' ਵਿਚ ਮੇਰੀ ਠਹਿਰ ਦੌਰਾਨ ਇਕ ਦਿਨ ਸ਼ਾਮੀਂ ਉਹ ਅਚਾਨਕ ਕਿਸੇ ਨੂੰ ਮਿਲਣ ਆਇਆ ਅਤੇ ਜਾਂਦਿਆਂ ਇਕ ਰਾਤ ਲਈ ਮੈਨੂੰ ਆਪਣੇ ਪਿੰਡ ਨਾਲ ਲੈ ਗਿਆ। ਉਸ ਰਾਤ ਤੋਂ ਪੂਰੇ 14 ਵਰ੍ਹੇ ਬਾਅਦ, ਸ਼ਾਇਦ 1992 ਵਿਚ ਪਾਸ਼ ਦੇ ਇਸ ਅਦਭੁੱਤ ਮਿੱਤਰ ਦੇ ਪਿੰਡ ਉਸ ਨਾਲ ਤਿੰਨ ਰਾਤਾਂ ਗੁਜ਼ਾਰੀਆਂ। ਇਨ੍ਹਾਂ ਰਾਤਾਂ ਦੇ ਪ੍ਰਭਾਵ ਪਾਠਕਾਂ ਨਾਲ ਸਾਂਝੇ ਕਰਨੇ ਚਾਹਾਂਗਾ।

ਗੱਲ ਲਖਵਿੰਦਰ ਉਗੀ ਦੀ ਕਰ ਰਹੇ ਸਾਂ। ਉਸ ਦੀ ਸ਼ਖਸੀਅਤ ਵਿਚ ਕੋਈ ਐਸੀ ਗੱਲ ਸੀ ਕਿ ਉਸ ਨੂੰ ਮਿਲਦੇ ਸਾਰ ਹੀ ਮੈਨੂੰ ਮੋਹ ਦੇ ਭਰੇ ਕਿਸੇ ਸੀਤਲ ਝਰਨੇ ਦੇ ਨਿਕਟ ਪਹੁੰਚ ਜਾਣ ਦਾ ਅਹਿਸਾਸ ਹੋਇਆ ਸੀ। ਇਹ ਪ੍ਰਭਾਵ ਮੈਂ ਪੂਰੇ ਤਿੰਨ ਦਿਨ ਮਨ 'ਚ ਹੀ ਦਬਾਅ ਰੱਖਿਆ ਅਤੇ ਸਾਂਝਾ ਲਖਵਿੰਦਰ ਨਾਲ ਉਸ ਤੋਂ ਰੁਖਸਤ ਹੋਣ ਦੇ ਵਕਤ ਹੀ ਕੀਤਾ ਸੀ। ਉਦੋਂ ਗਰਮੀਆਂ ਦੇ ਦਿਨ ਸਨ, ਪਰ ਮੈਨੂੰ ਯਾਦ ਹੈ, ਵਿਛੜਨ ਵਕਤ ਮੈਂ ਉਸ ਨੂੰ ਕਹਿ ਰਿਹਾ ਸਾਂ ਕਿ ਉਸ ਦੀ ਸੰਗਤ ਵਿਚ ਮੈਨੂੰ ਇਲਾਕਾ ਉਸ ਦਾ ਪਹਿਲਗਾਮ ਦੀ ਵਾਦੀ ਵਾਂਗ ਲਗਦਾ ਰਿਹਾ ਸੀ। ਮੈਂ ਉਸ ਨੂੰ ਇਹ ਵੀ ਦਸਿਆ ਸੀ ਕਿ ਉਸ ਨੂੰ ਮਿਲ ਕੇ ਹੀ ਮੈਨੂੰ ਇਹ ਵੀ ਸਮਝ ਆਈ ਹੈ ਕਿ ਬਰਸਾਤ ਦੇ ਮੌਸਮ ਦੀ ਪਹਿਲੀ ਕਿਣਮਿਣ ਸ਼ੁਰੂ ਹੁੰਦਿਆਂ ਹੀ ਪਾਸ਼ ਕੱਪੜੇ ਉਤਾਰ ਕੇ ਸਭ ਮਿੱਤਰਾਂ ਨੂੰ ਨਾਲ ਲੈ ਕੇ ਨੱਚਣ ਕਿਉਂ ਲਗਾ ਲੈਂਦਾ ਹੁੰਦਾ ਸੀ।

ਲਖਵਿੰਦਰ ਨੇ ਪਾਸ਼ ਬਾਰੇ ਅਨੇਕਾਂ ਗੱਲਾਂ ਕੀਤੀਆਂ, ਅਸਲ ਵਿਚ ਪਾਸ਼ ਨਾਲ ਗੁਜ਼ਾਰੇ ਦਿਨਾਂ ਦੀਆਂ ਯਾਦਾਂ ਹੀ ਉਸ ਦਾ ਜਹਾਨ ਸਨ। ਘਰੋਗੀ ਜ਼ਿੰਦਗੀ ਉਸ ਦੀ ਨਰਕ ਤੋਂ ਵੀ ਬਦਤਰ ਸੀ, ਪਰ ਉਸ ਨੂੰ ਕਿਸੇ 'ਤੇ ਕੋਈ ਗਿਲਾ ਨਹੀਂ ਸੀ, ਆਪਣੀ ਕਿਸਮਤ 'ਤੇ ਕੋਈ ਅਫਸੋਸ ਨਹੀਂ ਸੀ।

ਲਖਵਿੰਦਰ ਅਨੁਸਾਰ ਪਾਸ਼ ਦੀ ਹੱਤਿਆ ਤੋਂ ਪਹਿਲਾਂ ਆਖਰੀ ਵਾਰ ਸ਼ਮਸ਼ੇਰ ਨਾਲ ਮਿਲਣ ਪਾਸ਼ ਦੇ ਨਾਲ ਉਹ ਵੀ ਗਿਆ ਸੀ। ਸ਼ਮਸ਼ੇਰ ਸ਼ਾਇਦ 'ਪੰਜਾਬੀ ਟ੍ਰਿਬਿਊਨ' ਦੀ ਡਿਊਟੀ ਦੇ ਸਮੇਂ ਦੀ ਕਿਸੇ ਮਜਬੂਰੀ ਕਾਰਨ ਉਨ੍ਹਾਂ ਨੂੰ ਰਾਤ ਆਪਣੇ ਕੋਲ ਰੱਖ ਨਾ ਸਕਿਆ। ਲਖਵਿੰਦਰ ਨੂੰ ਗਿਲਾ ਸੀ ਪਰ ਉਸ ਦਾ ਇਹ ਗਿਲਾ ਜਾਇਜ਼ ਨਹੀਂ ਸੀ। ਆਖਰ ਲਖਵਿੰਦਰ ਅਤੇ ਸ਼ਮਸ਼ੇਰ ਦੀ ਸ਼ਖਸੀਅਤ ਵਿਚ ਪੂਰਬ ਅਤੇ ਪੱਛਮ ਵਰਗਾ ਪਾੜਾ ਸੀ। ਲਖਵਿੰਦਰ ਲਈ ਪਾਸ਼ ਉਸ ਦੀ ਜ਼ਿੰਦਗੀ ਦੀ ਧੜਕਣ ਸੀ। ਸ਼ਮਸ਼ੇਰ ਲਈ ਪਾਸ਼ ਮਹਿਜ਼ ਦਿਲਚਸਪ ਤਮਾਸ਼ਾ ਸੀ। ਸ਼ਮਸ਼ੇਰ ਜਿੰਨੀ ਦੇਰ ਵੀ



*ਪਾਸ਼ ਬਾਰੇ ਇਕ-ਪਾਤਰੀ ਨਾਟਕ ਪੇਸ਼ ਕਰ ਰਿਹਾ ਰਣਬੀਰ ਰਾਣਾ। ਇਹ ਨਾਟਕ ਪਾਸ਼ ਦੀਆਂ ਕਵਿਤਾਵਾਂ 'ਤੇ ਆਧਾਰਿਤ ਹੈ।*

ਪਾਸ਼ ਦੇ ਕਰੀਬ ਰਿਹਾ, ਉਸ ਨੂੰ ਲਗਾਤਾਰ ਅਚੰਭਿਤ ਕਰਦੇ ਰਹਿਣ ਵਾਲੇ 'ਕਿਸੇ ਅਜੂਬੇ' ਵਾਂਗ ਹੀ ਵੇਖਿਆ। ਪਾਸ਼ ਦੇ ਜੀਵਨ ਦੇ ਵੱਖ ਵੱਖ ਪੜਾਵਾਂ 'ਤੇ ਉਸ ਦੀਆਂ ਕਵਿਤਾਵਾਂ, ਚਿੱਠੀਆਂ, ਡਾਇਰੀਆਂ ਦੇ ਪੰਨੇ... ਕੁਝ ਵੀ ਵੇਖ ਲਵੋ, ਉਸ ਦੇ ਸਰੋਕਾਰ ਗਹਿਰੇ ਮਾਨਵਵਾਦੀ ਹਨ- ਲਗਾਤਾਰ ਸਿੱਖ ਧਰਮ ਚਿੰਤਨ ਦੇ 'ਸਭੈ ਸਾਂਝੀਵਾਲ ਸਦਾਇਨ' ਵਰਗੇ ਮਹਾਂ ਵਾਕ ਤੋਂ ਪ੍ਰੇਰਿਤ ਹਨ। ਪੰਜਾਬੀ ਸਾਹਿਤ ਜਗਤ ਵਿਚ ਪਾਸ਼ ਦੇ ਸਭ ਤੋਂ ਸਟੀਕ ਪ੍ਰਸ਼ੰਸਕ ਗੁਰਬਚਨ ਦੀ ਗਵਾਹੀ ਅਨੁਸਾਰ ਉਸ ਨੂੰ ਖਾੜਕੂ ਸਿੱਖ ਲਹਿਰ ਅਜਿਹੇ ਸਾਰੇ ਆਦਰਸ਼ਾਂ ਅਤੇ ਖੁਆਬਾਂ ਦਾ ਨਿਸ਼ੇਧ ਲਗਦੀ ਸੀ ਜਿਨ੍ਹਾਂ ਲਈ ਉਸ ਸਾਰੀ ਉਮਰ ਬੇਬਾਕ ਹੋ ਕੇ ਲਿਖਿਆ ਤੇ ਚਿੰਤਨ ਕੀਤਾ। ਇਸ ਦੇ ਉਲਟ ਸ਼ਮਸ਼ੇਰ ਇਸ ਕਿਸਮ ਦੇ ਚੱਕਰ 'ਚ ਪੈਣਾ ਜਾਂ ਅਜਿਹੇ ਖਤਰਨਾਕ ਵਿਸ਼ੇ 'ਤੇ ਲਿਖਣਾ ਛੱਡੋ, ਇਸ ਕਿਸਮ ਦਾ ਕੁਝ ਕਦੀ ਸੋਚੇਗਾ ਵੀ ਨਹੀਂ।

ਉਂਜ ਸ਼ਮਸ਼ੇਰ ਧੀਮੀ ਸੁਰ ਵਾਲਾ ਨਾਜ਼ੁਕ ਨਰਮ ਅਤੇ ਨਿਰਛਲ ਆਦਮੀ ਹੈ। ਸ਼ਾਇਦ ਇਸੇ ਕਰ ਕੇ ਪਾਸ਼ ਦੀ ਉਸ ਨਾਲ ਯਾਰੀ ਸੀ। ਉਸ ਆਪਣੀ ਨਿਰਛਲਤਾ ਨੂੰ ਲੁਕੋ ਕੇ ਵੀ ਨਹੀਂ ਰੱਖਿਆ ਬਲਕਿ ਪੂਰਨ ਸੁਹਿਰਦਤਾ ਨਾਲ 'ਇਕ ਪਾਸ਼ ਇਹ ਵੀ' ਸਿਰਲੇਖ ਹੇਠਲੀ ਆਪਣੀ ਕਿਤਾਬ ਵਿਚ ਇਨ ਬਿਨ ਆਪਣੇ ਭਾਵਾਂ ਨੂੰ ਸ਼ਬਦਾਂ ਵਿਚ ਉਤਾਰ ਵੀ ਦਿਤਾ ਹੋਇਆ ਹੈ। ਇਕ ਤੋਂ ਬਾਅਦ ਇਕ ਕਲਮੀ ਚਿਤਰ ਵਿਚ ਉਹ ਆਪਣੇ ਮਿੱਤਰ ਦੇ ਵਚਿੱਤਰ ਕੌਤਕਾਂ ਨੂੰ ਨਿਰੰਤਰ ਮੋਹ ਅਤੇ ਅਪਣੱਤ ਭਰੀਆਂ ਨਿਗਾਹਾਂ ਨਾਲ ਨਿਹਾਰਦਾ ਸਾਫ ਨਜ਼ਰ ਆਉਂਦਾ ਹੈ, ਮਾਨੋ ਮਦਾਰਪੁਰ ਪਿੰਡ ਦਾ ਕੋਈ ਯੁਵਕ ਅਖਾੜੇ ਤੋਂ ਬਾਹਰ ਖੜ੍ਹਾ ਅਚਾਨਕ ਮੰਗਲ ਤਾਰੇ ਤੋਂ ਉਤਰ ਆਏ ਕਿਸੇ ਅਦਭੁਤ ਮਦਾਰੀ ਦੇ ਕਾਵਿਕ ਤਮਾਸ਼ਿਆਂ ਨੂੰ ਵੇਖ ਵੇਖ ਲੋਟ ਪੋਟ ਹੋ ਰਿਹਾ ਹੋਵੇ!

ਹੁਣ ਲਖਵਿੰਦਰ ਗਵਾਹੀ ਪਾਉਣ ਲਈ ਹੈ ਨਹੀਂ ਤੇ ਲਿਖਣ ਵਾਲੀ ਐਡੀ ਗੱਲ ਵੀ ਨਹੀਂ ਹੈ। ਉਸ ਕੋਲ ਮੇਰੀ ਠਹਿਰ ਦੌਰਾਨ ਉਸ ਇਕ ਵਾਰੀ ਨਹੀਂ, ਘੱਟੋ-ਘੱਟ 10 ਵਾਰੀ ਕਿਹਾ ਸੀ ਕਿ ਬਾਈ, ਤੂੰ ਪਾਸ਼ ਦੇ ਜਿਉਂਦਿਆਂ ਲਾਂਬੜਾ ਆਪਣੇ ਮਿੱਤਰ ਡਾ. ਨਿਰਮਲ ਸਿੰਘ ਨੂੰ ਮਿਲਣ ਜੇ ਅਕਸਰ ਆਉਂਦਾ ਰਿਹਾ ਤਾਂ ਕਦੀ ਸਾਡੇ ਕੋਲ ਕਿਉਂ ਨਾ ਆਇਆ। ਅਖੇ ਪਾਸ਼ ਨੇ ਬੇਹਦ ਖੁਸ਼ ਹੋਣਾ ਸੀ।

ਲਖਵਿੰਦਰ ਉਗੀ ਕੋਲ ਮੇਰੀ 'ਯਾਤਰਾ' ਦੇ ਦੂਜੇ ਦਿਨ ਸ਼ਾਮ ਨੂੰ ਅਸੀਂ ਦੋਵੇਂ ਬੈਠੇ ਸਾਂ। ਉਹ ਪੈੱਗ ਪਾਉਣ ਲੱਗਿਆ ਪਰ ਵਿਚਾਲੇ ਹੀ ਉਸ ਨੂੰ ਕੁਝ ਯਾਦ ਆ ਗਿਆ ਅਤੇ ਬੋਤਲ ਸਟੂਲ ਤੋਂ ਹੇਠਾਂ ਰੱਖ ਕੇ ਕਹਿਣ ਲੱਗਾ, "ਇਹ ਤਾਂ ਪਤਾ ਹੀ ਹੈ ਕਿ ਬਰਸਾਤਾਂ ਦੇ ਮੌਸਮ ਵਿਚ ਪਾਸ਼ ਨੂੰ ਕਿੰਜ ਚਾਅ ਚੜ੍ਹਦਾ ਹੁੰਦਾ ਸੀ ਅਤੇ ਕਿਵੇਂ ਉਹ ਅਕਸਰ ਹੀ ਆਪਣੇ ਕੱਪੜੇ ਉਤਾਰ ਕੇ ਅਤੇ ਕਈ ਵਾਰੀਂ ਕੱਪੜਿਆਂ ਸਣੇ ਹੀ ਕਿੰਨੀ ਕਿੰਨੀ ਦੇਰ ਤਕ ਸਾਨੂੰ ਸਭਨਾਂ ਨੂੰ ਜ਼ਬਰਦਸਤੀ ਖਿੱਚ ਕੇ ਮੀਂਹ ਪੈਂਦੇ ਵਿਚ ਭਿੱਜਦਿਆਂ ਖੁਸ਼ ਹੋਈ ਜਾਂਦਾ ਹੁੰਦਾ ਸੀ, ਪਰ ਹੁਣ ਤੇਰੇ ਨਾਲ ਬੈਠਿਆਂ ਮੈਨੂੰ ਕਈ ਵਰ੍ਹੇ ਪਹਿਲਾਂ ਲੋਹੜੀ ਦੇ ਇਰਦ ਗਿਰਦ ਸਿਆਲਾਂ ਦੀ ਉਹ ਸ਼ਾਮ ਯਾਦ ਆ ਗਈ ਹੈ ਜਦੋਂ ਅਸੀਂ ਦੋਵੇਂ ਬੈਠੇ ਸਾਂ। ਅੱਜ ਵਾਂਗ ਹੀ ਦਾਰੂ ਮੇਰੇ ਕੋਲ ਸੀ। ਮੀਂਹ ਪਹਿਲਾਂ ਹੀ ਪੈਣਾ ਸ਼ੁਰੂ ਹੋ ਗਿਆ ਸੀ। ਮੈਂ ਪੈੱਗ ਪਾਉਣ ਲੱਗਾ ਤਾਂ ਉਸ ਇਸ਼ਾਰੇ ਨਾਲ ਹੀ ਮੈਨੂੰ ਰੋਕ ਦਿਤਾ। ਮੀਂਹ ਕਿੰਨੀ ਹੀ ਦੇਰ ਤਕ ਪੈਂਦਾ ਰਿਹਾ ਅਤੇ ਪਾਸ਼ ਮੀਂਹ 'ਚੋਂ ਪਤਾ ਨਹੀਂ ਕਿਹੜਾ ਸੰਗੀਤ ਸੁਣੀ ਗਿਆ। ਉਸ ਰਾਤ ਦਾਰੂ ਪਿਆ ਹੀ ਰਹਿ ਗਿਆ ਸੀ। ਮੇਰਾ ਜੀਅ ਕਰਦਾ ਰਿਹਾ ਸੀ ਪਰ ਗਿਲਾਸਾਂ ਵਿਚ ਪਾਉਣ ਦੀ ਜੁਅਰਤ ਹੀ ਨਹੀਂ ਪਈ। ਐਨਾ (ਇਖਲਾਕੀ) ਰੋਹਬ ਸੀ ਮੇਰੇ ਯਾਰ ਦਾ।" ਮੈਂ ਉਗੀ ਨੂੰ ਕਿਹਾ ਸੀ, ਕਾਸ਼! ਸਾਡੇ ਹੋਰ ਯਾਰਾਂ ਨੂੰ ਵੀ ਬੀਤੇ ਦਿਨਾਂ ਦੀਆਂ ਯਾਦਾਂ ਤੇਰੇ ਵਾਂਗ ਨਿਹਾਰਨ ਦਾ ਵੱਲ ਆਵੇ।

ਭਾਰਤੀ ਸਮਾਜ ਵਿਚ ਫਿਰਕਾਪ੍ਰਸਤੀ ਦੀ ਵਬਾਅ ਤੋਂ ਪਾਸ਼ ਆਪਣੇ ਆਦਰਸ਼ ਨਾਇਕ ਸਰਦਾਰ ਭਗਤ ਸਿੰਘ ਵਾਂਗ ਹੀ ਚਿੰਤਤ ਸੀ। 'ਫਿਰਕਾਪ੍ਰਸਤੀ ਦੀਆਂ ਜੜ੍ਹਾਂ' ਨਾਂ ਦੇ ਲੇਖ ਵਿਚ ਉਹ ਲਿਖਦਾ ਹੈ, "ਭਾਰਤੀ ਲੋਕ ਜਿਸ ਬਿਮਾਰੀ ਦਾ ਭਿਆਨਕ ਰੂਪ ਵਿਚ ਸ਼ਿਕਾਰ ਹਨ, ਉਹ ਨਾਗਰਿਕਾਂ ਦਾ ਬੋਲੀ, ਧਰਮ, ਜਾਤੀਆਂ ਤੇ ਦੌਲਤ ਦੇ ਹਿਸਾਬ ਨਕਲੀ ਵੰਡਾਂ ਵਿਚ ਨਿਖੜੇ ਹੋਣਾ ਹੈ।"

ਤੇ ਫਿਰ ਵਿਦੇਸ਼ ਪਹੁੰਚ ਕੇ 5 ਅਗਸਤ 1984 ਨੂੰ ਸੁਰਿੰਦਰਪਾਲ ਸ਼ਰਮਾ ਨੂੰ 'ਸਤਿਕਾਰ ਯੋਗ ਗੁਰੂਦੇਵ' ਕਹਿੰਦਾ ਉਹ ਲਿਖਦਾ ਹੈ, "ਆਉਣ ਲਗਿਆਂ ਜੋ ਮੈਂ ਤੁਹਾਡੇ ਨਾਲ ਆਪਣੀ ਢਾਣੀ ਬਾਰੇ ਗੱਲਬਾਤ ਕਰਦਿਆਂ ਵਾਅਦਾ ਲਿਆ ਸੀ, ਉਸ ਨੂੰ ਅਣਗੌਲਿਆਂ ਨਾ ਕਰ ਦੇਣਾ। ਮੇਰੇ ਮਗਰੋਂ ਤੁਹਾਡੀ ਹੀ ਜ਼ਿੰਮੇਵਾਰੀ ਹੈ ਕਿ ਇਸ ਗਰੁਪ ਨੂੰ ਉਸਾਰੂ ਲੀਹਾਂ ਉਤੇ ਬਰਕਰਾਰ ਰੱਖਿਆ ਜਾਵੇ। ਫਿਰਕਾਪ੍ਰਸਤੀ ਵਿਰੋਧੀ ਸੰਘਰਸ਼ ਵੱਲ ਇਸ ਦੀ ਦਿਸ਼ਾ ਕਦੀ ਉਲਟ ਨਾ ਸਕੇ।"

ਪਾਸ਼ ਨੂੰ ਪੰਜਾਬ ਦੇ ਲੋਕਾਂ ਦੀ ਹੋਣੀ ਦੀ ਸਦਾ ਚਿੰਤਾ ਰਹੀ। ਕੁਝ ਸਾਲ ਪਹਿਲਾਂ ਜਦੋਂ ਕੁਝ ਲੋਕਾਂ ਨੇ ਪਾਸ਼ ਦੇ ਆਪਣੀਆਂ ਸਭਿਆਚਾਰਕ ਜੜ੍ਹਾਂ ਤੋਂ ਟੁੱਟਿਆ ਹੋਣ ਦੀ ਗੱਲ ਚਲਾਈ, ਤਾਂ ਗੁਰਬਚਨ ਨੇ 'ਜਿਥੇ ਪਾਸ਼ ਨਹੀਂ ਰਹਿੰਦਾ' ਸਿਰਲੇਖ ਹੇਠਲਾ ਸੰਜੀਦਾ ਲੇਖ ਲਿਖ ਕੇ ਇਸ ਬੇਬੁਨਿਆਦ ਦੂਸ਼ਣ ਦਾ ਢੁਕਵਾਂ ਜਵਾਬ ਦਿੱਤਾ ਸੀ, "ਕੀ ਪਾਸ਼ ਦੀ ਕਵਿਤਾ ਪੰਜਾਬ ਦੀਆਂ ਸਭਿਆਚਾਰਕ ਜੜ੍ਹਾਂ ਨਾਲੋਂ ਟੁੱਟੀ ਹੋਈ ਹੈ ਤੇ ਪੰਜਾਬ ਦੇ ਇਤਿਹਾਸ ਨਾਲ ਇਸ ਦਾ ਕੋਈ ਨਾਤਾ ਨਹੀਂ ਹੈ? ਜਿਹੜੇ ਇਹ ਮੰਨਦੇ ਹਨ, ਸਭਿਆਚਾਰ ਜਾਂ ਇਤਿਹਾਸ ਬਾਰੇ ਉਨ੍ਹਾਂ ਦੀ ਉਹੀ ਸਮਝ ਹੈ ਜਿਸ ਵਿਚੋਂ ਪਾਸ਼ ਦੇ ਕਤਲ ਦਾ ਇਰਾਦਾ ਪੈਦਾ ਹੋਇਆ। ਇਹ ਕਿੰਦਾਂ ਦੀ ਸਮਝ ਹੈ ਜੋ ਆਪਣੀ ਭੋਇੰ ਦੇ ਜ਼ਹੀਨ ਕਵੀ ਨੂੰ ਖਤਮ ਕਰਨ ਦੀ ਸੋਚਦੀ ਹੈ।" ਗੁਰਬਚਨ ਉਹਦੀ ਕਵਿਤਾ 'ਸਭ ਤੋਂ ਖਤਰਨਾਕ ਹੁੰਦਾ ਹੈ ਸੁਪਨਿਆਂ ਦਾ ਮਰ ਜਾਣਾ' ਨਿੱਤ ਪੜ੍ਹਨ ਦੀ ਸਿਫਾਰਸ਼ ਕਰਦਾ ਹੈ, ਨਾਲ ਹੀ ਸਪਸ਼ਟ ਕਰਦਾ ਹੈ ਕਿ ਅਜਿਹੀ ਕਵਿਤਾ ਲਿਖ ਕੇ 'ਏਦਾਂ ਦੀ ਮੌਤ ਸਹੇੜਨ ਵਾਲੇ ਕਵੀ ਜੇ ਮਿਥਕ ਬੁਲੰਦੀ ਤਕ ਪੁਜਦੇ ਹਨ ਤਾਂ ਹੈਰਾਨੀ ਵਾਲੀ ਗੱਲ ਨਹੀਂ।'

*(ਅਗਲੇ ਸਫੇ 'ਤੇ ਜਾਰੀ)*





*ਲੋਰਕਾ ਦਾ ਇਕ ਚਿੱਤਰ (ਖੱਬੇ) ਤੇ ਪਾਸ਼।*

'ਐਂਟੀ 47 ਫਰੰਟ' ਵਾਲੇ ਅੰਕ ਦੇ ਇਕ ਇਕ ਸ਼ਬਦ ਤੋਂ ਜ਼ਾਹਿਰ ਹੈ, "ਬੇਸ਼ਕ ਉਹ ਧਰਮ ਦੇ ਨਾਂ 'ਤੇ ਉਸਰੀ ਸਿਆਸਤ ਦੇ ਵਿਰੁਧ ਸੀ ਪਰ ਸਿੱਖੀ ਦੇ ਇਲਾਹੀ ਸ਼ਬਦ ਸੰਸਾਰ; ਇਤਿਹਾਸ 'ਚ ਸਿੱਖੀ ਦੇ ਕ੍ਰਾਂਤੀਕਾਰੀ ਕਿਰਦਾਰ ਤੋਂ ਕਦੀ ਵੀ ਮੁਨਕਰ ਨਹੀਂ ਸੀ। ਉਹ ਤਾਂ ਸਿੱਖੀ ਦੇ ਨਾਂ 'ਤੇ ਪੈਦਾ ਹੋਣ ਵਾਲੇ ਸਿਆਸੀ ਵਿਗਾੜਾਂ ਤੋਂ ਪ੍ਰੇਸ਼ਾਨ ਸੀ।" ਪਰ ਅਫਸੋਸ, ਕਿ ਇਸ ਕਿਸਮ ਦੀ ਸਿਆਸਤ ਲਈ ਜ਼ਿੰਮੇਵਾਰ ਕਾਰਨ ਅਤੇ ਧਿਰਾਂ ਦੀ ਨਿਸ਼ਾਨਦੇਹੀ ਕਰਦਿਆਂ ਉਹ ਪੂਰੇ ਜਾਹੋ ਜਲਾਲ ਵਿਚ ਮਹਾਤਮਾ ਗਾਂਧੀ ਦੇ ਚਿੰਤਨ ਅਤੇ ਸਮੁੱਚੀ ਘਾਲ ਕਮਾਈ 'ਤੇ ਵੀ ਬੇਲੋੜਾ ਰਗੜਾ ਮਾਰ ਜਾਂਦਾ ਹੈ। ਮਸਲਨ ਪਾਸ਼ ਲਿਖਦਾ ਹੈ, "ਧਰਮਾਂ ਜਾਂ ਫਿਰਕਿਆਂ ਦੇ ਆਧਾਰ 'ਤੇ ਫੈਲੀ ਹਿੰਸਾ ਲਈ ਸਭ ਤੋਂ ਵੱਡੀ ਅਪਰਾਧੀ ਹੈ ਦੇਸ਼ ਦੀ ਹਾਕਮ ਜਮਾਤ ਤੇ ਉਸ ਦੀ ਰਖਵਾਲੀ ਕਾਂਗਰਸ। ਅਪਰਾਧੀ ਹੈ ਕਾਂਗਰਸ ਦਾ ਨਗੜਦਾਦਾ ਮੋਹਨ ਦਾਸ ਗਾਂਧੀ ਜਿਸ ਨੇ ਬ੍ਰਿਟਿਸ਼ ਸਾਮਰਾਜ ਵਿਰੁਧ ਲੋਕ ਰੋਹ ਨੂੰ 'ਰਘੂਪਤ ਰਾਘਵ ਰਾਜਾ ਰਾਮ ਪਤਿਤ ਪਾਵਨ ਸੀਤਾ ਰਾਮ' ਵਿਚ ਬਦਲ ਦੇਣ ਦੀਆਂ ਕਰਤੂਤਾਂ ਕੀਤੀਆਂ।"


ਅਸਲ ਵਿਚ ਪਾਸ਼ ਲੋਰਕਾ ਅਤੇ ਪਾਬਲੋ ਨਰੂਦਾ ਵਾਂਗ ਹੀ ਜਜ਼ਬਾਤੀ ਸ਼ਾਇਰ ਸੀ। ਸਾਲ 1921 ਵਿਚ ਲੋਰਕਾ ਮਹਿਜ਼ 20-22 ਵਰ੍ਹਿਆਂ ਦਾ ਸੀ ਜਦੋਂ 'ਬੁੱਕ ਆਫ ਪੋਇਮਜ਼' ਨਾਂ ਦੀ ਉਸ ਦੀ ਪਹਿਲੀ ਕਿਤਾਬ ਛਪੀ, ਤੇ ਆਪਣੀ ਕਵਿਤਾ ਦੇ ਆਗਮਨ ਬਾਰੇ ਉਸ ਦਾ ਦਾਅਵਾ ਜ਼ਰਾ ਪੜ੍ਹੋ- "ਮੈਂ ਹੁਣ ਅਜਿਹੀ ਕਵਿਤਾ ਰਚਣ ਵਾਲਾ ਹਾਂ ਜੋ ਉਸ ਲਹੂ ਵਾਂਗ ਵਗੇਗੀ ਜੋ ਤੁਹਾਡੀਆਂ ਕਲਾਈਆਂ ਨੂੰ ਕੱਟਿਆਂ ਵਗਦਾ ਹੈ।"

ਮੈਨੂੰ ਯਾਦ ਹੈ ਸਠਿਆਲਾ ਕਾਲਜ 'ਚ ਪੜ੍ਹਦਿਆਂ ਸਾਲ 1968 ਜਾਂ 69 ਦੇ 'ਆਰਸੀ' ਦੇ ਕਿਸੇ ਅੰਕ ਵਿਚ ਅਸੀਂ ਪਾਸ਼ ਦੀ 'ਤੁਸੀਂ ਲੋਹੇ ਦੀ ਕਾਰ ਝੂਟਦੇ ਹੋ, ਮੈਂ ਲੋਹਾ ਖਾਧਾ ਹੈ' ਬੋਲਾਂ ਵਾਲੀ ਪਹਿਲੀ ਕਵਿਤਾ ਜਦੋਂ ਪੜ੍ਹੀ ਤਾਂ ਕਈ ਦਿਨ ਉਸੇ ਦਾ ਚਰਚਾ ਹੁੰਦਾ ਰਿਹਾ। ਇਹ ਕਵਿਤਾ ਲਿਖਣ ਸਮੇਂ ਪਾਸ਼ ਅਜੇ ਲੋਰਕਾ ਨਾਲੋਂ ਵੀ ਕਈ ਸਾਲ ਛੋਟਾ ਸੀ।

ਸ਼ਾਇਦ ਇਸੇ ਲਈ ਹਿੰਦੀ ਦੇ ਚੋਟੀ ਦੇ ਆਲੋਚਕ ਡਾ. ਨਾਮਵਰ ਸਿੰਘ ਨੇ ਪਾਸ਼ ਦੀ ਹੱਤਿਆ ਤੋਂ ਬਾਅਦ ਉਸ ਨੂੰ 'ਪੰਜਾਬੀ ਦਾ ਲੋਰਕਾ' ਆਖ ਕੇ ਨਮੋ ਤਾਂ ਕੀਤੀ ਹੀ, ਇਹ ਵੀ ਆਖ ਦਿਤਾ, "ਪਾਸ਼ ਆਪਣੇ ਰਾਜਸੀ ਉਦੇਸ਼ਾਂ ਬਾਰੇ ਲੋਰਕਾ ਨਾਲੋਂ (ਵੀ) ਵੱਧ ਸਪਸ਼ਟ ਸੀ। ਇਹ ਸਪੇਨੀ ਭਾਸ਼ਾ ਦੇ ਮੁਕਾਬਲੇ ਪੰਜਾਬੀ ਭਾਸ਼ਾ ਦੇ ਦਾਇਰੇ ਦੀ ਸੀਮਾ ਸੀ ਕਿ ਪਾਸ਼ ਦੇ ਹੋਣ ਦਾ ਮਹਾਤਮ ਲੋਰਕਾ ਵਾਂਗ ਕੌਮਾਂਤਰੀ ਪੱਧਰ 'ਤੇ ਨਾ ਜਾ ਸਕਿਆ।"

ਲਖਵਿੰਦਰ ਉਗੀ ਦੇ ਨਾਂ ਪਾਸ਼ ਦਾ ਬਹੁ-ਪਰਤੀ ਅਰਥਾਂ ਵਾਲਾ ਇਹ ਖਤ ਤਾਂ ਸ਼ਾਇਦ ਅਮਰਜੀਤ ਚੰਦਨ ਵਾਲੀ ਕਿਤਾਬ 'ਚ ਛਪ ਚੁੱਕਾ ਹੋਵੇ ਪਰ ਮੈਂ ਉਹ ਉਸ ਦੇ ਪਿਤਾ ਵਲੋਂ 2013 'ਚ ਸੰਪਾਦਤ ਕਰ ਕੇ ਛਪਵਾਈ 'ਪਾਸ਼ ਦੀ ਵਾਰਤਕ' ਸਿਰਲੇਖ ਹੇਠਲੀ ਕਿਤਾਬ ਵਿਚ ਹੀ ਪੜ੍ਹਿਆ ਹੈ। ਪਾਸ਼ ਲਿਖਦਾ ਹੈ-

"ਹੁਣ ਕਦੋਂ ਹੋਣਗੇ ਮੇਲੇ? ਤੇਰੀ ਛਾਂ ਵਿਚ ਸੱਜਣਾ ਮੈਂ ਕਈ ਵਰ੍ਹਿਆਂ ਤੋਂ ਤੱਤੀ ਵਾਅ ਵੀ ਨਹੀਂ ਸੀ ਵੇਖੀ। ਮੈਂ ਤੇਰੇ 'ਤੇ ਏਨਾ ਆਸ਼ਰਤ ਹੋ ਗਿਆ ਸਾਂ ਕਿ ਮੈਨੂੰ ਰਤਕਣੋਂ ਹੀ ਹਟ ਗਈ ਸੀ ਇਸ ਦੁਨੀਆਂ ਦੀ ਖਰਵੀ ਜਿਹੀ ਹੋਂਦ। ਤੇਰੇ ਬਲ ਨਾਲ ਏਨਾ ਦਲੇਰ ਹੋ ਗਿਆ ਸਾਂ ਕਿ ਹਰ ਨਾਢੂ ਖਾਂ ਨੂੰ ਨੱਥੂ ਖੈਰਾ ਹੀ ਸਮਝਣ 'ਤੇ ਤੁਲ ਗਿਆ ਸਾਂ ਮੈਂ। ਤੂੰ ਆਪਣੀ ਸੁੱਚੀ ਮੁਹੱਬਤ ਤੇ ਪਿਆਰ ਨਾਲ ਮੇਰੇ ਲਈ ਸਾਰੇ ਸੁਰਗ ਹੇਚ ਕਰ ਦਿੱਤੇ ਸਨ। ਤੇਰੀ ਮਾਣਮੱਤੀ ਅਪਣੱਤ ਨੇ ਮੈਨੂੰ ਸਾਰੇ ਜਹਾਨ ਦੀ ਕਰੂਪਤਾ ਅਤੇ ਕੁਰਖਤ ਬੇਲਿਹਾਜ਼ੀ ਭੁਲਾ ਦਿੱਤੇ ਸਨ।"




'ਐਂਟੀ 47 ਫਰੰਟ' ਦੇ ਉਸ ਅੰਕ ਦਾ ਪਹਿਲਾ ਸਫਾ ਜਿਸ ਤੋਂ ਖਾਲਿਸਤਾਨੀ ਡਾਢੇ ਔਖੇ ਹੋਏ ਸਨ। ਇਹ ਸਾਰਾ ਅੰਕ ਹੱਥ ਨਾਲ ਲਿਖਿਆ ਗਿਆ ਸੀ।

ਤੇ ਉਸ ਤੋਂ ਅੱਗੇ ਵੇਖੋ- "ਤਦੇ ਹੀ ਖਵਰੇ ਮੈਂ ਭਾਰਤ ਨੂੰ, ਆਪਣੇ ਸਭਿਆਚਾਰ ਆਦਿ ਨੂੰ ਨਹੀਂ, ਸਿਰਫ ਜੇ ਮਿਸ ਕਰਦਾ ਹਾਂ ਤਾਂ ਬਸ ਜ਼ਿੰਦਗੀ ਨੂੰ ਜਾਣੀ, ਤੈਨੂੰ ਮਿੱਸ ਕਰਦਾ ਹਾਂ।" ਇਹ ਖਤ ਕਮਾਲ ਦੀ ਗਵਾਹੀ ਹੈ ਪਾਸ਼ ਦੀ ਆਤਮਾ ਦੇ ਅਸੀਮ ਹੁਸਨ ਦੀ ਮੇਰੇ ਲਈ!

ਅਸਲ ਵਿਚ ਪਾਸ਼ ਦੀਆਂ ਕੁਝ ਚਿੱਠੀਆਂ ਵਿਚ 'ਐਂਟੀ 47 ਫਰੰਟ' ਦਾ ਜ਼ਿਕਰ ਹੈ, ਉਹ ਠੀਕ ਹਨ; ਪਰ ਇਕੋ ਇਕ ਚਿੱਠੀ ਜੋ ਮੈਨੂੰ ਬੇਹੱਦ ਮੁੱਲਵਾਨ ਲਗਦੀ ਹੈ, ਪਾਸ਼ ਵਲੋਂ 25 ਨਵੰਬਰ 1987 ਨੂੰ 'ਪਿਆਰੀ ਰਾਣੀ ਕੌਰ' ਦੇ ਸੰਬੋਧਨੀ ਸ਼ਬਦਾਂ ਨਾਲ ਆਪਣੀ ਹੱਤਿਆ ਤੋਂ ਮਹਿਜ਼ ਕੁਝ ਹੀ ਸਮਾਂ ਪਹਿਲਾਂ ਆਪਣੇ ਪਿੰਡੋਂ ਅਮਰੀਕਾ ਰਹਿੰਦੀ ਆਪਣੀ ਜੀਵਨ ਸਾਥਣ ਦੇ ਨਾਂ ਲਿਖੀ। ਲਿਖਦਾ ਹੈ- "ਸਕੂਲੇ ਵੀ ਕਈ ਵਾਰ ਗਿਆ ਹਾਂ। (ਪਿੰਡ) ਵਾਪਸ ਆਉਣ ਤੋਂ ਅਗਲੇ ਹੀ ਦਿਨ ਮੈਂ ਰਾਤ ਨੂੰ ਜੱਜੀ ਭੈਣਾਂ ਦੇ ਘਰ ਜਾ ਕੇ ਮਿਲ ਆਇਆ ਸਾਂ। ਕੁੜੀ ਦੇ ਭਾਅ ਦਾ ਤਾਂ ਮੈਨੂੰ ਵੇਖ ਕੇ ਚੰਦ ਹੀ ਚੜ੍ਹ ਗਿਆ। ਮੈਂ ਵੀ ਉਸ ਨੂੰ ਵੇਖ ਕੇ ਨਿਹਾਲ ਹੋਇਆ। ਰੀਟਾ ਤਾਂ ਸਹੁਰੀਂ ਜਾ ਚੁੱਕੀ ਸੀ। ਪਰਸੋਂ ਸੁਦੇਸ਼ ਤੇ ਵੀਨਾ ਵੀ ਮਿਲ ਗਈਆਂ। ਛੋਟੀ ਕੁੜੀ ਤੇ ਬਿੱਟੂ ਦਾ ਵਿਆਹ ਇਸੇ ਹਫਤੇ ਹੋ ਰਿਹਾ ਹੈ। ਸੁਦੇਸ਼ ਤੇ ਵੀਨਾ ਤਾਂ ਮਿਲ ਕੇ ਹੰਝੂ ਹੀ ਕੇਰਨ ਲੱਗ ਗਈਆਂ, ਜਿੱਦਾਂ ਕਿਤੇ ਅਫਸੋਸ ਕਰੀਦਾ ਹੈ। ਸਾਰਾ ਪਰਿਵਾਰ ਉਗੀ ਵਾਲਾ ਸੱਚੀਂ ਤੈਨੂੰ ਬਹੁਤ ਚੇਤੇ ਕਰਦਾ...।"

ਪਾਸ਼ ਦੀਆਂ ਇਨ੍ਹਾਂ ਚਿੱਠੀਆਂ ਦਾ ਚਿਤਵਨ ਕਰਦਿਆਂ ਮੈਨੂੰ ਮੱਲੋਮੱਲੀ ਮੁੜ ਪਾਬਲੋ ਨਰੂਦਾ ਦੇ ਹਰਭਜਨ ਹੁੰਦਲ ਵਲੋਂ ਤਰਜਮਾ ਕੀਤੇ 'ਸਵੈ-ਚਿਤਰ' ਦੇ ਸ਼ਬਦ ਯਾਦ ਆ ਗਏ ਹਨ, "ਮੈਂ ਆਪਣੇ ਪਿਆਰ ਪ੍ਰਤੀ ਦਿਆਲੂ ਹਾਂ, ਸ਼ਬਦਾਂ ਵੱਲ ਕੁਵੱਥਾ, ਕੂਲੇ ਹੱਥ, ਹੌਲੀ ਤੁਰਨ ਤੇ ਸਮੁੰਦਰੀ ਤੂਫਾਨਾਂ ਪ੍ਰਤੀ ਉਤਸ਼ਾਹੀ, ਰੇਤ 'ਤੇ ਤੁਰਨ ਦਾ ਸ਼ੌਕੀਨ, ਸੰਸਥਾਵਾਂ ਤੋਂ ਅੱਕਿਆ, ਹਮੇਸ਼ਾ ਚਿੱਲੀ ਵਾਸੀ। ਯਾਰਾਂ ਦਾ ਯਾਰ, ਦੁਸ਼ਮਣਾਂ ਬਾਰੇ ਮੂੰਹ ਬੰਦ ਰੱਖਣ ਵਾਲਾ, ਪੰਛੀਆਂ ਨਾਲ ਸ਼ੁਗਲ ਕਰਨ ਵਾਲਾ, ਬਹਿਣ ਕਮਰਿਆਂ ਵਿਚ ਸ਼ਰਮੀਲਾ, ਬਿਨਾ ਕਾਰਨ ਪਛਤਾਵੇ 'ਚ ਡੁੱਬਿਆ ਰਹਿਣ ਵਾਲਾ। ਤੂਫਾਨਾਂ ਤੇ ਅੰਬਰਾਂ ਹੇਠ ਨੱਚਣ ਵਾਲਾ, ਜੰਗਲਾਂ ਵਿਚ ਅਣਥੱਕ, ਵਰ੍ਹਿਆਂ ਪਿਛੋਂ ਚੁਸਤ ਗੱਲ ਕਰਨ ਵਾਲਾ, ਸਾਰਾ ਸਾਲ ਖੱਪੀ, ਭੁੱਖਾ, ਕਮਾਲ ਦਾ ਸੌਣ ਵਾਲਾ, ਖੁਸ਼ੀ ਵਿਚ ਸ਼ਾਂਤ, ਰਾਤ ਦੇ ਅੰਬਰਾਂ ਦਾ ਖੋਜੀ, ਉਖੜਿਆ, ਹਠੀ, ਲੋੜ ਵੇਲੇ ਬਹਾਦਰ, ਮਾੜੀ ਕਿਸਮਤ ਨੂੰ ਕਵੀ ਤੇ ਬੇਵਕੂਫ ਜਿਹਾ...।"

ਤੇ ਇੰਜ ਹੀ ਹੁੰਦਲ ਹੋਰਾਂ ਵਲੋਂ ਅਨੁਵਾਦੀ ਪਾਬਲੋ ਦੇ ਕਾਵਿ-ਸੰਗ੍ਰਿਹ ਵਿਚੋਂ ਉਸ ਦੀ ਕਿਸੇ ਮਹਿਬੂਬ ਦੀ ਯਾਦ ਵਿਚ ਲਿਖੀਆਂ ਕੁਝ ਸਤਰਾਂ ਜ਼ਰਾ ਵੇਖੋ-

ਸੋਹਣੀਏ
ਤੇਰੀਆਂ ਅੱਖਾਂ
ਤੇਰੇ ਚਿਹਰੇ ਤੋਂ ਬਹੁਤ ਵੱਡੀਆਂ ਹਨ
ਤੇਰੀਆਂ ਅੱਖਾਂ
ਧਰਤੀ ਤੋਂ ਵੀ ਵੱਡੀਆਂ ਹਨ
ਤੇਰੀਆਂ ਅੱਖਾਂ ਵਿਚ
ਦੇਸ ਵੀ ਹਨ ਤੇ ਦਰਿਆ ਵੀ
ਮੇਰਾ ਦੇਸ ਤੇਰੀਆਂ ਅੱਖਾਂ ਵਿਚ ਹੈ
ਮੈਂ ਇਨ੍ਹਾਂ ਵਿਚੋਂ ਦੀ ਤੁਰਦਾ ਹਾਂ
ਇਹ ਸੰਸਾਰ 'ਤੇ ਰੌਸ਼ਨੀ ਕਰਦੀਆਂ ਨੇ
ਜਿਨ੍ਹਾਂ ਵਿਚੋਂ ਦੀ ਮੈਂ ਤੱਕਦਾ ਹਾਂ ਪਿਆਰੀਏ!

ਰਾਜੇਸ਼ ਸ਼ਰਮਾ 12 ਕੁ ਵਰ੍ਹੇ ਪਹਿਲਾਂ ਜਦੋਂ ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵਿਚ ਆਇਆ ਸੀ, ਉਸੇ ਦਿਨ ਸਾਡੀ ਦੋਸਤੀ ਦੀ ਸ਼ੁਰੂਆਤ ਹੋ ਗਈ ਸੀ। ਇਸ ਤੋਂ ਪਿਛੋਂ ਮੈਨੂੰ ਇਕ ਦਿਨ ਵੀ ਯਾਦ ਨਹੀਂ ਕਿ ਅਸੀਂ ਪਟਿਆਲਾ ਸ਼ਹਿਰ ਵਿਚ ਹੋਈਏ ਤੇ ਸਵੇਰੇ ਜਾਂ ਸ਼ਾਮ ਨੂੰ ਮੁਲਾਕਾਤ ਜਾਂ ਘੱਟੋ-ਘੱਟ ਫੋਨ 'ਤੇ ਦੁਆ ਸਲਾਮ ਨਾ ਹੋਈ ਹੋਵੇ। ਮੇਰੀਆਂ ਨਿਗਾਹਾਂ ਵਿਚ ਉਹ ਕਿੰਨਾ ਕੁ ਵਧੀਆ ਇਨਸਾਨ ਹੋਵੇਗਾ, ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਤੇ ਅੱਜ ਤੋਂ 7-8 ਵਰ੍ਹੇ ਪਹਿਲਾਂ ਅਰਬਨ ਅਸਟੇਟ ਦੇ ਨਾਲ ਲਗਦੇ ਖੇਤਾਂ 'ਚ ਮੇਰੇ ਨਾਲ ਸੈਰ ਕਰਦਿਆਂ ਹੀ ਉਨ੍ਹਾਂ ਪਾਸ਼ ਦੀ ਜ਼ਿੰਦਗੀ ਤੇ ਕਾਵਿ ਸੰਸਾਰ ਬਾਰੇ 'ਪਾਸ਼'ਜ਼ ਆਫਟਰ ਲਾਈਫ' ਜਾਂ 'ਸਾਡੇ ਸਮਿਆਂ 'ਚ ਪਾਸ਼ ਨੂੰ ਨਵੇਂ ਸਿਰਿਓਂ ਪੜ੍ਹਦਿਆਂ' ਸਿਰਲੇਖ ਹੇਠ ਅਹਿਮ ਨਿਬੰਧ ਬਾਰੇ ਸੋਚਿਆ ਤੇ ਫਿਰ 'ਹੁਣ' ਰਸਾਲੇ ਦੇ ਮਈ-ਅਗਸਤ 2008 ਦੇ ਅੰਕ ਵਿਚ ਛਪਵਾਇਆ ਸੀ। ਦੱਸਣ ਵਾਲੀ ਗੱਲ ਇਹ ਹੈ ਕਿ ਉਨ੍ਹੀਂ ਦਿਨੀਂ ਹੀ ਉਨ੍ਹਾਂ ਕਦੀ ਨਾ ਕਦੀ ਲੋਰਕਾ ਦੀਆਂ ਨਜ਼ਮਾਂ ਦਾ ਪੰਜਾਬੀ ਅਨੁਵਾਦ ਕਰਨ ਦੀ ਗੱਲ ਕਈ ਵਾਰ ਕੀਤੀ ਸੀ। ਡਾ. ਰਾਜੇਸ਼ ਦਾ ਲੇਖ ਮੈਨੂੰ ਬੇਹੱਦ ਚੰਗਾ ਲਗਿਆ ਸੀ ਅਤੇ ਮੇਰਾ ਉਨ੍ਹਾਂ ਨਾਲ ਵਾਅਦਾ ਸੀ ਕਿ ਉਹ ਜਦੋਂ ਕਦੀ ਲੋਰਕਾ ਦੀਆਂ ਨਜ਼ਮਾਂ ਦਾ ਤਰਜਮਾ ਕਰਨਗੇ, ਮੈਂ ਵੀ ਲੋਰਕਾ ਅਤੇ ਪਾਸ਼ ਬਾਰੇ ਆਪਣੀ ਟਿਪਣੀ ਜ਼ਰੂਰ ਕਰਾਂਗਾ। ਮੇਰੀ ਸਦਾ ਵਾਂਗ ਉਘੜ-ਦੁਗੜੀ ਇਹ ਲਿਖਤ ਦੀ ਇਹ ਕੋਸ਼ਿਸ਼ ਉਨ੍ਹਾਂ ਨਾਲ ਉਸ ਵਾਅਦੇ ਦੇ ਨਾਂ ਹੀ ਹੈ।

ਲੋਰਕਾ ਅਤੇ ਪਾਸ਼ ਦੇ ਬੇਵਕਤ ਕਤਲ ਬਾਰੇ ਸੋਚਦਿਆਂ ਮੈਨੂੰ ਇਕ ਹੋਰ ਮਹਾਨ ਸ਼ਾਇਰ ਫੈਜ਼ ਅਹਿਮਦ ਫੈਜ਼ ਦੀਆਂ 1978 ਵਿਚ ਆਪਣੇ ਮਿੱਤਰ ਉਰਦੂ ਸ਼ਾਇਰ ਮਖਦੂਦ ਦੀ ਯਾਦ ਵਿਚ ਰਚੀ ਅਤੇ ਹਰਭਜਨ ਹੁੰਦਲ ਦੀ ਤਰਜਮਾ ਕੀਤੀ 'ਫੈਜ਼ ਅਹਿਮਦ ਫੈਜ਼' ਨਾਂ ਦੀ ਕਿਤਾਬ ਵਿਚ ਦਰਜ ਗਜ਼ਲ ਦੀਆਂ ਕੁਝ ਸਤਰਾਂ ਯਾਦ ਆ ਰਹੀਆਂ ਹਨ-


ਯਾਦ ਤੁਹਾਡੀ ਆਉਂਦੀ ਰਹੀ ਏ ਰਾਤ ਸਾਰੀ,
ਚਾਨਣੀ ਦਿਲ ਦੁਖਾਉਂਦੀ ਰਹੀ ਏ ਰਾਤ ਸਾਰੀ।
ਪੌਣ ਬੈਠ ਕੇ ਫੁੱਲ ਪੱਤਿਆਂ ਦੀ ਛਾਂ ਹੇਠ,
ਕੋਈ ਕਹਾਣੀ ਗੁਣਗੁਣਾਉਂਦੀ
ਰਹੀ ਏ ਰਾਤ ਸਾਰੀ।

---

ਸੁਰਜੀਤ ਪਾਤਰ ਲਿਖਦਾ ਹੈ, ਜਦੋਂ ਪਾਸ਼ ਦੀ ਹੱਤਿਆ ਕੀਤੀ ਗਈ, ਪਹਿਲਾਂ ਯੂਨੀਵਰਸਿਟੀ ਦੇ ਵਿਦਿਆਰਥੀ ਭਵਨ ਵਿਚ ਯੰਗ ਰਾਈਟਰਜ਼ ਐਸੋਸੀਏਸ਼ਨ ਵਲੋਂ ਸੋਗ ਸਭਾ ਬੁਲਾਈ ਜਿਸ ਵਿਚ ਸਿਰਫ 12 ਜਾਂ 13 ਵਿਦਿਆਰਥੀ ਤੇ ਅਧਿਆਪਕ ਸ਼ਾਮਲ ਹੋਏ; ਲੋਕ ਜਿਵੇਂ ਡਰ ਨਾਲ ਪਥਰਾ ਗਏ ਸਨ। ਉਹਦੀ ਕਵਿਤਾ 'ਇਕ ਲਰਜ਼ਦਾ ਨੀਰ ਸੀ' ਦਾ ਬੀਜ ਉਹ ਸੋਗ ਸਭਾ ਹੀ ਸੀ...

ਇਕ ਲਰਜ਼ਦਾ ਨੀਰ ਸੀ
ਉਹ ਮਰ ਕੇ ਪੱਥਰ ਹੋ ਗਿਆ
ਦੂਸਰਾ ਇਸ ਹਾਦਸੇ ਤੋਂ
ਡਰ ਕੇ ਪੱਥਰ ਹੋ ਗਿਆ।
ਤੀਸਰਾ ਇਸ ਹਾਦਸੇ ਨੂੰ
ਕਰਨ ਲਗਾ ਸੀ ਬਿਆਨ
ਉਹ ਕਿਸੇ ਪੱਥਰ ਦੇ ਘੂਰਨ ਕਰ ਕੇ
ਪੱਥਰ ਹੋ ਗਿਆ।
ਇਕ ਸ਼ਾਇਰ ਬਚ ਰਿਹਾ
ਸੰਵੇਦਨਾ ਸੰਗ ਲਰਜ਼ਦਾ
ਏਨੇ ਪੱਥਰ
ਉਹ ਤਾਂ ਗਿਣਤੀ ਕਰ ਕੇ
ਪੱਥਰ ਹੋ ਗਿਆ।

ਮੇਰੇ ਬਹੁਤ ਹੀ ਪਿਆਰੇ ਇਕ ਹੋਰ 'ਲਰਜ਼ਦੇ ਨੀਰ' ਵਰਗੇ ਮਿੱਤਰ ਨਰਿੰਦਰ ਭੁੱਲਰ ਨੂੰ ਪਾਤਰ ਦੀਆਂ ਪਾਸ਼ ਦੀ ਮੌਤ ਪਿਛੋਂ ਲਿਖੀਆਂ ਸਤਰਾਂ ਬਹੁਤ ਬਾਮਾਅਨੇ ਲਗਦੀਆਂ। ਲਾਲੀ ਬਾਬੇ ਨੂੰ ਪਾਸ਼ ਦੀ 'ਛੰਨੀ ਵੇ ਲੋਕੜੀਓ ਛੰਨੀ' ਵਾਲੀ ਨਜ਼ਮ ਵੀ ਬਹੁਤ ਪਸੰਦ ਸੀ। ਨਰਿੰਦਰ ਨੇ ਮੇਰੇ ਨਾਲ ਲਾਲੀ ਦੇ ਕਈ ਪ੍ਰਵਚਨ ਸੁਣੇ ਸਨ। 9/11 ਦੀ ਘਟਨਾ ਮੈਨੂੰ ਚੰਗੀ ਨਹੀਂ ਲਗੀ ਸੀ; ਨਰਿੰਦਰ 'ਅਮਰੀਕਾ ਦਾ ਨੱਕ ਭੰਨੇ ਜਾਣ' ਤੇ ਜ਼ਰਾ ਜ਼ਿਆਦਾ ਹੀ ਖੁਸ਼ ਸੀ ਅਤੇ ਉਸੇ ਘਟਨਾ ਦੀ 'ਖੁਸ਼ੀ' ਸਾਂਝੀ ਕਰਨ ਮੇਰੇ ਕੋਲ ਪਟਿਆਲੇ ਆਇਆ ਹੋਇਆ ਸੀ। ਕਾਫੀ ਹਾਊਸ ਮੂਹਰੇ ਲਾਲੀ ਨਾਲ ਬੈਠਿਆਂ ਪਾਸ਼ ਦੀਆਂ ਗੱਲਾਂ ਚੱਲ ਪਈਆਂ। ਲਾਲੀ ਹੋਰਾਂ ਨੇ ਸਵਰਾਜਬੀਰ ਦੀ 'ਮਾਰਚ 23' ਨਾਂ ਦੀ ਪਾਸ਼ ਦੀ ਯਾਦ ਨੂੰ ਸਮਰਪਿਤ ਕਿਤਾਬ ਉਤੇ ਸ਼ਾਇਦ ਤਾਜ਼ਾ ਤਾਜ਼ਾ ਹੀ ਝਾਤੀ ਮਾਰੀ ਹੋਈ ਸੀ। ਉਸ ਦਿਨ ਉਨ੍ਹਾਂ ਦੇ ਪ੍ਰਵਚਨ ਪਾਸ਼ ਦੇ ਨਾਲ ਨਾਲ ਸਵਰਾਜਬੀਰ ਦੀ ਵੀ ਧੰਨ ਧੰਨ ਹੋ ਗਈ ਸੀ। ਸਵਰਾਜਬੀਰ ਬੇਹਦ ਸੁਹਿਰਦ ਇਨਸਾਨ ਹੈ; ਪ੍ਰਤੀਬੱਧ ਨਾਟਕਕਾਰ ਹੈ। ਕਾਸ਼! ਲਾਲੀ ਦਾ ਉਹ ਪ੍ਰਵਚਨ ਰੀਕੇਪਚਰ ਕਰ ਕੇ ਸਵਰਾਜਬੀਰ ਨੂੰ ਸੁਣਾਇਆ ਜਾ ਸਕਦਾ! 'ਕ੍ਰਿਸ਼ਨ' ਸਿਰਲੇਖ ਹੇਠਲਾ ਨਾਟਕ ਬਾਬੇ ਨੇ ਪੜ੍ਹਿਆ ਹੋਇਆ ਸੀ ਅਤੇ ਉਨ੍ਹਾਂ ਨੇ ਉਸ ਨਾਟਕ ਦੀਆਂ ਅਨੇਕਾਂ ਪਰਤਾਂ ਸਹਿਜੇ ਹੀ ਖੋਲ੍ਹ ਦਿੱਤੀਆਂ ਸਨ।




ਨਰਿੰਦਰ ਭੁੱਲਰ ਨੂੰ ਪਿੱਛੋਂ ਸਵਰਾਜਬੀਰ ਦਾ ਕਸ਼ਮੀਰੀ ਮੂਲ ਦੀ ਪੀਰੋ ਨਾਂ ਦੀ ਸੂਫੀ ਕਵਿੱਤਰੀ ਦੀ ਦੰਤ ਕਥਾ ਨੂੰ ਆਧਾਰ ਬਣਾ ਕੇ ਸਾਲ 2002 ਵਿਚ ਲਿਖਿਆ 'ਮੇਦਨੀ' ਨਾਂ ਦਾ ਨਾਟਕ ਬੇਹਦ ਦਿਲਚਸਪ ਲਗਿਆ ਸੀ। ਸੜਕ ਹਾਦਸੇ ਵਿਚ ਅਚਾਨਕ ਮੌਤ ਤੋਂ ਪਹਿਲਾਂ ਇਰਾਨੀ ਲੇਖਿਕਾ ਅਜ਼ਰ ਨਫੀਸੀ ਦੀ 'ਰੀਡਿੰਗ ਲੋਲਿਤਾ ਇਨ ਤਹਿਰਾਨ', ਅਬਦੁੱਲ ਹੁਸੈਨ ਦੀ 'ਉਦਾਸ ਨਸਲੇਂ', ਦੇਹਰਾਦੂਨ ਵਾਲੇ ਗੁਰਦੀਪ ਹੋਰਾਂ ਦੀ 'ਧੜਕਣਾਂ ਨੂੰ ਖਤ', ਤਰਨ ਤਾਰਨ ਵਾਲੇ ਆਪਣੇ ਦਾਰਸ਼ਨਿਕ-ਸ਼ਾਇਰ ਮਿੱਤਰ ਮਨਮੋਹਣ ਅਤੇ ਦੇਵਿੰਦਰ ਸਤਿਆਰਥੀ ਦੇ ਨਾਲ ਫੁਰਸਤ ਮਿਲਣ 'ਤੇ ਜਿਨ੍ਹਾਂ ਕਿਤਾਬਾਂ ਬਾਰੇ ਲੰਮੇ ਨਿਬੰਧ ਲਿਖਣ ਦੇ ਸੁਪਨੇ ਅਕਸਰ ਹੀ ਬੁਣਦਾ ਰਹਿੰਦਾ ਹੁੰਦਾ ਸੀ, ਉਨ੍ਹਾਂ ਵਿਚ ਸਵਰਾਜਬੀਰ ਦੀ 'ਮੇਦਨੀ' ਵੀ ਸ਼ਾਮਲ ਸੀ। ਬੇਹਦ ਮੋਹ ਸੀ ਉਸ ਨੂੰ ਆਪਣੇ ਯਾਰਾਂ ਨਾਲ, ਚੰਗੀਆਂ ਕਿਤਾਬਾਂ ਅਤੇ ਜ਼ਿੰਦਗੀ ਦੀ ਹਰ ਹੁਸੀਨ ਸ਼ੈਅ ਦੇ ਨਾਲ; ਇਸੇ ਲਈ ਜਦੋਂ ਇਹ ਸਭ ਯਾਦ ਆਉਂਦਾ ਹੈ ਤਾਂ ਮੈਨੂੰ ਸੰਵੇਦਨਾ ਦੇ ਕਿਸੇ ਮੂਲ ਸਤਰ 'ਤੇ ਨਰਿੰਦਰ ਭੁੱਲਰ, ਲਖਵਿੰਦਰ ਉਗੀ, ਬਾਬਾ ਲਾਲੀ, ਲੋਰਕਾ, ਵਰਿਆਮ ਸੰਧੂ, ਪਾਸ਼, 'ਨਿਰਵਾਣ' ਵਾਲਾ ਮਨਮੋਹਣ ਅਤੇ ਸਵਰਾਜਬੀਰ ਸਾਰੇ ਇਕੋ ਐਕਸਿਜ਼ 'ਤੇ ਖੜ੍ਹੇ ਲਗਦੇ ਹਨ।

ਤੇ ਸਪੇਨੀਆਂ ਨੂੰ ਲੋਰਕਾ ਦੀ ਹੱਤਿਆ ਹਾਂਟ ਕਰਦੀ ਹੈ ਅਤੇ ਸੰਵੇਦਨਸ਼ੀਲ ਪੰਜਾਬੀਆਂ ਨੂੰ ਪਾਸ਼ ਦੀ ਹੱਤਿਆ ਕਰਦੀ ਹੈ ਅਤੇ ਕਰਦੀ ਰਹੇਗੀ।

# ਲਹਿੰਦੇ ਪੰਜਾਬ ਦਾ 'ਬਾਬਾ-ਏ-ਪੰਜਾਬੀ' ਡਾ. ਫਕੀਰ ਮੁਹੰਮਦ ਫਕੀਰ

'ਬਾਬਾ-ਏ-ਪੰਜਾਬੀ' ਵਜੋਂ ਮਕਬੂਲ ਡਾ. ਫਕੀਰ ਮੁਹੰਮਦ ਫਕੀਰ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚ ਇੱਕੋ ਜਿੰਨਾ ਮਕਬੂਲ ਪੰਜਾਬੀ ਲਿਖਾਰੀ ਹੈ। ਪ੍ਰਸਿੱਧ ਕਾਵਿ-ਟੁਕੜੀ "ਮਾਂ ਬੋਲੀ ਜੇ ਭੁੱਲ ਜਾਵੋਂਗੇ, ਕੱਖਾਂ ਵਾਂਗੂੰ ਰੁੱਲ ਜਾਵੋਂਗੇ" ਦੇ ਰਚੈਤਾ ਡਾ. ਫਕੀਰ ਦਾ ਜਨਮ ਗੁਜਰਾਂਵਾਲਾ ਵਿਖੇ


ਦਰਸ਼ਨ ਸਿੰਘ ਆਸ਼ਟ (ਡਾ.)
ਫੋਨ: 91-98144-23703

ਵਾਲਿਦ ਹਕੀਮ ਲਾਲ ਦੀਨ ਦੇ ਘਰ ਹੋਇਆ। ਬਚਪਨ ਵਿਚ ਫਕੀਰਾਂ ਅਤੇ ਦਰਵੇਸ਼ਾਂ ਦੀ ਸੰਗਤ ਮਾਣਦਿਆਂ ਰਹਿਣ ਕਾਰਨ ਇਸ ਜ਼ਹੀਨ ਪੰਜਾਬੀ ਬਾਲਕ 'ਤੇ ਫਕੀਰੀ ਦਾ ਰੰਗ ਚੜ੍ਹ ਗਿਆ ਸੀ। ਇਉਂ ਉਸ ਨੇ ਆਪਣਾ ਤਖੱਲਸ 'ਫਕੀਰ' ਹੀ ਰੱਖ ਲਿਆ।

ਡਾ. ਫਕੀਰ ਮੁਹੰਮਦ ਫਕੀਰ ਦੇ ਕਲਾਮ 'ਤੇ ਠੇਠ ਪੰਜਾਬੀ ਦੀ ਲੱਗੀ ਮੋਹਰ ਇਸ ਗੱਲ ਦਾ ਪ੍ਰਮਾਣ ਹੈ ਕਿ ਉਨ੍ਹਾਂ ਦੀ ਮਾਂ ਬੋਲੀ ਤੇ ਅਦਬ ਨਾਲ ਡੂੰਘੀ ਅਪਣੱਤ ਰਹੀ ਹੈ। 1947 ਤੋਂ ਪਹਿਲਾਂ ਉਸ ਨੇ ਆਪਣੀ ਜ਼ਿੰਦਗੀ ਦਾ ਕੁਝ ਸਮਾਂ ਪਟਿਆਲੇ ਵੀ ਗੁਜ਼ਾਰਿਆ। ਸਾਂਝੇ ਪੰਜਾਬ ਵਿਚ ਜਾਣੀ ਜਾਂਦੀ ਸੈਂਟਰਲ ਪੰਜਾਬੀ ਸਭਾ, ਪਟਿਆਲਾ ਦੀ ਸਦਾਰਤ ਦੀ ਵਾਗਡੋਰ ਵੀ ਉਸ ਦੇ ਹੱਥ ਰਹੀ। ਉਸ ਦੀ ਸ਼ਾਇਰੀ ਦਾ ਪਲੇਠਾ ਪਰਾਗਾ 'ਸੰਗੀ' ਸੀ ਜਿਸ ਤੋਂ ਖੁਸ਼ ਹੋ ਕੇ ਮਹਾਰਾਜਾ ਪਟਿਆਲਾ ਸ. ਭੁਪਿੰਦਰ ਸਿੰਘ ਪਟਿਆਲਾ ਨੇ ਉਸ ਨੂੰ ਪੰਜ ਸੌ ਰੁਪਏ ਨਗਦ ਦੇ ਕੇ ਸ੍ਰੋਮਣੀ ਪੰਜਾਬੀ ਸ਼ਾਇਰ ਦੇ ਖਿਤਾਬ ਨਾਲ ਸਨਮਾਨਿਆ। 1947 ਦੀ ਵੰਡ ਪਿਛੋਂ ਉਹ ਪਰਿਵਾਰ ਸਮੇਤ ਪਟਿਆਲਾ ਛੱਡ ਕੇ ਲਾਹੌਰ ਜਾ ਵੱਸੇ। ਡਾ. ਫਕੀਰ ਨੇ ਲਾਹੌਰ ਦੇ ਦਿਆਲ ਸਿੰਘ ਕਾਲਜ ਵਿਖੇ ਪੰਜਾਬੀ ਪੱਖੀ ਸਰਗਰਮੀਆਂ ਨੂੰ ਅਮਲੀ ਰੂਪ ਦੇਣ ਦੇ ਮਨਸੂਬੇ ਤਿਆਰ ਕੀਤੇ ਅਤੇ 1951 ਵਿਚ ਇਕ ਮਾਹਵਾਰੀ ਪੰਜਾਬੀ ਰਸਾਲਾ 'ਪੰਜਾਬੀ' ਸ਼ਾਹਮੁਖੀ ਲਿਪੀ ਵਿਚ ਅਰੰਭਿਆ। ਅੱਜਕੱਲ੍ਹ ਉਨ੍ਹਾਂ ਦੇ ਲਾਏ ਇਸ ਬੂਟੇ ਨੂੰ ਉਨ੍ਹਾਂ ਦਾ ਲੇਖਕ ਅਤੇ ਪ੍ਰੋਫੈਸਰ ਮਿੱਤਰ ਜੁਨੈਦ ਅਕਰਮ ਜੁਨੈਦ ਪਾਲ ਰਿਹਾ ਹੈ। ਡਾ. ਫਕੀਰ ਨੇ 'ਲਹਿਰਾਂ' ਨਾਮੀ ਪੰਜਾਬੀ ਕਹਾਣੀ ਸੰਗ੍ਰਿਹ ਵਿਚ ਚੜ੍ਹਦੇ-ਲਹਿੰਦੇ ਪੰਜਾਬ ਦੇ ਪ੍ਰਸਿੱਧ ਕਹਾਣੀਕਾਰਾਂ ਦੀਆਂ ਕਹਾਣੀਆਂ ਵੀ ਸੰਪਾਦਿਤ ਕੀਤੀਆਂ।

ਡਾ. ਫਕੀਰ ਦੀ ਸ਼ਾਇਰੀ ਸਮੂਹ ਲੋਕ ਮਨਾਂ ਦੀ ਆਵਾਜ਼ ਹੈ। ਉਸ ਨੇ ਪੰਜਾਬੀ ਵਿਚ 'ਰੁਬਾਈਆਂ' ਰਾਹੀਂ ਸਮਾਜਕ, ਆਰਥਕ ਅਤੇ ਰਾਜਨੀਤਕ ਹਾਲਾਤ ਉਤੇ ਕਟਾਖਸ਼ ਵੀ ਕੀਤੇ। ਹੇਠਲੀ ਰੁਬਾਈ ਵਿਚ ਜ਼ਿੰਦਗੀ ਤੋਂ ਬੇਆਸ-ਨਿਰਾਸ ਹੋਏ ਵਿਅਕਤੀ ਨੂੰ ਜ਼ਿੰਦਗੀ ਤੋਂ ਭਾਂਜਵਾਦੀ ਰਵੱਈਆ ਅਖਤਿਆਰ ਨਾ ਕਰਨ ਦਾ ਸੁਨੇਹਾ ਇਸ ਪ੍ਰਕਾਰ ਦਿੱਤਾ ਹੈ:

ਦੁਖ ਜਰਨ ਤੋਂ, ਦਮ ਹਰਨ ਤੋਂ
ਪਹਿਲਾਂ ਤੇ ਨਾ ਮਰ।
ਆਇਆ ਏਂ ਤੇ ਕੁਝ ਕਰਨ ਤੋਂ,
ਪਹਿਲਾਂ ਤੇ ਨਾ ਮਰ।



ਡਾ. ਫਕੀਰ ਮੁਹੰਮਦ ਫਕੀਰ

ਮਰਨਾ ਏ ਤੇ ਮਰ ਲਈ ਖਾਂ,
ਜਦ ਆਵੇਗੀ ਮੌਤ,
ਗਮ ਮੌਤ ਦੇ ਵਿਚ ਮਰਨ ਤੋਂ,
ਪਹਿਲਾਂ ਤੇ ਨਾ ਮਰ।

ਉਸ ਨੂੰ ਕਈ ਵਿਦਵਾਨਾਂ-ਆਲੋਚਕਾਂ ਨੇ 'ਪੰਜਾਬੀ ਦਾ ਉਮਰ ਖਿਆਮ' ਦਾ ਖਿਤਾਬ ਦਿੱਤਾ ਹੈ। ਉਸ ਦੀਆਂ ਰੁਬਾਈਆਂ 'ਰੁਬਾਈਯਾਤ-ਏ-ਫਕੀਰ' ਸੰਗ੍ਰਿਹ ਵਿਚ ਸੰਕਲਿਤ ਹਨ। 'ਸੰਗੀ' ਤੋਂ ਇਲਾਵਾ ਡਾ. ਫਕੀਰ ਮੁਹੰਮਦ ਫਕੀਰ ਦੀਆਂ ਹੋਰ ਪੁਸਤਕਾਂ ਹਨ-'ਸਦਾ-ਏ-ਫਕੀਰ', 'ਚੰਗਿਆੜੇ', 'ਹੀਰ ਰਾਂਝਾ', 'ਮਹਿਕਦੇ ਫੁੱਲ' ਅਤੇ 'ਮਵਾਤੇ'। ਕਲਾਸਕੀ ਸ਼ਾਇਰਾਂ ਦੇ ਜੀਵਨ ਅਤੇ ਉਨ੍ਹਾਂ ਦੀ ਰਚਨਾ ਬਾਰੇ ਵੀ ਡਾ. ਫਕੀਰ ਨੇ 'ਸੱਯਦ ਬੁਲ੍ਹੇ ਸ਼ਾਹ ਦਾ ਮੁਕੰਮਲ ਕਲਾਮ,' 'ਸੁਲਤਾਨ ਬਾਹੂ' ਅਤੇ 'ਅਲੀ ਹੈਦਰ' ਪੁਸਤਕਾਂ ਰਚ ਕੇ ਪੰਜਾਬੀ ਖੋਜ ਲਈ ਸੁਖਾਵਾਂ ਕਾਰਜ ਕੀਤਾ।

ਉਨ੍ਹਾਂ ਨੇ ਨਜ਼ਮਾਂ ਅਤੇ ਗਜ਼ਲਾਂ ਤੋਂ ਇਲਾਵਾ ਪੰਜਾਬੀ ਵਿਚ ਬੱਚਿਆਂ ਲਈ ਵੀ ਕਵਿਤਾਵਾਂ ਰਚੀਆਂ। ਪੰਜਾਬੀ ਕਲਚਰਲ ਸੁਸਾਇਟੀ ਲਾਹੌਰ ਵਲੋਂ ਮਨਾਏ ਜਾਂਦੇ 'ਵਾਰਸ ਸ਼ਾਹ ਦਿਵਸ' ਰਾਹੀਂ ਪੰਜਾਬੀ ਦੇ ਹੱਕ ਵਿਚ ਆਪਣੀ ਆਵਾਜ਼ ਦੂਰ-ਦੂਰ ਤੱਕ ਫੈਲਾਉਣ ਵਾਲਿਆਂ ਵਿਚ ਡਾ. ਫਕੀਰ ਦੀ ਭੂਮਿਕਾ ਅਹਿਮ ਰਹੀ। ਉਸ ਦੀ ਪੰਜਾਬੀ ਪੱਖੀ ਸੇਵਾ ਨੂੰ ਮੁੱਖ ਰੱਖਦਿਆਂ 'ਬਾਬਾ-ਏ-ਪੰਜਾਬੀ' ਦਾ ਖਿਤਾਬ ਵੀ ਦਿੱਤਾ ਗਿਆ ਸੀ। ਲਹਿੰਦੇ ਪੰਜਾਬ ਦੇ ਪ੍ਰਸਿੱਧ ਪੰਜਾਬੀ ਰਸਾਲਿਆਂ ਵਿਚੋਂ 'ਲਹਿਰਾਂ' ਅਤੇ 'ਪੰਜਾਬੀ' ਨੇ ਡਾ. ਫਕੀਰ ਮੁਹੰਮਦ ਫਕੀਰ ਬਾਰੇ ਵਿਸ਼ੇਸ਼ ਅੰਕ ਕੱਢੇ। ਆਪਣੇ ਅਦਬ ਰਾਹੀਂ ਸਮਾਜਕ ਬੁਰਾਈਆਂ ਨੂੰ ਬੇਨਕਾਬ ਕਰਨ ਵਾਲਾ ਅਤੇ ਆਪਣੇ-ਆਪ ਨੂੰ ਪੰਜਾਬੀ ਜ਼ੁਬਾਨ ਦੇ ਕਰਜ਼ਦਾਰ ਸਮਝਣ ਵਾਲਾ ਇਹ ਕਲਮਕਾਰ ਭਾਵੇਂ ਸਾਡੇ ਕੋਲੋਂ 11 ਸਤੰਬਰ 1974 ਨੂੰ ਸਦੀਵੀ ਅਲਵਿਦਾ ਆਖ ਗਿਆ ਪਰੰਤੂ ਦੋਵਾਂ ਪੰਜਾਬਾਂ ਨੂੰ ਉਸ ਦੀ ਅਦਬੀ ਰਚਨਾ 'ਤੇ ਹਮੇਸ਼ ਫਖਰ ਰਹੇਗਾ।

11 ਜੂਨ 2015 ਨੂੰ ਇਸ ਕਲਮਕਾਰ ਦੀ 115ਵੀਂ ਜਨਮ-ਵਰ੍ਹੇ ਗੰਢ ਮੌਕੇ 'ਡਾ. ਫਕੀਰ ਮੁਹੰਮਦ ਫਕੀਰ ਰਿਸਰਚ ਚੇਅਰ' ਅਤੇ ਓਰੀਐਂਟਲ ਕਾਲਜ ਪੰਜਾਬ ਯੂਨੀਵਰਸਿਟੀ ਲਾਹੌਰ ਵਲੋਂ ਸਾਂਝ ਪਬਲੀਕੇਸ਼ਨਜ਼ ਲਾਹੌਰ, ਪੰਜਾਬੀ ਬਾਲ ਅਦਬੀ ਬੋਰਡ ਲਾਹੌਰ ਅਤੇ ਲਾਹੌਰ ਆਰਟਸ ਕੌਂਸਲ ਲਾਹੌਰ ਆਦਿ ਸੰਸਥਾਵਾਂ ਦੇ ਸਹਿਯੋਗ ਨਾਲ ਲਾਹੌਰ (ਪਾਕਿਸਤਾਨ) ਦੀ ਮਾਲ ਰੋਡ 'ਤੇ ਸਥਿਤ ਅਲਹਮਰਾ ਮਿਊਜ਼ੀਅਮ ਵਿਚ 'ਸ਼ਾਮ-ਏ-ਫਕੀਰ' ਮਨਾਈ ਜਾ ਰਹੀ ਹੈ। ਇਸ ਦੌਰਾਨ ਲਹਿੰਦੇ ਪੰਜਾਬ ਦੇ ਪਿਛਲੇ ਵੀਹ ਸਾਲਾਂ ਤੋਂ ਵੱਧ ਅਰਸੇ ਤੋਂ ਛਪ ਰਹੇ ਇਕੋ ਇਕ ਪੰਜਾਬੀ ਬਾਲ ਰਸਾਲੇ 'ਪੰਖੇਰੂ' ਦੇ ਜ਼ਰੀਏ ਸੰਪਾਦਕ ਜਨਾਬ ਅਸ਼ਰਫ ਸੁਹੇਲ ਨੂੰ ਪੰਜਾਬੀ ਸੱਥ ਲਾਂਬੜਾ (ਜਲੰਧਰ) ਵਲੋਂ 'ਡਾ. ਫਕੀਰ ਮੁਹੰਮਦ ਫਕੀਰ ਪੁਰਸਕਾਰ' ਵੀ ਇਸੇ ਸਮਾਗਮ ਵਿਚ ਭੇਟ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ 'ਪੰਖੇਰੂ' ਦਾ ਡਾ. ਫਕੀਰ ਮੁਹੰਮਦ ਫਕੀਰ ਵਿਸ਼ੇਸ਼ ਅੰਕ ਵੀ ਰਿਲੀਜ਼ ਕੀਤਾ ਜਾ ਰਿਹਾ ਹੈ।

## ਕਹਾਣੀ

# ਕਾਫਲਾ

### ਨਾਗਰ ਸਿੰਘ ਤੂੜ

ਅਗਸਤ 1947 ਦੇ ਤੀਜੇ ਹਫਤੇ ਦੀ ਕਾਲੀ ਘੁੱਪ ਹਨੇਰੀ ਰਾਤ ਸੀ। ਹੱਥ ਮਾਰਿਆਂ ਵੀ ਨਜ਼ਰ ਨਹੀਂ ਸੀ ਆਉਂਦਾ। ਬਸ ਬਿਜਲੀ ਦੀ ਗਰਜ ਨਾਲ ਹੀ ਕੁਝ ਨਜ਼ਰੇ ਪੈਂਦਾ ਸੀ। ਮੀਂਹ ਵੀ ਜਿਵੇਂ ਪਿਛਲੇ ਪੂਰੇ ਹਫਤੇ ਤੋਂ ਥੰਮਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ। ਚਾਰ-ਚੁਫੇਰੇ ਪਾਣੀ ਹੀ ਪਾਣੀ ਸੀ। ਸਾਉਣੀ ਦੀ ਫਸਲ ਦਾ ਤਾਂ ਕੋਈ ਹਾਲ ਹੀ ਨਹੀਂ ਸੀ ਰਹਿ ਗਿਆ। ਜ਼ਿਮੀਦਾਰਾਂ ਦੇ ਸਾਹ ਸੁੱਕੇ ਪਏ ਸਨ।

ਸਦੀਕ ਨੇ ਬਾਹਰ ਦੇਹਲੀ ਅੱਗੇ ਆਪਣੀ ਧੌੜੀ ਦੀ ਜੁੱਤੀ ਉਤਾਰਦਿਆਂ ਸਹਿਮੀ ਤੇ ਨੀਵੀਂ ਜਿਹੀ ਆਵਾਜ਼ ਮਾਰੀ, "ਬਾਈ ਮਸਤਾਨ ਸਿਆਂ ਜਾਗਦੈਂ?" ਕਹਿ ਕੇ ਉਹ ਮੀਂਹ ਨਾਲ ਗੱਚ-ਮੱਚ ਹੋਏ ਕੱਪੜਿਆਂ ਵਿਚ ਹੀ ਅੱਧੀ ਡਿੰਗ ਅੰਦਰ ਲੰਘ ਆਇਆ ਸੀ ਕਿਉਂਕਿ ਦਰਵਾਜ਼ੇ ਦਾ ਸੱਜਾ ਪੱਲਾ ਪਿਛਲੇ ਚਾਰ-ਪੰਜ ਸਾਲਾਂ ਤੋਂ ਟੁੱਟਿਆ ਹੋਇਆ ਸੀ ਜਿਸ ਨੂੰ ਆਰਥਿਕ ਤੰਗੀ ਕਰਕੇ ਸੰਵਾਰਿਆ ਨਹੀਂ ਸੀ ਜਾ ਸਕਿਆ।

ਮਸਤਾਨ ਨੇ ਆਵਾਜ਼ ਪਛਾਣੀ। ਨੀਵੀਂ ਕੀਤੀ ਲਾਲਟੈਣ ਦੀ ਬੱਤੀ ਨੂੰ ਉਚਾ ਕੀਤਾ। ਜਿਸ ਨੂੰ ਚੋ ਰਹੀ ਛੱਤ ਦੀਆਂ ਗਲੀਆਂ ਬੰਦ ਕਰਕੇ ਜਗਦੀ ਹੀ ਰੱਖ ਛੱਡਿਆ ਸੀ। ਉਸ ਵਾਣ ਦੇ ਮੰਜੇ ਤੋਂ ਦੋਵੇਂ ਪੈਰ ਧਰਤੀ 'ਤੇ ਰੱਖਦਿਆਂ ਤੇ ਅੱਧਾ ਖੜ੍ਹਾ ਹੁੰਦਿਆਂ ਕਿਹਾ, "ਆਹੋ! ਸਦੀਕ ਲੰਘ ਆ।" ਮਸਤਾਨ ਤੇਜ਼ੀ ਨਾਲ ਦਰਵਾਜ਼ੇ ਵੱਲ ਵਧਿਆ ਤੇ ਉਸ ਸਦੀਕ ਨੂੰ ਦੋਹਾਂ ਬਾਹਾਂ ਦੀ ਗਲਵੱਕੜੀ ਵਿਚ ਘੁੱਟ ਲਿਆ। ਸਦੀਕ ਨੇ ਰੋਂਦੀ ਆਵਾਜ਼ ਵਿਚ ਬਥੇਰਾ ਕਿਹਾ ਕਿ ਉਹ ਪਾਣੀ ਨਾਲ ਬੁਰੀ ਤਰ੍ਹਾਂ ਭਿੱਜਿਆ ਹੋਇਆ ਹੈ ਪਰ ਮਸਤਾਨ ਨੇ ਗਲਵੱਕੜੀ ਨੂੰ ਹੋਰ ਪੀਡੀ ਕੀਤਾ ਤੇ ਧਾਹੀਂ ਰੋਣ ਲਗ ਪਿਆ।

ਗਲਵੱਕੜੀ ਖੁੱਲ੍ਹੀ। ਸਦੀਕ ਨੇ ਪਾਣੀਓਂ-ਪਾਣੀ ਹੋਈ ਆਪਣੀ ਮੈਲੀ ਪਰ ਚਿੱਟੀ ਪੱਗ ਨੂੰ, ਜਿਸ ਦਾ ਖੱਬੇ ਪਾਸੇ ਵਲ ਛੱਡਿਆ ਲੰਬਾ ਲੜ ਅਜੇ ਵੀ ਨੁਚੜ ਰਿਹਾ ਸੀ- ਦਰਵਾਜ਼ੇ ਦੇ ਪੱਲੇ ਉਤੇ ਪਾ ਛੱਡਿਆ। ਮਸਤਾਨ ਨੇ ਕੱਪੜੇ ਬਦਲਣ ਲਈ ਸਦੀਕ ਨੂੰ ਆਪਣੀ ਨੀਲੀ ਕੰਨੀ ਵਾਲੀ ਧੋਤੀ ਦੇ ਦਿੱਤੀ। ਸਵਾ ਛੇ ਫੁੱਟ ਤੋਂ ਵੀ ਉਚੇ-ਲੰਬੇ ਕੱਦ ਦੇ ਸਦੀਕ ਨੂੰ, ਭਲਾ ਮਸਤਾਨ ਦਾ ਕਮੀਜ਼ ਕਦੋਂ ਮੇਚ ਆਉਂਦਾ? ਇਸ ਲਈ ਗਿੱਲਾ ਕਮੀਜ਼ ਤੇ ਦੂਜੇ ਕੱਪੜੇ ਕਿੱਲੀ 'ਤੇ ਟੰਗ ਕੇ, ਉਹ ਨੰਗੇ ਪਿੰਡੇ ਹੀ ਮਸਤਾਨ ਦੇ ਪੈਂਦੀਂ ਮੰਜੇ 'ਤੇ ਬਹਿ ਗਿਆ।

ਸਦੀਕ ਤੇ ਮਸਤਾਨ ਦੇ ਰੋਣ ਦੀ ਆਵਾਜ਼ ਸੁਣ ਕੇ ਪੂਰਾ ਟੱਬਰ ਜਾਗ ਉਠਿਆ ਸੀ। ਨਿਆਣੇ ਕਹਿਣ ਲੱਗ ਪਏ ਸਨ, "ਸਦੀਕ ਤਾਇਆ ਆਇਐ! ਸਦੀਕ ਤਾਇਆ ਆਇਐ!" ਮਸਤਾਨ ਦੀ ਪਤਨੀ ਕੇਸਰੋ ਵੀ ਜਾਗ ਉਠੀ ਸੀ ਤੇ ਆਪਣੇ ਮੰਜੇ 'ਤੇ ਘੁੰਡ ਵਿਚ ਬੈਠੀ ਰੋ ਰਹੀ ਸੀ। ਮਸਤਾਨ ਦੇ ਬਲਦ ਵੀ ਸਦੀਕ ਦੀ ਆਵਾਜ਼ ਸੁਣ ਕੇ ਰੰਭਣ ਲਗ ਪਏ ਸਨ, ਤੇ ਉਨ੍ਹਾਂ ਆਪਣੇ ਕਿਲਿਆਂ ਦੁਆਲੇ ਘੁੰਮ-ਘੁੰਮ ਕੇ ਧਰਤੀ ਵੱਢ ਛੱਡੀ ਸੀ।

ਅਸਲ ਵਿਚ ਸਦੀਕ ਜਦ ਵੀ ਘਰ ਆਉਂਦਾ ਤਾਂ ਉਹ ਅਪਣੱਤ ਵਿਚ ਬਲਦਾਂ ਨੂੰ ਜ਼ਰੂਰ ਥਾਪੀ ਦਿੰਦਾ ਤੇ ਉਨ੍ਹਾਂ ਦੇ ਚਿੱਟੇ ਤੇ ਲਿਸ਼ਕਵੇਂ ਪਿੰਡੇ 'ਤੇ ਹੱਥ ਫੇਰਦਾ ਪਰ ਅੱਜ ਉਸ ਵਿਚ ਜਿਵੇਂ ਅਜਿਹਾ ਕਰਨ ਦੀ ਹਿੰਮਤ ਹੀ ਨਹੀਂ ਸੀ ਰਹੀ। ਇਸ ਸਮੇਂ ਘਰ ਦਾ ਪੂਰਾ ਮਾਹੌਲ ਪਸ਼ੂਆਂ ਤੋਂ ਲੈ ਕੇ ਬੱਚਿਆਂ ਤਕ ਉਦਾਸੀ ਤੇ ਮਾਨਸਿਕ ਪੀੜਾ ਦੇ ਪਰਛਾਵੇਂ ਹੇਠ ਸੀ।

ਮਸਤਾਨ ਤੇ ਸਦੀਕ ਦੀ ਦੋਸਤੀ, ਉਨ੍ਹਾਂ ਦੇ ਪਿਓ-ਦਾਦਿਆਂ ਦੀ ਕਾਇਮ ਕੀਤੀ ਲੜੀ ਦੀ ਇਕ ਅਭੁੱਲ ਤੇ ਅਮਿੱਟ ਯਾਦ ਸੀ, ਜੋ ਪੁਸ਼ਤਾਂ ਤੋਂ ਇਸ ਲੜੀ ਦੇ ਮਣਕਿਆਂ ਦੀ ਸਾਂਝ ਨੂੰ ਹੋਰ-ਹੋਰ ਪੀਡਾ ਕਰਦੀ ਚਲੀ ਆ ਰਹੀ ਸੀ। ਕਈ ਪੀੜ੍ਹੀਆਂ ਤੋਂ ਸਾਂਝ ਪਾ ਕੇ ਖੇਤੀ ਕਰਨ ਦੀ ਉਨ੍ਹਾਂ ਦੀ ਇਹ ਚਰਚਾ ਦੂਰ-ਦੂਰ ਤਕ ਧੁੰਮੀ ਹੋਈ ਸੀ। ਮਸਤਾਨ ਦੇ ਜੱਟ ਹੁੰਦਿਆਂ ਵੀ ਉਹ ਇਕੱਠੇ ਇਕੋ ਥਾਲੀ ਵਿਚ ਰੋਟੀ ਖਾਂਦੇ ਸਨ। ਉਨ੍ਹਾਂ ਦੀ ਪੱਕੀ ਮਿੱਤਰਤਾ ਵਾਂਗ, ਉਨ੍ਹਾਂ ਦੇ ਬਲਦਾਂ ਦੀਆਂ ਜੋਗਾਂ ਦੀ ਵੀ ਪੰਜਾਹ-ਪੰਜਾਹ ਕੋਹਾਂ ਤਕ ਪੂਰੀ ਧਾਂਕ ਜਮੀ ਹੋਈ ਸੀ ਜਿਨ੍ਹਾਂ ਨੇ ਅਜੇ ਤਕ ਤਾਂਗੀ-ਦੌੜਾਂ ਵਿਚ ਕਿਸੇ ਹੋਰ ਜੋਗ ਨੂੰ ਅੱਗੇ ਨਹੀਂ ਸੀ ਨਿਕਲਣ ਦਿੱਤਾ।

ਦਰਅਸਲ ਬਲਦਾਂ ਨੂੰ ਉਹ ਦੇਸੀ ਘੀ ਦੀ ਚੂਰੀ ਤੇ ਅਲਸੀ ਦੇ ਦਰੜ ਨਿਰੰਤਰ ਖੁਆਉਂਦੇ ਰਹਿੰਦੇ ਸਨ। ਤਦੇ ਹੀ ਤਾਂ ਉਨ੍ਹਾਂ ਦੇ ਗਠਵੇਂ ਤੇ ਲਿਸ਼ਕਵੇਂ ਪਿੰਡੇ 'ਤੇ ਮੱਖੀ ਤਕ ਤਿਲਕਦੀ ਸੀ। ਬਾਰਾਂ-ਬਾਰਾਂ ਇਕੱਠੇ ਸਖਤ ਕਿਸਮ ਦੇ ਗੰਨਿਆਂ ਨੂੰ ਉਹ ਵੇਲਣੇ ਵਿਚੀਂ ਕੇਲਿਆਂ ਵਾਂਗ ਪਾੜ ਸੁੱਟਦੀਆਂ ਸਨ। ਇਸ ਕਰਕੇ ਵੇਲਣਿਆਂ ਦੀਆਂ ਗਾਧੀਆਂ ਨੂੰ ਉਨ੍ਹਾਂ ਥਾਂ-ਥਾਂ 'ਤੋਂ ਲੋਹੇ ਦੀਆਂ ਪੱਤੀਆਂ ਨਾਲ ਮੜ੍ਹਾ ਛੱਡਿਆ ਸੀ। ਮਤੇ ਵਾਧੂ ਜ਼ੋਰ ਦੇ ਝਟਕੇ ਨਾਲ ਤਿੜਕ ਜਾਣ।

ਮਸਤਾਨ ਨੇ ਕੇਸਰੋ ਨੂੰ ਸਦੀਕ ਲਈ ਦੁੱਧ ਦਾ ਗੜਵਾ, ਸ਼ੱਕਰ ਪਾ ਕੇ ਲਿਆਉਣ ਦੇ ਨਾਲ ਹੀ ਅੱਠ-ਦਸ ਪਰੌਂਠੇ ਵੀ ਲਾਹ ਲਿਆਉਣ ਲਈ ਆਖ ਛੱਡਿਆ। ਮਸਤਾਨ ਨੇ ਸੁਣਿਆ ਸੀ ਕਿ ਕੁਰਾਲੀ ਕੈਂਪ ਵਿਚਲੇ ਬਚ ਗਏ ਭੁੱਖੇ ਬੰਦਿਆਂ ਨੇ ਅੰਬਾਂ ਦੇ ਪੱਤਿਆਂ ਤਕ ਨੂੰ ਖਾ ਛੱਡਿਆ ਸੀ। ਵੀਹ-ਪੱਚੀ ਏਕੜ ਵਿਚ ਲੱਗਿਆ ਹਰਿਆ-ਭਰਿਆ ਅੰਬਾਂ ਦਾ ਬਾਗ ਹੁਣ ਰੁੰਡ-ਮਰੁੰਡ ਹੋਇਆ ਖੜੋਤਾ ਸੀ।

ਜਿਥੇ ਪਿਛਲੇ ਤਿੰਨ-ਚਾਰ ਦਿਨਾਂ ਤੋਂ ਸਫਾਈ ਦੀ ਭੈੜੀ ਹਾਲਤ ਕਰਕੇ ਫੈਲੇ ਹੈਜ਼ੇ ਨੇ ਬੇਸ਼ੁਮਾਰ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਪਾ ਛੱਡਿਆ ਸੀ, ਉਥੇ ਅਣਗਿਣਤ ਬੱਚੇ ਤੇ ਬੁੱਢਿਆਂ ਨੂੰ ਲੰਬੀ ਭੁੱਖ ਤੇ ਪਿਆਸ ਨੇ ਕਬਰਾਂ ਦੇ ਰਾਹ ਤੋਰ ਦਿੱਤਾ ਸੀ। ਦੁਆਈਆਂ, ਖਾਣ ਸਮੱਗਰੀ ਤੇ ਕੱਪੜਿਆਂ ਦੀ ਘਾਟ ਕਰਕੇ ਕੈਂਪ ਵਿਚ ਹਾਹਾਕਾਰ ਮਚੀ ਹੋਈ ਸੀ। ਕਾਫਲੇ ਸਮੇਂ ਜ਼ਖਮੀ ਹੋਏ ਬਹੁਤ ਸਾਰੇ ਬੰਦੇ ਕੈਂਪ ਤਕ ਪਹੁੰਚਣ ਵਿਚ ਤਾਂ ਭਾਵੇਂ ਸਫਲ ਹੋ ਗਏ ਸਨ; ਪਰ ਜ਼ਖਮਾਂ ਵਿਚ ਪਏ ਕੀੜਿਆਂ ਤੇ ਪੱਸ ਨੇ ਉਨ੍ਹਾਂ ਨੂੰ ਆਪਣਿਆਂ ਦੇ ਅੱਗੇ ਤੜਫਾ-ਤੜਫਾ ਕੇ ਸਦਾ ਦੀ ਨੀਂਦੇ ਸੁਆ ਦਿੱਤਾ ਸੀ।

ਕਈ ਦਿਨਾਂ ਦਾ ਭੁੱਖਾ ਹੋਣ 'ਤੇ ਵੀ, ਉਚੇ, ਲੰਬੇ ਤੇ ਕੁਸ਼ਤੀਆਂ ਲੜਨ ਵਾਲੇ ਸਦੀਕ ਨੇ ਮੁਸ਼ਕਿਲ ਨਾਲ ਦੁੱਧ ਦਾ ਇਕ ਛੰਨਾ ਤੇ ਦੋ ਪਰੌਂਠਿਆਂ ਨੂੰ ਧੱਕੇ ਨਾਲ ਅੰਦਰ ਲੰਘਾਇਆ ਸੀ। ਲੰਘਦੇ ਵੀ ਕਿਵੇਂ! ਹੱਥ ਲਾਇਆਂ ਮੈਲੀਆਂ ਹੁੰਦੀਆਂ ਜੁਆਨ ਤੇ ਕੁਆਰੀਆਂ ਧੀਆਂ ਦੇ ਵਿਛੋੜੇ ਦਾ ਸਦਮਾ ਉਸ ਦੇ ਕਾਲਜੇ ਦਾ ਰੁਗ ਭਰ-ਭਰ ਬਾਹਰ ਨੂੰ ਧੂਹ ਰਿਹਾ ਸੀ। ਐਤਵਾਰ ਨੂੰ ਵਾਪਰਿਆ ਕਾਫਲੇ ਦਾ ਭਿਆਨਕ ਦ੍ਰਿਸ਼ ਅਜੇ ਵੀ ਉਸ ਦੀਆਂ ਅੱਖਾਂ ਅੱਗੇ ਇਕ ਫਿਲਮ ਵਾਂਗ ਘੁੰਮ ਰਿਹਾ ਸੀ।

ਮੋਰਿੰਡੇ ਤੋਂ ਨਿਕਲੇ ਮੁਸਲਮਾਨਾਂ ਦੇ ਕਾਫਲੇ ਵਿਚ ਵੀਹ ਹਜ਼ਾਰ ਦੇ ਕਰੀਬ ਬੰਦੇ ਸਨ। ਕਾਫਲੇ ਦਾ ਅਗਲਾ ਹਿੱਸਾ ਪਿੰਡ ਚਤਾਮਲਾ ਦੀਆਂ ਜੂਹਾਂ ਨੂੰ ਛੂਹ ਗਿਆ ਸੀ ਜਦਕਿ ਬੁਰੀ ਤਰ੍ਹਾਂ ਭੈ ਭੀਤ ਬੰਦੇ ਅਜੇ ਵੀ ਕੱਛੀਂ ਸਾਮਾਨ ਦੀਆਂ ਗੰਢਾਂ ਮਾਰ, ਸ਼ਹਿਰ 'ਚੋਂ ਨਿਕਲ-ਨਿਕਲ ਕੇ ਕਾਫਲੇ ਵਿਚ ਮਿਲਣ ਦਾ ਯਤਨ ਕਰ ਰਹੇ ਸਨ। ਪਿੰਡ ਚਤਾਮਲਾ ਸ਼ਹਿਰ ਤੋਂ ਦੋ ਕੋਹ ਤੋਂ ਵੀ ਵੱਧ ਪੈਂਦਾ ਸੀ।

ਕਾਫਲੇ ਦੇ ਨਿਕਲਣ ਦੀ ਸੂਹ ਲੱਗਣ 'ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਢੋਲਾਂ ਦੀਆਂ ਆਵਾਜ਼ਾਂ ਨਾਲ ਸੱਦਿਆ ਗਿਆ ਸੀ। ਪੰਜ ਹਜ਼ਾਰ ਦੇ ਕਰੀਬ ਕਾਫਲੇ ਦੇ ਬੰਦਿਆਂ ਨੂੰ ਇਕੱਠੇ ਕੀਤੇ ਜਨੂੰਨੀ ਬੰਦਿਆਂ ਨੇ ਰਸਤੇ ਵਿਚ ਹੀ ਬੇਰਹਿਮੀ ਨਾਲ ਵੱਢ-ਟੁੱਕ ਛੱਡਿਆ ਸੀ। ਮੋਰਿੰਡੇ ਤੋਂ ਕੁਰਾਲੀ ਜਾਂਦੀ ਸੜਕ ਦੇ ਦੋਹੀਂ ਪਾਸੀਂ ਲਾਸ਼ਾਂ ਦੇ ਅੰਬਾਰ ਲਾ ਛੱਡੇ ਸਨ ਪਰ ਗੰਭੀਰ ਜ਼ਖਮੀ ਹੋਏ ਲੋਕ ਉਥੇ ਹੀ 'ਪਾਣੀ-ਪਾਣੀ' ਕਹਿੰਦੇ ਤੜਪ-ਤੜਪ ਕੇ ਮਰਦੇ ਰਹੇ।



*1947 ਦੀ ਵੰਡ ਮੌਕੇ ਰੇਲ ਗੱਡੀ 'ਚ ਸਵਾਰ ਹੋਣ ਲਈ ਤਰਲੋਮੱਛੀ ਹੋ ਰਹੇ ਲੋਕ*

ਨੇੜੇ ਦੇ ਪਿੰਡਾਂ ਦੇ ਲੋਕਾਂ ਨੇ ਲਾਸ਼ਾਂ ਦੀ ਸੜ੍ਹਿਆਂਦ ਨਾਲ ਫੈਲਣ ਵਾਲੀ ਬੀਮਾਰੀ ਦੇ ਡਰੋਂ, ਉਨ੍ਹਾਂ ਨੂੰ ਥਾਂ ਹੀ ਮਿੱਟੀ ਨਾਲ ਦਬਾ ਛੱਡਿਆ ਸੀ, ਜਿਨ੍ਹਾਂ ਵਿਚ ਬਹੁਤ ਸਾਰੇ ਅਜੇ ਤੜਪ ਰਹੇ ਜ਼ਖਮੀ ਵੀ ਸਨ। ਆਲੇ-ਦੁਆਲੇ ਦੇ ਪਿੰਡਾਂ ਦੇ ਕੁੱਤੇ ਕਿਸੇ ਦੀ ਲੱਤ ਤੇ ਕਿਸੇ ਦੀ ਬਾਂਹ ਘੜੀਸੀ ਪਿੰਡਾਂ ਦੀਆਂ ਗਲੀਆਂ ਵਿਚ ਕਈ ਦਿਨ ਤਕ ਜਸ਼ਨ ਮਨਾਉਂਦੇ ਫਿਰਦੇ ਰਹੇ ਸਨ।

ਮਸਤਾਨ ਦਾ ਪਿੰਡ ਰੰਗੀਆਂ ਮੁਸ਼ਕਿਲ ਨਾਲ ਅੱਧੀ ਕੋਹ ਦੀ ਵਿੱਥ 'ਤੇ ਪੈਂਦਾ ਸੀ, ਮੋਰਿੰਡਿਓਂ। ਪਿੰਡ ਦੇ ਨੇੜਿਓਂ ਲੰਘਦੀ ਕੁਰਾਲੀ ਵਾਲੀ ਸੜਕ ਨਿਹੱਥੇ ਤੇ ਬੇਕਸੂਰ ਲੋਕਾਂ ਦੇ ਡੁੱਲ੍ਹੇ ਖੂਨ ਨਾਲ ਬੁਰੀ ਤਰ੍ਹਾਂ ਭਿੱਜੀ ਪਈ ਸੀ। ਕਾਫਲੇ ਉਤੇ ਲੋਕ ਭੁੱਖੀਆਂ ਇੱਲਾਂ ਵਾਂਗ ਟੁੱਟ ਪਏ ਸਨ। "ਬਚਾਓ! ਬਚਾਓ!" ਦੀਆਂ ਦਰਦ ਭਰੀਆਂ ਆਵਾਜ਼ਾਂ ਦੇ ਬੋਲ ਪਿੰਡ ਤਕ ਸਾਫ ਸੁਣਾਈ ਦੇ ਰਹੇ ਸਨ। ਮੌਤ ਤੋਂ ਡਰਦੇ ਲੋਕਾਂ ਦੀ ਭਗਦੜ ਨੇ ਆਪਣਿਆਂ ਨੂੰ ਆਪਣਿਆਂ ਤੋਂ ਨਿਖੇੜ ਦਿੱਤਾ ਸੀ। ਅਣਗਿਣਤ ਜੁਆਨ ਤੇ ਕੁਆਰੀਆਂ ਕੁੜੀਆਂ ਨੂੰ ਚੁਣ-ਚੁਣ ਕੇ ਜਨੂੰਨੀ ਤੇ ਖਰੂਦੀ ਲੋਕ ਕ੍ਰਿਪਾਨਾਂ ਤੇ ਬਰਛਿਆਂ ਦੀ ਛਾਂ ਹੇਠ ਆਪੋ-ਆਪਣੇ ਘਰੀਂ ਲੈ ਟੁਰੇ ਸਨ- ਮੱਝਾਂ, ਗਾਂਵਾਂ ਵਾਂਗ, ਬਿਨਾਂ ਕਿਸੇ ਉਮਰ ਦੇ ਤਕਾਜ਼ਿਓਂ...!

ਹਰ ਪਾਸੇ ਹਾਹਾਕਾਰ ਮੱਚੀ ਹੋਈ ਸੀ। ਮੌਤ ਨੂੰ ਨੰਗਾ ਨਾਚ ਨਚਾਇਆ ਜਾ ਰਿਹਾ ਸੀ। ਜਿਹੜੀ ਕੋਈ ਸਿਦਕਵਾਨ ਕੁੜੀ ਅੜਦੀ, ਉਸ ਨੂੰ ਜ਼ਬਰਦਸਤੀ ਧੂਹ ਕੇ ਲੈ ਜਾਣ ਦਾ ਯਤਨ ਕੀਤਾ ਜਾਂਦਾ ਜਾਂ ਫੇਰ ਬਰਛਿਆਂ ਤੇ ਕ੍ਰਿਪਾਨਾਂ ਦੀ ਭੇਟਾ ਚਾੜ੍ਹ ਦਿੱਤਾ ਜਾਂਦਾ। ਪਾਗਲ ਹੋਏ ਲੋਕ ਖੁੱਲ੍ਹੇਆਮ, ਕਾਨੂੰਨ ਦੇ ਵਰਕਿਆਂ ਨੂੰ ਕਾਨੂੰਨ ਦੇ ਰਾਖਿਆਂ ਸਾਹਮਣੇ ਲੀਰੋ-ਲੀਰ ਕਰ ਰਹੇ ਸਨ। ਕਿਥੇ ਗਈਆਂ ਸਨ-ਦੇਵੀ-ਦੇਵਤਿਆਂ, ਪੀਰਾਂ-ਪੈਗੰਬਰਾਂ ਤੇ ਸੰਤਾਂ-ਗੁਰੂਆਂ ਦੀਆਂ ਪਵਿੱਤਰ ਸਿੱਖਿਆਵਾਂ? ਜ਼ੁਲਮ ਤੇ ਫਿਰਕੂ ਜਨੂੰਨ ਨਾਲ ਲਿੱਬੜੇ ਪੈਰਾਂ ਹੇਠ ਮਿੱਧੇ ਜਾ ਰਹੇ ਸਨ 'ਅਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ...' ਜਿਹੇ ਸਿਰਜੇ ਸੰਤ ਗੁਰੂਆਂ ਦੇ ਧਰਮ ਨਿਰਪੱਖ ਤੇ ਪਾਕਿ-ਪਵਿੱਤਰ ਬੋਲ।

ਜਨੂੰਨ ਤੇ ਗੁੱਸੇ ਦੀ ਫਿਰਕੂ ਅੱਗ ਨੇ ਜਿਵੇਂ ਉਨ੍ਹਾਂ ਨੂੰ ਖੂੰਖਾਰ ਹੈਵਾਨ ਬਣਾ ਛੱਡਿਆ ਸੀ। ਇਸ ਅੱਗ ਦੀ ਤਪਸ਼ ਨਾਲ ਅੰਨ੍ਹੇ ਤੇ ਪਾਗਲ ਹੋਏ ਲੋਕ, ਇਨਸਾਨਾਂ ਨੂੰ ਗਾਜਰਾਂ-ਮੂਲੀਆਂ ਬਰਾਬਰ ਸਮਝਣ ਲਗ ਪਏ ਸਨ। ਛੇ-ਛੇ ਮਹੀਨੇ ਤੇ ਸਾਲ-ਸਾਲ ਦੇ ਬਾਲਾਂ ਨੂੰ ਉਹ ਬਰਛਿਆਂ ਤੇ ਕ੍ਰਿਪਾਨਾਂ ਦੀਆਂ ਨੋਕਾਂ 'ਤੇ ਕੱਦੂਆਂ ਵਾਂਗ ਟੁੰਗੀਂ ਭੰਗੜੇ ਪਾ ਰਹੇ ਸਨ। ਇਸ ਭਿਆਨਕ ਤੇ ਦਿਲ ਹਿਲਾਊ ਦ੍ਰਿਸ਼ ਨੂੰ ਵੇਖ ਕੇ ਜਿਵੇਂ ਰੱਬ ਵੀ ਜ਼ਾਰੋਜ਼ਾਰ ਰੋ ਰਿਹਾ ਸੀ। ਨਿਹੱਥੇ ਤੇ ਬੇਗੁਨਾਹਾਂ ਦੇ ਡੁੱਲ੍ਹੇ ਇਸ ਖੂਨ ਨੂੰ ਉਹ ਆਪਣੇ ਪਾਣੀਆਂ ਵਿਚ ਹੰਗਾਲ ਕੇ ਗੰਗਾ, ਜਮਨਾ, ਸਤਿਲੁਜ ਤੇ ਰਾਵੀ ਦੇ ਪਵਿੱਤਰ ਪਾਣੀਆਂ ਵਿਚ ਮਿਲਾ ਦੇਣਾ ਚਾਹੁੰਦਾ ਸੀ।

ਮਸਤਾਨ ਨੇ ਜਦ ਸਦੀਕ ਤੋਂ ਜ਼ੀਨਾ, ਨੂਰਾਂ ਤੇ ਬਸ਼ੀਰੇ ਦੇ ਸਹੀ ਸਲਾਮਤ ਹੋਣ ਬਾਰੇ ਜਾਣਨਾ ਚਾਹਿਆ ਤਾਂ ਉਹ ਧਾਹੀਂ ਰੋਣ ਲਗ ਪਿਆ ਤੇ ਰੋਂਦਿਆਂ ਹੀ ਉਹ ਦੱਸੀ ਜਾ ਰਿਹਾ ਸੀ ਕਿ ਕਿਵੇਂ ਜ਼ੀਨਾ ਤੇ ਨੂਰਾਂ ਨੂੰ ਅੱਧਖੜ ਉਮਰ ਦੇ ਕਾਲੇ ਸਿਆਹ ਰੰਗ ਦੇ ਦੋ ਬੰਦੇ ਕਾਫਲੇ ਵਿਚੋਂ ਘੜੀਸ ਕੇ ਲੈ ਗਏ ਸਨ। ਬਸ਼ੀਰਾ ਤਾਂ ਉਸ ਦੇ ਪਾਸ ਕੈਂਪ ਵਿਚ ਹੀ ਸੀ, ਜਿਸ ਨੂੰ ਕਈ ਦਿਨਾਂ ਦੇ ਲਗਾਤਾਰ ਤੇਜ਼ ਬੁਖਾਰ ਨੇ ਬੁਰੀ ਤਰ੍ਹਾਂ ਤੋੜ ਛੱਡਿਆ ਸੀ।

ਮਸਤਾਨ ਨੇ ਸਦੀਕ ਨੂੰ ਹੌਸਲਾ ਦਿੰਦਿਆਂ ਕਿਹਾ, "ਸਦੀਕ, ਕੁੜੀਆਂ ਦਾ ਤਾਂ ਤੂੰ ਜ਼ਰਾ ਫਿਕਰ ਨਾ ਕਰ। ਉਹ ਮੇਰੀਆਂ ਆਪਣੀਆਂ ਧੀਆਂ ਨੇ। ਜਿਨ੍ਹਾਂ ਸਾਡੀਆਂ ਧੀਆਂ ਨੂੰ ਲੈ ਜਾਣ ਦੀ ਕਮੀਨਗੀ ਕੀਤੀ ਐ, ਉਨ੍ਹਾਂ ਦਾ ਮੈਂ ਖੁਰਾਖੋਜ ਮਿਟਾ ਦਊਂਗਾ।" ਗੁੱਸੇ ਨਾਲ ਮਸਤਾਨ ਦਾ ਲਹੂ ਉਬਾਲੇ ਖਾਣ ਲੱਗ ਪਿਆ ਸੀ। ਉਸ ਦੇ ਚਿਹਰੇ ਤੋਂ ਇੰਜ ਜਾਪਦਾ ਸੀ ਜਿਵੇਂ ਉਹ ਉਨ੍ਹਾਂ ਨੂੰ ਗੱਭਿਓਂ ਚੀਰ ਸੁੱਟੇਗਾ।

ਮਸਤਾਨ ਨੂੰ ਇਸ ਗੱਲ ਦਾ ਬਹੁਤ ਦੁੱਖ ਤੇ ਅਫਸੋਸ ਸੀ ਕਿ ਉਸ ਦੇ ਵਾਰ-ਵਾਰ ਕਹਿਣ 'ਤੇ ਵੀ ਸਦੀਕ ਨੇ ਨਿਆਣਿਆਂ ਨੂੰ ਰੰਗੀਆਂ ਛੱਡਣਾ ਨਹੀਂ ਸੀ ਮੰਨਿਆ, ਜਦਕਿ ਉਹ ਪੂਰੇ ਤਿੰਨ ਦਿਨ ਤਾਂਗੀ ਲੈ ਕੇ ਮੋਰਿੰਡੇ ਜਾਂਦਾ ਰਿਹਾ ਸੀ। ਵਾਸਤਵ ਵਿਚ ਸਦੀਕ ਨੂੰ ਤਾਂ ਇਸ ਗੱਲ ਦਾ ਚਿੱਤ ਚੇਤਾ ਵੀ ਨਹੀਂ ਸੀ ਕਿ ਉਨ੍ਹਾਂ ਦੇ ਆਪਣੇ ਹੀ ਭਰਾ, ਉਨ੍ਹਾਂ ਨੂੰ ਪੰਜਾਬ ਛੱਡਣ ਲਈ ਮਜਬੂਰ ਕਰ ਛੱਡਣਗੇ ਤੇ ਬਰਸਾਤੀ ਡੀਲੇ ਵਾਂਗ ਉਨ੍ਹਾਂ ਦੇ ਵੱਢ-ਵੱਢ ਸੱਥਰ ਲਾ ਦੇਣਗੇ। ਉਨ੍ਹਾਂ ਦੀਆਂ ਜੁਆਨ ਤੇ ਕੁਆਰੀਆਂ ਧੀਆਂ ਨੂੰ ਉਨ੍ਹਾਂ ਅੱਗੇ ਅਲਫ ਨੰਗੀਆਂ ਕਰਕੇ ਨੱਚਣ ਲਈ ਮਜਬੂਰ ਕਰਨਗੇ।

ਮਸਤਾਨ ਨੇ ਕੈਂਪ ਦੀਆਂ ਚਲਦੀਆਂ ਗੱਲਾਂ ਬਾਰੇ ਸਪਸ਼ਟ ਹੋਣ ਲਈ ਸਦੀਕ ਨੂੰ ਪੁੱਛਿਆ, "ਸੁਣਿਐ, ਕੈਂਪ ਵਿਚ ਤਾਂ ਖਾਣ-ਪੀਣ ਦਾ ਵੀ ਬੁਰਾ ਹਾਲ ਐ?" ਸਦੀਕ ਨੇ ਬਹੁਤ ਹੀ ਉਦਾਸ ਆਵਾਜ਼ ਵਿਚ ਦੱਸਿਆ, "ਮਸਤਾਨ! ਰੋਟੀਆਂ ਜਮਾਂ ਕੱਚੀਆਂ ਤੇ ਵਿਚ ਰੇਤ ਮਿਲਿਆ, ਉਹ ਵੀ ਡੇਢ, ਹੱਦ ਦੋ! ਦਾਲ-ਸਬਜ਼ੀ ਤਾਂ ਸਾਡੇ ਲਈ ਹੁਣ ਜਿਵੇਂ ਸੁਪਨਾ ਈ ਬਣ ਗਏ ਨੇ! ਇਨ੍ਹਾਂ ਰੋਟੀਆਂ ਨੂੰ ਤਾਂ ਸਾਡੇ ਡੰਗਰ ਵੀ ਨਾ ਖਾਣ। ਅੱਲਾ ਦੇ ਫਜ਼ਲ ਨੂੰ ਕੁਸ ਗੁੜ ਤੇ 4-5 ਸੇਰ ਭੁੰਨੇ ਛੋਲੇ ਅਸੀਂ ਨਾਲ ਲੈ ਲਏ ਸੀ। ਬਸ ਅੱਜ ਈ ਮੁੱਕੇ ਐ।"

> ***ਕਾਫਲੇ ਦੇ ਨਿਕਲਣ ਦੀ ਸੂਹ ਲੱਗਣ 'ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਢੋਲਾਂ ਦੀਆਂ ਆਵਾਜ਼ਾਂ ਨਾਲ ਸੱਦਿਆ ਗਿਆ ਸੀ। ਪੰਜ ਹਜ਼ਾਰ ਦੇ ਕਰੀਬ ਕਾਫਲੇ ਦੇ ਬੰਦਿਆਂ ਨੂੰ ਇਕੱਠੇ ਕੀਤੇ ਜਨੂੰਨੀ ਬੰਦਿਆਂ ਨੇ ਰਸਤੇ ਵਿਚ ਹੀ ਬੇਰਹਿਮੀ ਨਾਲ ਵੱਢ-ਟੁੱਕ ਛੱਡਿਆ ਸੀ। ਮੋਰਿੰਡੇ ਤੋਂ ਕੁਰਾਲੀ ਜਾਂਦੀ ਸੜਕ ਦੇ ਦੋਹੀਂ ਪਾਸੀਂ ਲਾਸ਼ਾਂ ਦੇ ਅੰਬਾਰ ਲਾ ਛੱਡੇ ਸਨ ਪਰ ਗੰਭੀਰ ਜ਼ਖਮੀ ਹੋਏ ਲੋਕ ਉਥੇ ਹੀ 'ਪਾਣੀ-ਪਾਣੀ' ਕਹਿੰਦੇ ਤੜਪ-ਤੜਪ ਕੇ ਮਰਦੇ ਰਹੇ।***

ਬਸ਼ੀਰੇ ਦੇ ਤੇਜ਼ ਬੁਖਾਰ ਕਰਕੇ ਸਦੀਕ ਬਹੁਤ ਹੀ ਫਿਕਰਮੰਦ ਸੀ ਕਿਉਂਕਿ ਜਿਸ ਤਰ੍ਹਾਂ ਅਣਗਿਣਤ ਔਕੜਾਂ ਤੇ ਮੁਸੀਬਤਾਂ ਵਿਚੀਂ ਲੰਘਦਿਆਂ ਉਸ ਨੇ ਬਸ਼ੀਰੇ ਨੂੰ ਪਾਲਿਆ ਸੀ, ਉਹ ਆਪਣੇ-ਆਪ ਵਿਚ ਆਪਣੀ ਸੁਖ-ਆਰਾਮ ਦੀ ਜ਼ਿੰਦਗੀ ਦੀ ਬਲੀ ਦੇਣ ਦੀ ਇਕ ਮਿਸਾਲ ਸੀ। ਬਸ਼ੀਰਾ ਅਜੇ ਪੂਰੇ ਦੋ ਮਹੀਨੇ ਦਾ ਵੀ ਨਹੀਂ ਸੀ ਹੋਇਆ ਕਿ ਤੇਜ਼ ਮੀਂਹ ਪੈਣ ਕਰਕੇ, ਚੋ ਰਹੇ ਕੋਠੇ ਦੀਆਂ ਗਲੀਆਂ ਬੰਦ ਕਰਨ ਗਈ ਰਹਿਮਤ ਆਪਣੀ ਭਰ ਜੁਆਨੀ ਵਿਚ ਉਤੋਂ ਡਿੱਗਦਿਆਂ ਹੀ ਅੱਲਾ ਨੂੰ ਪਿਆਰੀ ਹੋ ਗਈ ਸੀ। ਦੋ ਮਹੀਨੇ ਦੇ ਲੋਗੜ ਜਿਹੇ ਬਸ਼ੀਰੇ ਨੂੰ ਕੇਸਰੋ ਨੇ ਪੂਰੇ ਤਿੰਨ ਸਾਲ ਆਪਣਾ ਦੁਧ ਚੁੰਘਾ ਕੇ ਪਾਲਿਆ ਸੀ। ਇਕ ਪਾਸੇ ਉਸ ਦਾ ਮਿੰਦੀ ਤੇ ਦੂਜੇ ਪਾਸੇ ਬਸ਼ੀਰਾ ਦੁੱਧ ਚੁੰਘਦਾ ਸੀ। ਤਦੇ ਹੀ ਤਾਂ ਬਸ਼ੀਰਾ, ਮਿੰਦੀ ਦੀ ਰੀਸੇ, ਕੇਸਰੋ ਨੂੰ 'ਮਾਂ' ਕਹਿ ਕੇ ਬਲਾਉਂਦਾ ਤੇ ਜਦ ਵੀ ਬਸ਼ੀਰਾ ਰੰਗੀਆਂ ਆਉਂਦਾ ਤਾਂ ਉਹ ਕੇਸਰੋ ਦੇ ਪੈਰੀਂ ਹੱਥ ਲਾਉਂਦਾ ਤੇ ਗਲਵੱਕੜੀ ਵਿਚ ਘੁੱਟ ਕੇ ਉਸ ਨੂੰ 'ਮਾਂ! ਮਾਂ!' ਕਹਿੰਦਾ ਨਹੀਂ ਸੀ ਥੱਕਦਾ।

ਮਸਤਾਨ ਤੇ ਸਦੀਕ ਦੇ ਗੱਲਾਂ ਕਰਦਿਆਂ ਪਹਿਰ ਕੁ ਰਾਤ ਰਹਿ ਗਈ ਸੀ। ਕੇਸਰੋ ਨੇ ਗੁੜ ਦੀ ਭੇਲੀ, ਪੱਚੀ ਕੁ ਪਰੌਂਠੇ ਤੇ ਚਾਰ ਪੰਜ ਸੇਰ ਘਰ ਹੀ ਭੁੰਨੇ ਛੋਲਿਆਂ ਨੂੰ ਕੱਪੜੇ ਦੀਆਂ ਤਿੰਨ-ਚਾਰ ਤਹਿਆਂ ਵਿਚ ਲਪੇਟ ਕੇ ਬੰਨ੍ਹ ਦਿੱਤਾ, ਸਦੀਕ ਦੇ ਲੈ ਜਾਣ ਖਾਤਿਰ।

ਚੁਲ੍ਹੇ ਅੱਗੇ ਬੈਠੀ ਕੇਸਰੋ ਨੀਵੀਂ ਜੇਹੀ ਬੋਲੀ, "ਮੈਂ ਕਿਹਾ ਜੀ ਤੂੰ ਤੇ ਭਾਈ ਜੀ ਚਾਹ ਪੀ'ਲੋ, ਬਣਾਈ ਪਈ ਐ। ਨਾਲੇ ਭਾਈ ਜੀ ਲਈ ਪੰਜ-ਸੱਤ ਪਿੰਨੀਆਂ ਕੱਢ ਲਿਆ ਕੁਠਾਲੇ 'ਚੋਂ। ਮੇਰੇ ਹੱਥ ਦੀਆਂ ਬਣੀਆਂ ਖਾ ਜਾਣਗੇ ਵਿਚਾਰੇ-ਪਾਕਿਸਤਾਨ ਜਾਣ ਤੋਂ ਪਹਿਲਾਂ। ਜਿਹੜੀਆਂ ਬਚਦੀਆਂ ਐਂ, ਉਹ ਮੇਰੇ ਸ਼ੀਰੇ ਨੂੰ ਬੰਨ੍ਹ ਦੇ ਨਾਲ।" ਕੇਸਰੋ, ਬਸ਼ੀਰੇ ਨੂੰ ਪਿਆਰ ਨਾਲ ਸ਼ੀਰਾ ਕਿਹਾ ਕਰਦੀ ਸੀ।

"ਮੈਂ ਕਿਹਾ ਜੀ ਜ਼ਰਾ ਧਿਆਨ ਨਾਲ ਜਾਇਓ! ਬਰਛਾ ਤੇ ਕਿਰਪਾਨ ਲੈ ਲੋ ਨਾਲ। ਇਨ੍ਹਾਂ ਢਹਿ ਜਾਣੇ ਲੋਕਾਂ ਦਾ ਕੋਈ ਬਸਾਹ ਨਹੀਂ। ਰਾਤਾਂ ਨੂੰ ਵੀ ਖੇਤਾਂ 'ਚ ਹਰਲ-ਹਰਲ ਕਰਦੇ ਫਿਰਦੇ ਐਂ। ਕੱਲ੍ਹ ਨਾਕੂਆਂ ਦੇ ਘਰ ਤੀਵੀਆਂ ਗੱਲਾਂ ਕਰਦੀਆਂ ਤੀ ਅਖੇ ਪਰਸੋਂ ਤੜਕੇ ਨੂੰ ਢੰਗਰਾਲੀ ਤੋਂ ਲੈਣੋਂ-ਲੈਣ ਆ ਰਹੇ ਛੋਟੇ-ਛੋਟੇ ਮੁੰਡਿਆਂ ਨੂੰ ਬੀਰ ਕਿਆਂ ਦੇ ਜਗਤੇ ਨੇ ਬੰਤੇ ਕੀੜੇ ਦੇ ਬਾਗ ਬਰਾਬਰ ਰੋਂਦੇ-ਕੁਰਲਾਉਂਦਿਆਂ ਨੂੰ ਵੱਢ ਛੱਡਿਆ।" ਕੇਸਰੋ ਨੇ ਮਸਤਾਨ ਨੂੰ ਖਬਰਦਾਰ ਕਰਦਿਆਂ ਤੇ ਜਗਤੇ ਨੂੰ ਧੁਰ ਅੰਦਰੋਂ ਦੁਰ-ਅਸੀਸ ਦਿੰਦਿਆਂ ਕਿਹਾ।

ਸਦੀਕ ਦੇ ਨਾਂਹ-ਨਾਂਹ ਕਰਦਿਆਂ ਵੀ ਮਸਤਾਨ ਉਸ ਨੂੰ ਕੁਰਾਲੀ ਦੀਆਂ ਜੂਹਾਂ ਦੇ ਅੰਦਰ ਤਕ ਕਰ ਆਇਆ ਸੀ। ਮੂੰਹ ਝਾਖਰਾ ਜਿਹਾ ਹੋ ਗਿਆ ਸੀ। ਸ਼ਹਿਰ ਤੋਂ ਲੋਕੀਂ ਜੰਗਲ-ਪਾਣੀ ਲਈ ਬਾਹਰ ਖੇਤਾਂ ਵੱਲ ਨੂੰ ਆਉਣੇ ਅਰੰਭ ਹੋ ਗਏ ਸਨ। ਮੱਕੀ ਤੇ ਚੂਰੀ ਦੇ ਖੇਤਾਂ ਵਿਚੀਂ ਲੰਘਦਿਆਂ ਉਨ੍ਹਾਂ ਦੀਆਂ ਧੋਤੀਆ ਪਾਣੀਓਂ ਪਾਣੀ ਹੋ ਗਈਆਂ ਸਨ ਕਿਉਂਕਿ ਲਗਾਤਾਰ ਕਈ ਦਿਨ ਮੀਂਹ ਪੈਂਦੇ ਰਹਿਣ ਪਿੱਛੋਂ ਅਸਮਾਨ ਦੇ ਸਾਫ ਹੋ ਜਾਣ 'ਤੇ ਅੱਜ ਤ੍ਰੇਲ ਮੀਂਹ ਵਾਂਗ ਪਈ ਸੀ।

ਰਸਤੇ ਵਿਚ ਗੱਲਾਂ ਕਰਦਿਆਂ, ਮਸਤਾਨ ਨੇ ਫੇਰ ਕਿਹਾ ਕਿ ਉਹ ਜ਼ੀਨਾ ਤੇ ਨੂਰਾਂ ਨੂੰ ਚਾਰ ਦਿਨਾਂ ਦੇ ਅੰਦਰ-ਅੰਦਰ ਕੈਂਪ ਵਿਚ ਪੁਚਾ ਕੇ ਹੀ ਦਮ ਲਵੇਗਾ, ਤੇ ਉਦੋਂ ਤਕ ਉਹ ਪਿੰਡ ਦੀਆਂ ਜੂਹਾਂ ਅੰਦਰ ਪੈਰ ਨਹੀਂ ਧਰੇਗਾ, ਜਦੋਂ ਤਕ ਅਪਣੀਆਂ ਧੀਆਂ ਨੂੰ ਵਾਪਸ ਨਹੀਂ ਮੋੜ ਲਿਆਉਂਦਾ। ਮਸਤਾਨ ਨੇ ਇਹ ਸ਼ਬਦ ਪੂਰੇ ਭਰੋਸੇ ਨਾਲ ਇਸ ਲਈ ਆਖੇ ਸਨ ਕਿਉਂਕਿ ਆਲੇ-ਦੁਆਲੇ ਦੇ ਪੰਜਾਹ-ਪਚਵੰਜਾ ਪਿੰਡਾਂ ਵਿਚ ਸਦੀਕ ਤੇ ਮਸਤਾਨ ਦੀ ਸ਼ਖਸੀਅਤ ਦਾ ਕਾਫੀ ਪ੍ਰਭਾਵ ਤੇ ਦਬਦਬਾ ਸੀ। ਵਾਹ ਲਗਦਿਆਂ ਉਹ ਕਿਸੇ ਨਾਲ ਕਿਸੇ ਨੂੰ ਜ਼ਿਆਦਤੀ ਨਹੀਂ ਸਨ ਕਰਨ ਦਿੰਦੇ ਤੇ ਨਾ ਹੀ ਆਪੂੰ ਕਿਸੇ ਨਾਲ ਧੱਕਾ ਕਰਦੇ ਸਨ।

ਕੁਰਾਲੀ ਤੋਂ ਘਰ ਪਰਤਦਿਆਂ ਹੀ ਉਸ ਨੇ ਹਾਜ਼ਰੀ ਖਾਧੀ। ਤੌੜੇ 'ਚੋਂ ਲੱਸੀ ਦੇ ਦੋ ਗਿਲਾਸ ਪੀਤੇ। ਸਾਈਕਲ ਚੁੱਕਿਆ। ਆਲੇ-ਦੁਆਲੇ ਦੇ ਪਿੰਡਾਂ ਦੇ ਆਪਣੇ ਬੇਲੀਆਂ ਨੂੰ ਨੂਰਾਂ ਤੇ ਜ਼ੀਨਾ ਦੀ ਵਾਪਸੀ ਲਈ ਕਹਿਣ ਤੁਰ ਪਿਆ। ਦੋ ਦਿਨਾਂ ਵਿਚ ਹੀ ਉਸ ਨੇ ਤੀਹ ਦੇ ਕਰੀਬ ਪਿੰਡਾਂ ਨੂੰ ਗਾਹ ਛੱਡਿਆ।

ਪਿੰਡ-ਪਿੰਡ ਬੈਠੇ ਮਸਤਾਨ ਤੇ ਸਦੀਕ ਦੇ ਯਾਰਾਂ-ਮਿੱਤਰਾਂ ਨੇ ਆਪਣੇ-ਆਪਣੇ ਪਿੰਡਾਂ ਵਿਚ ਹੋਕੇ ਦੁਆ ਦਿੱਤੇ ਸਨ ਕਿ ਜਿਨ੍ਹਾਂ ਪਾਸ ਵੀ ਜ਼ੀਨਾ ਤੇ ਨੂਰਾਂ ਹਨ, ਜੇ ਉਹ ਭਲੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਤੁਰੰਤ ਮਸਤਾਨ ਸਿੰਘ ਦੇ ਪਿੰਡ ਰੰਗੀਆਂ ਪੁਚਾ ਆਉਣ। ਮਸਤਾਨ ਅਤੇ ਉਸ ਦੇ ਬੇਲੀਆਂ ਤੋਂ ਯਰਕਦੇ ਬੰਦੇ ਤੀਜੇ ਦਿਨ ਹੀ ਮੂੰਹ ਹਨੇਰੇ ਜ਼ੀਨਾ ਤੇ ਨੂਰਾਂ ਨੂੰ ਰੰਗੀਆਂ ਦੀਆਂ ਜੂਹਾਂ ਅੰਦਰ ਛੱਡ ਗਏ ਸਨ।

ਘਰ ਪਹੁੰਚਦਿਆਂ ਹੀ ਜ਼ੀਨਾ ਤੇ ਨੂਰਾਂ ਚਾਚੇ ਮਸਤਾਨ ਤੇ ਚਾਚੀ ਕੇਸਰੋ ਦੇ ਗਲ ਲਗ ਸਿਸਕੀਆਂ ਲੈ ਲੈ ਰੋਂਦਿਆਂ ਦੱਸ ਰਹੀਆਂ ਸਨ ਕਿ ਕਿਵੇਂ ਚਾਚੇ ਮਸਤਾਨ ਦਾ ਨਾਂ ਸੁਣਦਿਆਂ ਹੀ ਦੋ ਬੰਦੇ ਆਪਣੇ ਮੂੰਹ ਸਿਰ ਲਪੇਟ ਕੇ, ਉਨ੍ਹਾਂ ਨੂੰ ਰਾਤੋ-ਰਾਤ ਪੈਰੀਂ ਤੋਰ ਕੇ ਪਿੰਡ ਦੇ ਬੰਨੇ ਤਕ ਛੱਡ ਕੇ, ਮੁੜ ਰਾਤ ਦੇ ਹਨੇਰੇ ਵਿਚ ਅਲੋਪ ਹੋ ਗਏ ਸਨ।

ਜ਼ੀਨਾ ਤੇ ਨੂਰਾਂ ਦੇ ਮਿਲ ਜਾਣ 'ਤੇ ਅੱਜ ਮਸਤਾਨ ਦਾ ਪੂਰਾ ਟੱਬਰ ਖੁਸ਼ੀ ਵਿਚ ਨੱਚ ਉਠਿਆ ਸੀ। ਮਸਤਾਨ ਨੇ ਕੇਸਰੋ ਨੂੰ ਕਿਹਾ, "ਕੁੜੀਆਂ ਜੋ ਕੁਝ ਵੀ ਮੰਗਦੀਐਂ, ਜੇ ਘਰ ਨਹੀਂ ਤਾਂ ਜਿਥੋਂ ਮਰਜ਼ੀ ਲਿਆ ਕੇ ਦੇ ਇਨ੍ਹਾਂ ਨੂੰ। ਮੈਂ ਤੜਕੇ ਹਰ ਹਾਲਤ 'ਚ ਇਨ੍ਹਾਂ ਨੂੰ ਕੈਂਪ 'ਚ ਛੱਡਣ ਜਾਣੈਂ। ਸੈਂਦ ਕੈਂਪ ਇਕ ਅੱਧੇ ਦਿਨ 'ਚ ਉਠਣ ਈ ਆਲੈ।"

ਮਸਤਾਨ ਨੇ ਇਹ ਕਹਿ ਕੇ ਅਜੇ ਵਿਹੜਿਓਂ ਪੈਰ ਬਾਹਰ ਰੱਖਿਆ ਹੀ ਸੀ ਕਿ ਇਕ ਤੋਂ ਬਾਅਦ ਦੂਜੀ ਤੇ ਫਿਰ ਤੀਜੀ ਗੱਡੀ ਦੇ ਹੌਲੀ-ਹੌਲੀ ਚੱਲਣ ਦੇ ਨਾਲ-ਨਾਲ ਚੀਕ ਪੁਕਾਰ ਤੇ ਉਪਰੋ-ਥਲੀ ਲਗਾਤਾਰ ਗੋਲੀਆਂ ਦੇ ਚੱਲਣ ਦੀਆਂ ਆਵਾਜ਼ਾਂ ਗੂੰਜਣ ਲਗੀਆਂ।

ਮਸਤਾਨ ਦਾ ਤੌਖਲਾ ਹੁਣ ਬਿਲਕੁਲ ਸੱਚ ਬਣ ਕੇ ਸਾਹਮਣੇ ਆ ਗਿਆ ਸੀ। ਗੋਲੀਆਂ ਦੇ ਚਲਣ ਤੇ ਗੱਡੀਆਂ ਦੀ ਹੌਲੀ ਰਫਤਾਰ ਦੀ ਆਵਾਜ਼ ਨੂੰ ਸਮਝਣ ਵਿਚ ਹੁਣ ਉਸ ਨੂੰ ਦੇਰ ਨਹੀਂ ਸੀ ਲੱਗੀ। ਗੱਡੀਆਂ ਦੀਆਂ ਛੱਤਾਂ 'ਤੇ ਬੈਠੇ ਇਕ-ਇਕ ਬੰਦੇ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ, ਤੇ ਕੈਂਪ ਦਾ ਇਕ-ਇਕ ਬੰਦਾ ਵਿਸ਼ੇਸ਼ ਗੱਡੀਆਂ ਵਿਚ ਤੁੰਨ ਕੇ ਤੇ ਰਾਹ ਦੀ ਮਾਰ ਤੋਂ ਬੱਚ ਗਿਆਂ ਨੂੰ ਲਾਹੌਰ ਵੱਲ ਧੱਕ ਦਿੱਤਾ ਗਿਆ ਸੀ।

# ਯਮ ਯਮੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

'ਜਿੰਦਾ ਖੋਲ੍ਹੀਏ' ਕਾਲਮ ਅਸੀਂ ਯਮ-ਯਮੀ ਦੇ ਜ਼ਿਕਰ ਨਾਲ ਬੰਦ ਕੀਤਾ ਸੀ ਪਰ ਇਸ ਉਤੇ ਬਹੁਤੀ ਚਰਚਾ ਨਹੀਂ ਸੀ ਹੋ ਸਕੀ। ਨਾਲੇ ਯਮ ਧਾਤੂ ਤੋਂ ਵਿਉਤਪਤ ਹੋਰ ਸ਼ਬਦਾਂ ਦਾ ਵਰਣਨ ਵੀ ਰਹਿ ਗਿਆ ਸੀ। ਜਿਵੇਂ ਦੱਸਿਆ ਜਾ ਚੁੱਕਾ ਹੈ, ਯਮ ਧਾਤੂ ਵਿਚ ਰੋਕਣਾ, ਕਾਬੂ ਕਰਨਾ, ਬੰਦ ਕਰਨਾ, ਲਗਾਮ ਲਾਉਣ ਆਦਿ ਦੇ ਭਾਵ ਹਨ। ਯਮ, ਜਿਸ ਨੂੰ ਪੰਜਾਬੀ ਵਿਚ ਜਮ ਕਿਹਾ ਜਾਂਦਾ ਹੈ, ਵੀ ਇਸੇ ਧਾਤੂ ਤੋਂ ਬਣਿਆ ਹੈ। ਯਮ ਦੀ ਜੌੜੀ ਭੈਣ ਯਮੀ ਹੈ ਜਿਸ ਨੂੰ ਪੌਰਾਣਿਕ ਸਾਹਿਤ ਵਿਚ ਊਸ਼ਾ ਦੀ ਦੇਵੀ ਕਿਹਾ ਗਿਆ ਹੈ ਪਰ ਪੰਜਾਬੀ ਸਾਹਿਤ ਜਾਂ ਬੋਲਚਾਲ ਵਿਚ ਇਸ ਦਾ ਜ਼ਿਕਰ ਕਦੇ ਘਟ ਹੀ ਸੁਣਿਆ ਹੈ। ਰਿਗ ਵੇਦ ਅਤੇ ਪੁਰਾਣਾਂ ਵਿਚ ਯਮ-ਯਮੀ ਦਾ ਵਿਸਥਾਰ ਸਹਿਤ ਵਰਣਨ ਆਉਂਦਾ ਹੈ। ਯਮ ਸੂਰਜ ਦੇਵਤਾ ਅਤੇ ਉਸ ਦੀ ਪਤਨੀ ਵਿਸ਼ਕਰਮਾ ਦੀ ਧੀ ਸੰਜਨਾ ਦਾ ਪੁੱਤਰ ਹੈ ਅਤੇ ਯਮੀ ਉਸ ਦੀ ਜੌੜੀ ਭੈਣ ਹੈ।

ਮੌਤ ਦਾ ਦੇਵਤਾ ਯਮ ਲਾਲ ਕੱਪੜੇ ਪਹਿਨਦਾ ਹੈ ਤੇ ਇਸ ਦੀ ਸਵਾਰੀ ਹੈ ਝੋਟਾ। ਇਸ ਨੇ ਦੋ ਤੇਜ਼ ਦੌੜਨ ਵਾਲੇ, ਚਾਰ ਅੱਖਾਂ ਵਾਲੇ ਅਤੇ ਖੂੰਖਾਰ ਕੁੱਤੇ ਰੱਖੇ ਹੋਏ ਹਨ। ਇਸ ਦੇ ਚੌਦਾਂ ਨਾਂ ਹਨ ਪਰ ਆਮ ਤੌਰ 'ਤੇ ਯਮਰਾਜ ਕਿਹਾ ਜਾਂਦਾ ਹੈ। ਇਸ ਦੇ ਇਸ ਨਾਂ ਬਾਰੇ ਇਕ ਕਥਾ ਪ੍ਰਚਲਿਤ ਹੈ। ਇਸ ਦੀ ਮਾਂ ਸੰਜਨਾ ਆਪਣੇ ਪਤੀ ਸੂਰਜ ਦੀ ਰੋਸ਼ਨੀ ਅਤੇ ਤਪਸ਼ ਦਾ ਤੇਜ ਝੱਲ ਨਹੀਂ ਸੀ ਸਕਦੀ ਇਸ ਲਈ ਉਸ ਦੀ ਹਾਜ਼ਰੀ ਵਿਚ ਅੱਖਾਂ ਬੰਦ ਕਰ ਲੈਂਦੀ ਸੀ। ਇਸ 'ਤੇ ਹੱਤਕ ਮਹਿਸੂਸ ਕਰਦਿਆਂ ਸੂਰਜ ਨੂੰ ਖਿਝ ਚੜ੍ਹਦੀ ਸੀ। ਵਾਰ ਵਾਰ ਕੋਸ਼ਿਸ਼ ਕਰਨ 'ਤੇ ਵੀ ਉਹ ਅੱਖਾਂ ਨਾ ਖੋਲ੍ਹ ਸਕਦੀ। ਇਸ 'ਤੇ ਸੂਰਜ ਨੇ ਸਰਾਪ ਦਿੱਤਾ ਕਿ ਕਿਉਂਕਿ ਉਹ ਉਸ ਤੋਂ 'ਯਮ' (ਪਰਹੇਜ, ਕਤਰਾਉਂਦੀ ਹੈ) ਕਰਦੀ ਹੈ, ਇਸ ਲਈ ਉਸ ਦੇ ਜੋ ਪੁੱਤਰ ਹੋਵੇਗਾ ਉਹ ਯਮ ਦੇ ਨਾਂ ਨਾਲ ਜਾਣਿਆ ਜਾਵੇਗਾ ਅਤੇ ਲੋਕਾਂ ਦੀਆਂ ਆਤਮਾਵਾਂ ਖਿਚਿਆ ਕਰੇਗਾ, ਪਰ ਕਿਉਂਕਿ ਸੰਜਨਾ ਨੇ ਅੱਖਾਂ ਖੋਲ੍ਹਣ ਦੀ ਕੋਸ਼ਿਸ਼ ਕੀਤੀ ਸੀ ਇਸ ਲਈ ਨਾਲ ਹੀ ਪੈਦਾ ਹੋਈ ਧੀ ਯਮੀ ਕਹਾਵੇਗੀ ਜੋ ਜੀਵਨ ਦੀ ਦੇਵੀ ਹੋਵੇਗੀ। ਬਾਅਦ ਵਿਚ ਇਸ ਨੂੰ ਯਮੁਨਾ ਵੀ ਕਿਹਾ ਜਾਣ ਲੱਗਾ। ਵੇਦਾਂ ਵਿਚ ਯਮੁਨਾ/ਜਮਨਾ ਦਰਿਆ ਨੂੰ ਦੇਵੀ ਵਾਂਗ ਪੂਜਿਆ ਜਾਂਦਾ ਹੈ। 'ਰਸਨਾ ਰਾਮ ਨਾਮ ਹਿਤ ਜਾਕੈ ਕਹਾ ਕਰੈ ਜਮਨਾ' (ਭਗਤ ਕਬੀਰ)।

ਇਥੇ ਸਾਹਿਬ ਸਿੰਘ ਜਮਨਾ ਦਾ ਅਰਥ ਜਮ ਕਰਦਾ ਹੈ ਪਰ 'ਮਹਾਨ ਕੋਸ਼' ਨੇ ਇਸ ਨੂੰ ਜਮਨਾ ਦਰਿਆ ਦੇ ਇੰਦਰਾਜ ਵਿਚ ਭੁਗਤਾਇਆ ਹੈ। ਵਿਸ਼ਵਾਸ ਹੈ ਕਿ ਜਮਨਾ ਵਿਚ ਇਸ਼ਨਾਨ ਕਰਨ ਨਾਲ ਯਮ ਦੰਡ ਨਹੀਂ ਦਿੰਦਾ। ਇਸ ਦਾ ਅਰਥ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ, 'ਜੋ ਪ੍ਰਭੂ ਦਾ ਨਾਮ ਸਿਮਰਦਾ ਹੈ, ਉਸ ਨੇ ਪਾਪ ਬਖਸ਼ਾਉਣ ਲਈ ਜਮਨਾ ਦਰਿਆ ਤੋਂ ਕੀ ਲੈਣਾ।' ਜਮਨਾ ਇਸਤਰੀ ਤੇ ਪੁਰਖਾਂ ਦਾ ਨਾਂ ਵੀ ਹੁੰਦਾ ਹੈ। ਜਮਨਾ ਦੇਵੀ ਮੱਧ ਪ੍ਰਦੇਸ਼ ਦੀ ਉਪ ਮੁਖ ਮੰਤਰੀ ਰਹਿ ਚੁੱਕੀ ਹੈ। ਕਹਾਵਤ ਹੈ, ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ।



ਰਿਗ ਵੇਦ ਵਿਚ ਯਮੀ ਆਪਣੇ ਜੁੜਵੇਂ ਭਰਾ ਯਮ ਨੂੰ ਸਹਿਵਾਸ ਕਰਨ ਲਈ ਕਹਿੰਦੀ ਹੈ। ਪਰ ਉਹ ਇਸ ਨੂੰ ਅਧਾਰਮਿਕ ਕਰਮ ਦੱਸਦਾ ਹੋਇਆ ਨਾਂਹ ਕਰ ਦਿੰਦਾ ਹੈ। ਯਮੀ ਉਸ ਨੂੰ ਆਖਦੀ ਹੈ ਕਿ ਗਰਭ ਵਿਚ ਦੋਵੇਂ ਇਕੱਠੇ ਹੀ ਪਏ ਸਨ। ਉਹ ਯਮ ਨੂੰ ਨਿਹੋਰਾ ਵੀ ਮਾਰਦੀ ਹੈ ਕਿ ਉਸ ਦੇ ਮਨ ਵਿਚ ਕੋਈ ਹੋਰ ਔਰਤ ਹੈ ਪਰ ਯਮ ਟੱਸ ਤੋਂ ਮੱਸ ਨਹੀਂ ਹੁੰਦਾ। ਅਚਾਨਕ ਦੋਵਾਂ ਦਾ ਸੰਵਾਦ ਬੰਦ ਹੋ ਜਾਂਦਾ ਹੈ। ਇਸ ਸੰਵਾਦ ਨੂੰ ਨਾਟਕੀ ਤੌਰ 'ਤੇ ਵੀ ਪੇਸ਼ ਕੀਤਾ ਜਾਂਦਾ ਰਿਹਾ ਹੈ ਤੇ ਨਾਟਕ ਦੇ ਇਤਿਹਾਸ ਵਿਚ ਇਸ ਦਾ ਅਹਿਮ ਰੋਲ ਹੈ। ਇਸ ਸੰਵਾਦ ਤੋਂ ਪਤਾ ਲਗਦਾ ਹੈ ਕਿ ਕਿਸੇ ਵੇਲੇ ਪੁਰਖ ਇਸਤਰੀ ਦੇ ਕਾਮਕ ਸਬੰਧਾਂ ਵਿਚ ਖੁਲ੍ਹ ਸੀ ਅਰਥਾਤ ਭੈਣ-ਭਰਾ, ਮਾਂ-ਪੁਤ, ਪਿਓ-ਧੀ ਵਿਚਾਲੇ ਅਜਿਹੇ 'ਵਿਵਰਜਿਤ' ਜਿਣਸੀ ਸਬੰਧ ਹੋਣੇ ਆਮ ਵਰਤਾਰਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁਖੀ ਇਤਿਹਾਸ ਦੇ ਮੁਢਲੇ ਪੜਾਅ ਵਿਚ ਅਜਿਹਾ ਹੋਣਾ ਹੀ ਸੀ। 'ਸਭਿਅਤਾ' ਦੇ ਵਿਕਾਸ ਨਾਲ ਅਜਿਹੇ ਸਬੰਧਾਂ ਵਿਚ ਸੰਕੋਚ ਹੋਣ ਲੱਗਾ। ਕਥਾ ਦੇ ਅਗਲੇਰੇ ਰੁਪਾਂਤਰਾਂ ਵਿਚ ਯਮੀ ਨੂੰ ਯਮ ਦੀ ਪਤਨੀ ਬਿਆਨਿਆ ਗਿਆ ਹੈ। ਇਕ ਨੁਕਤਾ ਹੋਰ ਹੈ ਕਿ ਪੁਰਾਤਨ ਸਾਹਿਤ ਵਿਚ ਆਮ ਤੌਰ 'ਤੇ ਮਰਦ ਧਰਮੀ-ਕਰਮੀ ਹੁੰਦਾ ਹੈ ਤੇ ਉਸ ਨੂੰ ਧਰਮ ਮਾਰਗ ਤੋਂ ਡੁਲਾਉਣ ਵਾਲੀ ਔਰਤ ਹੀ ਦਿਖਾਈ ਜਾਂਦੀ ਹੈ। ਪੂਰਨ ਭਗਤ ਦੀ ਕਥਾ ਇਸ ਦੀ ਮਿਸਾਲ ਹੈ। ਉਂਜ ਧਾਰਮਿਕ ਨਜ਼ਰੀਏ ਤੋਂ ਵੀ ਜੇਕਰ ਮਨੁਖ ਜਾਤੀ ਦਾ ਜਨਮਦਾਤਾ ਇਕ ਦੰਪਤੀ ਹੀ ਹੈ ਤਾਂ ਸੰਤਾਨ ਦੇ ਵਾਧੇ ਲਈ ਅਜਿਹਾ ਹੋਣਾ ਹੀ ਸੀ।

ਨਾਟਕਕਾਰ ਬਲਵੰਤ ਗਾਰਗੀ ਨੇ ਆਪਣੇ ਨਾਟਕ 'ਸੌਂਕਣ' ਵਿਚ ਯਮ-ਯਮੀ ਕਿਸਮ ਦੀ ਲਿੰਗਕ ਚਰਚਾ ਸਾਹਮਣੇ ਲਿਆਂਦੀ ਹੈ। ਖੈਰ! ਇਹ ਸਾਡਾ ਵਿਸ਼ਾ ਨਹੀਂ। ਯਮ-ਯਮੀ ਦਾ ਜ਼ਿਕਰ ਇਕੱਠੇ ਹੋਣ ਕਾਰਨ ਇਹ ਸ਼ਬਦ ਜੌੜੇ, ਜੁੜਵਾਂ, ਜੋੜਾ ਜਾਂ ਦੋ ਦੇ ਅਰਥਾਵੇਂ ਹੋ ਗਏ ਹਨ। ਜਿਵੇਂ ਜੁੜਵੇਂ ਭਰਾਵਾਂ ਨੁਕਲ ਤੇ ਸਹਿਦੇਵ ਨੂੰ ਯਮ ਕਿਹਾ ਜਾਂਦਾ ਹੈ। ਯਮ ਦਾ ਅਰਥ 'ਦੋ' ਵੀ ਹੈ। ਇਕ ਪ੍ਰਕਾਰ ਦੇ ਦੁੱਤ ਅੱਖਰ ਨੂੰ ਵੀ ਯਮ ਕਿਹਾ ਜਾਂਦਾ ਹੈ।

ਆਪਣੇ ਭਰਾ ਯਮ ਦੀ ਮੌਤ 'ਤੇ ਯਮੀ ਵਿਰਲਾਪ ਕਰਨੋਂ ਨਹੀਂ ਹਟਦੀ। ਦੇਵਤੇ ਉਸ ਨੂੰ ਪ੍ਰੇਰਦੇ ਹਨ ਕਿ ਉਹ ਆਪਣੇ ਭਰਾ ਨੂੰ ਭੁੱਲ ਜਾਵੇ ਪਰ ਉਹ ਕਹਿੰਦੀ ਹੈ ਕਿ ਅੱਜ ਹੀ ਤਾਂ ਮੇਰਾ ਭਰਾ ਮਰਿਆ ਹੈ, ਕਿਵੇਂ ਭੁਲ ਜਾਵਾਂ? ਉਦੋਂ ਹਮੇਸ਼ਾ ਚਾਨਣਾ ਹੀ ਰਹਿੰਦਾ ਸੀ ਤੇ ਸਮਾਂ ਬੀਤਣ ਦਾ ਪਤਾ ਨਹੀਂ ਸੀ ਲਗਦਾ। ਦੇਵਤਿਆਂ ਨੇ ਫਿਰ ਰਾਤ ਪੈਦਾ ਕੀਤੀ ਤਾਂ ਜੁ ਦਿਨ ਪਿਛੋਂ ਰਾਤ ਆਉਂਦੇ ਰਹਿਣ ਕਾਰਨ ਸਮੇਂ ਦੇ ਬੀਤਣ ਦਾ ਅਹਿਸਾਸ ਹੋ ਸਕੇ।

ਯੋਗ ਵਿਚ ਯਮ ਦਾ ਅਰਥ ਹੈ, ਸਵੈ-ਕਾਬੂ। ਸਮਾਧੀ ਦੀ ਪ੍ਰਾਪਤੀ ਲਈ ਇਹ ਯੋਗ ਦੇ ਅੱਠ ਅੰਗਾਂ ਜਾਂ ਪੜਾਵਾਂ ਵਿਚੋਂ ਸਭ ਤੋਂ ਪਹਿਲਾ ਹੈ। ਦੂਜਾ ਹੈ, ਨਿਯਮ। ਇਹ ਸ਼ਬਦ ਵੀ ਯਮ ਦੇ ਅੱਗੇ 'ਨਿ' ਅਗੇਤਰ ਲਾ ਕੇ ਹੀ ਬਣਿਆ ਹੈ। ਯੋਗ ਵਿਚ ਯਮ ਇਹ ਦੱਸਦੇ ਹਨ ਕਿ ਮਨੁਖ ਨੂੰ ਸਮਾਜ ਵਿਚ ਕਿਵੇਂ ਵਰਤਾਉ ਕਰਨਾ ਚਾਹੀਦਾ ਹੈ ਤੇ ਨਿਯਮ ਇਹ ਦੱਸਦੇ ਹਨ ਮਨੁਖ ਨੇ ਵਿਅਕਤੀਗਤ ਤੌਰ 'ਤੇ ਕਿਵੇਂ ਵਿਚਰਨਾ ਹੈ। ਨਿਯਮ ਨੂੰ ਕਿਸੇ ਕਾਇਦੇ ਕਾਨੂੰਨ ਦੇ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ ਅਰਥਾਤ ਕੋਈ ਪ੍ਰਕਿਰਿਆ ਕਿਹੜੇ ਕਾਇਦੇ ਅਨੁਸਾਰ ਨਿਯੰਤ੍ਰਿਤ ਹੁੰਦੀ ਹੈ। ਨਿਯਮ ਸ਼ਬਦ ਤੋਂ ਹੀ ਮੁਖ-ਸੁਖ ਕਾਰਨ ਨੇਮ ਸ਼ਬਦ ਬਣ ਗਿਆ ਤੇ ਅੱਗੋਂ ਨਿਤਨੇਮ। "ਨੇਮ ਨਿਬਾਹਿਓ ਸਤਿਗੁਰੂ" (ਗੁਰੂ ਅਰਜਨ ਦੇਵ)। ਇਸ ਦਾ ਹੋਰ ਵਿਕਾਸ ਨਿਯਤ ਸ਼ਬਦ ਹੈ ਜਿਸ ਦਾ ਅਰਥ ਹੈ, ਨਿਯਮ ਵਿਚ ਬੱਝਾ, ਮੁਕੱਰਰ। ਯੋਗ ਦਾ ਤੀਜਾ ਪੜਾਅ ਹੈ, ਵਿਭਿੰਨ ਆਸਣ ਅਤੇ ਚੌਥਾ ਹੈ, ਪ੍ਰਾਣਯਾਮ। ਧਿਆਨ ਦਿਓ, ਪ੍ਰਾਣਯਾਮ ਸ਼ਬਦ ਵਿਚ ਵੀ ਯਮ ਤੋਂ ਬਣੇ ਯਾਮ ਸ਼ਬਦ ਅੱਗੇ ਪ੍ਰਾਣ (ਸਾਹ) ਲੱਗਾ ਹੋਇਆ ਹੈ। ਸੋ ਇਸ ਦਾ ਮਤਲਬ ਬਣਦਾ ਹੈ, ਸਾਹ ਰੋਕਣ ਜਾਂ ਇਸ 'ਤੇ ਕਾਬੂ ਪਾਉਣ ਨਾਲ ਚਿੱਤ ਇਕਾਗਰ ਕਰਨਾ।

ਜੰਮਣਾ ਸ਼ਬਦ ਦੇ ਦੋ ਅਰਥ ਹੁੰਦੇ ਹਨ, ਇਕ ਤਾਂ ਜਨਮ ਲੈਣਾ ਤੇ ਦੂਜਾ ਕਿਸੇ ਤਰਲ ਪਦਾਰਥ ਦਾ ਠੰਡ ਕਾਰਨ ਠੋਸ ਰੂਪ ਧਾਰਨ ਕਰਨਾ ਜਿਵੇਂ ਦਹੀਂ ਆਦਿ ਦਾ ਜੰਮਣਾ। ਦੋਵੇਂ ਅਰਥ ਨਿਰੁਕਤੀ ਪੱਖੋਂ ਅੱਡੋ ਅੱਡ ਹਨ। ਦੂਜਾ ਅਰਥ ਚਰਚਿਤ ਧਾਤੂ ਯਮ ਤੋਂ ਹੀ ਬਣਿਆ ਹੈ। ਦੁਧ ਨੂੰ ਜਮਾਉਣ ਵਾਲੇ ਪਦਾਰਥ ਨੂੰ ਜੰਮਣ ਕਹਿੰਦੇ ਹਨ। ਦੁਆਬੇ ਵਿਚ ਇਸ ਨੂੰ ਜਾਗ ਵੀ ਆਖਦੇ ਹਨ। 'ਉਤੋਂ ਆਈ ਧੰਮੀ ਤੇ ਦਹੀਂ ਨਹੀਂ ਜੰਮੀ।' ਇਹ ਸ਼ਬਦ ਲਾਖਣਿਕ ਅਰਥਾਂ ਵਿਚ ਵੀ ਵਰਤਿਆ ਜਾਂਦਾ ਹੈ ਜਿਵੇਂ ਪੈਰ ਜੰਮਣੇ, ਮਹਿਫਿਲ ਜੰਮਣੀ, ਜੰਮ ਕੇ ਲੜਨਾ।

ਸੰਜਮ ਸ਼ਬਦ ਵੀ ਇਸੇ ਧਾਤੂ ਨਾਲ ਜਾ ਜੁੜਦਾ ਹੈ। ਇਸ ਦਾ ਸੰਸਕ੍ਰਿਤ ਰੂਪ ਹੈ, ਸੰਯਮ। ਸੰਜਮ ਕਰਨਾ ਹੁੰਦਾ ਹੈ, ਸਵੈ-ਕਾਬੂ ਪਾਉਂਦਿਆਂ ਕਿਸੇ ਕੰਮ ਨੂੰ ਅਤਿਤਾਈ ਵੱਲ ਲੈ ਜਾਣ ਤੋਂ ਰੋਕਣਾ। ਮਿਸਾਲ ਵਜੋਂ ਇੰਦਰੀਆਂ ਨੂੰ ਵਿਕਾਰਾਂ ਵਲੋਂ ਰੋਕਣ ਦੇ ਜਤਨ, "ਸੰਜਮ ਸਤ ਸੰਤੋਖ ਸੀਲ", "ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ" (ਗੁਰੂ ਅਰਜਨ ਦੇਵ)।

ਧਨ ਜਾਂ ਹੋਰ ਪਦਾਰਥਾਂ ਨੂੰ ਸਰਫੇ ਨਾਲ ਵਰਤਣ ਨੂੰ ਵੀ ਸੰਜਮ ਕਰਨਾ ਆਖਦੇ ਹਨ। "ਉਦਮ ਅੱਗੇ ਲੱਛਮੀ ਜਿਉਂ ਪੱਖੇ ਅੱਗੇ ਪੌਣ, ਦਲਿੱਦਰੀ ਘਰ ਦੀ ਗਊ ਦਾ ਦੁਧ ਵੀ ਕਦੇ ਨਾ ਚੋਣ" ਕਾਵਿ-ਟੁਕੜੀ ਵਿਚਲਾ ਉਦਮ ਸ਼ਬਦ ਵਿਚ ਵੀ ਲੁਕ ਛਿਪ ਕੇ ਇਹੀ ਧਾਤੂ ਬੋਲ ਰਿਹਾ ਹੈ। ਇਸ ਦਾ ਸੰਸਕ੍ਰਿਤ ਰੂਪ ਹੈ, 'ਉਦਯਮ।' ਉਦਮ ਅਗੇਤਰ ਦਾ ਮਤਲਬ ਹੁੰਦਾ ਹੈ, ਉਪਰ ਜਾਂ ਉਚਾ। ਸੋ ਉਦਮ ਦਾ ਸ਼ਾਬਦਿਕ ਅਰਥ ਹੋਇਆ ਉਪਰ ਨੂੰ ਚੁੱਕਣਾ। ਅਸੀਂ ਉਦਮ ਕਰਨ ਲਈ ਚੱਕਣ ਚੱਕਣਾ ਵੀ ਕਹਿ ਦਿੰਦੇ ਹਾਂ। ਇਸੇ ਧਾਤੂ ਤੋਂ ਬਣਿਆ ਹੈ ਅੰਤਰਯਾਮੀ ਜੋ ਪੰਜਾਬੀ ਵਿਚ ਅੰਤਰਜਾਮੀ ਵਜੋਂ ਚਲਦਾ ਹੈ। ਇਸ ਦਾ ਅਰਥ ਮਹਾਨ ਕੋਸ਼ ਅਨੁਸਾਰ ਅੰਦਰ ਪਹੁੰਚ ਸਕਣ ਵਾਲਾ, ਦਿਲ ਦੀ ਜਾਨਣ ਵਾਲਾ ਹੈ। "ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ॥ ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ॥ (ਗੁਰੂ ਰਾਮ ਦਾਸ) ਇਸ ਦਾ ਅਸਲ ਅਰਥ ਹੈ ਜੋ ਦੂਜੇ ਦੇ ਅੰਦਰ ਨੂੰ ਕੰਟਰੋਲ ਕਰ ਸਕੇ ਜਾਂ ਪ੍ਰਭਾਵਿਤ ਕਰ ਸਕੇ। ਜਿਸ ਵਿਚ ਅਜਿਹੀ ਸ਼ਕਤੀ ਹੈ, ਉਹ ਦੂਸਰੇ ਦਾ ਸਭ ਕੁਝ ਜਾਣਦਾ ਹੈ। ਧਾਰਮਿਕ ਨਜ਼ਰੀਏ ਤੋਂ ਪਰਮਾਤਮਾ ਤੋਂ ਬਿਨਾ ਹੋਰ ਕੌਣ ਅਜਿਹਾ ਕਰ ਸਕਦਾ ਹੈ?

ਕੁਝ ਵਿਦਵਾਨਾਂ ਨੇ ਯਮ-ਯਮੀ ਦੇ ਸਮਾਨਅੰਤਰ ਹੋਰ ਹਿੰਦ ਯੂਰਪੀ ਸਭਿਅਤਾਵਾਂ ਵਿਚ ਵੀ ਅਜਿਹੇ ਦੇਵਤੇ ਲੱਭੇ ਹਨ। ਇਕ ਭਾਰੋਪੀ ਮੂਲ 'Yemos' ਦਾ ਸੁਝਾਅ ਦਿੱਤਾ ਗਿਆ ਹੈ ਜਿਸ ਦਾ ਅਰਥ ਹੈ, ਜੌੜਾ। ਨੌਰਸ ਦਾ ਆਦੀ ਦੇਵਤਾ ਯਮੀਰ ਇਸ ਨਾਲ ਜੋੜਿਆ ਜਾਂਦਾ ਹੈ। ਪਰ ਇਸ ਮਿਥ ਵਿਚ ਯਮੀਰ ਜੌੜਾ ਨਹੀਂ ਹੈ। ਇਸ ਦੀ ਯਮ ਨਾਲ ਸਾਂਝ ਇਸ ਗੱਲ ਵਿਚ ਹੈ ਕਿ ਉਹ ਵੀ ਆਦੀ ਅਤੇ ਅਮਰ ਹੈ। ਅਵੇਸਤਾ ਵਿਚ ਯਿਮਾ ਕਸ਼ੇਤਾ ਨਾਂ ਦੇ ਦੇਵਤੇ ਦਾ ਜ਼ਿਕਰ ਆਉਂਦਾ ਹੈ। ਇਰਾਨ ਦੀ ਇਸ ਮਿਥ ਵਿਚ ਯਿਮਾ ਵੀ ਸਭ ਤੋਂ ਪਹਿਲਾਂ ਮਰਨ ਵਾਲਾ ਅਤੇ ਮਾਨਵ ਜਾਤੀ ਦੇ ਮਹਾਨ ਰਾਜੇ ਵਜੋਂ ਸਾਹਮਣੇ ਆਉਂਦਾ ਹੈ। ਬਾਅਦ ਵਿਚ ਇਹ ਸ਼ਬਦ ਜਮਸ਼ੈਦ ਵਿਚ ਰੁਪਾਂਤ੍ਰਿਤ ਹੋ ਗਿਆ। ਜਮਸ਼ੈਦ ਪਾਰਸੀਆ ਦਾ ਨਾਂ ਹੁੰਦਾ ਹੈ ਜਿਵੇਂ ਜਮਸ਼ੈਦ ਟਾਟਾ। ਉਂਜ ਇਹ ਸਭ ਅਜੇ ਕਿਆਫ਼ੇ ਹੀ ਹਨ।

---


# 'ਕਿੱਸਾ ਪੰਜਾਬ' ਨਾਮੀ ਫਿਲਮ ਦੇ ਨਿਰਮਾਤਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਅੱਜ ਕੱਲ੍ਹ ਇਕ ਨਵੀਂ ਪੰਜਾਬੀ ਫਿਲਮ 'ਕਿੱਸਾ ਪੰਜਾਬ' ਦੀ ਬੜੀ ਚਰਚਾ ਹੈ। ਮੈਂ ਇਸ ਦੀ ਪ੍ਰੋਡਕਸ਼ਨ ਦੇ ਵੱਖ-ਵੱਖ ਪੜਾਵਾਂ ਤੋਂ ਜਾਣੂ ਹਾਂ। ਇਸ ਦੀ ਕਹਾਣੀ ਸਕਰੀਨ ਪਲੇਅ ਤੇ ਡਾਇਲਾਗ ਲਿਖਣ ਵਿਚ ਮੇਰੇ ਅਜ਼ੀਜ਼ ਉਦੈ ਪ੍ਰਤਾਪ ਸਿੰਘ ਦਾ ਵੱਡਾ ਯੋਗਦਾਨ ਹੈ। ਜਦੋਂ ਉਹ ਫਿਲਮ ਦੇ ਡਾਇਰੈਕਟਰ ਜਤਿੰਦਰ ਮੌਹਰ ਨਾਲ ਕਦਮ ਮਿਲਾ ਕੇ ਚਲ ਰਿਹਾ ਸੀ ਤਾਂ ਮੈਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਉਹ ਇਕ ਅਜਿਹੀ ਫਿਲਮ ਬਣਾਉਣ ਵਿਚ ਰੁੱਝੇ ਹੋਏ ਹਨ ਜਿਹੜੀ ਪੰਜਾਬ ਦੀ ਡੋਬੇ ਖਾ ਰਹੀ ਜਵਾਨੀ ਨੂੰ ਉਨ੍ਹਾਂ ਦਾ ਮਾਣ ਮੱਤਾ ਪੰਜਾਬ ਚੇਤੇ ਕਰਾ ਰਹੀ ਹੈ। ਇਥੇ ਕਿਹੜੇ ਪੰਜਾਬ ਦਾ ਕਿੱਸਾ ਪੇਸ਼ ਹੋ ਰਿਹਾ ਸੀ? ਦਿਸਦੇ ਪੰਜਾਬ ਦਾ ਜਾਂ ਨਾ ਦਿਸਦੇ ਪੰਜਾਬ ਦਾ, ਪ੍ਰਤੱਖ ਪੰਜਾਬ ਦਾ ਜਾਂ ਅਣਗੌਲੇ ਪੰਜਾਬ ਦਾ; ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ ਸੀ। ਜਦੋਂ ਅਸੀਂ ਉਨ੍ਹਾਂ ਪਾਤਰਾ ਦੇ ਰੂਬਰੂ ਹੁੰਦੇ ਹਾਂ ਜਿਹੜੇ ਸ਼ੀਸ਼ੀਆ ਪੀ ਕੇ ਬੱਸਾਂ ਦੇ ਅੱਡਿਆ 'ਤੇ ਆਵਾਰਾਗਰਦੀ ਕਰ ਰਹੇ ਹਨ ਤਾਂ ਏਦਾ ਜਾਪਦਾ ਹੈ ਕਿ ਉਨ੍ਹਾਂ ਦਾ ਘਰ ਬਾਰ ਕੋਈ ਨਹੀਂ। ਉਹ ਬੇਕਾਰ ਹਨ ਤੇ ਉਨ੍ਹਾਂ ਨੇ ਬਿਨਾ ਕੋਈ ਕੰਮ-ਕਾਰ ਕੀਤਿਆਂ ਹੀ ਤੁਰ ਜਾਣਾ ਹੈ। ਇਹੋ ਸਵਾਲ ਮੰਚ ਉਤੇ ਨੱਚ ਰਹੀ ਜਵਾਨੀ ਦਾ ਹੈ। ਉਸ ਨੂੰ ਦੇਖ ਕੇ ਲਲਕਾਰੇ ਮਾਰਦੀ ਜਵਾਨੀ ਦਾ ਵੀ। ਇਥੇ ਕੋਈ ਨਾਇਕ ਨਹੀਂ ਤੇ ਨਾ ਹੀ ਕੋਈ ਖਲਨਾਇਕ ਹੈ। ਪਰ ਸੰਦੇਸ਼ ਸਪਸ਼ਟ ਹੈ, ਉਹ ਇਹ ਕਿ ਪੰਜਾਬ ਦੀ ਜਵਾਨੀ ਡੁੱਬ ਰਹੀ ਹੈ ਤੇ ਗੋਤੇ ਖਾ ਰਹੀ ਏਸ ਜਵਾਨੀ ਨੂੰ ਢਾਰਸ ਦੇਣ ਵਾਲਾ ਕੋਈ ਨਹੀਂ। ਫਿਲਮ ਵਿਚ ਇਸ ਦਾ ਉਤਰ ਡੋਬੇ ਦੇ ਕਾਰਨ ਦਿੰਦੇ ਹਨ ਜਿਨ੍ਹਾਂ ਨੂੰ ਜਤਿੰਦਰ ਮੌਹਰ ਦੀ ਦਿਭ-ਦ੍ਰਿਸ਼ਟੀ ਨੇ ਦਰਸ਼ਕਾਂ ਦੇ ਸਾਹਮਣੇ ਜੀਵਤ ਰੂਪ ਵਿਚ ਪੇਸ਼ ਕੀਤਾ ਹੈ। ਜਦੋਂ ਇਹ ਫਿਲਮ ਸਾਊਥ ਏਸ਼ੀਆ ਦੇ ਇੰਟਰਨੈਸ਼ਲ ਫਿਲਮ ਫੈਸਟੀਵਲ ਵਿਚ ਪੇਸ਼ ਹੋਈ ਤਾਂ ਮੇਰੇ ਟੋਰਾਂਟੋ ਵਾਸੀ ਮਿੱਤਰਾਂ ਦਾ ਹੁੰਗਾਰਾ ਬੜਾ ਹਾਂ-ਪੱਖੀ ਸੀ। ਫਿਲਮ ਇੱਕ ਤੇ ਕਿੱਸੇ ਵੀਹ ਦਾ




ਨਾਂ ਹੈ 'ਕਿੱਸਾ ਪੰਜਾਬ।' ਇਸ ਦਾ ਅੰਤਮ ਰੂਪ ਕਿਹੋ ਜਿਹਾ ਹੈ, ਮੈਨੂੰ ਉਸ ਦੀ ਝਾਕ ਲੱਗੀ ਹੋਈ ਹੈ।

**'ਲਹੂ ਮਿੱਟੀ' ਵਾਲਾ ਸੰਤ ਸਿੰਘ ਸੇਖੋਂ:** ਪੰਜਾਬੀ ਕਹਾਣੀ ਨੂੰ ਪੱਛਮੀ ਵਿਧਾ ਵਿਚ ਢਾਲਣ ਵਾਲਾ ਤੇ 'ਲਹੂ ਮਿੱਟੀ' ਨਾਂ ਦੇ ਨਾਵਲ ਦਾ ਲੇਖਕ ਸੰਤ ਸਿੰਘ ਸੇਖੋਂ ਮੇਰਾ ਦਿਸ਼ਾ ਨਿਰਦੇਸ਼ਕ ਵੀ ਸੀ ਤੇ ਸੀਨੀਅਰ ਮਿੱਤਰ ਵੀ। ਉਸ ਦੇ 105ਵੇਂ ਜਨਮ ਦਿਨ ਉਤੇ ਸੁਰਜੀਤ ਪਾਤਰ ਨੇ ਉਸ ਨੂੰ ਪੰਜਾਬੀ ਸਾਹਿਤ ਦੀਆਂ ਹੱਦਾਂ ਦਾ ਵਿਸਤਾਰ ਕਰਤਾ ਕਿਹਾ ਹੈ। ਉਹ ਮਹਾਨ ਸਿਰਜਕ ਤੇ ਮਹਾਨ ਉਸਰਈਆ ਸੀ ਇਹਦੇ ਬਾਰੇ ਦੋ ਰਾਵਾਂ ਨਹੀਂ। ਉਹ ਕਿੰਨਾ ਉਤਮ ਨਾਟਕਕਾਰ ਸੀ, ਪਿਛਲੇ ਹਫਤੇ 'ਨਾਟ ਸੰਵਾਦ' ਸੰਸਥਾ ਵਲੋਂ ਪੰਜਾਬੀ ਭਵਨ ਲੁਧਿਆਣਾ ਵਿਚ ਕਰਵਾਏ ਗਏ ਸਮਾਗਮ ਨੇ ਉਭਾਰਿਆ ਹੈ। ਇਸ ਸੰਸਥਾ ਦੇ ਕਰਤਾ-ਧਰਤਾ ਕੌਣ ਹਨ ਇਹ ਤਾ ਮੈਂ ਨਹੀਂ ਜਾਣਦਾ, ਪਰ ਪਤਾ ਲੱਗਿਆ ਹੈ ਕਿ ਸਮਾਗਮ ਵਿਚ ਸ਼ਿਰਕਤ ਕਰਨ ਵਾਲਿਆਂ ਵਿਚ ਸੁਰਜੀਤ ਪਾਤਰ ਤੋਂ ਬਿਨਾ ਜਸਵੰਤ ਸਿੰਘ ਕੰਵਲ, ਸਵਰਾਜਬੀਰ, ਤੇਜਵੰਤ ਗਿੱਲ, ਪਾਲ ਕੌਰ ਤੇ ਜਗਮੋਹਨ ਸਿੰਘ ਵੀ ਸਨ।

ਸਮਾਗਮ ਵਿਚ ਹਿੱਸਾ ਲੈਣ ਵਾਲੇ ਬੁਲਾਰਿਆਂ ਨੇ ਸੇਖੋਂ ਦੇ ਉਸ ਦਰਦ ਦੀ ਥਾਹ ਪਾਈ ਜਿਹੜਾ ਉਸ ਦੇ ਮਨ ਵਿਚ ਧੁਰ ਅੰਦਰ ਤੱਕ ਵੱਸਿਆ ਹੋਇਆ ਸੀ। ਸੇਖੋਂ ਦੀ ਸਿਰਜਣ ਪ੍ਰਕ੍ਰਿਆ ਵਿਚੋਂ ਪੰਜਾਬ ਦੀ ਲਹੂ ਮਿੱਟੀ ਨਿਚੋੜਨ ਦੇ ਪੱਖ ਤੋਂ ਇਹ ਸਮਾਗਮ ਸੱਚ-ਮੁੱਚ ਹੀ ਬੜਾ ਅਹਿਮ ਸੀ। ਇਹ ਗੱਲ ਵੀ ਓਨੇ ਹੀ ਮਹੱਤਵ ਵਾਲੀ ਹੈ ਕਿ ਇਸ ਮੌਕੇ ਉਘੇ ਨਾਟਕਾਕਰ ਸਵਰਾਜਬੀਰ ਦਾ ਸਨਮਾਨ ਕਰਨ ਲਈ ਸੇਖੋਂ ਰਚਿਤ 'ਸਾਹਿਤਿਆਰਥ' ਭੇਟ ਕੀਤੀ ਗਈ। ਭਾਵੇਂ ਸੰਤ ਸਿੰਘ ਸੇਖੋਂ ਨੂੰ ਕੇਂਦਰ ਦੀ ਸਾਹਿਤ ਅਕਾਡਮੀ ਦਾ ਪੁਰਸਕਾਰ ਉਸਦੇ ਨਾਟਕ 'ਮਿੱਤਰ ਪਿਆਰਾ' ਉਤੇ ਮਿਲਿਆ, ਪਰ ਪੰਜਾਬੀ ਆਲੋਚਨਾ ਦੇ ਖੇਤਰ ਵਿਚ 'ਸਾਹਿਤਿਆਰਥ' ਨੇ ਨਵੀਆਂ ਤੇ ਗੌਲਣਯੋਗ ਲੀਹਾਂ ਪਾਈਆਂ, ਜਿਨ੍ਹਾਂ ਨੂੰ ਆਧਾਰ ਬਣਾ ਕੇ ਅੱਜ ਦੇ ਸਾਹਿਤ ਆਲੋਚਕ ਨਾਮਣਾ ਖੱਟ ਰਹੇ ਹਨ।

**ਪਹਾੜੀ ਖੇਤਰ ਵਿਚ ਗੱਡੀਆਂ ਦੀ ਬਹੁਲਤਾ:** ਏਸ ਵਰ੍ਹੇ ਮੌਸਮੀ ਅਦਲਾ-ਬਦਲੀ ਨੇ ਪਹਾੜੀ ਖੇਤਰ ਵਿਚ ਵੀ ਅੰਤਾਂ ਦੀ ਪ੍ਰੇਸ਼ਾਨੀ ਲਿਆਂਦੀ ਹੈ। ਮਨਾਲੀ ਦੀ ਨਗਰਪਾਲਿਕਾ ਵੱਲੋਂ ਮਨਾਲੀ ਤੇ ਰੋਹਤਾਗ ਪਾਸ/ਦੱਰਾ ਜਾਣ ਵਾਲੀਆਂ ਪਟਰੌਲ ਡੀਜ਼ਲ ਤੇ ਵੱਡੀਆਂ ਵਪਾਰਕ ਗੱਡੀਆਂ ਉਤੇ ਕ੍ਰਮਵਾਰ 1000, 2500 ਤੇ 5000 ਰੁਪਏ ਦਾ ਪਰਮਿਟ ਲਾਉਣ ਦੇ ਬਾਵਜੂਦ ਗੱਡੀਆਂ ਦੀ ਭੀੜ ਦਾ ਅੰਤ ਨਹੀਂ ਸੀ। ਇਥੋਂ ਤੱਕ ਕਿ ਨਗਰਪਾਲਿਕਾ ਨੂੰ ਗੋਲਾਬਾ ਚੈਕ ਪੋਸਟ ਲੰਘਣ ਵਾਲੀਆਂ ਗੱਡੀਆਂ ਦੀ ਗਿਣਤੀ 1000 (600 ਪੈਟਰੌਲ ਤੇ 400 ਡੀਜ਼ਲ) ਤਕ ਸੀਮਤ ਕਰਨੀ ਪਈ। ਏਨੀਆਂ ਗੱਡੀਆਂ ਤਾ ਸਵੇਰ ਦੇ 9 ਵੱਜਣ ਤੱਕ ਹੀ ਲੰਘ ਜਾਦੀਆਂ ਸਨ ਤੇ ਬਾਕੀਆਂ ਨੂੰ ਵਾਪਸ ਪਰਤਣਾ ਪੈ ਰਿਹਾ ਸੀ। ਜਿਹੜੇ ਟੂਰਿਸਟ ਰੋਹਤਾਗ ਜਾਣ ਲਈ ਦਿਨ-ਰਾਤ ਇਕ ਕਰਕੇ ਪਹੁੰਚੇ ਸਨ, ਉਨ੍ਹਾਂ ਦੀ ਨਿਰਾਸ਼ਾ ਦਾ ਅਨੁਮਾਨ ਲਾਉਣਾ ਔਖਾ ਨਹੀਂ। ਅੱਜ ਦੇ ਮਨਾਲੀ, ਡਲਹੌਜ਼ੀ, ਧਰਮਸ਼ਾਲਾ, ਸ਼ਿਮਲਾ, ਕਸੌਲੀ ਕਾਰਾਂ ਤੇ ਗੱਡੀਆਂ ਦੇ ਵੱਡੇ ਗੜ੍ਹ ਹਨ। ਸ਼ਿਮਲਾ ਦੀ ਨਗਰਪਾਲਿਕਾ ਇੱਕ ਪਰਿਵਾਰ ਕੋਲ ਗੱਡੀਆਂ ਦੀ ਗਿਣਤੀ ਉਤੇ ਇੱਕ ਤੋਂ ਵੱਧ ਰੱਖਣ ਉਤੇ ਰੋਕ ਲਾਉਣ ਦੀ ਸੋਚ ਰਹੀ ਹੈ। ਇੱਕ ਅਨੁਮਾਨ ਅਨੁਸਾਰ ਓਥੇ ਗੱਡੀਆਂ ਦੀ ਗਿਣਤੀ 80,000 ਨੂੰ ਢੁੱਕ ਚੁੱਕੀ ਹੈ। ਏਸ ਰੋਕ ਵਿਚ ਹੋਣ ਵਾਲੀਆਂ ਚੋਰ-ਮੋਰੀਆਂ ਦੀ ਘੁਸਰਮੁਸਰ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਕੀ ਪਾਲਿਕਾਵਾਂ ਏਸ ਵਾਧੇ ਨੂੰ ਰੋਕ ਸਕਦੀਆਂ ਹਨ, ਉਕਾ ਹੀ ਨਹੀਂ। ਮਸਲਾ 'ਜਾਏਂ ਤੋਂ ਜਾਏਂ ਕਹਾਂ' ਦਾ ਨਹੀਂ, 'ਰਹੀਏ ਤੋਂ ਰਹੀਏ ਕਹਾਂ' ਦਾ ਹੈ। ਵੇਖੀਏ ਕੌਣ ਜਿੱਤਦਾ ਹੈ?

1960 ਵਿਚ ਮੈਂ ਤੇ ਮੇਰਾ ਪੱਤਰਕਾਰ ਮਿੱਤਰ ਰਾਜ ਗਿੱਲ ਰੋਹਤਾਗ ਗਏ ਸਾਂ। ਅਸੀਂ ਡੇਢ ਹਾਰਸ ਪਾਵਰ ਦੇ ਰਾਇਲ ਇਨਫੀਲਡ ਮੋਟਰਸਾਈਕਲ ਉਤੇ ਦਿੱਲੀ ਤੋਂ ਗਏ ਸਾਂ। ਓਦੋਂ ਅਸੀਂ ਆਪਣਾ ਮੋਟਰਸਾਈਕਲ ਵੀ ਓਥੇ ਨਹੀਂ ਸੀ ਲਿਜਾ ਸਕੇ ਤੇ ਇਸ ਨੂੰ ਮੜ੍ਹੀ ਨਾਂ ਦੇ ਇਕ ਸਥਾਨ 'ਤੇ ਚਾਹ ਦੀ ਦੁਕਾਨ ਉਤੇ ਛੱਡ ਕੇ ਪੈਦਲ ਹੀ ਰੋਹਤਾਗ ਪਾਰ ਕਰਕੇ ਆਏ ਸਾਂ।

ਮੈਂ ਨਿਸਚੇ ਨਾਲ ਤਾ ਨਹੀਂ ਕਹਿ ਸਕਦਾ ਪਰ ਮੜ੍ਹੀ ਨਾਂ ਦੇ ਸਥਾਨ ਨੂੰ ਹੀ ਅਜ ਗੋਲਾਬਾ ਚੈਕ ਪੋਸਟ ਕਹਿੰਦੇ ਹੋਣਗੇ। ਏਥੋਂ ਅੱਜ ਹਜ਼ਾਰਾਂ ਗੱਡੀਆਂ ਲੰਘ ਰਹੀਆਂ ਹਨ ਤੇ 1960 ਵਿਚ ਨਿੱਕਾ ਮੋਟਰ ਸਾਈਕਲ ਨਹੀਂ ਸੀ ਲੰਘ ਸਕਿਆ। ਸੋਚੋ ਜ਼ਰਾ!

**ਅੰਤਿਕਾ:** ਇਕਬਾਲ ਸਿੰਘ ਢਿੱਲੋਂ

ਬਹੁਤ ਉਦਾਸ ਲੱਗੇ ਪਰ ਖੁਸ਼ਬੂ ਤੋਂ ਜਾਪੇ,
ਪੌਣ ਵਗੇ ਜੋ ਸਾਡੇ ਪਿੰਡਾਂ ਵਲ ਦੀ ਹੈ।
ਉਗ ਪੈਂਦੀ ਹੈ ਸਰਘੀ 'ਚੋਂ ਇਕ ਆਸ ਨਵੀਂ,
ਰਿਸ਼ਮਾਂ ਦੇ ਹੱਥ ਰੋਜ਼ ਸੁਨੇਹੇ ਘਲਦੀ ਹੈ।

# 'ਸੈਕੰਡ ਹੈਂਡ ਹਸਬੈਂਡ' ਮੂਵੀ 3 ਜੁਲਾਈ ਨੂੰ ਰਿਲੀਜ਼ ਹੋਵੇਗੀ

**ਸੈਨ ਫਰਾਂਸਿਸਕੋ (ਬਿਊਰੋ):** ਟਰੱਕਿੰਗ, ਮੋਟਲ ਅਤੇ ਗੋਲਡਨ ਜਿਮ ਦੇ ਵੱਡੇ ਕਾਰੋਬਾਰ ਤੋਂ ਬਾਅਦ ਗਾਖਲ ਬ੍ਰਦਰਜ਼-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਬਾਲੀਵੁੱਡ ਵਿਚ ਨਰੋਏ ਪੈਰੀਂ ਵੱਡੇ ਬਜਟ ਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਨਾਲ ਦਸਤਕ ਦਿੱਤੀ ਹੈ। ਉਨ੍ਹਾਂ ਨੇ ਹਾਸਰਸ ਤੇ ਉਦੇਸ਼ ਭਰਪੂਰ ਕਹਾਣੀ ਦੇ ਨਾਲ ਨਾਲ ਇਕ ਨਵੀਂ ਦਿਸ਼ਾ ਅਤੇ ਦਸ਼ਾ ਫਿਲਮ ਜਗਤ ਨੂੰ ਪ੍ਰਦਾਨ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ।



*ਫਿਲਮ ਦੀ ਸਮੁੱਚੀ ਸਟਾਰਕਾਸਟ ਪ੍ਰੈਸ ਮੀਟਿੰਗ ਤੋਂ ਪਹਿਲਾਂ।*

ਫਿਲਮ ਦੇ ਨਿਰਮਾਤਾ ਅਮੋਲਕ ਸਿੰਘ ਗਾਖਲ ਅਨੁਸਾਰ ਜਿਥੇ ਸੁਪਰ ਸਟਾਰ ਗੋਵਿੰਦਾ ਦੀ ਬੇਟੀ 'ਟੀਨਾ ਆਹੂਜਾ' ਪਹਿਲੀ ਵਾਰ ਵੱਡੇ ਪਰਦੇ 'ਤੇ ਦਿਸੇਗੀ ਉਥੇ ਹੀ ਪੰਜਾਬੀ ਫਿਲਮਾਂ ਵਿਚ ਨਰੋਏ ਪੈਰ ਟਿਕਾਉਣ ਪਿੱਛੋਂ ਪੰਜਾਬੀਆਂ ਦੇ ਚਹੇਤੇ ਅਦਾਕਾਰ ਤੇ ਕਲਾਕਾਰ ਗਿੱਪੀ ਗਰੇਵਾਲ ਦੀ ਇਹ ਪਹਿਲੀ ਵੱਡੀ ਹਿੰਦੀ ਫਿਲਮ ਹੋਵੇਗੀ। ਪੰਜਾਬੀਆਂ ਦਾ ਮਨਪਸੰਦ 'ਤੇ ਬਾਲੀਵੁੱਡ ਦਾ ਸਦਾਬਹਾਰ ਅਦਾਕਾਰ ਧਰਮਿੰਦਰ ਪਹਿਲੀ ਵਾਰ ਫਿਲਮ ਪ੍ਰੇਮੀਆਂ ਨੂੰ ਇਕ ਵੱਖਰੇ ਅੰਦਾਜ਼ ਵਿਚ ਵੇਖਣ ਨੂੰ ਮਿਲੇਗਾ। ਤਲਾਕ ਤੋਂ ਪਿੱਛੋ ਦੀਆਂ ਸਮੱਸਿਆਵਾਂ ਨੂੰ ਇਸ ਫਿਲਮ ਨੇ ਖੂਬਸੂਰਤ ਅਤੇ ਮਨੋਰੰਜਨ ਭਰੇ ਢੰਗ ਨਾਲ ਪੇਸ਼ ਕੀਤਾ ਹੈ। ਜਿਥੇ ਗੀਤਾ ਬਸਰਾ, ਸੰਜੇ ਮਿਸ਼ਰਾ, ਰਵੀ ਕਿਸ਼ਨ ਅਤੇ ਮੁਕੇਸ਼ ਤਿਵਾੜੀ ਦੀ ਖਾਸ ਭੂਮਿਕਾ ਹੋਵੇਗੀ ਉਥੇ ਹਿੰਦੀ ਫਿਲਮਾਂ ਵਿਚ ਗੁਰਪ੍ਰੀਤ ਘੁੱਗੀ ਵੀ ਆਪਣਾ ਆਹਲਾ ਸਦਾਬਹਾਰ ਪਰ ਵੱਖਰਾ ਅੰਦਾਜ਼ ਪੇਸ਼ ਕਰੇਗਾ।


ਮੁੰਬਈ ਵਿਚ ਫਿਲਮ ਦਾ ਟਰੇਲਰ ਰਿਲੀਜ਼ ਕਰਨ ਲਈ ਕਰਵਾਏ ਗਏ ਸਮਾਰੋਹ ਵਿਚ ਫਿਲਮ ਦੀ ਸਟਾਰ ਕਾਸਟ ਤੋਂ ਇਲਾਵਾ ਆਪਣੀ ਬੇਟੀ ਟੀਨਾ ਆਹੂਜਾ ਦੀ ਪਹਿਲੀ ਫਿਲਮ ਦੇ ਜਸ਼ਨਾਂ ਵਿਚ ਸ਼ਾਮਿਲ ਹੋਣ ਲਈ ਸੁਪਰ ਸਟਾਰ ਗੋਵਿੰਦਾ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਉਨ੍ਹਾਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਲਿਆਉਂਦਿਆਂ ਕਿਹਾ ਕਿ ਉਹ ਖੁਸ਼ਕਿਸਮਤ ਹੈ ਕਿ ਉਸ ਦੀ ਪੁੱਤਰੀ ਨੂੰ ਪਹਿਲੀ ਫਿਲਮ ਹੀ ਬਹੁਤ ਵੱਡੇ ਬਜਟ ਅਤੇ ਵੱਡੇ ਸਟਾਰਾਂ ਵਾਲੀ ਮਿਲੀ ਹੈ। ਉਨ੍ਹਾਂ ਕਿਹਾ ਕਿ ਦੇਸੀ ਰਾਕ ਸਟਾਰ ਗਿੱਪੀ ਗਰੇਵਾਲ ਪੰਜਾਬੀ ਫਿਲਮਾਂ ਦੇ ਹਿੱਟ ਹੋਣ ਦੀ ਗਰੰਟੀ ਬਣਿਆ ਹੋਇਆ ਹੈ ਅਤੇ ਟਰੇਲਰ ਦੱਸਦਾ ਹੈ ਕਿ ਉਹ ਹਿੰਦੀ ਫਿਲਮਾਂ ਵਿਚ ਵੀ ਧਮਾਕਾ ਕਰੇਗਾ। ਸੂਤਰਾਂ ਅਨੁਸਾਰ ਯੂ ਟਿਊਬ ਉਤੇ ਪਾਏ ਗਏ ਟਰੇਲਰ ਨੂੰ 48 ਘੰਟਿਆਂ ਵਿਚ ਹੀ ਵੇਖਣ ਵਾਲਿਆਂ ਦੀ ਗਿਣਤੀ ਲੱਖਾਂ ਵਿਚ ਹੋ ਗਈ ਹੈ।

ਅਮੋਲਕ ਗਾਖਲ ਅਨੁਸਾਰ ਉਨ੍ਹਾਂ ਨੇ ਨਾ ਤਾਂ ਇਹ ਫਿਲਮ ਆਪਣੇ ਨਾਂ ਲਈ ਬਣਾਈ ਹੈ ਅਤੇ ਨਾ ਹੀ ਸ਼ੌਕ ਪੂਰਿਆ ਹੈ, ਸਗੋਂ ਉਨ੍ਹਾਂ ਨੇ ਫਿਲਮ ਸੱਨਅਤ ਵਿਚ ਬਹੁਤ ਕੁਝ ਵੱਖਰਾ ਕਰਨ ਦੇ ਨਾਲ ਪੈਰ ਧਰੇ ਹਨ। ਫਿਲਮ ਵਿਚਲੇ ਗੀਤ 'ਮਿੱਠੀ ਮੇਰੀ ਜਾਨ' ਅਤੇ 'ਅੱਲ੍ਹਾ ਕਰੇ ਦਿਨ ਨਾ ਚੜ੍ਹੇ' ਨੂੰ ਵੀ ਰੱਜਵਾਂ ਪਿਆਰ ਮਿਲ ਰਿਹਾ ਹੈ। ਫਿਲਮ ਦਾ ਨਿਰਦੇਸ਼ਨ 'ਜੱਟ ਜੇਮਸ ਬਾਂਡ' ਵਰਗੀਆਂ ਹਿੱਟ ਫਿਲਮਾਂ ਦੇਣ ਵਾਲੇ ਸਮੀਪ ਕੰਗ ਨੇ ਕੀਤਾ ਹੈ। ਸੰਗੀਤ ਬਾਦਸ਼ਾਹ ਦਾ ਹੈ ਜਦੋਂ ਕਿ ਫਿਲਮ ਵਿਚਲੇ ਗੀਤਾਂ ਨੂੰ ਗਿੱਪੀ ਗਰੇਵਾਲ, ਸੁਨਿਧੀ ਚੌਹਾਨ ਅਤੇ ਲਾਭ ਜੰਜੂਆ ਨੇ ਗਾਇਆ ਹੈ। ਫਿਲਮ ਦੀ ਕਹਾਣੀ ਵੀ ਖੁਦ ਸਮੀਪ ਕੰਗ ਨੇ ਲਿਖੀ ਹੈ। ਕੰਗ ਨੇ ਦੱਸਿਆ ਕਿ ਤਲਾਕ ਤੋਂ ਬਾਅਦ ਇਕ ਪਤੀ ਨੂੰ ਆਪਣੇ ਬੱਚਿਆਂ ਤੇ ਪਤਨੀ ਨੂੰ ਕਿਵੇਂ ਖਰਚਾ ਅਦਾ ਕਰਨਾ ਪੈਂਦਾ ਹੈ ਅਤੇ ਜਿਹੜੀਆਂ ਸਮੱਸਿਆਵਾਂ ਘੇਰਦੀਆਂ ਹਨ, ਉਨ੍ਹਾਂ ਨੂੰ ਹਾਸਰਸ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ। ਉਨਾਂ ਦਾਅਵਾ ਕੀਤਾ ਕਿ 'ਸੈਕੰਡ ਹੈਂਡ ਹਸਬੈਂਡ' ਫਿਲਮ ਵਿਚ ਨਾ ਸਿਰਫ ਟੀਨਾ ਅਹੂਜਾ ਸਿਖਰ ਬਣਾਵੇਗੀ ਸਗੋਂ ਗਿੱਪੀ ਗਰੇਵਾਲ ਵੀ ਹਿੰਦੀ ਫਿਲਮ ਜਗਤ ਲਈ ਇਕ ਵਧੀਆ ਅਭਿਨੇਤਾ ਸਾਬਿਤ ਹੋਵੇਗਾ।

ਸ. ਗਾਖਲ ਨੇ ਕਿਹਾ ਕਿ ਅਸੀਂ ਪੁੱਤ ਤਾਂ ਜੱਟਾਂ ਦੇ, ਪੈੜਾਂ ਟਰਾਂਸਪੋਰਟ 'ਚ ਪਾਈਆਂ ਨੇ ਤੇ ਮੋਟਲ ਬਿਜ਼ਨਸ ਵਿਚ ਵੀ ਤੇ ਫਿਲਮ ਜਗਤ ਵਿਚ ਵੀ ਉਨ੍ਹਾਂ ਨੂੰ ਆਪਣੀ ਸਫਲਤਾ ਦਾ ਪੂਰਾ ਵਿਸ਼ਵਾਸ ਹੈ। ਦੁਨੀਆਂ ਭਰ ਵਿਚ 3 ਜੁਲਾਈ ਨੂੰ ਇਸ ਫਿਲਮ ਦੇ ਰਿਲੀਜ਼ ਹੋਣ ਪਿੱਛੋਂ ਨਵੀ ਪੰਜਾਬੀ ਤੇ ਹਿੰਦੀ ਫਿਲਮ ਬਣਾਉਣ ਦਾ ਐਲਾਨ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਵੇਲੇ ਵਿਸ਼ਵ ਦਾ ਸਮੁੱਚਾ ਹਿੰਦੀ ਅਤੇ ਪੰਜਾਬੀ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਇਸ ਫਿਲਮ ਨੂੰ ਪ੍ਰਮੋਟ ਕਰਨ ਲਈ ਪੱਬਾਂ ਭਾਰ ਹੋਇਆ ਪਿਆ ਹੈ। ਉਨ੍ਹਾਂ ਦੇਸ਼ ਵਿਦੇਸ਼ ਵਸਦੇ ਪੰਜਾਬੀਆਂ ਅਤੇ ਭਾਰਤੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਕ ਵਾਰ ਫਿਲਮ ਦੇਖਣ ਲਈ ਥਿਏਟਰ ਤੱਕ ਜਾਣ ਅਤੇ ਜਦੋਂ ਉਹ ਫਿਲਮ ਵੇਖ ਕੇ ਵਾਪਿਸ ਪਰਤਣਗੇ ਤਾਂ ਬਾਗੋ ਬਾਗ ਹੀ ਨਹੀਂ ਹੋਣਗੇ ਸਗੋਂ ਫਿਲਮ ਜਗਤ ਦੇ ਇਸ ਨਵੇਂ ਕ੍ਰਿਸ਼ਮੇ ਪ੍ਰਤੀ ਹਾਮੀ ਵੀ ਭਰਨਗੇ।


*ਟੀਨਾ, ਗਿੱਪੀ, ਧਰਮਿੰਦਰ ਤੇ ਗੋਵਿੰਦਾ ਆਪੋ ਆਪਣੇ ਅੰਦਾਜ਼ 'ਚ*


*ਗਿੱਪੀ, ਗੋਵਿੰਦਾ ਤੇ ਟੀਨਾ ਪੱਤਰਕਾਰਾਂ ਨਾਲ*



*ਟੀਨਾ ਅਹੂਜਾ, ਗਿੱਪੀ ਗਰੇਵਾਲ ਤੇ ਧਰਮਿੰਦਰ ਫਿਲਮ ਦੇ ਇਕ ਦ੍ਰਿਸ਼ ਵਿਚ*

# 47 ਤੋਂ 52: ਸਿਨੇਮਾ ਦਾ ਸੁਨਹਿਰੀ ਦੌਰ

**ਆਵਾਜ਼ ਦੇ ਕਹਾਂ ਹੈ... -5-**




**ਕੁਲਦੀਪ ਕੌਰ**
ਫੋਨ: +91-98554-04330

ਸੰਤਾਲੀ ਦੀ ਵੰਡ ਤੋਂ ਬਾਅਦ ਲੱਗ ਰਿਹਾ ਸੀ ਜਿਵੇਂ ਪੰਜਾਬੀ ਫਿਲਮ ਜਗਤ ਤਾਂ ਜ਼ਖਮਾਂ ਦੀ ਭਿਅੰਕਰਤਾ ਤੋਂ ਤ੍ਰਬਕਦਾ ਹੋਇਆ ਇਨ੍ਹਾਂ ਨੂੰ ਛੇੜਨ ਤੋਂ ਵੀ ਡਰ ਰਿਹਾ ਸੀ ਤੇ ਹਿੰਦੀ ਫਿਲਮ ਸਨਅਤ ਇਨ੍ਹਾਂ ਜ਼ਖਮਾਂ ਨੂੰ ਆਪਸੀ ਸਦਭਾਵਨਾ, ਭਾਈਚਾਰੇ ਅਤੇ ਸਾਂਝੀਆਂ ਤੰਦਾਂ ਰਾਹੀਂ ਸਮਝਣ ਦਾ ਯਤਨ ਕਰ ਰਹੀ ਸੀ। ਇਸ ਪ੍ਰਸੰਗ ਵਿਚ ਤਿੰਨ ਫਿਲਮਾਂ ਦਾ ਜ਼ਿਕਰ ਜ਼ਰੂਰੀ ਹੈ। ਪਹਿਲੀ ਸੀ 'ਬੈਜੂ ਬਾਵਰਾ'। ਇਹ ਫਿਲਮ 1952 ਵਿਚ ਰਿਲੀਜ਼ ਹੋਈ। ਫਿਲਮ ਦੇ ਨਿਰਦੇਸ਼ਕ ਵਿਜੇ ਭੱਟ ਸਨ ਅਤੇ ਇਸ ਵਿਚ ਮੁੱਖ ਰੋਲ ਭਾਰਤ ਭੂਸ਼ਣ ਅਤੇ ਮੀਨਾ ਕੁਮਾਰੀ ਦਾ ਸੀ। ਸੰਗੀਤਕਾਰ ਨੌਸ਼ਾਦ ਦੇ ਕਰੀਅਰ ਦੀ ਇਹ ਸਭ ਤੋਂ ਮਹੱਤਵਪੂਰਨ ਫਿਲਮ ਹੈ।

ਫਿਲਮ ਮੁਗਲ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਗਾਇਕ ਰਹੇ ਬੈਜੂ ਬਾਵਰਾ ਦੀ ਜੀਵਨੀ 'ਤੇ ਆਧਾਰਤ ਸੀ। ਫਿਲਮ ਦੇ ਮੁੱਖ ਪਾਤਰ ਬੈਜੂ ਬਾਵਰਾ ਨੂੰ ਇਹ ਗਲਤਫਹਿਮੀ ਹੋ ਜਾਂਦੀ ਹੈ ਕਿ ਉਸ ਦੇ ਪਿਤਾ ਦਾ ਕਾਤਲ ਅਕਬਰ ਦੇ ਦਰਬਾਰ ਦਾ ਗਾਇਕ ਤਾਨਸੇਨ ਹੈ। ਬਦਲੇ ਦੀ ਭਾਵਨਾ ਨਾਲ ਉਹ ਤਾਨਸੇਨ ਨੂੰ ਗਾਇਕੀ ਦੇ ਮੁਕਾਬਲੇ ਲਈ ਵੰਗਾਰਦਾ ਹੈ।

ਦੂਜੀ ਫਿਲਮ ਸੀ 1953 ਵਿਚ ਬਣੀ 'ਅਨਾਰਕਲੀ'। ਇਸ ਫਿਲਮ ਦੇ ਨਿਰਦੇਸ਼ਕ ਨੰਦ ਲਾਲ ਤੇ ਜਸਵੰਤ ਲਾਲ ਸਨ। ਫਿਲਮ ਮੁਗਲ ਬਾਦਸ਼ਾਹ ਜਹਾਂਗੀਰ 'ਤੇ ਆਧਾਰਤ ਸੀ ਜਿਸ ਨੇ ਸਾਧਾਰਨ ਕੁੜੀ ਨਾਲ ਵਿਆਹ ਕਰਾਉਣ ਲਈ ਅਕਬਰ ਵਿਰੁਧ ਬਗਾਵਤ ਕਰ ਦਿੱਤੀ ਸੀ। ਫਿਲਮ ਬੇਹੱਦ ਮਕਬੂਲ ਹੋਈ ਅਤੇ ਇਸ ਦੇ ਗੀਤ 'ਯੇ ਜ਼ਿੰਦਗੀ ਉਸੀ ਕੀ ਹੈ', 'ਦੁਆ ਕਰ ਗਮੇਂ-ਦਿਲ, ਖੁਦਾ ਸੇ ਦੁਆ ਕਰ', 'ਮੁਹੱਬਤ ਐਸੀ ਧੜਕਨ ਹੈ' ਅਤੇ 'ਐ ਜਾਨੇ-ਵਫ਼ਾ' ਹਿੰਦੀ ਫਿਲਮ ਸੰਗੀਤ ਵਿਚ ਕਲਾਸਿਕ ਦਾ ਦਰਜਾ ਰੱਖਦੇ ਹਨ।

ਤੀਜੀ ਫਿਲਮ 'ਮਿਰਜ਼ਾ ਗਾਲਿਬ' (1954) ਸੀ ਜਿਸ ਨੂੰ ਸੋਹਰਾਬ ਮੋਦੀ ਨੇ ਨਿਰਦੇਸ਼ਿਤ ਕੀਤਾ ਸੀ। ਇਸ ਵਿਚ ਮੁੱਖ ਰੋਲ ਭਾਰਤ ਭੂਸ਼ਣ ਅਤੇ ਸੁਰੱਈਆ ਦੇ ਸਨ। ਫਿਲਮ ਦੀ ਕਹਾਣੀ ਸਆਦਤ ਹਸਨ ਮੰਟੋ ਅਤੇ ਰਾਜਿੰਦਰ ਸਿੰਘ ਬੇਦੀ ਨੇ ਲਿਖੀ ਸੀ। 1952 ਵਿਚ ਹੀ ਬਣੀ ਫਿਲਮ 'ਕਲਪਨਾ' ਹਿੰਦੀ ਫਿਲਮ ਇਤਿਹਾਸ ਵਿਚ ਵਿਲੱਖਣ ਕਿਸਮ ਦੀ ਫਿਲਮ ਹੈ ਜਿਸ ਨੂੰ ਨ੍ਰਿਤ-ਨਿਰਦੇਸ਼ਕ ਉਦੈ ਸ਼ੰਕਰ ਨੇ ਲਿਖਿਆ ਤੇ ਨਿਰਦੇਸ਼ਿਤ ਕੀਤਾ ਸੀ।




*1947 ਪਿੱਛੋਂ ਫਿਲਮੀ ਦੁਨੀਆਂ ਵਿਚ ਧਾਂਕ ਜਮਾਉਣ ਵਾਲੇ ਫਿਲਮਸਾਜ਼ (ਖੱਬਿਓਂ) ਰਾਜ ਕਪੂਰ, ਗੁਰੂ ਦੱਤ ਤੇ ਮਹਿਬੂਬ ਖਾਨ।*

ਉਹਨੇ ਆਪਣੇ ਪੂਰੇ ਫਿਲਮੀ ਕਰੀਅਰ ਵਿਚ ਸਿਰਫ਼ ਇਹੋ ਫਿਲਮ ਬਣਾਈ। ਫਿਲਮ ਦੀ ਕਹਾਣੀ ਨਾਚ ਨਾਲ ਜੁੜੇ ਅਜਿਹੇ ਬੰਦੇ ਦੇ ਅੰਤਰ-ਦਵੰਦ ਅਤੇ ਸੰਘਰਸ਼ ਦੀ ਕਹਾਣੀ ਹੈ ਜੋ ਸੰਗੀਤ ਸਿੱਖਿਆ ਨੂੰ ਸੰਚਾਰ ਦਾ ਸਭ ਤੋਂ ਸਮਰੱਥ ਮਾਧਿਅਮ ਮੰਨਦਿਆਂ, ਇਸ ਦੀ ਸਿਖਲਾਈ ਨੂੰ ਸਿੱਖਿਆ ਦਾ ਮਹੱਤਵਪੂਰਨ ਭਾਗ ਬਣਾਉਣਾ ਚਾਹੁੰਦਾ ਹੈ। 1951 ਵਿਚ ਹੀ ਜ਼ਿਆ ਸਰਹੱਦੀ ਨੇ 'ਹਮਰਾਹੀ' ਦਾ ਨਿਰਦੇਸ਼ਨ ਕੀਤਾ।

1951 ਵਿਚ ਭਾਰਤ ਵਿਚ ਤਕਰੀਬਨ 2059 ਕਰੋੜ ਰੁਪਏ ਦੇ ਨਿਵੇਸ਼ ਨਾਲ ਪਹਿਲੀ ਪੰਜ ਸਾਲਾ ਯੋਜਨਾ ਲਾਗੂ ਕੀਤੀ ਗਈ। ਮੁਲਕ ਦਾ ਵਿਕਾਸ ਸਮਾਜਵਾਦੀ-ਨਹਿਰੂਵਾਦੀ ਵਿਚਾਰਧਾਰਾ ਅਨੁਸਾਰ ਕਰਨਾ ਮਿਥਿਆ ਗਿਆ। 1952 ਵਿਚ ਵਿਚ ਸਰਕਾਰ ਦੁਆਰਾ ਬਣਾਈ ਫਿਲਮ ਇਨਕੁਆਰੀ ਕਮੇਟੀ ਨੇ ਆਪਣੀਆਂ ਸਿਫ਼ਾਰਿਸ਼ਾਂ ਪੇਸ਼ ਕੀਤੀਆਂ। ਇਹ ਸਿਫ਼ਾਰਿਸ਼ਾਂ ਲਾਗੂ ਕਰਦਿਆਂ ਸਰਕਾਰ ਨੇ ਨਾ ਸਿਰਫ਼ ਸਟੂਡੀਓ ਸਿਸਟਮ ਦਾ ਖਾਤਮਾ ਕਰ ਦਿੱਤਾ, ਸਗੋਂ ਉਨ੍ਹਾਂ ਫਿਲਮ ਨਿਰਦੇਸ਼ਕਾਂ-ਨਿਰਮਾਤਾਵਾਂ ਨੂੰ ਉਤਸ਼ਾਹਿਤ ਕੀਤਾ ਜਿਨ੍ਹਾਂ ਨੂੰ ਸਿਨੇਮਾ ਦੀ ਕਲਾ ਤੇ ਸੂਹਜ ਦਾ ਮਿਆਰ ਕਾਇਮ ਰੱਖਣ ਦਾ ਹੁਨਰ ਸੀ। ਸਰਕਾਰ ਨੇ ਫਿਲਮ ਵਿੱਤ ਨਿਗਮ ਬਣਾਇਆ ਅਤੇ ਸਰਕਾਰੀ ਤੌਰ 'ਤੇ ਫਿਲਮ ਸਨਅਤ ਵਿਚ ਲੱਗ ਰਿਹਾ ਕਾਲਾ ਧਨ ਠੱਲ੍ਹ ਲਿਆ।

ਵਿੱਤ ਵਿਭਾਗ ਨੇ ਹੁਨਰਮੰਦ ਨਿਰਦੇਸ਼ਕਾਂ ਨੂੰ ਫਿਲਮ ਲਈ ਕਰਜ਼ੇ ਮੁਹੱਈਆ ਕਰਵਾਈ। ਇਸੇ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਆਧਾਰ ਬਣਾ ਕੇ 'ਫਿਲਮ ਇੰਸਟੀਚਿਊਟ ਪੂਨਾ' ਕਾਇਮ ਕੀਤੀ ਗਈ ਜਿਸ ਦਾ ਮੁੱਖ ਉਦੇਸ਼ ਨਾ ਸਿਰਫ਼ ਭਾਰਤੀ ਸਿਨੇਮਾ ਦੇ ਮਿਆਰ ਨੂੰ ਉਚਾ ਚੁੱਕਣਾ ਸੀ, ਸਗੋਂ ਸਿਨੇਮਾ ਵਿਚ ਸਮਾਜ, ਕਲਾ, ਸੰਚਾਰ ਤੇ ਸਭਿਆਚਾਰ ਦੇ ਸੁਮੇਲ ਨੂੰ ਨਵੇਂ ਸਿਰਿਉਂ ਵਾਚਣਾ ਵੀ ਸੀ। ਕਮੇਟੀ ਨੇ ਮੂਕ ਸਿਨੇਮਾ ਦੇ ਦੌਰ ਦੀਆਂ ਫਿਲਮਾਂ ਸਾਂਭਣ ਲਈ ਵੀ ਖਾਸ ਵਿਭਾਗ ਬਣਾਉਣ ਦੀ ਸਿਫ਼ਾਰਿਸ਼ ਕੀਤੀ।

1952 ਵਿਚ ਭਾਰਤ ਵਿਚ ਪਹਿਲਾ ਕੌਮਾਂਤਰੀ ਫਿਲਮ ਸਮਾਰੋਹ ਹੋਇਆ ਜਿਸ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕੀਤੀ। ਇਸ ਦੌਰ ਦੀ ਮਹੱਤਵਪੂਰਨ ਫਿਲਮ ਸੀ ਬਲਦੇਵ ਰਾਜ ਚੋਪੜਾ ਦੁਆਰਾ ਬਣਾਈ 'ਅਫ਼ਸਾਨਾ'। ਇਹ ਫਿਲਮ ਅਮੀਰ ਅਤੇ ਗਰੀਬ, ਦੋ ਪਰਿਵਾਰਕ ਮਾਹੌਲ ਵਿਚ ਪਲੇ ਹੋਏ ਹਮਸ਼ਕਲ ਭਰਾਵਾਂ ਦੀ ਕਹਾਣੀ ਸੀ ਜਿਹੜੇ ਆਪਸ ਵਿਚ ਚੰਗਿਆਈ ਅਤੇ ਬੁਰਾਈ ਦੇ ਮੁੱਦੇ 'ਤੇ ਇਕ-ਦੂਜੇ ਨਾਲ ਆਹਮੋ-ਸਾਹਮਣੇ ਹੁੰਦੇ ਹਨ। ਫਿਲਮ ਵਿਚ ਜਿਥੇ ਦੂਜੇ ਸੰਸਾਰ ਯੁੱਧ ਤੋਂ ਬਾਅਦ ਹੋਂਦ ਵਿਚ ਆਈ ਸੁਪਰ ਅਮੀਰ ਕਲਾਸ ਦੇ ਸਮਾਜਕ ਸਰੋਕਾਰਾਂ ਤੋਂ ਕੰਨੀ ਵੱਟਣ ਨੂੰ ਫਿਲਮਾਇਆ ਗਿਆ ਸੀ, ਉਥੇ ਫਿਲਮ ਗੀਤ-ਸੰਗੀਤ ਦੀ ਖੂਬਸੂਰਤੀ ਕਰ ਕੇ ਵੀ ਯਾਦ ਕੀਤੀ ਜਾਂਦੀ ਹੈ। ਇਸ ਤੋਂ ਪਹਿਲਾਂ ਰਾਜ ਕਪੂਰ 'ਬਰਸਾਤ' ਰਾਹੀਂ ਆਪਣੀ ਸ਼ਾਨਦਾਰ ਸ਼ੁਰੂਆਤ ਕਰ ਚੁੱਕੇ ਸਨ। 1951 ਵਿਚ ਨਿਤਿਨ ਬੋਸ ਦੇ ਨਿਰਦੇਸ਼ਨ ਵਿਚ ਬਣੀ ਫਿਲਮ 'ਦੀਦਾਰ' ਵੀ ਚਰਚਿਤ ਰਹੀ, ਪਰ ਮਹਿਬੂਬ ਖਾਨ ਦੀ ਫਿਲਮ 'ਆਨ' ਨੇ 1952 ਵਿਚ ਕੌਮਾਂਤਰੀ ਪੱਧਰ 'ਤੇ ਭਾਰਤ ਨੂੰ ਮੂਹਰਲੀਆਂ ਕਤਾਰਾਂ ਵਿਚ ਲਿਜਾ ਖੜ੍ਹਾ ਕੀਤਾ।

ਸੰਤਾਲੀ ਤੋਂ ਲੈ ਕੇ ਪਚਵੰਜਾ ਤੱਕ ਬਣੇ ਸਿਨੇਮਾ ਨੂੰ ਭਾਰਤ ਦੇ ਸਿਨੇਮਾ ਦਾ 'ਕਲਾਤਮਿਕ ਦੌਰ' ਜਾਂ 'ਸੁਨਹਿਰੀ ਦੌਰ' ਕਿਹਾ ਜਾਂਦਾ ਹੈ। ਇਹ ਦੌਰ ਮੁੱਖ ਰੂਪ ਵਿਚ ਗੁਰੂ ਦੱਤ ਅਤੇ ਰਾਜ ਕਪੂਰ ਦੇ ਨਾਮ ਲਿਖਿਆ ਜਾ ਸਕਦਾ ਹੈ। ਇਨ੍ਹਾਂ ਦੋਵਾਂ ਦੁਆਰਾ ਬਣਾਈਆਂ ਫਿਲਮਾਂ ਨੇ ਕਲਾ, ਸੂਹਜ, ਤਕਨੀਕ ਤੇ ਵਿਸ਼ੇ ਪੱਖੋਂ ਭਾਰਤ ਦੇ ਸਿਨੇਮਾ ਨੂੰ ਨਵੀਆਂ ਲੀਹਾਂ 'ਤੇ ਤੋਰਿਆ।

(ਚਲਦਾ)



BIGGEST SALE EVER ON PUNJABI TV
40% OFF PER MONTH
FOR 12 MONTHS ON PUNJABI MEGA PACK
GET DISH FOR THE BEST PUNJABI TV PROGRAMMING
PUNJABI MEGA PACK
$14.99 MO
FOR 12 MONTHS
$24.99 MO
REGULAR PRICE
jus punjabi
PTC PUNJABI
WILLOW HD
GLOBAL PUNJAB
9X TASHAN
jus 24x7
PTC NEWS
PTC chak de
Requires 24-month commitment, credit qualification and subscription to qualifying American programming. Early Termination Fee appplies. Cannot be combined with other International offers.
Order now and SAVE $120!
1-888-626-0801
Use Offer Code SAVEBIG
dish
International programming requires additional $10/mo. International Basic Package or any America's Top Package.
Important Terms and Conditions: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 8/13/15.
© 2015 DISH Network L.L.C. All rights reserved.
0801-Q2R2-PUNJABI BSE Promo MAY

# Gakhal Brothers Entertainment Pvt. Ltd & Amolak Singh Gakhal Present




Cast: Gippy Grewal, Tina Ahuja, Dharamendra, Geeta Basra, Sanjay Mishra, Ravi Kishan, Mukesh Tiwari

Director Smeep Kang DOP Manoj Shaw Story Smeep Kang
Screenplay & Dialogue Vaibhav Suman & Shreya Srivastava

Editor Ritesh Soni Music Badshah Jatinder Shah & Dr. Zeus
Produced by Iqbal Singh Gakhal, Palwinder Singh Gakhal,
Manwinder Singh & Gurvinder Singh

Background Music Sanjoy Chaudhory
Sound Design Parikshit Lalwani Publicity Stills by Harjit Singh

## ਫਿਲਮ ਜਲਦ ਹੀ ਅਮਰੀਕਾ ਦੇ ਸਿਨੇਮਾ ਘਰਾਂ ਵਿਚ ਵੀ ਦਿਖਾਈ ਜਾਵੇਗੀ

Ad sponsored by Punjab Times